30-JULY-PAGE-1.qxd 7/29/2023 10:23 PM Page 1

ਐਤਵਾਰ, 30 ਜੁਲਾਈ, 2023
15 ਸਾਉਣ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 59

# ਨਵਾਂ ਜ਼ਮਾਨਾ

DAILY NAWAN ZAMANA • SUNDAY, 30 JULY, 2023
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ   Regd. No : Pb/JL-123/2021-23, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 8+6=14

## 'ਇੰਡੀਆ' ਦੇ ਸੰਸਦ ਮੈਂਬਰਾਂ ਦਾ ਵਫਦ ਮਨੀਪੁਰ ਪੁੱਜਾ

**ਨਵੀਂ ਦਿੱਲੀ** : ਵਿਰੋਧੀ ਗਠਜੋੜ 'ਇੰਡੀਅਨ ਨੈਸ਼ਨਲ ਡਿਵੈਲਪਮੈਂਟ ਇਨਕਲੂਸਿਵ ਅਲਾਇੰਸ' (ਇੰਡੀਆ) ਦੇ 21 ਸੰਸਦ ਮੈਂਬਰ ਹਿੰਸਾ ਪ੍ਰਭਾਵਿਤ ਮਨੀਪੁਰ ਦੇ ਦੋ ਦਿਨਾਂ ਦੌਰੇ ਲਈ ਪੁੱਜ ਗਏ ਹਨ। ਇਹ ਸੰਸਦ ਮੈਂਬਰ ਜਾਤੀ ਹਿੰਸਾ ਤੋਂ ਪ੍ਰਭਾਵਿਤ ਸੂਬੇ ਦੀ ਜ਼ਮੀਨੀ ਸਥਿਤੀ ਦਾ ਮੁਲਾਂਕਣ ਕਰਨ ਆਏ ਹਨ। ਵਫਦ ਨੇ ਚੂਰਾਚਾਂਦਪੁਰ ਰਾਹਤ ਕੈਂਪ ਦਾ ਦੌਰਾ ਕੀਤਾ ਤੇ ਪੀੜਤਾਂ ਬਾਰੇ ਜਾਣਕਾਰੀ ਲਈ। ਵਫਦ 'ਚ ਕਾਂਗਰਸ ਦੇ ਅਧੀਰ ਰੰਜਨ ਚੌਧਰੀ ਅਤੇ ਗੌਰਵ ਗੋਗੋਈ ਤੋਂ ਇਲਾਵਾ ਤ੍ਰਿਣਮੂਲ ਕਾਂਗਰਸ (ਟੀ ਐੱਮ ਸੀ) ਦੀ ਸੁਸ਼ਮਿਤਾ ਦੇਵ, ਝਾਰਖੰਡ ਮੁਕਤੀ ਮੋਰਚਾ (ਜੇ ਐੱਮ ਐੱਮ) ਦੀ ਮਹੂਆ ਮਾਜੀ, ਡੀ ਐੱਮ ਕੇ ਦੀ ਕਨੀਮੋਝੀ, ਰਾਸ਼ਟਰੀ ਲੋਕ ਦਲ (ਆਰ ਐੱਲ ਡੀ) ਦੇ ਜਯੰਤ ਚੌਧਰੀ, ਰਾਸ਼ਟਰੀ ਜਨਤਾ ਦਲ (ਆਰ ਐੱਲ ਡੀ) ਦੇ ਮਨੋਜ ਕੁਮਾਰ ਝਾਅ, ਰੈਵੋਲਿਊਸ਼ਨਰੀ ਸੋਸ਼ਲਿਸਟ ਪਾਰਟੀ ਦੇ ਐੱਨ ਕੇ ਪ੍ਰੇਮ ਚੰਦਰਨ, ਜਨਤਾ ਦਲ (ਯੂਨਾਈਟਿਡ) ਦੇ ਰਾਜੀਵ ਰੰਜਨ ਸਿੰਘ ਉਰਫ ਲਲਨ ਸਿੰਘ ਅਤੇ ਅਨਿਲ ਪ੍ਰਸਾਦ ਹੇਗੜੇ, ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਦੇ ਸੰਦੋਸ਼ ਕੁਮਾਰ ਅਤੇ ਸੀ ਪੀ ਐੱਮ ਦੇ ਏ ਏ ਰਹੀਮ ਵੀ ਸ਼ਾਮਲ ਹਨ।



ਵਿਰੋਧੀ ਧਿਰ ਦਾ ਦੋਸ਼ ਹੈ ਕਿ ਰਾਜ ਸਰਕਾਰ ਦੇ ਨਾਲ-ਨਾਲ ਕੇਂਦਰ ਸਰਕਾਰ ਵੀ ਮਨੀਪੁਰ ਵਿੱਚ ਹਿੰਸਾ ਰੋਕਣ ਵਿੱਚ ਨਾਕਾਮ ਰਹੀ ਹੈ। ਇਸ ਦੇ ਨਾਲ ਹੀ ਪਿਛਲੇ ਦਿਨੀਂ ਸਾਹਮਣੇ ਆਈਆਂ ਔਰਤਾਂ ਨਾਲ ਜ਼ੁਲਮ ਦੀਆਂ ਵੀਡੀਓਜ਼ ਨੇ ਤਣਾਅ ਹੋਰ ਵਧਾ ਦਿੱਤਾ ਹੈ। ਇਸ ਦੌਰਾਨ ਸੀ ਬੀ ਆਈ ਨੇ ਵੀਡੀਓ ਮਾਮਲੇ ਵਿੱਚ ਐੱਫ ਆਈ ਆਰ ਦਰਜ ਕਰ ਲਈ ਹੈ। ਰਵਾਨਾ ਹੁੰਦੇ ਹੋਏ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਅਧੀਰ ਰੰਜਨ ਚੌਧਰੀ ਨੇ ਕਿਹਾ, "ਇਸ ਮੁੱਦੇ ਉੱਤੇ ਰਾਜਨੀਤੀ ਨਾ ਕਰੋ। ਹੁਣ ਤੱਕ ਪ੍ਰਧਾਨ ਮੰਤਰੀ ਨੇ ਮਨੀਪੁਰ ਜਾਣ ਦੀ ਕੋਸ਼ਿਸ਼ ਵੀ ਨਹੀਂ ਕੀਤੀ ਹੈ। ਵਿਰੋਧੀ ਧਿਰ ਦੇ ਝਟਕੇ ਤੋਂ ਬਾਅਦ ਕੇਂਦਰ ਜਾਗ ਗਿਆ ਹੈ। ਮਨੀਪੁਰ ਲਈ ਰਵਾਨਾ ਹੁੰਦੇ ਹੋਏ, ਸ਼ਿਵ ਸੈਨਾ (ਯੂਬੀਟੀ) ਦੇ ਸੰਸਦ ਮੈਂਬਰ ਅਰਵਿੰਦ ਸਾਵੰਤ ਨੇ ਕਿਹਾ, "ਮਨੀਪੁਰ ਪਿਛਲੇ 75 ਦਿਨਾਂ ਤੋਂ ਸੜ ਰਿਹਾ ਹੈ। ਸੂਬੇ 'ਚ ਔਰਤਾਂ 'ਤੇ ਹੋ ਰਹੇ ਅੱਤਿਆਚਾਰ ਅਤੇ ਮੌਤਾਂ ਦੇਸ਼ ਦੇ ਅਕਸ ਨੂੰ ਢਾਹ ਲਾਉਣਗੀਆਂ। ਅਜਿਹੇ 'ਚ ਸਰਕਾਰ ਨੂੰ ਕੁਝ ਕਦਮ ਚੁੱਕਣੇ ਚਾਹੀਦੇ ਸਨ।"

ਜੇ ਡੀ ਯੂ ਦੇ ਸੰਸਦ ਮੈਂਬਰ ਰਾਜੀਵ ਰੰਜਨ ਸਿੰਘ ਨੇ ਕਿਹਾ, "ਅਸੀਂ ਮਨੀਪੁਰ ਦੇ ਲੋਕਾਂ ਨੂੰ ਮਿਲਾਂਗੇ। ਸੂਬਾ ਕਈ ਮਹੀਨਿਆਂ ਤੋਂ ਸੜ ਰਿਹਾ ਹੈ ਅਤੇ ਸ਼ਾਂਤੀ ਬਹਾਲ ਕਰਨ ਦੀ ਲੋੜ ਹੈ। ਪ੍ਰਧਾਨ ਮੰਤਰੀ ਮਨੀਪੁਰ ਨੂੰ ਛੱਡ ਕੇ ਸਾਰੇ ਮੁੱਦਿਆਂ 'ਤੇ ਬੋਲ ਰਹੇ ਹਨ। ਅਸੀਂ ਜ਼ਮੀਨੀ ਸਥਿਤੀ ਦਾ ਜਾਇਜ਼ਾ ਲੈਣ ਲਈ ਮਨੀਪੁਰ ਦੇ ਦੋ ਦਿਨਾਂ ਦੌਰੇ 'ਤੇ ਹਾਂ।"

ਕੇਂਦਰੀ ਸੂਚਨਾ ਅਤੇ ਪ੍ਰਸਾਰਣ ਅਤੇ ਯੁਵਾ ਮਾਮਲਿਆਂ ਦੇ ਮੰਤਰੀ ਅਨੁਰਾਗ ਠਾਕੁਰ ਨੇ ਕਿਹਾ, "ਮਨੀਪੁਰ ਦੌਰਾ ਵਿਰੋਧੀ ਸੰਸਦ ਮੈਂਬਰਾਂ ਦਾ ਪ੍ਰਦਰਸ਼ਨ ਹੈ। ਜਦੋਂ ਉਹ ਮਨੀਪੁਰ ਤੋਂ ਵਾਪਸ ਆਉਣਗੇ ਤਾਂ ਮੈਂ ਕਾਂਗਰਸ ਦੇ ਸੰਸਦ ਮੈਂਬਰ ਅਧੀਰ ਰੰਜਨ ਚੌਧਰੀ ਨੂੰ ਉਨ੍ਹਾਂ ਨੂੰ ਪੱਛਮੀ ਬੰਗਾਲ ਲਿਆਉਣ ਦੀ ਬੇਨਤੀ ਕਰਾਂਗਾ। ਮੈਂ ਅਧੀਰ ਰੰਜਨ

● ਬਾਕੀ ਸਫ਼ਾ 2 'ਤੇ

## ਹੁਣ ਘਰ-ਘਰ ਪਹੁੰਚੇਗਾ ਆਟਾ, ਨਵੀਂ ਖੇਡ ਪਾਲਿਸੀ ਨੂੰ ਮਨਜ਼ੂਰੀ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਲਾਭਪਾਤਰੀਆਂ ਨੂੰ ਆਟਾ/ਕਣਕ ਘਰਾਂ ਵਿੱਚ ਪੁੱਜਦੀ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਕੈਬਨਿਟ ਨੇ ਕੌਮੀ ਖੁਰਾਕ ਸੁਰੱਖਿਆ ਐਕਟ (ਐੱਨ ਐੱਫ ਐੱਸ ਏ) ਅਧੀਨ ਮਾਡਲ ਫੇਅਰ ਪ੍ਰਾਈਸ ਸ਼ਾਪਸ ਦੇ ਸੰਕਲਪ ਦੀ ਸ਼ੁਰੂਆਤ ਦੀ ਮਨਜ਼ੂਰੀ ਦੇ ਦਿੱਤੀ ਹੈ। ਇਸ ਸੰਬੰਧੀ ਫੈਸਲਾ ਇੱਥੇ ਪੰਜਾਬ ਸਿਵਲ ਸਕੱਤਰੇਤ-1 ਵਿੱਚ ਮੁੱਖ ਮੰਤਰੀ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਲਿਆ ਗਿਆ। ਇਸ ਬਾਰੇ ਵੇਰਵੇ ਦਿੰਦਿਆਂ ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਕੈਬਨਿਟ ਨੇ ਲਾਭਪਾਤਰੀਆਂ ਦੇ ਘਰਾਂ ਵਿੱਚ ਪੈਕੇਜ਼ਡ ਆਟਾ/ ਪੈਕੇਜ਼ਡ ਕਣਕ ਦੀ ਵੰਡ ਲਈ ਸੋਧੀ ਹੋਈ ਵਿਧੀ ਨੂੰ ਵੀ ਪ੍ਰਵਾਨਗੀ ਦਿੱਤੀ। ਆਟਾ/ ਕਣਕ ਦੀ ਵੰਡ ਖੁੱਲ੍ਹੀ ਮਾਤਰਾ, ਸਹੀ ਤੋਲ ਵਿੱਚ, ਰਾਸ਼ਨ ਡਿਪੂਆਂ ਤੋਂ ਜਾਂ ਰਾਸ਼ਨ ਡਿਪੂ ਹੋਲਡਰ ਵੱਲੋਂ ਵਿਸ਼ੇਸ਼ ਸੀਲਬੰਦ ਪੈਕਟਾਂ ਵਿੱਚ ਲਾਭਪਾਤਰੀਆਂ ਦੇ ਘਰਾਂ ਦੇ ਦਰਵਾਜ਼ੇ ਜਾਂ ਨਜ਼ਦੀਕੀ ਮੋਟਰ ਪੁਆਇੰਟ ਉਤੇ ਪਹੁੰਚਾਉਣ ਦੀ ਇਜਾਜ਼ਤ ਦਿੱਤੀ ਗਈ ਹੈ। ਲਾਭਪਾਤਰੀ ਲਈ ਪੈਕੇਜ਼ਡ ਆਟਾ/ ਪੈਕੇਜ਼ਡ ਕਣਕ ਪ੍ਰਾਪਤ ਕਰਨ ਦਾ ਇਹ ਜ਼ਿਆਦਾ ਸਨਮਾਨਜਨਕ ਤਰੀਕਾ ਹੋਵੇਗਾ, ਕਿਉਂਕਿ ਲਾਭਪਾਤਰੀ ਨੂੰ ਖ਼ਾਸ ਤੌਰ ਉਤੇ ਖ਼ਰਾਬ ਮੌਸਮ ਦੇ ਹਾਲਾਤ ਵਿੱਚ ਲੰਮੀਆਂ ਕਤਾਰਾਂ ਵਿੱਚ ਖੜ੍ਹਾ ਹੋਣ ਦੀ ਲੋੜ ਨਹੀਂ ਰਹੇਗੀ। ਆਟਾ ਤੇ ਕਣਕ ਦੇਣ ਸਮੇਂ ਸਾਰੀਆਂ ਲੋੜੀਦੀਆਂ ਸ਼ਰਤਾਂ, ਜਿਵੇਂ ਕਿ ਬਾਇਓ ਮੀਟਰਿਕ ਪੜਤਾਲ, ਲਾਭਪਾਤਰੀ ਨੂੰ ਪ੍ਰਿੰਟ ਕੀਤੀ ਵਜ਼ਨ ਰਸੀਦ ਅਤੇ ਹੋਰ ਜ਼ਰੂਰਤਾਂ ਪੂਰੀਆਂ ਕਰਨੀਆਂ ਯਕੀਨੀ ਬਣਾਈਆਂ ਜਾਣਗੀਆਂ। ਹੋਮ ਡਲਿਵਰੀ ਸੇਵਾ, ਮਾਡਲ ਫੇਅਰ ਪ੍ਰਾਈਸ ਸ਼ਾਪ ਦੀ ਧਾਰਨਾ ਨੂੰ ਪੇਸ਼ ਕਰੇਗੀ, ਜੋ ਰਾਜ ਦੀ ਸਿਖਰਲੀ ਸਹਿਕਾਰੀ ਸਭਾ 'ਦਿ ਪੰਜਾਬ ਸਟੇਟ ਕੋਆਪ੍ਰੇਟਿਵ ਸਪਲਾਈ ਐਂਡ ਮਾਰਕੀਟਿੰਗ ਫੈਡਰੇਸ਼ਨ ਲਿਮਟਿਡ' ਵੱਲੋਂ ਚਲਾਈਆਂ ਜਾਣਗੀਆਂ, ਕਿਉਂਕਿ ਇਹ ਮੋਹਰੀ ਸਹਿਕਾਰੀ ਅਦਾਰਾ ਹੋਣ ਦੇ ਨਾਲ-ਨਾਲ ਕੌਮੀ ਖੁਰਾਕ ਸੁਰੱਖਿਆ ਐਕਟ ਤਹਿਤ ਸਹਿਕਾਰੀ ਸੰਸਥਾਵਾਂ ਨੂੰ ਤਰਜੀਹ ਦਿੱਤੀ ਜਾਣੀ ਬਣਦੀ ਹੈ। ਪੰਜਾਬ ਰਾਜ ਸਹਿਕਾਰੀ ਸਪਲਾਈ ਅਤੇ ਮਾਰਕੀਟਿੰਗ ਫੈਡਰੇਸ਼ਨ ਲਿਮਟਿਡ ਵੱਲੋਂ ਚਲਾਏ ਜਾ ਰਹੇ ਮਾਡਲ ਫੇਅਰ ਪ੍ਰਾਈਸ ਸ਼ਾਪਸ ਵੱਲੋਂ ਲਾਭਪਾਤਰੀਆਂ ਦੇ ਘਰ ਤੱਕ ਪੈਕ ਕੀਤੀ ਕਣਕ/ ਪੈਕ ਕੀਤੇ ਆਟੇ ਦੀ ਸਪਲਾਈ ਕਰਨ ਲਈ ਸਮਾਰਟ ਟਰਾਂਸਪੋਰਟ ਸੇਵਾਵਾਂ ਵੀ ਸ਼ਾਮਲ ਕੀਤੀਆਂ ਜਾਣਗੀਆਂ।

**ਕਰੈਸ਼ਰ ਨੀਤੀ ਨੂੰ ਹਰੀ ਝੰਡੀ** : ਖਪਤਕਾਰਾਂ ਨੂੰ ਸਸਤੀਆਂ ਦਰਾਂ ਉਤੇ ਰੇਤ ਤੇ ਬੱਜਰੀ ਮੁਹੱਈਆ ਕਰਨ ਅਤੇ ਇਸ ਦੀ ਸਪਲਾਈ ਨੂੰ ਸੁਚਾਰੂ ਬਣਾਈ ਰੱਖਣ ਲਈ ਕੈਬਨਿਟ ਨੇ ਪੰਜਾਬ ਕਰੈਸ਼ਰ ਨੀਤੀ 2023 ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਇਸ ਨੀਤੀ ਤਹਿਤ ਕਰੈਸ਼ਰ ਯੂਨਿਟਾਂ ਦੀਆਂ ਦੋ ਮੁੱਖ ਸ਼੍ਰੇਣੀਆਂ ਕਮਰਸ਼ੀਅਲ ਕਰੈਸ਼ਰ ਯੂਨਿਟ (ਸੀ ਸੀ ਯੂ) ਅਤੇ ਪਬਲਿਕ ਕਰੈਸ਼ਰ ਯੂਨਿਟ (ਪੀ ਸੀ ਯੂ) ਹੋਣਗੀਆਂ। ਸਕਰੀਨਿੰਗ-ਕਮ-ਵਾਸ਼ਿੰਗ ਪਲਾਂਟ ਵੀ ਕਰੈਸ਼ਰ ਯੂਨਿਟ ਦੀ ਸ਼੍ਰੇਣੀ ਵਿੱਚ ਆਉਣਗੇ। ਪਬਲਿਕ ਕਰੈਸ਼ਰ ਯੂਨਿਟ (ਪੀ ਸੀ ਯੂ) ਇਕ ਰਜਿਸਟਰਡ ਕਰੈਸ਼ਰ ਯੂਨਿਟ ਹੋਵੇਗਾ, ਜੋ ਪੰਜਾਬ ਟਰਾਂਸਪੇਰੈਂਸੀ ਇਨ ਪਬਲਿਕ ਪ੍ਰੋਕਿਊਰਮੈਂਟ ਐਕਟ ਤਹਿਤ ਨਿਰਧਾਰਤ ਇਕ ਟਰਾਂਸਪੇਰੈਂਸੀ ਈ-ਟੈਂਡਰਿੰਗ ਪ੍ਰਕਿਰਿਆ ਰਾਹੀਂ ਚੁਣਿਆ ਗਿਆ ਹੈ ਅਤੇ ਕਰੈਸ਼ਰ ਯੂਨਿਟ ਵੱਲੋਂ ਦਰਸਾਏ ਘੱਟੋ-ਘੱਟ ਖਣਿਜ ਮੁੱਲ (ਲੋਡਿੰਗ ਖ਼ਰਚਿਆਂ ਸਮੇਤ ਅਤੇ ਕਰੈਸ਼ਰ ਵਿਕਰੀ ਮੁੱਲ ਤੋਂ ਵੱਧ ਨਹੀਂ) ਉਤੇ ਆਧਾਰਤ ਹੋਵੇਗਾ। ਸਰਕਾਰ ਸਮੇਂ-ਸਮੇਂ ਉਤੇ ਕਰੈਸ਼ਰ ਵਿਕਰੀ ਮੁੱਲ (ਸੀ ਐੱਸ ਪੀ) ਨਿਰਧਾਰਤ ਕਰੇਗੀ ਅਤੇ ਕੋਈ ਵੀ ਕਰੈਸ਼ਰ ਯੂਨਿਟ ਇਸ ਤੋਂ ਵੱਧ ਮੁੱਲ ਉਤੇ ਖਣਿਜ ਦੀ ਵਿਕਰੀ ਨਹੀਂ ਕਰੇਗਾ। ਸੀ ਐੱਸ ਪੀ ਵਿੱਚ ਖਣਿਜ ਲਾਗਤ, ਮਾਈਨਿੰਗ ਸਾਈਟ ਤੋਂ ਕਰੈਸ਼ਰ ਯੂਨਿਟ ਤੱਕ ਢੋਆ-ਢੁਆਈ, ਪ੍ਰਾਸੈਸਿੰਗ ਖ਼ਰਚੇ ਤੇ ਮੁਨਾਫ਼ੇ ਅਤੇ ਆਵਾਜਾਈ ਵਾਹਨਾਂ ਦੀ ਕਿਸੇ ਵੀ ਮਨਜ਼ੂਰ ਸ਼੍ਰੇਣੀ ਵਿੱਚ ਖਣਿਜ ਦੀ ਲੋਡਿੰਗ ਸ਼ਾਮਲ ਹੋਵੇਗੀ। ਮਾਈਨਜ਼ ਤੇ ਜਿਆਲੋਜੀ ਵਿਭਾਗ ਵੱਲੋਂ ਕਰੈਸ਼ਰ ਯੂਨਿਟ ਨੂੰ ਰਜਿਸਟਰ ਕਰਨ ਲਈ ਆਨਲਾਈਨ ਪੋਰਟਲ ਪ੍ਰਣਾਲੀ ਵਿਕਸਤ ਕੀਤੀ ਜਾਵੇਗੀ। ਕਰੈਸ਼ਰ ਮਾਲਕ ਵਿਭਾਗ ਵੱਲੋਂ ਤਿਆਰ ਕੀਤੇ ਆਨਲਾਈਨ ਪੋਰਟਲ ਰਾਹੀਂ ਆਪਣੇ ਯੂਨਿਟਾਂ ਨੂੰ ਖ਼ੁਦ ਰਜਿਸਟਰ ਕਰਨਗੇ ਅਤੇ ਜੇ ਕੋਈ

● ਬਾਕੀ ਸਫ਼ਾ 2 'ਤੇ

## ਮੁਹੱਰਮ ਦੌਰਾਨ ਵੱਡਾ ਹਾਦਸਾ; 4 ਮੌਤਾਂ, 8 ਝੁਲਸੇ

**ਬੇਰਮੋ** : ਬੋਕਾਰੋ ਦੇ ਬੇਰਮੋ ਉਪਮੰਡਲ ਦੇ ਪੇਟਰਵਾਰ ਥਾਣਾ ਖੇਤਰ ਦੇ ਤਹਿਤ ਖੇਤਕੋ ਵਿੱਚ ਤਾਜੀਆ ਜਲੂਸ ਦੌਰਾਨ ਇੱਕ ਵੱਡਾ ਹਾਦਸਾ ਵਾਪਰਿਆ। ਤਾਜੀਆ ਚੁੱਕਦੇ ਸਮੇਂ 11,000 ਵੋਲਟ ਦੀ ਹਾਈ ਟੈਂਸ਼ਨ ਤਾਰ ਦੇ ਸੰਪਰਕ ਵਿੱਚ ਆਉਣ ਨਾਲ ਚਾਰ ਲੋਕਾਂ ਦੀ ਮੌਤ ਹੋ ਗਈ। ਇਸ ਦੇ ਨਾਲ ਹੀ ਘਟਨਾ 'ਚ 8 ਵਿਅਕਤੀ ਗੰਭੀਰ ਰੂਪ 'ਚ ਝੁਲਸ ਗਏ ਹਨ। ਜ਼ਖਮੀਆਂ 'ਚੋਂ ਇਕ ਦੀ ਹਾਲਤ ਕਾਫੀ ਗੰਭੀਰ ਬਣੀ ਹੋਈ ਹੈ। ਘਟਨਾ ਤੋਂ ਬਾਅਦ ਮੌਕੇ 'ਤੇ ਦਹਿਸ਼ਤ ਦਾ ਮਾਹੌਲ ਬਣ ਗਿਆ। ਘਟਨਾ ਤੋਂ ਬਾਅਦ ਸਾਰੇ ਜ਼ਖਮੀਆਂ ਨੂੰ ਤੁਰੰਤ ਬੋਕਾਰੋ ਥਰਮਲ ਦੇ ਡੀ.ਵੀ.ਸੀ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਮੁੱਢਲੀ ਸਹਾਇਤਾ ਤੋਂ ਬਾਅਦ ਬੋਕਾਰੋ ਰੈਫਰ ਕਰ ਦਿੱਤਾ। ਇਸ ਦੇ ਨਾਲ ਹੀ ਹਸਪਤਾਲ 'ਚ ਐਂਬੂਲੈਂਸ ਨਾ ਮਿਲਣ ਕਾਰਨ ਜ਼ਖਮੀਆਂ ਦੇ ਰਿਸ਼ਤੇਦਾਰਾਂ ਨੇ ਹੰਗਾਮਾ ਕਰ ਦਿੱਤਾ, ਜਿਸ ਤੋਂ ਬਾਅਦ ਹਰ ਕੋਈ ਆਪਣੇ-ਆਪਣੇ ਤਰੀਕੇ ਨਾਲ ਬੋਕਾਰੋ ਜਨਰਲ ਹਸਪਤਾਲ ਪੁੱਜੇ। ਇੱਥੇ ਸਾਰਿਆਂ ਦਾ ਇਲਾਜ ਚੱਲ ਰਿਹਾ ਹੈ, ਜਿਨ੍ਹਾਂ ਵਿੱਚ ਇੱਕ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਘਟਨਾ ਸੰਬੰਧੀ ਖੇਤਕੋ ਮੁਖੀ ਸਬੀਰ ਅੰਸਾਰੀ ਨੇ ਦੱਸਿਆ ਕਿ ਸਵੇਰੇ ਕਰੀਬ 5.30 ਵਜੇ ਤਾਜੀਆ ਨੂੰ ਉਪਦਰਗਾਹ ਟੋਲਾ ਵਿਖੇ ਲਿਜਾਇਆ ਜਾ ਰਿਹਾ ਸੀ। ਤਾਜੀਆ ਨੂੰ ਘੁੰਮਾਉਣ ਸਮੇਂ ਉਪਰੋਂ ਜਾ ਰਹੀ 11 ਹਜ਼ਾਰ ਵੋਲਟ ਦੀ ਹਾਈ ਟੈਂਸ਼ਨ ਤਾਰ ਨਾਲ ਜਾ ਟਕਰਾਈ। ਜ਼ੋਰਦਾਰ ਧਮਾਕੇ ਨਾਲ ਕਈ ਲੋਕ ਬੁਰੀ ਤਰ੍ਹਾਂ ਝੁਲਸ ਗਏ। ਮੁਖੀ ਨੇ ਦੱਸਿਆ ਕਿ ਖੇਤਕੋ ਸ਼ਿਵ ਮੰਦਰ ਨੇੜੇ ਚਾਰ ਤਾਜੀਆ ਦਾ ਇਕੱਠ ਹੁੰਦਾ ਹੈ, ਜੋ ਵੱਖ-ਵੱਖ ਥਾਵਾਂ ਤੋਂ ਘੁੰਮ ਕੇ ਸ਼ਿਵ ਮੰਦਰ ਨੇੜੇ ਸਾਰੇ ਪਹੁੰਚਦੇ ਹਨ। ਇੱਥੇ ਪੁੱਜਣ ਵਾਲਿਆਂ ਨੂੰ ਦਰਗਾਹ ਟੋਲਾ, ਪਰਤੰਡ, ਲੋਅਰ ਮੁਹੱਲਾ ਅਤੇ ਉੱਪਰਦਰਗਾਹ ਟੋਲਾ ਦੇ ਤਾਜੀਆ ਮਿਲਦੇ ਹਨ, ਜਿਸ ਦੌਰਾਨ ਅੱਪਰਦਰਗਾਹ ਟੋਲੇ ਵਿੱਚ ਹਾਦਸਾ ਵਾਪਰ ਗਿਆ। ਮ੍ਰਿਤਕਾਂ ਦੀ ਪਛਾਣ ਆਸਿਫ ਰਜਾ (21 ਸਾਲ), ਇਨਾਮੁਲ ਰਾਬ (35 ਸਾਲ), ਗੁਲਾਮ ਹੁਸੈਨ (18 ਸਾਲ) ਅਤੇ ਸਾਜਿਦ ਅੰਸਾਰੀ (18 ਸਾਲ) ਵਜੋਂ ਹੋਈ ਹੈ, ਜਦੋਂਕਿ ਸਲੂਦੀਨ ਅੰਸਾਰੀ, ਇਬਰਾਹਿਮ ਅੰਸਾਰੀ, ਲਾਲ ਮੁਹੰਮਦ, ਫਿਰਦੌਸ ਅੰਸਾਰੀ, ਮਹਿਤਾਬ ਅੰਸਾਰੀ, ਆਰਿਫ ਅੰਸਾਰੀ, ਸ਼ਾਹਬਾਜ ਅੰਸਾਰੀ, ਮੋਜੋਬਿਲ ਅੰਸਾਰੀ ਅਤੇ ਸਾਕਿਬ ਅੰਸਾਰੀ ਬੋਕਾਰੋ ਜਨਰਲ ਹਸਪਤਾਲ ਵਿੱਚ ਜੇਰੇ ਇਲਾਜ ਹਨ।

## ਨੱਢਾ ਦੀ ਟੀਮ 'ਚ ਮੰਸੂਰ ਮੀਤ ਪ੍ਰਧਾਨ ਤੇ ਅਨਿਲ ਐਂਟਨੀ ਸਕੱਤਰ ਬਣੇ

**ਨਵੀਂ ਦਿੱਲੀ** : ਭਾਜਪਾ ਪ੍ਰਧਾਨ ਜੇਪੀ ਨੱਢਾ ਨੇ ਆਪਣੀ ਕੌਮੀ ਟੀਮ ਵਿੱਚ ਫੇਰਬਦਲ ਕਰਦਿਆਂ ਉੱਤਰ ਪ੍ਰਦੇਸ਼ ਦੇ ਇੱਕ ਪਸਮੰਦਾ ਮੁਸਲਮਾਨ ਨੂੰ ਪਾਰਟੀ ਦਾ ਕੌਮੀ ਮੀਤ ਪ੍ਰਧਾਨ ਅਤੇ ਤਿਲੰਗਾਨਾ ਇਕਾਈ ਦੇ ਸਾਬਕਾ ਪ੍ਰਧਾਨ ਬੰਡੀ ਸੰਜੈ ਕੁਮਾਰ ਨੂੰ ਕੌਮੀ ਜਨਰਲ ਸਕੱਤਰ ਨਿਯੁਕਤ ਕੀਤਾ ਹੈ। ਭਾਜਪਾ ਨੇ ਕਰਨਾਟਕ ਦੇ ਨੇਤਾ ਸੀਟੀ ਰਵੀ ਅਤੇ ਅਸਾਮ ਤੋਂ ਲੋਕ ਸਭਾ ਮੈਂਬਰ ਦਿਲੀਪ ਸੇਕੀਆ ਨੂੰ ਜਨਰਲ ਸਕੱਤਰ ਦੇ ਅਹੁਦੇ ਤੋਂ ਹਟਾ ਦਿੱਤਾ ਹੈ। ਅਲੀਗੜ੍ਹ ਮੁਸਲਿਮ ਯੂਨੀਵਰਸਿਟੀ (ਏ ਐੱਮ ਯੂ) ਦੇ ਸਾਬਕਾ ਵਾਈਸ ਚਾਂਸਲਰ ਤਾਰਿਕ ਮੰਸੂਰ ਨੂੰ ਮੀਤ ਪ੍ਰਧਾਨ ਬਣਾਇਆ ਗਿਆ ਹੈ। ਉਹ ਮੌਜੂਦਾ ਸਮੇਂ ਉੱਤਰ ਪ੍ਰਦੇਸ਼ ਵਿਧਾਨ ਪ੍ਰੀਸ਼ਦ ਦੇ ਮੈਂਬਰ ਹਨ। ਉਨ੍ਹਾਂ ਨੂੰ ਨਵੀਂ ਟੀਮ 'ਚ ਸ਼ਾਮਲ ਕਰਨ ਦਾ ਫੈਸਲਾ ਪਾਰਟੀ ਦੀ ਪਸਮੰਦਾ ਮੁਸਲਮਾਨਾਂ ਦੀ ਲੁਭਾਉਣ ਲਈ ਕੀਤਾ ਗਿਆ ਲੱਗ ਰਿਹਾ ਹੈ। ਪਾਰਟੀ ਦੇ ਉੱਤਰ ਪ੍ਰਦੇਸ਼ ਤੋਂ ਸੰਸਦ ਮੈਂਬਰ ਰਾਧਾ ਮੋਹਨ ਅਗਰਵਾਲ ਨੂੰ ਜਨਰਲ ਸਕੱਤਰ ਬਣਾਇਆ ਗਿਆ ਹੈ। ਨਵੀਂ ਸੂਚੀ ਵਿੱਚ ਜ਼ਿਆਦਾਤਰ ਨੂੰ ਮੀਤ ਪ੍ਰਧਾਨ, ਜਨਰਲ ਸਕੱਤਰ ਅਤੇ ਸਕੱਤਰ ਦੇ ਅਹੁਦਿਆਂ 'ਤੇ ਬਰਕਰਾਰ ਰੱਖਿਆ ਗਿਆ ਹੈ। ਇਸ ਸੂਚੀ ਵਿੱਚ 13 ਮੀਤ ਪ੍ਰਧਾਨ, 9 ਜਨਰਲ

● ਬਾਕੀ ਸਫ਼ਾ 2 'ਤੇ

## ਦਿੱਲੀ-ਜੰਮੂ ਤਵੀ ਰਾਜਧਾਨੀ ਐੱਕਸਪ੍ਰੈੱਸ 'ਚ ਬੰਬ ਦੀ ਅਫਵਾਹ

**ਸੋਨੀਪਤ. ਦਿੱਲੀ** : ਜੰਮੂ ਤਵੀ ਰਾਜਧਾਨੀ ਐਕਸਪ੍ਰੈੱਸ ਵਿਚ ਬੰਬ ਹੋਣ ਦੀ ਸੂਚਨਾ ਮਿਲਣ ਤੋਂ ਬਾਅਦ ਹਰਿਆਣਾ ਦੇ ਸੋਨੀਪਤ ਰੇਲਵੇ ਸਟੇਸ਼ਨ 'ਤੇ ਸ਼ੁੱਕਰਵਾਰ ਰਾਤ ਨੂੰ ਇਸ ਦੀ ਬਾਰੀਕੀ ਨਾਲ ਜਾਂਚ ਕੀਤੀ ਗਈ। ਸਰਕਾਰੀ ਰੇਲਵੇ ਪੁਲਸ (ਜੀ ਆਰ ਪੀ) ਦੇ ਅਧਿਕਾਰੀ ਨੇ ਦੱਸਿਆ ਕਿ ਦਿੱਲੀ-ਜੰਮੂ ਤਵੀ ਰਾਜਧਾਨੀ ਐਕਸਪ੍ਰੈੱਸ ਸ਼ੁੱਕਰਵਾਰ ਰਾਤ 9.34 ਵਜੇ ਸੋਨੀਪਤ ਰੇਲਵੇ ਸਟੇਸ਼ਨ 'ਤੇ ਪਹੁੰਚੀ। ਬੰਬ ਠੁੱਸ ਕਰਨ ਵਾਲੇ ਦਸਤੇ ਨੇ ਸੂਹੀਆ ਕੁੱਤਿਆਂ ਨਾਲ ਰੇਲਗੱਡੀ ਦੀ ਚੰਗੀ ਤਰ੍ਹਾਂ ਜਾਂਚ ਕੀਤੀ। ਦਿੱਲੀ-ਜੰਮੂ ਤਵੀ ਰਾਜਧਾਨੀ ਐਕਸਪ੍ਰੈੱਸ ਵਿੱਚ ਕੋਈ ਧਮਾਕਾਖੇਜ਼ ਸਮੱਗਰੀ ਨਹੀਂ ਮਿਲੀ ਤਾਂ ਗੱਡੀ ਨੂੰ ਤੜਕੇ 1.48 ਵਜੇ ਆਪਣੀ ਮੰਜ਼ਲ ਲਈ ਰਵਾਨਾ ਕਰ ਦਿੱਤਾ ਗਿਆ।

### ਪਟਾਕਾ ਫੈਕਟਰੀ 'ਚ ਧਮਾਕਾ, 3 ਔਰਤਾਂ ਸਣੇ 8 ਮੌਤਾਂ



**ਕ੍ਰਿਸ਼ਨਾਗਿਰੀ** : ਤਾਮਿਲਨਾਡੂ ਦੇ ਕ੍ਰਿਸ਼ਨਾਗਿਰੀ ਜ਼ਿਲ੍ਹੇ 'ਚ ਸ਼ਨੀਵਾਰ ਨੂੰ ਪਟਾਕਾ ਯੂਨਿਟ 'ਚ ਧਮਾਕੇ ਕਾਰਨ ਤਿੰਨ ਔਰਤਾਂ ਸਮੇਤ ਅੱਠ ਵਿਅਕਤੀਆਂ ਦੀ ਮੌਤ ਹੋ ਗਈ। ਜ਼ਿਲ੍ਹੇ ਦੇ ਪਜਯਾਪੇਂਟਈ 'ਚ ਪਟਾਕਾ ਬਣਾਉਣ ਵਾਲੇ ਗੋਦਾਮ 'ਚ ਅਚਾਨਕ ਹੋਏ ਧਮਾਕੇ 'ਚ ਕਈ ਜ਼ਖਮੀ ਵੀ ਹੋ ਗਏ। ਧਮਾਕੇ ਕਾਰਨ ਯੂਨਿਟ ਦੇ ਨੇੜੇ ਦੇ ਘਰਾਂ ਅਤੇ ਕੁਝ ਦੁਕਾਨਾਂ ਨੂੰ ਨੁਕਸਾਨ ਪਹੁੰਚਿਆ ਹੈ।

### ਦੋ ਬੱਸਾਂ ਦੀ ਸਿੱਧੀ ਟੱਕਰ 'ਚ 6 ਮੌਤਾਂ, 20 ਜ਼ਖ਼ਮੀ

**ਮੁੰਬਈ** : ਮਹਾਰਾਸ਼ਟਰ ਦੇ ਬੁਲਢਾਣਾ ਜ਼ਿਲ੍ਹੇ 'ਚ ਦੇਰ ਰਾਤ ਦੋ ਨਿੱਜੀ ਬੱਸਾਂ ਵਿਚਾਲੇ ਹੋਈ ਟੱਕਰ ਕਾਰਨ 6 ਵਿਅਕਤੀਆਂ ਦੀ ਮੌਤ ਹੋ ਗਈ ਅਤੇ 20 ਜ਼ਖਮੀ ਹੋ ਗਏ। ਪੁਲਸ ਅਧਿਕਾਰੀ ਨੇ ਦੱਸਿਆ ਕਿ ਇਹ ਹਾਦਸਾ ਮਲਕਾਪੁਰ ਸ਼ਹਿਰ ਦੇ ਫਲਾਈਓਵਰ 'ਤੇ ਵਾਪਰਿਆ। ਇਕ ਬੱਸ ਅਮਰਨਾਥ ਤੋਂ ਹਿੰਗੋਲੀ ਪਰਤ ਰਹੀ ਸੀ, ਜਦਕਿ ਦੂਜੀ ਬੱਸ ਨਾਸਿਕ ਵੱਲ ਜਾ ਰਹੀ ਸੀ। ਨਾਸਿਕ ਜਾ ਰਹੀ ਬੱਸ ਨੇ ਟਰੱਕ ਨੂੰ ਓਵਰਟੇਕ ਕਰਨ ਦੀ ਕੋਸ਼ਿਸ਼ ਕੀਤੀ ਅਤੇ ਇਸ ਦੌਰਾਨ ਉਹ ਸਾਹਮਣੇ ਤੋਂ ਆ ਰਹੀ ਹੋਰ ਬੱਸ ਨਾਲ ਟਕਰਾਅ ਗਈ।

## ਪਾਕਿ 'ਚ ਅੰਜੂ 'ਤੇ ਪੈਸਿਆਂ ਦੀ ਬਰਸਾਤ



**ਇਸਲਾਮਾਬਾਦ** : ਭਾਰਤ ਤੋਂ ਪਾਕਿਸਤਾਨ ਗਈ ਅੰਜੂ ਨੇ ਇਸਲਾਮ ਕਬੂਲ ਕਰ ਲਿਆ ਹੈ। ਹੁਣ ਉਸ ਦਾ ਨਵਾਂ ਨਾਂਅ ਫਾਤਿਮਾ ਹੈ। ਪਾਕਿਸਤਾਨ 'ਚ ਅੰਜੂ 'ਤੇ ਪੈਸਿਆਂ ਦੀ ਬਰਸਾਤ ਹੋ ਰਹੀ ਹੈ। ਵਿਆਹ ਤੋਂ ਬਾਅਦ ਅੰਜੂ ਉਰਫ ਫਾਤਿਮਾ ਅਤੇ ਨਸਰੁਲਾ ਨੂੰ ਤੋਹਫੇ ਮਿਲਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ। ਰਿਸ਼ਤੇਦਾਰਾਂ ਤੋਂ ਬਾਅਦ ਹੁਣ ਇੱਕ ਵੱਡੇ ਕਾਰੋਬਾਰੀ ਨੇ ਅੰਜੂ ਨੂੰ ਇੱਕ ਪਲੇਟ ਗਿਫਟ ਕੀਤੀ ਤੇ ਇਕ ਚੈੱਕ ਵੀ ਸੌਂਪਿਆ। ਕਾਰੋਬਾਰੀ ਨੇ ਅੰਜੂ ਨੂੰ ਆਪਣੀ ਕੰਪਨੀ ਵਿੱਚ ਨੌਕਰੀ ਦੇਣ ਦਾ ਵਾਅਦਾ ਕੀਤਾ ਹੈ। ਇਸ ਦੇ ਨਾਲ ਹੀ ਤਨਖਾਹ ਘਰ ਬੈਠੇ ਹੀ ਦਿੱਤੀ ਜਾਵੇਗੀ।

ਪਾਕਿ ਸਟਾਰ ਗਰੁੱਪ ਆਫ ਕੰਪਨੀਜ਼ ਦੇ ਸੀ ਈ ਓ ਮੋਹਸਿਨ ਖਾਨ ਅਬਾਸੀ ਨੇ ਅੰਜੂ ਨੂੰ 10 ਮਰਲੇ (272.251 ਵਰਗ ਫੁੱਟ) ਦਾ ਪਲਾਟ ਦਿੱਤਾ ਹੈ। ਅਬਾਸੀ ਦਾ ਕਹਿਣਾ ਹੈ ਕਿ ਦਸਤਾਵੇਜ਼ਾਂ ਦੀ ਕਾਨੂੰਨੀ ਪ੍ਰਕਿਰਿਆ ਪੂਰੀ ਹੁੰਦੇ ਹੀ ਅੰਜੂ ਨੂੰ ਨੌਕਰੀ ਦਿੱਤੀ ਜਾਵੇਗੀ। ਕਾਰੋਬਾਰੀ ਨੇ ਕਿਹਾ, 'ਦੂਜੇ ਦੇਸ਼ ਤੋਂ ਆਈ ਔਰਤ ਨੇ ਇਸਲਾਮ ਅਪਣਾ ਲਿਆ ਹੈ। ਇਸ ਲਈ ਇਹ ਸਾਡੀ ਜ਼ਿੰਮੇਵਾਰੀ ਹੈ ਕਿ ਉਸ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।'

### ਨਬਾਲਗ ਹਵਾਈ ਅੱਡੇ ਤੋਂ ਮੋੜੀ

**ਜੈਪੁਰ** : ਨਾਬਾਲਗ ਲੜਕੀ, ਜੋ ਆਪਣੇ ਇੰਸਟਾਗ੍ਰਾਮ ਦੋਸਤ ਨੂੰ ਮਿਲਣ ਲਈ ਪਾਕਿਸਤਾਨ ਜਾਣਾ ਚਾਹੁੰਦੀ ਸੀ, ਨੂੰ ਜੈਪੁਰ ਹਵਾਈ ਅੱਡੇ ਦੇ ਅਧਿਕਾਰੀਆਂ ਨੇ ਪੁਲਸ ਦੇ ਹਵਾਲੇ ਕਰ ਦਿੱਤਾ। ਹਵਾਈ ਅੱਡੇ ਦੇ ਸਟੇਸ਼ਨ ਅਧਿਕਾਰੀ ਦਿਗਪਾਲ ਸਿੰਘ ਨੇ ਦੱਸਿਆ ਕਿ ਸੀਕਰ ਦੇ ਸ੍ਰੀਮਾਧੋਪੁਰ ਦੀ ਰਹਿਣ ਵਾਲੀ ਲੜਕੀ ਕੋਲ ਅੰਤਰਰਾਸ਼ਟਰੀ ਯਾਤਰਾ ਲਈ ਲੋੜੀਂਦੇ ਦਸਤਾਵੇਜ਼ ਨਹੀਂ ਸਨ। ਨਾਲ ਇਹ ਵੀ ਕਿਹਾ ਕਿ ਜੈਪੁਰ ਤੋਂ ਪਾਕਿਸਤਾਨ ਲਈ ਕੋਈ ਉਡਾਣ ਨਹੀਂ ਹੈ। ਅਧਿਕਾਰੀ ਨੇ ਦੱਸਿਆ ਕਿ ਲੜਕੀ ਨੇ ਪੁਲਸ ਨੂੰ ਦੱਸਿਆ ਕਿ ਉਹ ਆਪਣੇ ਇੰਸਟਾਗ੍ਰਾਮ ਦੋਸਤ ਨੂੰ ਮਿਲਣ ਪਾਕਿਸਤਾਨ ਜਾਣ ਲਈ ਏਅਰਪੋਰਟ ਗਈ ਸੀ। ਲੜਕੀ ਦੇ ਪਰਵਾਰਕ ਮੈਂਬਰਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ ਅਤੇ ਲੜਕੀ ਨੂੰ ਉਨ੍ਹਾਂ ਹਵਾਲੇ ਕਰ ਦਿੱਤਾ ਜਾਵੇਗਾ। ਹਾਲ ਹੀ 'ਚ ਰਾਜਸਥਾਨ ਦੇ ਅਲਵਰ ਦੀ ਰਹਿਣ ਵਾਲੀ 34 ਸਾਲਾ ਵਿਆਹੁਤਾ ਔਰਤ ਆਪਣੇ ਫੇਸਬੁੱਕ ਦੋਸਤ ਨੂੰ ਮਿਲਣ ਲਈ ਵੈਧ ਪਾਸਪੋਰਟ ਅਤੇ ਵੀਜ਼ੇ 'ਤੇ ਪਾਕਿਸਤਾਨ ਗਈ ਸੀ, ਜਿਸ ਨਾਲ ਉਸ ਨੇ ਬਾਅਦ 'ਚ ਕਥਿਤ ਤੌਰ 'ਤੇ ਵਿਆਹ ਕਰਵਾ ਲਿਆ।

## ਰਾਹੁਲ ਗਾਂਧੀ ਦੇ ਵਿਆਹ ਦਾ ਫਿਕਰ



**ਨਵੀਂ ਦਿੱਲੀ** : ਹਰਿਆਣਾ ਦੀਆਂ ਕੁਝ ਮਹਿਲਾ ਕਿਸਾਨਾਂ ਨੇ ਕਾਂਗਰਸ ਆਗੂ ਸੋਨੀਆ ਗਾਂਧੀ ਨਾਲ ਗੱਲਬਾਤ ਦੌਰਾਨ ਉਨ੍ਹਾਂ ਨੂੰ ਰਾਹੁਲ ਦਾ ਵਿਆਹ ਕਰਵਾਉਣ ਲਈ ਕਿਹਾ ਤਾਂ ਕਾਂਗਰਸ ਨੇਤਾ ਨੇ ਮੋੜਵਾਂ ਜੁਆਬ ਦਿੰਦਿਆਂ ਕਿਹਾ ਕਿ ਉਹ ਉਸ ਦੇ ਪੁੱਤ ਲਈ ਕੁੜੀ ਲੱਭ ਦੇਣ। ਔਰਤਾਂ ਦੇ ਸਮੂਹ ਨੇ ਰਾਹੁਲ ਦੇ ਬਾਰੇ ਗੱਲ ਉਦੋਂ ਕੀਤੀ, ਜਦੋਂ ਉਹ ਸ੍ਰੀਮਤੀ ਸੋਨੀਆ ਗਾਂਧੀ ਨੂੰ ਉਨ੍ਹਾਂ ਦੇ ਘਰ ਦੁਪਹਿਰ ਦੇ ਖਾਣੇ 'ਤੇ ਮਿਲੀਆਂ। ਰਾਹੁਲ ਗਾਂਧੀ ਨੇ ਹਾਲ ਹੀ ਦੌਰਾਨ ਸੋਨੀਪਤ ਦੇ ਪਿੰਡ ਦੇ ਦੌਰੇ ਮੌਕੇ ਖੇਤਾਂ ਵਿੱਚ ਕੰਮ ਕਰ ਰਹੀਆਂ ਔਰਤਾਂ ਨਾਲ ਮਿਲਣ ਮੌਕੇ ਵਾਅਦਾ ਕੀਤਾ ਸੀ ਕਿ ਉਹ ਉਨ੍ਹਾਂ ਸਾਰੀਆਂ ਨੂੰ ਆਪਣੀ ਮਾਂ ਨਾਲ ਮਿਲਾਉਣਗੇ ਤੇ ਖਾਣਾ ਖੁਆਉਣਗੇ।

10 ਜਨਪਥ ਸਥਿਤ ਰਿਹਾਇਸ਼ 'ਤੇ ਗੱਲਬਾਤ ਦੌਰਾਨ ਇੱਕ ਔਰਤ ਨੇ ਸ੍ਰੀਮਤੀ ਗਾਂਧੀ ਨੂੰ ਕਿਹਾ, 'ਰਾਹੁਲ ਦਾ ਵਿਆਹ ਕਰਵਾਓ, ਜਿਸ 'ਤੇ ਸੋਨੀਆ ਗਾਂਧੀ ਨੇ ਉਸ ਨੂੰ ਕਿਹਾ, ਤੁਸੀਂ ਉਸ ਲਈ ਕੋਈ ਕੁੜੀ ਲੱਭੋ।' ਇਹ ਔਰਤਾਂ ਆਪਣੇ ਨਾਲ ਲੱਸੀ, ਘਿਓ, ਦੁੱਧ ਤੇ ਆਚਾਰ ਲੈ ਕੇ ਆਈਆਂ। ਇਸ ਮੌਕੇ ਪ੍ਰਿਯੰਕਾ ਗਾਂਧੀ ਵੀ ਮੌਜੂਦ ਸੀ।

## ਚੀਫ ਜਸਟਿਸ ਦੀ ਆਲੋਚਨਾ ਕਰਨ 'ਤੇ ਲੇਖਕ ਸੇਸ਼ਾਦਰੀ ਗ੍ਰਿਫ਼ਤਾਰ



**ਚੇਨਈ** : ਤਾਮਿਲਨਾਡੂ ਪੁਲਸ ਨੇ ਸ਼ਨਿਚਰਵਾਰ ਨੂੰ ਸਿਆਸੀ ਵਿਸ਼ਲੇਸ਼ਕ ਅਤੇ ਲੇਖਕ ਬਦਰੀ ਸੇਸ਼ਾਦਰੀ ਨੂੰ ਉਨ੍ਹਾਂ ਦੀ ਰਿਹਾਇਸ਼ ਤੋਂ ਗ੍ਰਿਫ਼ਤਾਰ ਕੀਤਾ ਹੈ। ਇਹ ਗ੍ਰਿਫ਼ਤਾਰੀ ਕਾਦੂਰ ਪਿੰਡ ਦੇ ਇੱਕ ਸਮਾਜ ਸੇਵੀ ਅਤੇ ਵਕੀਲ ਕਵੀਯਾਰਾਸੂ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਲੇਖਕ ਬਦਰੀ ਸੇਸ਼ਾਦਰੀ 'ਤੇ ਮਨੀਪੁਰ ਹਿੰਸਾ ਮਾਮਲੇ ਨੂੰ ਲੈ ਕੇ ਸੁਪਰੀਮ ਕੋਰਟ ਅਤੇ ਚੀਫ ਜਸਟਿਸ ਡੀ ਵਾਈ ਚੰਦਰਚੂੜ ਦੀ ਆਲੋਚਨਾ ਕਰਨ ਦਾ ਦੋਸ਼ ਹੈ। ਪੁਲਸ ਸੂਤਰਾਂ ਅਨੁਸਾਰ ਬਦਰੀ ਸੇਸ਼ਾਦਰੀ ਨੂੰ ਉਨ੍ਹਾਂ ਦੇ ਮਾਈਲਾਪੁਰ ਸਥਿਤ ਘਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਤੇ ਬਾਅਦ 'ਚ ਪੇਰਮਬਲੂਰ ਜ਼ਿਲ੍ਹਾ ਪੁਲਸ ਹੈੱਡਕੁਆਰਟਰ ਲਿਆਂਦਾ ਗਿਆ। ਪੁਲਸ ਅਨੁਸਾਰ ਭਾਰਤੀ ਦੰਡਾਵਲੀ (ਆਈ.ਪੀ.ਸੀ.) ਦੀ ਧਾਰਾ 153, 153ਏ (ਧਰਮ, ਨਸਲ, ਜਨਮ ਸਥਾਨ, ਰਿਹਾਇਸ਼, ਭਾਸ਼ਾ ਆਦਿ ਦੇ ਆਧਾਰ 'ਤੇ ਵੱਖ-ਵੱਖ ਸਮੂਹਾਂ ਵਿਚਕਾਰ ਦੁਸ਼ਮਣੀ ਨੂੰ ਵਧਾਉਣਾ) ਅਤੇ ਧਾਰਾ 505 1 (ਬੀ) ਦਰਜ ਕੀਤੀ ਗਈ ਹੈ, ਜਦੋਂਕਿ ਤਾਮਿਲਨਾਡੂ ਭਾਜਪਾ ਦੇ ਪ੍ਰਧਾਨ ਕੇ. ਅੰਨਾਮਾਲਾਈ ਨੇ ਬਦਰੀ ਸੇਸ਼ਾਦਰੀ ਦੀ ਗ੍ਰਿਫ਼ਤਾਰੀ ਦੀ ਨਿੰਦਾ ਕੀਤੀ ਅਤੇ ਸੂਬਾ ਸਰਕਾਰ 'ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਨੇ ਕਿਹਾ ਕਿ ਡੀ ਐੱਮ ਕੇ ਸਰਕਾਰ ਆਪਣੀ ਰਾਇ ਲਈ ਆਮ ਲੋਕਾਂ ਨੂੰ ਨਿਸ਼ਾਨਾ ਬਣਾ ਰਹੀ ਹੈ।

## ਕਾਨੂੰਨ ਕਮਿਸ਼ਨ ਨੂੰ ਮਿਲੇ ਕਰੀਬ 80 ਲੱਖ ਸੁਝਾਅ



**ਨਵੀਂ ਦਿੱਲੀ** : ਭਾਰਤ ਦੇ ਕਾਨੂੰਨ ਕਮਿਸ਼ਨ ਨੇ ਸਾਂਝੇ ਸਿਵਲ ਕੋਡ (ਯੂ ਸੀ ਸੀ) ਬਾਰੇ ਜਨਤਾ ਤੋਂ ਸੁਝਾਅ ਲੈਣ ਲਈ ਸਮਾਂ ਹੋਰ ਅੱਗੇ ਨਾ ਵਧਾਉਣ ਦਾ ਫੈਸਲਾ ਕੀਤਾ ਹੈ। ਕਮਿਸ਼ਨ ਨੇ ਪਹਿਲਾਂ 28 ਜੁਲਾਈ ਤੱਕ ਸੁਝਾਅ ਮੰਗੇ ਸਨ। ਹੁਣ ਤੱਕ ਕਰੀਬ 80 ਲੱਖ ਸੁਝਾਅ ਪ੍ਰਾਪਤ ਹੋ ਚੁੱਕੇ ਹਨ ਅਤੇ ਕਾਨੂੰਨ ਕਮਿਸ਼ਨ ਇਨ੍ਹਾਂ 'ਤੇ ਵਿਚਾਰ ਕਰੇਗਾ। ਕਮਿਸ਼ਨ ਦੇ ਮੈਂਬਰ ਨੇ ਦੱਸਿਆ ਕਿ ਸੰਬੰਧਤ ਧਿਰਾਂ ਨਾਲ ਸਲਾਹ-ਮਸ਼ਵਰਾ ਕੀਤਾ ਹੈ।

## ਖਿਡਾਰੀਆਂ ਦੇ ਖਾਣੇ 'ਚ ਛਿਪਕਲੀ, 50 ਹਸਪਤਾਲ ਦਾਖਲ

**ਮੁਹਾਲੀ** : ਇੱਥੋਂ ਦੇ ਫੇਜ਼ ਨੌਂ ਦੇ ਅੰਤਰਰਾਸ਼ਟਰੀ ਹਾਕੀ ਸਟੇਡੀਅਮ ਵਿੱਚ ਸਥਿਤ ਪੰਜਾਬ ਇੰਸਟੀਚਿਊਟ ਆਫ ਸਪੋਰਟਸ ਦੇ ਕੁਝ ਖਿਡਾਰੀਆਂ ਨੂੰ ਸਵੇਰੇ ਦਲੀਆ ਖਾਣ ਤੋਂ ਬਾਅਦ ਉਲਟੀਆਂ ਲੱਗ ਗਈਆਂ। ਉਨ੍ਹਾਂ ਵਾਰਡਨ ਨੂੰ ਇਸ ਬਾਰੇ ਜਾਣਕਾਰੀ ਦਿੱਤੀ। ਖਿਡਾਰੀਆਂ ਨੇ ਦੱਸਿਆ ਕਿ ਉਨ੍ਹਾਂ ਆਪਣੀ ਪਲੇਟ ਵਿਚ ਕਥਿਤ ਤੌਰ 'ਤੇ ਮਰੀ ਹੋਈ ਛਿਪਕਲੀ ਦੇਖੀ ਹੈ, ਜਿਸ ਤੋਂ ਬਾਅਦ ਉੱਥੇ ਦਹਿਸ਼ਤ ਫੈਲ ਗਈ ਅਤੇ ਪੰਜਾਹ ਦੇ ਕਰੀਬ ਖਿਡਾਰੀਆਂ ਨੂੰ ਫੇਜ਼ ਛੇ ਸਰਕਾਰੀ ਹਸਪਤਾਲ ਦਾਖਲ ਕਰਵਾਇਆ ਗਿਆ। ਤਿੰਨ ਖਿਡਾਰੀਆਂ ਨੂੰ ਛੱਡ ਕੇ ਬਾਕੀ ਸਾਰੇ ਖਿਡਾਰੀ ਬਿਲਕੁੱਲ ਠੀਕ ਹਨ। ਤਿੰਨ ਖਿਡਾਰੀਆਂ ਦਾ ਇਲਾਜ ਕੀਤਾ ਜਾ ਰਿਹਾ ਹੈ। ਸਰਕਾਰੀ ਹਸਪਤਾਲ ਦੇ ਐੱਸ ਐੱਮ ਓ ਡਾਕਟਰ ਐੱਚ ਐੱਸ ਚੀਮਾ ਨੇ ਦੱਸਿਆ ਕਿ ਜਿਉਂ ਹੀ ਉਨ੍ਹਾਂ ਨੂੰ ਜਾਣਕਾਰੀ ਮਿਲੀ ਤਾਂ ਉਨ੍ਹਾਂ ਟੀਮਾਂ ਨੂੰ ਸਪੋਰਟਸ ਕੰਪਲੈਕਸ ਵਿੱਚ ਭੇਜਿਆ। ਖਿਡਾਰੀਆਂ ਨੂੰ ਹਸਪਤਾਲ ਲਿਆ ਕੇ ਦਾਖਲ ਕਰਵਾਇਆ ਗਿਆ ਅਤੇ ਖਾਣੇ ਦੀ ਜਾਂਚ ਕੀਤੀ ਗਈ। ਸਾਰੇ ਖਿਡਾਰੀਆਂ ਦੀ ਹਾਲਤ ਠੀਕ ਹੈ ਅਤੇ ਉਨ੍ਹਾਂ ਨੂੰ ਹਸਪਤਾਲ ਵਿੱਚੋਂ ਛੁੱਟੀ ਦਿੱਤੀ ਜਾ ਰਹੀ ਹੈ। ਬੱਚਿਆਂ ਦੇ ਮਾਪੇ ਵੀ ਇੱਥੇ ਪਹੁੰਚਣੇ ਸ਼ੁਰੂ ਹੋ ਗਏ ਹਨ। ਉਨ੍ਹਾਂ ਮਾਮਲੇ ਦੀ ਡੂੰਘਾਈ ਨਾਲ ਜਾਂਚ ਦੀ ਮੰਗ ਕੀਤੀ ਹੈ।

## ਅੱਜ-ਨਾਮਾ

ਫੜਦੀ ਤੇਜ਼ੀ ਕੁਝ ਜਾਪ ਰਹੀ ਰਾਜਨੀਤੀ,
ਲੱਗੇ ਚੋਣਾਂ ਲਈ ਲੱਗਣ ਆ ਟੁੱਲ ਬੇਲੀ।
ਪੱਧਰ ਕਿਸੇ ਦਾ ਵੇਖ ਲਿਉ ਕੋਈ ਲੀਡਰ,
ਅਗਲੀ ਚੋਣ ਲਈ ਸੋਚ ਰਹੇ ਕੁੱਲ ਬੇਲੀ।
ਅਗਲਵਾਂਢੀ ਤਿਆਰ ਕਈ ਹੋਏ ਫਿਰਦੇ,
ਬਣਾ ਰਿਹਾ ਕੋਈ ਹੈ ਨਵਾਂ ਪੜੁੱਲ ਬੇਲੀ।
ਸ਼ਾਦੀ-ਗਮੀ ਦੀ ਚਰਚਾ ਸਭ ਹੋਈ ਮੱਠੀ,
ਚਰਚਾ ਚੋਣਾਂ ਦੀ ਚੱਲੀ ਜਾਏ ਫੁੱਲ ਬੇਲੀ।
ਜੀਹਨੇ ਲੜੀ ਪੰਚਾਇਤ ਦੀ ਚੋਣ ਕੋਈ ਨਾ,
ਪਾਰਲੀਮੈਂਟ ਲਈ ਚਰਚੇ ਉਹ ਕਰੇ ਬੇਲੀ।
ਟਿਕਟ ਮਿਲਣ ਦੀ ਉਂਜ ਨਹੀਂ ਆਸ ਪੱਕੀ,
ਲਮਕਵੇਂ ਸਾਹ ਖਿੱਚੇ, ਹਾਉਕੇ ਭਰੇ ਬੇਲੀ।

-ਤੀਸ ਮਾਰ ਖਾਂ

## ਨਫਰਤੀ ਜ਼ਹਿਰ ਦੇ ਡੰਗ ਨੂੰ ਬੇਅਸਰ ਕਰਨ ਲਈ ਮਾਰਕਸਵਾਦ ਕਾਰਗਰ : ਕਮਿਊਨਿਸਟ ਆਗੂ

**ਸ਼ਾਹਕੋਟ (ਗਿਆਨ ਸੈਦਪੁਰੀ)**

ਮਨੀਪੁਰ ਦੀਆਂ ਸ਼ਰਮਨਾਕ ਅਤੇ ਦਿਲ-ਕੰਬਾਊ ਘਟਨਾਵਾਂ ਵਿਰੁੱਧ ਸੀ ਪੀ ਆਈ, ਆਰ ਐੱਮ ਪੀ ਆਈ, ਜਬਰ ਵਿਰੋਧੀ ਸੰਘਰਸ਼ ਕਮੇਟੀ ਸ਼ਾਹਕੋਟ ਅਤੇ ਹੋਰ ਖੱਬੀਆਂ ਧਿਰਾਂ ਨੇ ਸਾਂਝੇ ਤੌਰ 'ਤੇ ਸਨਿੱਚਰਵਾਰ ਰੋਸ ਮਾਰਚ ਕਰਨ ਉਪਰੰਤ ਮੋਦੀ ਸਰਕਾਰ ਦਾ ਪੁਤਲਾ ਫੂਕਿਆ। ਪੁਤਲਾ ਫੂਕਣ ਤੋਂ ਪਹਿਲਾਂ ਵੱਖ-ਵੱਖ ਬੁਲਾਰਿਆਂ ਨੇ ਰੋਹ ਭਰਪੂਰ ਤਕਰੀਰਾਂ ਵਿੱਚ ਮਨੀਪੁਰ ਵਿੱਚ ਹੋਈ ਦਰਿੰਦਗੀ ਕਾਰਨ ਦੇਸ਼ ਨੂੰ ਦੁਨੀਆ ਭਰ ਵਿੱਚ ਸ਼ਰਮਸਾਰ ਹੋਣ ਲਈ ਮੋਦੀ ਅਤੇ ਮਨੀਪੁਰ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਖੱਬੀਆਂ ਧਿਰਾਂ ਦੀ ਮਜ਼ਬੂਤ ਕਰੰਘੜੀ ਨੂੰ ਮੌਜੂਦਾ ਸਮਿਆਂ ਦੀ ਅਹਿਮ ਲੋੜ ਦੱਸਿਆ। ਇਸ ਦੇ ਨਾਲ ਹੀ ਆਰ ਐੱਸ ਐੱਸ ਅਤੇ ਭਾਜਪਾ ਦੇ ਫਿਰਕਾਪ੍ਰਸਤ ਤੇ ਫਾਸ਼ੀਵਾਦ ਨੂੰ ਗਹਿਰਾਈ ਨਾਲ ਸਮਝ ਕੇ ਸੰਘਰਸ਼ ਦਾ ਮੈਦਾਨ ਮੱਲ ਕੇ ਮਾਰਕਸਵਾਦ ਦੇ ਵਿਗਿਆਨਿਕ ਫਲਸਫੇ ਨਾਲ ਲੈਸ ਹੋਣ ਦਾ ਵੀ ਸੱਦਾ ਦਿੱਤਾ।



ਮੋਦੀ ਸਰਕਾਰ ਦਾ ਪੁਤਲਾ ਫੂਕਣ ਤੋਂ ਪਹਿਲਾਂ ਨਾਅਰੇਬਾਜ਼ੀ ਕਰਦੇ ਹੋਏ ਕਮਿਊਨਿਸਟ ਆਗੂ।

ਸੀ ਪੀ ਆਈ ਆਗੂ ਸੰਦੀਪ ਅਰੋੜਾ ਨੇ ਕਿਹਾ ਕਿ ਮਨੀਪੁਰ ਸਰਕਾਰ ਬਦਅਮਨੀ 'ਤੇ ਕਾਬੂ ਪਾਉਣ ਦੀ ਥਾਂ ਲੱਗੇ ਹੋਏ ਲਾਂਬੂ 'ਤੇ ਤੇਲ ਪਾਉਣ ਦਾ ਕੰਮ ਕਰਦੀ ਰਹੀ ਹੈ। ਇਸ ਲਈ ਇਸ ਸਰਕਾਰ ਨੂੰ ਫੌਰੀ ਤੌਰ 'ਤੇ ਚਲਦਾ ਕਰਨਾ ਬਣਦਾ ਹੈ। ਉਨ੍ਹਾ ਲੋਕਾਂ ਨੂੰ ਆਪਸੀ ਭਾਈਚਾਰਾ ਕਾਇਮ ਰੱਖ ਕੇ ਦੇਸ਼ ਦੋਖੀ ਤਾਕਤਾਂ ਨੂੰ ਪਛਾਨਣ ਦੀ ਲੋੜ 'ਤੇ ਜ਼ੋਰ ਦਿੱਤਾ।

ਆਰ ਐੱਮ ਪੀ ਆਈ ਦੇ ਆਗੂ ਨਿਰਮਲ ਸਿੰਘ ਮਲਸੀਆਂ ਨੇ ਮਨੀਪੁਰ ਵਿੱਚ ਔਰਤਾਂ ਦੇ ਸਰੇਆਮ ਹੋਏ ਜਿਨਸੀ ਸ਼ੋਸ਼ਣ ਦੇ ਕਾਰੇ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਅਜਿਹੇ ਕਾਰਿਆਂ ਨੂੰ ਰੋਕਣ ਲਈ ਭਾਜਪਾ ਦਾ ਬੋਰੀ-ਬਿਸਤਰਾ ਗੋਲ ਕਰਨਾ ਲਾਜ਼ਮੀ ਹੈ। ਉਨ੍ਹਾ ਕਿਹਾ ਕਿ 2024 ਦੀਆਂ ਆਮ ਚੋਣਾਂ ਮੋਦੀ ਸਰਕਾਰ ਨੂੰ ਸਬਕ ਸਿਖਾਉਣ ਦਾ ਢੁਕਵਾਂ ਸਮਾਂ ਹੋਣਗੀਆਂ। ਜਬਰ ਵਿਰੋਧੀ ਸੰਘਰਸ਼ ਕਮੇਟੀ ਸ਼ਾਹਕੋਟ ਦੇ ਆਗੂ ਕੇਵਲ ਸਿੰਘ ਦਾਨੇਵਾਲ ਨੇ ਕਿਹਾ ਕਿ ਮਨੀਪੁਰ ਦੀਆਂ ਦੁਖਦਾਈ ਘਟਨਾਵਾਂ ਲਈ ਮੋਦੀ ਅਤੇ ਮਨੀਪੁਰ ਸਰਕਾਰ ਨੂੰ ਲੋਕ ਕਦੇ ਵੀ ਮਾਫ ਨਹੀ ਕਰਨਗੇ। ਵਰਿੰਦਰਪਾਲ ਕਾਲਾ ਨੇ ਆਪਣੇ ਸੰਬੋਧਨ ਵਿੱਚ ਭਾਜਪਾ ਅਤੇ ਆਰ ਐੱਸ ਐਸ ਦੇ ਫਿਰਕੂ ਚਿਹਰੇ ਨੂੰ ਨੰਗਿਆਂ ਕੀਤਾ। ਉਨ੍ਹਾ ਕਿਹਾ ਕਿ ਭਾਈਚਾਰਿਆਂ ਦਰਮਿਆਨ ਨਫਰਤੀ ਜ਼ਹਿਰ ਫੈਲਾਉਣ ਵਾਲਿਆਂ ਦੇ ਜ਼ਹਿਰੀ ਡੰਗ ਨੂੰ ਬੇਅਸਰ ਕਰਨ ਲਈ ਮਾਰਕਸਵਾਦ ਦਾ ਅਧਿਐਨ ਜ਼ਰੂਰੀ ਹੈ। ਸਾਡੇ ਗਿਆਨ ਵਿਗਿਆਨ ਵਿੱਚ ਵਾਧਾ ਹੀ ਚੌਦਵੀਂ ਸਦੀ ਦੀ ਸੋਚ ਵਾਲੇ ਮੌਜੂਦਾ ਹਾਕਮਾਂ ਨੂੰ ਅਗਿਆਨਤਾ ਫੈਲਾਉਣ ਤੋਂ ਰੋਕ ਸਕਦਾ ਹੈ। ਇਸ ਮੌਕੇ ਮੋਦੀ ਸਰਕਾਰ ਵਿਰੁੱਧ ਨਾਹਰੇਬਾਜ਼ੀ ਵੀ ਕੀਤੀ ਗਈ। ਹੋਰਨਾਂ ਤੋਂ ਇਲਾਵਾ ਸੁਨੀਲ ਕੁਮਾਰ ਰਾਜੇਵਾਲ, ਤਾਰਾ ਸਿੰਘ ਥੰਮੂਵਾਲ, ਮਨਦੀਪ ਸਿੰਘ ਸਿੱਧੂ, ਸੱਤਪਾਲ ਮੁਰੀਦਵਾਲ, ਸਰਵਣ ਕੁਮਾਰ ਬਿੱਲਾ, ਰਜਿੰਦਰ ਕੁਮਾਰ ਹੈਪੀ, ਸਵਰਨ ਸਿੰਘ ਕਾਕੜਾ, ਸੁਰਜੀਤ ਪੂਨੀਆਂ, ਰਾਕੇਸ਼ ਕੁਮਾਰ ਸੂਦ ਤੇ ਰਮੇਸ਼ ਸਿੰਘ ਆਦਿ ਸ਼ਾਮਲ ਸਨ।

## ਜੋਗਿੰਦਰ ਸਿੰਘ ਅਕਾਲਗੜ੍ਹ ਨੂੰ ਅੰਤਮ ਵਿਦਾਇਗੀ



**ਕਪੂਰਥਲਾ** : ਮਜ਼ਦੂਰ ਹਲਕਿਆਂ ਅੰਦਰ ਇਹ ਖਬਰ ਗਹਿਰੇ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਪੰਜਾਬ ਖੇਤ ਮਜ਼ਦੂਰ ਸਭਾ ਦਾ ਮੁੱਢ ਬੰਨ੍ਹਣ ਵਾਲਿਆ ਵਿੱਚੋਂ ਨਿਧੜਕ ਆਗੂ ਬੀ ਕੇ ਐੱਮ ਯੂ ਦੇ ਜਨਰਲ ਕੌਂਸਲ ਮੈਂਬਰ ਰਹੇ ਕਾਮਰੇਡ ਜੋਗਿੰਦਰ ਸਿੰਘ ਅਕਾਲਗੜ੍ਹ 28 ਜੁਲਾਈ ਸ਼ੁੱਕਰਵਾਰ ਨੂੰ ਸਦੀਵੀ ਵਿਛੋੜਾ ਦੇ ਗਏ। ਉਹ ਉਮਰ ਦੇ ਨੌਵੇਂ ਦਹਾਕੇ ਵਿੱਚ ਸਨ। ਨਮ ਅੱਖਾਂ ਨਾਲ ਉਹਨਾਂ ਦਾ ਅੰਤਮ ਸੰਸਕਾਰ ਉਹਨਾ ਦੇ ਪਿੰਡ ਅਕਾਲਗੜ੍ਹ ਵਿਖੇ ਕਰ ਦਿੱਤਾ ਗਿਆ।

ਉਹਨਾ ਦੀ ਅੰਤਮ ਯਾਤਰਾ ਸਮੇਂ ਸੀ ਪੀ ਆਈ ਨਵਾਂਸ਼ਹਿਰ ਦੇ ਜ਼ਿਲ੍ਹਾ

● ਬਾਕੀ ਸਫ਼ਾ 2 'ਤੇ

CMYK

## ਸਰਬੱਤ ਦਾ ਭਲਾ ਨੇ ਖਾਲਸਾ ਏਡ ਦੀ ਟੀਮ ਨੂੰ ਹੜ੍ਹ ਪੀੜਤਾਂ ਲਈ 200 ਰਾਸ਼ਨ ਕਿੱਟਾਂ ਸੌਂਪੀਆਂ



**ਬਾਘਾ ਪੁਰਾਣਾ** (ਮਨੀ ਸਿੰਗਲਾ)-ਸਰਬੱਤ ਦਾ ਭਲਾ ਐੱਨ.ਜੀ.ਓ ਜੋ ਹਮੇਸ਼ਾ ਹੀ ਰੁਟੀਨ ਵਿੱਚ ਲੋਕਾਂ ਦੀਆਂ ਸੇਵਾਵਾਂ ਤੋਂ ਇਲਾਵਾ ਕੁਦਰਤੀ ਆਫਤਾਂ ਦੇ ਸਮੇਂ ਵਿੱਚ ਸੇਵਾ ਲਈ ਤਤਪਰ ਰਹਿੰਦੀ ਹੈ, ਵੱਲੋਂ ਉਨ੍ਹਾਂ ਹੜ੍ਹ ਪੀੜਤ ਪਰਵਾਰਾਂ ਲਈ ਰਾਸ਼ਨ ਦੀਆਂ ਕਿੱਟਾਂ ਤਿਆਰ ਕੀਤੀਆਂ ਗਈਆਂ ਹਨ, ਜੋ ਇਸ ਮਾੜੇ ਦੌਰ ਵਿੱਚੋਂ ਗੁਜਰ ਰਹੇ ਹਨ। ਇਹ ਕਿੱਟਾਂ ਸਹੀ ਲੋੜਵੰਦ ਲੋਕਾਂ ਤੱਕ ਪਹੁੰਚਾਉਣ ਲਈ ਖਾਲਸਾ ਏਡ ਦੀ ਮੋਗਾ ਟੀਮ ਨਾਲ ਸੰਪਰਕ ਕੀਤਾ ਗਿਆ। ਸਰਬੱਤ ਦਾ ਭਲਾ ਐੱਨ.ਜੀ.ਓ ਵਲੋਂ ਨਿਹਾਲ ਸਿੰਘ ਵਾਲਾ ਸੜਕ ਉੱਪਰਲੇ ਕਲਵੰਤ ਰਾਏ ਪੈਟਰੋਲ ਪੰਪ 'ਤੇ ਕਿੱਟਾਂ ਤਿਆਰ ਕੀਤੀਆਂ ਗਈਆਂ, ਜਿੱਥੋਂ ਕਿ ਖਾਲਸਾ ਏਡ ਦੀ ਟੀਮ ਨੂੰ ਸੌਂਪੀਆਂ ਗਈਆਂ। ਆਗੂਆਂ ਨੇ ਦੱਸਿਆ ਕਿ ਇਸ ਪਹਿਲੇ ਗੇੜ ਦੀ ਸੇਵਾ ਵਿੱਚ ਘਰੇਲੂ ਰਾਸ਼ਨ ਦੀਆਂ 200 ਕਿੱਟਾਂ ਹਨ, ਜਿਸ ਵਿੱਚ ਆਟਾ, ਦਾਲਾਂ, ਚਾਵਲ, ਮਿਰਚ-ਮਸਾਲੇ ਤੇ ਹੋਰ ਵਰਤੋਂ ਵਾਲਾ ਸਮਾਨ ਸ਼ਾਮਲ ਹੈ। ਇਸ ਤੋਂ ਬਾਅਦ ਦੂਜੇ ਗੇੜ ਲਈ ਵੀ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਪ੍ਰਧਾਨ ਗੁਰਪ੍ਰੀਤ ਸਿੰਘ ਗੋਰਾ, ਚੇਅਰਮੈਨ ਐਡਵੋਕੇਟ ਅਮਿਤ ਗੋਇਲ, ਗੁਰਦੇਵ ਸਿੰਘ ਗੋਂਦਾਰਾ, ਰਾਮ ਗੁਪਤਾ, ਹਰਦੀਪ ਸਿੰਘ ਦੀਪੂ, ਬਲਤੇਜ ਸਿੰਘ, ਉਦਿਤ ਬਾਂਸਲ, ਬੱਬੂ ਚੱਢਾ, ਗੁਰਪ੍ਰੀਤ ਸਿੰਘ ਗੋਪੀ, ਮੁਕੇਸ਼ ਨੋਹਰੀਆ ਆਦਿ ਸੇਵਾਦਾਰ ਹਾਜ਼ਰ ਸਨ।

## ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਦੀ ਮੀਟਿੰਗ



**ਜਲਾਲਾਬਾਦ** (ਜੀਤ ਕੁਮਾਰ)-ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਜ਼ਿਲ੍ਹਾ ਜਨਰਲ ਸਕੱਤਰ ਬਲਵਿੰਦਰ ਸਿੰਘ ਨੂਰ ਸਮੰਦ ਅਤੇ ਬ੍ਰਾਂਚ ਪ੍ਰਧਾਨ ਰਾਕੇਸ਼ ਸਿੰਘ ਹੀਰੇਵਾਲਾ ਦੀ ਅਗਵਾਈ ਹੇਠ ਸੰਪੰਨ ਹੋਈ। ਮੀਟਿੰਗ ਸੂਬਾ ਪ੍ਰੈਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ, ਜ਼ਿਲ੍ਹਾ ਮੀਤ ਪ੍ਰਧਾਨ ਮਹਿੰਦਰ ਸਿੰਘ ਮੰਨੇਵਾਲਾ, ਜਿਲਾ ਖਜਾਨਚੀ ਸਤਪਾਲ ਸਿੰਘ ਕੋਟੂ ਫੰਗੀਆ, ਬ੍ਰਾਂਚ ਦੇ ਜਨਰਲ ਸਕੱਤਰ ਕੁੰਦਨ ਸਿੰਘ, ਬ੍ਰਾਂਚ ਖਜਾਨਚੀ ਨਾਨਕ ਸਿੰਘ, ਦਫਤਰੀ ਸਟਾਫ ਦੇ ਸੂਬਾ ਪ੍ਰਚਾਰ ਸਕੱਤਰ ਸੁਖਚੈਨ ਸਿੰਘ ਸੋਢੀ, ਸ਼ੇਕ ਸਿੰਘ, ਰਮਨ ਹਾਂਡਾ, ਸੂਰਜ ਹਾਂਡਾ, ਗੁਰਪ੍ਰੀਤ ਸਿੰਘ, ਸ਼ੇਖਰ, ਬਲਵਿੰਦਰ ਮਹਾਲਮ, ਬਲਦੇਵ ਰਾਜ, ਰਮੇਸ਼ ਲਮੋਚੜ, ਗੁਰਮੀਤ ਸਿੰਘ ਤੋਤਿਆਂਵਾਲਾ, ਅਰਸ਼ਦੀਪ ਸਿੰਘ, ਸੁਰਿੰਦਰ ਸਿੰਘ ਘੂਰੀ, ਸੁਖਦੇਵ ਸਿੰਘ ਕਾਠਗੜ ਆਦਿ ਹਾਜ਼ਰ ਸਨ। ਮੀਟਿੰਗ 'ਚ ਸਭ ਤੋਂ ਪਹਿਲਾਂ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਆਲਮਕੇ ਦੇ ਪਿਤਾ ਜੀ ਦੀ ਹੋਈ ਬੇਵਕਤੀ ਮੌਤ 'ਤੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਪਰਮਾਤਮਾਂ ਅੱਗੇ ਅਰਦਾਸ ਕੀਤੀ। ਇਸਦੇ ਬਾਅਦ ਵਰਕਰਾਂ ਨੂੰ ਲੋਕਲ ਪੱਧਰ 'ਤੇ ਵਾਟਰ ਸਪਲਾਈ ਸਕੀਮਾਂ ਚਲਾਉਣ ਸਬੰਧੀ ਆ ਰਹੀਆਂ ਮੁਸ਼ਕਲਾਂ ਸਬੰਧੀ ਵਿਚਾਰ ਚਰਚਾ ਕਰਨ ਉਪਰੰਤ ਜਥੇਬੰਦੀ ਵੱਲੋਂ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਮੰਡਲ ਫ਼ਾਜ਼ਿਲਕਾ ਦੇ ਐਕਸੀਅਨ ਨੂੰ ਵਰਕਰਾਂ ਦੀਆਂ ਮੰਗਾਂ ਸਬੰਧੀ ਡੈਪੂਟੇਸ਼ਨ ਮਿਲਣ ਦਾ ਵੀ ਫੈਸਲਾ ਕੀਤਾ ਗਿਆ।

## ਮਾਤਾ ਗੁਜਰੀ ਕਾਲਜ 'ਚ ਕਾਰਗਿਲ ਵਿਜੈ ਦਿਵਸ ਮਨਾਇਆ



**ਫਤਹਿਗੜ੍ਹ ਸਾਹਿਬ** (ਪ੍ਰਮੋਦ ਭਾਰਦਵਾਜ)-ਮਾਤਾ ਗੁਜਰੀ ਕਾਲਜ ਸ੍ਰੀ ਫਤਹਿਗੜ੍ਹ ਸਾਹਿਬ ਦੀ ਐਨ.ਸੀ.ਸੀ. ਯੂਨਿਟ ਵੱਲੋਂ 23 ਪੀ ਬੀ ਬੀ ਐਨ ਐਨ ਸੀ ਸੀ ਰੋਪੜ ਦੇ ਕਮਾਂਡਿੰਗ ਅਫ਼ਸਰ ਕਰਨਲ ਟੀ ਵਾਈ ਐਸ ਬੇਦੀ, ਪ੍ਰਸ਼ਾਸਨਿਕ ਅਫ਼ਸਰ ਕਰਨਲ ਲਕਸ਼ਮੀਕਾਂਤ ਅਗਰਵਾਲ ਅਤੇ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਬੜੇ ਉਤਸ਼ਾਹ ਨਾਲ ਕਾਰਗਿਲ ਵਿਜੈ ਦਿਵਸ ਮਨਾਇਆ ਗਿਆ। ਇਸ ਮੌਕੇ ਐਨ.ਸੀ.ਸੀ. ਕੈਡਿਟਾਂ ਨੇ 24 ਸਾਲ ਪਹਿਲਾਂ ਹੋਏ ਕਾਰਗਿਲ ਯੁੱਧ ਵਿਚ ਸ਼ਹੀਦ ਹੋਏ ਫੌਜੀਆਂ ਦੀ ਕੁਰਬਾਨੀ ਸਦਕਾ ਮਿਲੀ ਜਿੱਤ ਦੇ ਮੌਕੇ 'ਤੇ ਉਨ੍ਹਾਂ ਸ਼ਹੀਦਾਂ ਨੂੰ ਯਾਦ ਕਰਦਿਆਂ ਅਤੇ ਸ਼ਰਧਾਂਜਲੀ ਭੇਟ ਕਰਦਿਆਂ ਰਾਸ਼ਟਰ ਗਾਣ ਗਾਇਆ ਅਤੇ ਕਾਰਗਿਲ ਯੁੱਧ ਦੀ ਮਹੱਤਤਾ ਨੂੰ ਦਰਸਾਉਣ ਲਈ ਕਵਿਤਾ, ਭਾਸ਼ਣ, ਪੋਸਟਰ ਅਤੇ ਪ੍ਰਸ਼ਨ ਉੱਤਰ ਮੁਕਾਬਲਿਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਾਰੇ ਵਿਦਿਆਰਥੀਆਂ ਨੂੰ ਸ਼ਹੀਦਾਂ ਤੋਂ ਪ੍ਰੇਰਿਤ ਹੋ ਕੇ ਚੰਗੇ ਨਾਗਰਿਕ ਬਣ ਕੇ ਦੇਸ਼ ਪ੍ਰਤੀ ਆਪਣਾ ਫਰਜ਼ ਨਿਭਾਉਣਾ ਚਾਹੀਦਾ ਹੈ। ਐਨ.ਸੀ.ਸੀ. ਅਫਸਰ ਪ੍ਰੋ. ਪੁਸ਼ਪਿੰਦਰ ਸਿੰਘ ਨੇ ਦੱਸਿਆ ਕਿ ਕਾਰਗਿਲ ਵਿਜੈ ਦਿਵਸ ਭਾਰਤ ਦੀ ਇਤਿਹਾਸਕ ਜਿੱਤ ਦਾ ਜਸ਼ਨ ਹੈ।

## ਸੀ ਐੱਚ ਸੀ ਬਾਲਿਆਂਵਾਲੀ 'ਚ ਵਿਸ਼ਵ ਹੈਪੇਟਾਈਟਸ ਦਿਵਸ ਮਨਾਇਆ



**ਰਾਮਪੁਰਾ ਫੂਲ** (ਦਰਸ਼ਨ ਜਿੰਦਲ)-ਸਿਹਤ ਮੰਤਰੀ ਡਾ.ਬਲਵੀਰ ਸਿੰਘ ਅਤੇ ਸਿਵਲ ਸਰਜਨ ਬਠਿੰਡਾ ਡਾ. ਤੇਜਵੰਤ ਸਿੰਘ ਢਿੱਲੋਂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਤੇ ਸੀਨੀਅਰ ਮੈਡੀਕਲ ਅਫਸਰ ਡਾ.ਗੁਰਮੇਲ ਸਿੰਘ ਦੀ ਅਗਵਾਈ ਹੇਠ ਸੀ ਐੱਚ ਸੀ ਬਾਲਿਆਂਵਾਲੀ ਵਿਖੇ "ਇਕ ਜ਼ਿੰਦਗੀ ਇਕ ਜਿਗਰ" ਦੇ ਨਾਅਰੇ ਹੇਠ ਵਿਸ਼ਵ ਹੈਪੇਟਾਈਟਸ ਦਿਵਸ ਮਨਾਇਆ ਗਿਆ। ਹਾਜ਼ਰੀਨ ਨੂੰ ਸੰਬੋਧਨ ਕਰਦੇ ਹੋਏ ਐਸ.ਐੱਮ.ਓ. ਡਾ. ਗੁਰਮੇਲ ਸਿੰਘ ਨੇ ਕਿਹਾ ਕਿ ਹੈਪੇਟਾਈਟਸ ਜਿਗਰ ਦੀ ਬਿਮਾਰੀ ਹੈ, ਜੋ ਹੈਪੇਟਾਈਟਸ ਵਾਇਰਸ ਦੇ ਇਨਫੈਕਸ਼ਨ ਨਾਲ ਫੈਲਦੀ ਹੈ। ਉਨ੍ਹਾਂ ਦੱਸਿਆ ਕਿ ਹੈਪੇਟਾਈਟਸ ਦੀਆਂ ਪੰਜ ਕਿਸਮਾਂ ਏ, ਬੀ, ਸੀ, ਡੀ ਤੇ ਈ ਹੈ। ਏ ਤੇ ਈ ਕਿਸਮ ਦਾ ਹੈਪੇਟਾਈਟਸ ਦੂਸ਼ਿਤ ਪਾਣੀ ਦੂਸ਼ਿਤ ਖਾਣ ਪੀਣ ਦੀਆਂ ਵਸਤਾਂ ਦੀ ਵਰਤੋਂ ਨਾਲ ਹੁੰਦਾ ਹੈ, ਜਦਕਿ ਬਾਕੀ ਕਿਸਮਾਂ ਦਾ ਹੈਪੇਟਾਈਟਸ ਖੂਨ ਰਾਹੀਂ ਫੈਲਦਾ ਹੈ। ਹੈਪੇਟਾਈਟਸ ਬੀ ਸਭ ਤੋਂ ਖਤਰਨਾਕ ਮੰਨਿਆ ਗਿਆ ਹੈ। ਇਹ ਵਾਇਰਸ ਸਰੀਰ 'ਤੇ ਤੁਰੰਤ ਪ੍ਰਭਾਵ ਨਹੀਂ ਦਿਖਾਉਂਦਾ, ਬਲਕਿ ਜਿਗਰ 'ਚ ਸਾਲਾਂ ਤੱਕ ਮੌਜੂਦ ਰਹਿੰਦਾ ਹੈ ਤੇ ਇਹ ਹੌਲੀ ਹੌਲੀ ਜਿਗਰ ਨੂੰ ਨੁਕਸਾਨ ਪਹੁੰਚਾਉਂਦਾ ਹੈ। ਇਸ ਤਰ੍ਹਾਂ ਹੀ ਹੈਪੇਟਾਈਟਸ ਸੀ ਵਾਇਰਸ ਕਰਨ ਹੁੰਦਾ ਹੈ। ਇਹ ਆਮ ਤੌਰ 'ਤੇ ਖੂਨ ਤੋਂ ਖੂਨ ਦੇ ਸੰਪਰਕ ਦੇ ਮਾਧਿਅਮ ਰਾਹੀਂ ਫੈਲਦਾ ਹੈ। ਇਸ ਮੌਕੇ ਮੈਡੀਕਲ ਅਫਸਰ ਡਾ. ਕਮਲਜੀਤ ਸਿੰਘ, ਜਗਤਾਰ ਸਿੰਘ ਬਲਾਕ ਐਜੂਕੇਟਰ ਤੇ ਮਨਜੀਤ ਸਿੰਘ ਬਲਾਕ ਐਜੂਕੇਟਰ ਨੇ ਵੀ ਜਾਗਰੂਕ ਕੀਤਾ। ਇਸ ਮੌਕੇ ਡਾ. ਲਵਦੀਪ ਰੋਹੇਲ, ਡਾ. ਕਮਲਦੀਪ ਸਿੰਘ ਸੀ ਐੱਚ ਓ, ਚੀਫ ਫਾਰਮੇਸੀ ਅਫਸਰ ਸੁਰਿੰਦਰ ਕੁਮਾਰ, ਸਿਹਤ ਸੁਪਰਵਾਈਜ਼ਰ ਪਵਨ ਕੁਮਾਰ, ਐਲ.ਐੱਚ.ਵੀ. ਪਰਮਜੀਤ ਕੌਰ, ਕਰਮਜੀਤ ਕੌਰ ਏ.ਐੱਨ.ਐੱਮ. ਪਰਮਿੰਦਰ ਕੌਰ, ਸਿਹਤ ਕਰਮਚਾਰੀ ਅਵਤਾਰ ਸਿੰਘ, ਪ੍ਰੈਟੀ ਸ਼ਰਮਾ, ਅਰੋਗਿਆ ਮਿੱਤਰ ਗੁਰਜੋਤ ਸ਼ਰਮਾ ਤੇ ਆਸ਼ਾ ਵਰਕਰਾਂ ਆਦਿ ਹਾਜ਼ਰ ਸਨ।

## ਗਲੋਬਲ ਮਾਈਲਸਟੋਨ ਨੇ ਲਗਵਾਏ ਚਾਰ ਦਿਨਾਂ 'ਚ 9 ਵੀਜ਼ੇ



**ਜਗਰਾਉਂ** (ਸੰਜੀਵ ਅਰੋੜਾ)-ਗਲੋਬਲ ਮਾਈਲਸਟੋਨ, ਜੋ ਇਲਾਕੇ ਦਾ ਨਾਮੀ ਇੰਸਟੀਚਿਊਟ ਹੋਣ ਦੇ ਨਾਲ-ਨਾਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ, ਦੇ ਪਿਛਲੇ ਚਾਰ ਦਿਨਾਂ 'ਚ 9 ਵਿਦਿਆਰਥੀਆਂ ਨੇ ਵੀਜ਼ੇ ਹਾਸਲ ਕੀਤੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਨੇ ਦੱਸਿਆ ਕਿ ਵੀਜ਼ਾ ਪ੍ਰਾਪਤ ਕਰਨ ਵਾਲਿਆਂ 'ਚੋਂ ਬਹੁਤ ਸਾਰੇ ਅਜਿਹੇ ਵੀ ਸਨ, ਜਿਨ੍ਹਾਂ ਦੀਆਂ ਕਾਫੀ ਵਾਰ ਰਿਫਿਊਜ਼ਲਾਂ ਆਈਆਂ ਸਨ ਤੇ ਨਾਲ ਹੀ ਕੁਝ ਅਜਿਹੇ ਵਿਦਿਆਰਥੀ ਵੀ ਸਨ, ਜਿਨ੍ਹਾਂ ਦੇ ਅੰਕ ਜ਼ਰੂਰਤ ਤੋਂ ਘੱਟ ਸਨ ਅਤੇ ਫੰਡਾਂ ਦੀਆਂ ਮੁਸ਼ਕਲਾਂ ਵੀ ਸਨ। ਵੀਜ਼ਾ ਪ੍ਰਾਪਤ ਕਰਨ ਵਾਲਿਆਂ 'ਚ ਸ਼ਾਮਲ ਜਸਪ੍ਰੀਤ ਕੌਰ ਲੋਹਗੜ੍ਹ, ਜਿਨ੍ਹਾਂ ਦਾ ਵੀਜ਼ਾ ਸਿਰਫ਼ ਚਾਰ ਦਿਨਾਂ 'ਚ ਆਇਆ। ਨਾਲ ਹੀ ਨਾਲ ਬਲਵਿੰਦਰ ਕੌਰ ਤੇ ਦਿਲਜੀਤ ਸਿੰਘ ਬੁਰਜ ਨਕਲੀਆਂ, ਜਿਨ੍ਹਾਂ ਦਾ ਕੈਨੇਡਾ ਦਾ ਵਿਜ਼ਿਟਰ ਵੀਜ਼ਾ ਚਾਰ ਦਿਨਾਂ ਦੇ ਅੰਦਰ ਆਇਆ। ਇਨ੍ਹਾਂ ਦੇ ਨਾਲ-ਨਾਲ ਹੋਰ ਸਟੱਡੀ ਵੀਜ਼ੇ ਰੁਪਿੰਦਰ ਕੌਰ ਰਾਏਕੋਟ, ਜਸਕੀਰਤ ਕੌਰ ਰਾਏਕੋਟ ਦੇ ਵੀਜ਼ੇ ਛੇ ਦਿਨਾਂ 'ਚ ਹਾਸਲ ਕੀਤੇ। ਇਸ ਤੋਂ ਇਲਾਵਾ ਹੋਰ ਕਲਾਸਾਂ ਤੋਂ ਅਮਨਦੀਪ ਕੌਰ ਤੇ ਅਰਸ਼ਦੀਪ ਸਿੰਘ ਦੇ ਵਿਜ਼ਿਟਰ ਵੀਜ਼ੇ ਛੇ ਦਿਨਾਂ 'ਚ ਪ੍ਰਾਪਤ ਕੀਤੇ। ਕੈਨੇਡਾ ਦੇ ਨਾਲ-ਨਾਲ ਜਸਵਿੰਦਰ ਸਿੰਘ, ਸ਼ਰਨਦੀਪ ਕੌਰ, ਜੋ ਕਿ ਛਾਪੇ ਤੋਂ ਹਨ, ਉਨ੍ਹਾਂ ਨੇ ਯੂ. ਕੇ. ਦਾ ਵਿਜ਼ਿਟਰ ਵੀਜ਼ਾ ਇੱਕ ਹਫ਼ਤੇ 'ਚ ਹਾਸਲ ਕੀਤਾ। ਇਸ ਮੌਕੇ ਮੈਨੇਜਿੰਗ ਡਾਇਰੈਕਟਰ ਬਲਵੀਰ ਸਿੰਘ ਨੇ ਵੀਜ਼ਾ ਪ੍ਰਾਪਤ ਕਰਨ ਵਾਲਿਆਂ ਨੂੰ ਵਧਾਈ ਦਿੱਤੀ ਤੇ ਸਭ ਨੇ ਮਿਲ ਕੇ ਇਸ ਵੱਡੀ ਪ੍ਰਾਪਤੀ ਦੀ ਖੁਸ਼ੀ ਮਨਾਈ।

## ਮਾਡਰਨ ਕਾਲਜ 'ਚ ਕੁਦਰਤ ਸੰਭਾਲ ਦਿਵਸ ਮੌਕੇ ਸਮਾਗਮ



**ਚੀਮਾਂ ਮੰਡੀ** (ਰਵਿੰਦਰ ਚੀਮਾ)-ਮਾਡਰਨ ਕਾਲਜ ਆਫ ਐਜੂਕੇਸ਼ਨ ਬੀਰ ਕਲਾਂ ਵਿਖੇ ਕਾਲਜ ਦੇ ਚੇਅਰਮੈਨ ਡਾ. ਰਵਿੰਦਰ ਬਾਂਸਲ ਦੀ ਅਗਵਾਈ ਹੇਠ ਵਿਸ਼ਵ ਕੁਦਰਤ ਸੰਭਾਲ ਦਿਵਸ ਮੌਕੇ ਇਕ ਸਮਾਗਮ ਕਰਵਾਇਆ ਗਿਆ। ਇਸ ਸਮੇਂ ਕਾਲਜ ਦੇ ਪ੍ਰਿੰਸੀਪਲ ਡਾ. ਵੀ ਕੇ ਰਾਏ ਦੀ ਅਗਵਾਈ ਵਿੱਚ ਕਾਲਜ ਦੇ ਵਿਦਿਆਰਥੀਆਂ ਤੇ ਸਟਾਫ ਵੱਲੋਂ ਕਾਲਜ ਵਿੱਚ ਬੂਟੇ ਵੀ ਲਗਾਏ ਗਏ। ਇਸ ਤੋਂ ਬਾਅਦ ਪ੍ਰਿੰਸੀਪਲ ਨੇ ਕਿਹਾ ਕਿ ਕੁਦਰਤ ਤੇ ਵਾਤਾਵਰਣ ਦੀ ਸੰਭਾਲ ਲਈ ਸਰਕਾਰਾਂ ਬਹੁਤ ਉਪਰਾਲੇ ਕਰ ਰਹੀਆਂ ਹਨ, ਪਰ ਇਸ ਦੇ ਨਾਲ ਹੀ ਭਾਰਤ ਦੇ ਹਰੇਕ ਨਾਗਰਿਕ ਦਾ ਹੱਕ ਬਣਦਾ ਹੈ ਕਿ ਇਸ ਵਿੱਚ ਯੋਗਦਾਨ ਪਾਵੇ। ਸਾਨੂੰ ਅਪਣੇ ਘਰਾਂ ਤੇ ਆਲੇ ਦੁਆਲੇ ਵੀ ਬੂਟੇ ਲਗਾਉਣੇ ਚਾਹੀਦੇ ਹਨ। ਇਸ ਦੇ ਨਾਲ ਹੀ ਸਾਫ ਸਫਾਈ ਵੱਲ ਧਿਆਨ ਹੋਣਾ ਵੀ ਬਹੁਤ ਜ਼ਰੂਰੀ ਹੈ। ਇਸ ਮੌਕੇ ਡਾ. ਨਵਜੋਤ ਕੌਰ ਨੇ ਵਿਦਿਆਰਥੀਆਂ ਨੂੰ ਘਰ ਦੇ ਬਾਹਰ ਦੀ ਸਫਾਈ ਰੱਖਣ ਤੇ ਬੂਟੇ ਲਗਾਉਣ ਅਤੇ ਉਨ੍ਹਾਂ ਦੀ ਸੰਭਾਲ ਰੱਖਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਕਾਲਜ ਦਾ ਸਮੂਹ ਸਟਾਫ ਸ਼ਾਮਲ ਸੀ।

# ਪੰਜਾਬ ਸਰਕਾਰ ਦੇ ਅਧਿਆਪਕਾਂ ਨੂੰ ਪੱਕੇ ਕਰਨ ਦੇ ਹੁਕਮ ਨਿਕਲੇ ਝੂਠੇ, ਹੁਕਮਾਂ ਦੀਆਂ ਸਾੜੀਆਂ ਕਾਪੀਆਂ



**ਮਾਨਸਾ** (ਆਤਮਾ ਸਿੰਘ ਪਮਾਰ)-ਕੱਚੇ ਅਧਿਆਪਕਾਂ ਨੇ ਪੰਜਾਬ ਸਰਕਾਰ ਦੇ ਪੱਕੇ ਕਰਨ ਦੇ ਤਾਜ਼ਾ ਹੁਕਮਾਂ ਨੂੰ ਝੂਠਾ ਕਰਾਰ ਦੇ ਦਿੱਤਾ ਹੈ। ਉਨ੍ਹਾਂ ਸਥਾਨਕ ਬਾਲ ਭਵਨ ਵਿਖੇ ਪੱਕੇ ਆਰਡਰਾਂ ਦੀਆਂ ਝੂਠੀਆਂ ਕਾਪੀਆਂ ਨੂੰ ਸਾੜਦਿਆਂ ਦੁੱਖ ਤੇ ਅਫਸੋਸ ਜ਼ਾਹਰ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਵੀ ਸ਼ੁਰੂ ਤੋਂ ਹੀ ਕੱਚੇ ਅਧਿਆਪਕਾਂ ਨਾਲ ਕੋਝੇ ਮਜ਼ਾਕ ਕਰਦੀ ਆ ਰਹੀ ਹੈ। ਕੱਚੇ ਅਧਿਆਪਕਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੋਸ਼ ਲਾਇਆ ਕਿ ਪੰਜਾਬ ਭਰ 'ਚ ਅੱਜ ਕੱਚੇ ਅਧਿਆਪਕਾਂ ਨੂੰ ਪੱਕਾ ਕਰਨ ਦਾ ਸਿਰਫ ਡਰਾਮਾ ਹੀ ਕੀਤਾ ਗਿਆ ਹੈ, ਹੁਕਮਾਂ 'ਚ ਕਿਧਰੇ ਵੀ ਰੈਗੂਲਰ ਸ਼ਬਦ ਲੱਭਿਆਂ ਨਹੀਂ ਮਿਲਦਾ।

ਕੱਚੇ ਅਧਿਆਪਕਾਂ ਦੀ ਹਮਾਇਤ 'ਤੇ ਆਈਆਂ ਰੈਗੂਲਰ ਅਧਿਆਪਕ ਜਥੇਬੰਦੀਆਂ ਦੇ ਆਗੂਆਂ ਨੇ ਪੰਜਾਬ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕਰਦਿਆਂ ਐਲਾਨ ਕੀਤਾ ਕਿ ਅਗਲੇ ਦਿਨਾਂ ਦੌਰਾਨ ਪੰਜਾਬ ਭਰ 'ਚ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਅਰਥੀਆਂ ਸਾੜਦਿਆਂ ਆਪ ਦੀ ਹਕੂਮਤ ਵਿਰੁੱਧ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ।

ਡੀ ਟੀ ਐੱਫ ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਤਾਮਕੋਟ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਾਢੇ ਬਾਰਾਂ ਹਜ਼ਾਰ ਕੱਚੇ ਅਧਿਆਪਕਾਂ ਨੂੰ ਰੈਗੂਲਰ ਆਰਡਰ ਦੇਣ ਦਾ ਡਰਾਮਾ ਕੀਤਾ ਗਿਆ। ਉਨ੍ਹਾ ਕਿਹਾ ਕਿ ਸਿਰਫ ਕੱਚੇ ਅਧਿਆਪਕਾਂ ਦੀਆਂ ਤਨਖਾਹਾਂ ਵਿੱਚ ਮਾਮੂਲੀ ਵਾਧਾ ਕਰਕੇ ਸਰਕਾਰ ਅਧਿਆਪਕਾਂ ਤੇ ਜਨਤਾ ਨੂੰ ਗੁੰਮਰਾਹ ਕਰ ਰਹੀ ਹੈ। ਉਨ੍ਹਾ ਕਿਹਾ ਕਿ ਮੌਜੂਦਾ ਸਰਕਾਰ ਨੇ ਪਿਛਲੇ ਸਾਲ ਅਧਿਆਪਕ ਦਿਵਸ ਮੌਕੇ ਕੱਚੇ ਅਧਿਆਪਕਾਂ ਨੂੰ ਰੈਗੂਲਰ ਕਰਨ ਦਾ ਐਲਾਨ ਕੀਤਾ ਸੀ, ਜਦਕਿ ਇੱਕ ਸਾਲ ਬੀਤਣ ਮਗਰੋਂ ਵੀ ਰੈਗੂਲਰ ਕਰਨ ਤੋਂ ਭੱਜੀ ਹੋਈ ਹੈ ਅਤੇ ਸਿਰਫ ਤਨਖਾਹਾਂ ਵਿੱਚ ਵਾਧਾ ਕਰਕੇ ਕੱਚੇ ਅਧਿਆਪਕਾਂ ਨੂੰ ਰੈਗੂਲਰ ਕਰਨ ਦੇ ਨਾਂ ਹੇਠ ਧ੍ਰੋਹ ਕਮਾ ਰਹੀ ਹੈ।

ਇਸ ਮੌਕੇ ਅਮੋਲਕ ਸਿੰਘ ਡੇਲੂਆਣਾ ਨੇ ਕਿਹਾ ਕਿ ਸਰਕਾਰ ਦੀ ਇਸ ਚਾਲ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ, ਸਗੋਂ ਸਰਕਾਰੀ ਪ੍ਰਾਪੇਗੰਡੇ ਦਾ ਡੱਟ ਕੇ ਵਿਰੋਧ ਕੀਤਾ ਜਾਵੇਗਾ। ਅਧਿਆਪਕ ਆਗੂ ਗੁਰਤੇਜ ਸਿੰਘ ਉੱਭਾ ਨੇ ਕਿਹਾ ਕਿ ਉਹ ਕੱਚੇ ਅਧਿਆਪਕਾਂ ਨੂੰ ਨਾਲ ਲੈ ਕੇ ਰੈਗੂਲਰ ਆਰਡਰ ਮਿਲਣ ਤੱਕ ਸੰਘਰਸ਼ ਜਾਰੀ ਰੱਖਣਗੇ। ਇਸ ਮੌਕੇ ਵੱਡੀ ਗਿਣਤੀ 'ਚ ਪੁਰਸ਼ ਤੇ ਮਹਿਲਾ ਅਧਿਆਪਕਾਂ ਨੇ ਸਰਕਾਰ ਵਿਰੁੱਧ ਰੋਹ ਭਰਪੂਰ ਨਾਅਰੇਬਾਜ਼ੀ ਕੀਤੀ ਤੇ ਸਥਾਨਕ ਕਚਹਿਰੀਆਂ ਦੇ ਗੇਟ ਅੱਗੇ ਸਰਕਾਰ ਦੁਆਰਾ ਜਾਰੀ ਕੀਤੇ ਜਾਲ੍ਹੀ ਰੈਗੂਲਰ ਆਰਡਰਾਂ ਦੀਆਂ ਕਾਪੀਆਂ ਸਾੜੀਆਂ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਅਧਿਆਪਕਾਂ ਨੂੰ ਰੈਗੂਲਰ ਕਿਨ੍ਹਾਂ ਸ਼ਰਤਾਂ 'ਤੇ ਕੀਤਾ ਜਾਂਦਾ ਹੈ? ਤਾਂ ਹਰਜਿੰਦਰ ਅਨੂਪਗੜ੍ਹ ਨੇ ਕਿਹਾ ਕਿ ਪੰਜਾਬ ਸਿਵਿਲ ਸਰਵਿਸਜ਼ ਰੂਲਜ਼ ਅਨੁਸਾਰ ਪੂਰਾ ਪੇ ਸਕੇਲ, ਕਮਿਊਟਡ ਛੁੱਟੀਆਂ, ਕਮਾਈਆਂ ਛੁੱਟੀਆਂ, ਅੱਧੀ ਅੱਧੀ ਤਨਖਾਹ ਵਾਲੀਆਂ ਛੁੱਟੀਆਂ ਤੋਂ ਇਲਾਵਾ ਮੈਡੀਕਲ ਰੀਇਮਬਰਸਮੈਂਟ ਆਦਿ ਸਹੂਲਤਾਂ ਦੇ ਕੇ ਹੀ ਕਿਸੇ ਮੁਲਾਜ਼ਮ ਨੂੰ ਪਕਾ ਕੀਤਾ ਜਾਂਦਾ ਹੈ। ਹੁਕਮਾਂ ਵਿੱਚ ਅਜਿਹਾ ਕੁੱਝ ਵੀ ਦਿਖਾਈ ਨਹੀਂ ਦਿੰਦਾ। ਉਨ੍ਹਾ ਕਿਹਾ ਕਿ ਕੱਚੇ ਅਧਿਆਪਕਾਂ ਨੂੰ ਰੈਗੂਲਰ ਕਰਾਉਣ ਤੱਕ ਸਰਕਾਰ ਵਿਰੁੱਧ ਤਿੱਖਾ ਸੰਘਰਸ਼ ਜਾਰੀ ਰਹੇਗਾ। ਇਸ ਸਮੇਂ ਹਰਦੀਪ ਸਿੰਘ ਸਿੱਧੂ, ਰਾਜਿੰਦਰ ਸਿੰਘ ਦਲੇਲ ਸਿੰਘ ਵਾਲਾ, ਗੁਰਦੀਪ ਬਰਨਾਲਾ, ਨਵਜੋਸ਼ ਸਪੋਲੀਆ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ। ਕਾਪੀਆਂ ਸਾੜਨ ਮੌਕੇ ਦਮਨਜੀਤ ਸਿੰਘ, ਚਰਨਜੀਤ ਸਿੰਘ, ਗੁਰਪ੍ਰੀਤ ਭੀਖੀ, ਸੁਖਚੈਨ ਸਿੰਘ ਸੇਖੋਂ, ਗੁਰਬਚਨ ਹੀਰੇਵਾਲਾ, ਚਰਨਪਾਲ ਸਿੰਘ, ਮਨਦੀਪ ਕੁਮਾਰ, ਤਰਵਿੰਦਰ ਹੀਰੇਵਾਲਾ, ਪਰਮਿੰਦਰ ਸਿੰਘ ਮਾਨਸਾ, ਹਰਵਿੰਦਰ ਕੋਟੜਾ, ਪੁਰਾਣੀ ਪੈਨਸ਼ਨ ਬਹਾਲੀ ਫਰੰਟ ਦੇ ਆਗੂ ਜਸਵੀਰ ਭੰਮਾ, ਸੀ ਪੀ ਐੱਫ ਕਰਮਚਾਰੀ ਯੂਨੀਅਨ ਵੱਲੋਂ ਧਰਮਿੰਦਰ ਹੀਰੇਵਾਲਾ, ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਦੇ ਆਗੂ ਜਸਵੀਰ ਭੰਮਾ, ਵਿਦਿਆਰਥੀ ਆਗੂ ਪਰਦੀਪ ਗੁਰੂ, ਅਮਰਿੰਦਰ ਸਿੰਘ, ਬਲਵਿੰਦਰ ਕੌਰ ਕੋਰਵਾਲਾ, ਅਮਨਦੀਪ ਕੌਰ ਅਕਲੀਆ, ਸਰਨਜੀਤ ਕੌਰ ਅਕਲੀਆ, ਸਰਬਜੀਤ ਕੌਰ ਝੁਨੀਰ ਆਦਿ ਅਧਿਆਪਕ ਆਗੂ ਹਾਜ਼ਰ ਸਨ।

## ਕਿਰਤੀ ਕਿਸਾਨ ਯੂਨੀਅਨ ਨੇ ਹੜ੍ਹ ਪੀੜਤਾਂ ਨੂੰ ਨਗਦ ਰਾਸ਼ੀ ਦਿੱਤੀ



**ਲੌਂਗੋਵਾਲ** (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅਤਰੀ)-ਸੰਗਰੂਰ ਅਤੇ ਮਾਨਸਾ ਜ਼ਿਲ੍ਹੇ ਵਿੱਚ ਹੜ੍ਹਾਂ ਦੀ ਮਾਰ ਹੇਠ ਆਏ ਕਿਸਾਨਾਂ ਅਤੇ ਮਜ਼ਦੂਰਾਂ ਦੀ ਕਿਰਤੀ ਕਿਸਾਨ ਯੂਨੀਅਨ ਇਕਾਈ ਢੱਡਰੀਆਂ, ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਾਰੇ ਨਗਰ ਦੇ ਸਹਿਯੋਗ ਨਾਲ ਪਿੰਡਾਂ ਦਾ ਦੌਰਾ ਕਰਕੇ ਜਿਹੜੇ ਕਿਸਾਨਾਂ ਨੇ ਘਰ ਦੀ ਜ਼ਮੀਨ ਘੱਟ ਹੋਣ ਕਰਕੇ ਜ਼ਮੀਨ ਠੇਕੇ 'ਤੇ ਲਈ ਸੀ ਉਹ ਫਸਲ ਮਾਰੀ ਗਈ ਹੈ ਅਤੇ ਗਰੀਬ ਮਜ਼ਦੂਰ ਜਿਨ੍ਹਾਂ ਦੇ ਮਕਾਨ ਨੁਕਸਾਨੇ ਗਏ ਹਨ ਉਨ੍ਹਾਂ ਨੂੰ ਨਗਦ ਰਾਸ਼ੀ ਦੇ ਕੇ ਸਹਾਇਤਾ ਕੀਤੀ ਗਈ। ਪ੍ਰੈੱਸ ਨੂੰ ਭਜਨ ਸਿੰਘ ਢੱਡਰੀਆਂ ਨੇ ਦੱਸਿਆ ਕਿ ਮਾਨਸਾ ਜ਼ਿਲ੍ਹੇ ਦੇ ਪਿੰਡ ਨੇੜੇ ਸਰਦੂਲਗੜ੍ਹ ਭੂਸ ਮੰਡੀ, ਸਾਧੂਗੜ੍ਹ, ਝੰਡਾ ਕਲਾਂ ਅਤੇ ਝੰਡਾ ਖੁਰਦ ਕੋਲ ਘੱਗਰ ਦਰਿਆ ਦਾ ਬੰਨ੍ਹ ਟੁੱਟਣ ਕਰਕੇ ਕਿਸਾਨਾਂ ਦੀਆ ਫਸਲਾਂ ਤਬਾਹ ਹੋ ਗਈਆਂ ਹਨ ਤੇ ਜੋ ਜ਼ਮੀਨ ਬੰਨ੍ਹ ਟੁੱਟਣ ਨਾਲ ਕਿਤੋਂ ਉੱਚੀ ਹੋ ਗਈ ਹੈ ਅਤੇ ਕਿੱਥੋਂ ਪਾੜ ਪੈਣ ਨਾਲ ਧਰਤੀ ਖੁਰ ਗਈ ਹੈ ਉਸ ਨੂੰ ਪੱਧਰੀ ਕਰਨ ਲਈ ਮਾਲੀ ਮਦਦ ਦੀ ਬਹੁਤ ਲੋੜ ਹੈ। ਸਰਵੇ ਦੌਰਾਨ ਪਤਾ ਲੱਗਾ ਕਿ ਪਿੰਡਾਂ ਵਿੱਚ ਰਾਸ਼ਨ ਬਹੁਤ ਪਹੁੰਚ ਚੁੱਕਿਆ ਹੈ, ਇਸ ਕਰਕੇ ਫੈਸਲਾ ਕੀਤਾ ਗਿਆ ਕਿਸਾਨਾਂ ਨੂੰ ਨਗਦ ਰਾਸ਼ੀ ਦੇ ਕੇ ਸਹਾਇਤਾ ਕੀਤੀ ਜਾਵੇ। ਗਰੀਬ ਮਜ਼ਦੂਰ ਜਿਨ੍ਹਾਂ ਦੇ ਘਰ ਢਹਿ ਗਏ ਸਨ, ਉਨ੍ਹਾਂ ਦੇ ਘਰੇ ਜਾ ਕੇ ਮੁਹਤਬਰ ਬੰਦਿਆਂ ਦੀ ਹਾਜ਼ਰੀ ਵਿੱਚ ਰਾਸ਼ੀ ਦੇ ਕੇ ਸਹਾਇਤਾ ਕੀਤੀ। ਪਿੰਡ ਝੰਡਾ ਕਲਾਂ ਤੇ ਝੰਡਾ ਖੁਰਦ ਜੋ ਬੰਨ੍ਹ ਟੁੱਟਿਆ ਸੀ ਉਥੇ ਵੀ ਸਾਂਝੀ ਪੰਚਾਇਤ ਦੀ ਹਾਜ਼ਰੀ ਵਿੱਚ ਨਕਦ ਰਾਸ਼ੀ ਦੇ ਕੇ ਸਹਾਇਤਾ ਕੀਤੀ ਗਈ। ਕਿਰਤੀ ਕਿਸਾਨ ਯੂਨੀਅਨ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਨੇ ਸਾਂਝੇ ਤੌਰ 'ਤੇ ਲਹਿਰੇਗਾਗੇ ਨਹਿਰ ਦੇ ਪੁਲ 'ਤੇ ਰਾਹਤ ਕੈਂਪ ਲਾਇਆ ਹੈ ਉਸ ਵਿੱਚ ਵੀ ਨਕਦ ਰਾਸ਼ੀ ਦੇ ਕੇ ਸਹਾਇਤਾ ਕੀਤੀ ਗਈ। ਇਸ ਵਕਤ ਤਜਿੰਦਰ ਸਿੰਘ, ਸੁਰਜੀਤ ਸਿੰਘ ਨਿਹੰਗ, ਸੁਖਦੇਵ ਸਿੰਘ, ਜੋਗਾ ਸਿੰਘ, ਗੋਬਿੰਦ ਸਿੰਘ, ਅਜੀਤ ਸਿੰਘ, ਜੋਗਿੰਦਰ ਸਿੰਘ, ਕਸ਼ਮੀਰ ਸਿੰਘ, ਕੁਲਦੀਪ ਸਿੰਘ ਅਤੇ ਜਗਜੀਤ ਸਿੰਘ ਹਾਜ਼ਰ ਸਨ।

## ਵਿਕਾਸ ਕਾਰਜਾਂ 'ਚ ਊਣਤਾਈਆਂ ਕਾਰਨ ਸ਼ੇਰੋਂ ਵਾਸੀ ਡਾਢੇ ਪ੍ਰੇਸ਼ਾਨ

**ਲੌਂਗੋਵਾਲ** (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)-ਪਿੰਡ ਸ਼ੇਰੋਂ ਵਾਸੀ ਪਿਛਲੇ ਸਮੇਂ ਦੌਰਾਨ ਹੀ ਕਰਵਾਏ ਵਿਕਾਸ ਕਾਰਜਾਂ ਤੋਂ ਬੇਹੱਦ ਪ੍ਰੇਸ਼ਾਨ ਦਿਖਾਈ ਦੇ ਰਹੇ ਹਨ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਕੁਝ ਮਹੀਨੇ ਪਹਿਲਾਂ ਪਿੰਡ ਦੀ ਮੌਜੂਦਾ ਪੰਚਾਇਤ ਵੱਲੋਂ ਕਰਵਾਏ ਵਿਕਾਸ ਕਾਰਜਾਂ ਵਿੱਚ ਸੜਕਾਂ, ਨਵੀਆਂ ਨਾਲੀਆਂ-ਪੁਲੀਆਂ ਉੱਚੀਆਂ ਬਣਾਉਣ ਕਾਰਨ ਨਾਲੀਆਂ ਦਾ ਗੰਦਾ ਪਾਣੀ ਸੜਕਾਂ ਉਪਰ ਆ ਕੇ ਖੜਾ ਹੋ ਜਾਂਦਾ ਹੈ। ਪਿੰਡ ਦੀ ਪੱਤੀ ਬਿਘਾ ਵਿੱਚ ਦੇਖਿਆ ਗਿਆ ਕਿ ਇਸ ਮੁਹੱਲੇ ਦੀ ਮੇਨ ਸੜਕ 'ਤੇ ਪੁਲੀ ਉੱਚੀ ਬਣਨ ਕਾਰਨ ਕਈ ਵਾਰ ਸੜਕ ਹਾਸਦੇ ਹੁੰਦੇ ਹਨ ਤੇ ਸੜਕਾਂ 'ਤੇ ਗੰਦਾ ਪਾਣੀ ਖੜਨ ਕਾਰਨ ਚਿੱਕੜ ਬਣਿਆ ਰਹਿੰਦਾ ਹੈ ਅਤੇ ਇਹ ਸੜਕ ਗੁਰੂਘਰ ਤੇ ਮੰਦਰ ਨੂੰ ਵੀ ਜਾਂਦੀ ਹੈ। ਪਿੰਡ ਦੇ ਲੋਕਾਂ ਵਿੱਚ ਪੰਚਾਇਤ ਦੇ ਕੁਝ ਮੈਂਬਰਾਂ ਸਬੰਧੀ ਮਿਲੀਭੁਗਤੀ ਹੋਣ ਦੀ ਚਰਚਾ ਹੈ ਕਿ ਪੱਤੀ ਅਮਰਾ ਵਿੱਚ ਪਾਣੀ ਵਾਲਾ ਟੋਬਾ ਸੀ, ਜਿਸ ਨੂੰ ਜਾਣ-ਬੁੱਝ ਕੇ ਆਪਣੇ ਨਿੱਜੀ ਵਿਅਕਤੀਆਂ ਤੋਂ ਮਿੱਟੀ ਪਵਾ ਕੇ ਇਹ ਥਾਂ ਰੋਕਣ ਦੀ ਹੱਲਾਸ਼ੇਰੀ ਦਿੱਤੀ ਹੈ। ਪਿੰਡ ਵਾਸੀਆਂ ਨੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਤੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਇਸ ਪਿੰਡ ਵਿੱਚ ਰੁਕੇ ਹੋਏ ਵਿਕਾਸ ਕੰਮਾਂ ਨੂੰ ਮੁੜ ਚਾਲੂ ਕਰਵਾਇਆ ਜਾਵੇ ਤੇ ਬਿਘਾ ਪੱਤੀ ਵਿੱਚ ਖੜੇ ਗੰਦੇ ਪਾਣੀ ਦੀ ਨਿਕਾਸੀ ਕਰਵਾਈ ਜਾਵੇ।

## ਮੋਗਾ 'ਚੋਂ ਲੰਘਦੇ ਨੈਸ਼ਨਲ ਹਾਈਵੇ ਨੂੰ ਜਲਦੀ ਹੀ ਮਿਲੇਗੀ ਨਵੀਂ ਦਿੱਖ, ਕਰਵਾਇਆ ਜਾਵੇਗਾ ਪੇਂਟ ਤੇ ਗ੍ਰੈਫਿਟੀ



**ਮੋਗਾ** (ਅਮਰਜੀਤ ਬੱਬਰੀ)-ਜ਼ਿਲ੍ਹਾ ਪ੍ਰਸ਼ਾਸਨ ਅਤੇ ਨਗਰ ਨਿਗਮ ਵੱਲੋਂ ਮੋਗਾ ਸ਼ਹਿਰ ਨੂੰ ਸੁੰਦਰ ਬਣਾਉਣ ਲਈ ਕੀਤੀਆਂ ਜਾ ਰਹੀਆਂ ਪਹਿਲਕਦਮੀਆਂ ਤਹਿਤ ਸ਼ਹਿਰ 'ਚੋਂ ਲੰਘਦੇ ਨੈਸ਼ਨਲ ਹਾਈਵੇਅ ਨੂੰ ਨਵੀਂ ਦਿੱਖ ਦੇਣ ਦੀ ਜ਼ਿੰਮੇਵਾਰੀ ਕਾਂਸਾਈ ਨੈਰੋਲੈਕ ਪੇਂਟਸ ਕੰਪਨੀ ਨੇ ਆਪਣੇ ਸਿਰ ਲਈ ਹੈ। ਕੰਪਨੀ ਨੇ ਪੂਰੇ ਪੁਲ ਨੂੰ ਸੁੰਦਰ ਬਣਾਉਣ ਲਈ ਅਤੇ ਸ਼ਹਿਰ ਦੇ ਵਿਕਾਸ 'ਚ ਯੋਗਦਾਨ ਪਾਉਣ ਲਈ ਸਹਿਮਤੀ ਦੇ ਦਿੱਤੀ ਹੈ। ਕੰਪਨੀ ਨੁਮਾਇੰਦਿਆਂ ਨਾਲ ਮੀਟਿੰਗ ਕਰਨ ਉਪਰੰਤ ਕੁਲਵੰਤ ਸਿੰਘ ਡਿਪਟੀ ਕਮਿਸ਼ਨਰ ਮੋਗਾ ਨੇ ਦੱਸਿਆ ਕਿ ਨੈਸ਼ਨਲ ਹਾਈਵੇ ਇਸ ਸ਼ਹਿਰ ਵਿੱਚ ਆਉਣ ਵਾਲੇ ਲੋਕਾਂ ਦਾ ਮੁੱਖ ਆਕਰਸ਼ਣ ਹੈ। ਉਨ੍ਹਾਂ ਕਿਹਾ ਕਿ ਗੋਇੰਦਵਾਲ ਸਾਹਿਬ ਸਥਿਤ ਕੰਪਨੀ ਕਾਂਸਾਈ ਨੈਰੋਲੈਕ ਪੇਂਟਸ ਲਿਮਟਿਡ ਨੇ ਆਪਣੀ ਕਾਰਪੋਰੇਟ ਸਮਾਜਕ ਜ਼ਿੰਮੇਵਾਰੀ (ਸੀ.ਐਸ.ਆਰ.) ਗਤੀਵਿਧੀ ਤਹਿਤ ਇਸ ਪੁਲ ਨੂੰ ਨਵਾਂ ਰੂਪ ਦੇਣ ਲਈ ਸਹਿਮਤੀ ਦਿੱਤੀ ਹੈ। ਕੰਪਨੀ ਤੋਂ ਇਲਾਵਾ ਸੀ ਟੀ ਯੂਨੀਵਰਸਿਟੀ, ਦਰਸ਼ਨ ਸਿੰਘ ਕੰਪਲੈਕਸ ਅਤੇ ਮੈਕਰੋ ਗਲੋਬਲ ਨੇ ਵੀ ਸ਼ਹਿਰ ਦੇ ਹੋਰ ਪ੍ਰਮੁੱਖ ਖੇਤਰਾਂ ਜਿਵੇਂ ਗੀਤਾ ਭਵਨ, ਅਕਾਲਸਰ ਚੌਕ, ਬੁੱਘੀਪੁਰਾ ਚੌਕ, ਬੱਸ ਸਟੈਂਡ ਆਦਿ ਦੇ ਸੁੰਦਰੀਕਰਨ ਵਿੱਚ ਯੋਗਦਾਨ ਪਾਉਣ ਦਾ ਵਾਅਦਾ ਕੀਤਾ ਹੈ।

ਡਿਪਟੀ ਕਮਿਸ਼ਨਰ ਨੇ ਉਕਤ ਕੰਪਨੀਆਂ ਅਤੇ ਸੰਸਥਾਵਾਂ ਦੀ ਸ਼ਲਾਘਾ ਕਰਦਿਆਂ ਹੋਰਨਾਂ ਕਾਰਪੋਰੇਟ ਗਰੁੱਪਾਂ ਨੂੰ ਵੀ ਅਪੀਲ ਕੀਤੀ ਕਿ ਉਹ ਜ਼ਿਲ੍ਹਾ ਮੋਗਾ ਅਤੇ ਇਸ ਦੇ ਵਸਨੀਕਾਂ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਲਈ ਅੱਗੇ ਆਉਣ। ਕੰਪਨੀ ਦੇ ਨੁਮਾਇੰਦਿਆਂ ਸੁਰੇਸ਼ ਵਰਮਾ ਅਤੇ ਰਾਜੀਵ ਬਾਂਸਲ ਨੇ ਦੱਸਿਆ ਕਿ ਇਸ ਪ੍ਰੋਜੈਕਟ 'ਤੇ ਕੁੱਲ 12 ਲੱਖ ਰੁਪਏ ਖਰਚ ਕੀਤੇ ਜਾਣੇ ਸਨ। ਸ਼ਹਿਰ ਵਿੱਚੋਂ ਲੰਘਦੇ ਸਮੁੱਚੇ ਪੁਲ 'ਤੇ ਪੇਂਟ ਅਤੇ ਗ੍ਰੈਫਿਟੀ ਦਾ ਕੰਮ ਕੀਤਾ ਜਾਵੇਗਾ। ਇਹ ਕੰਮ ਬਰਸਾਤ ਦੇ ਮੌਸਮ ਤੋਂ ਬਾਅਦ ਸ਼ੁਰੂ ਹੋ ਜਾਵੇਗਾ ਅਤੇ ਸ਼ੁਰੂ ਹੋਣ ਦੇ ਇੱਕ ਮਹੀਨੇ ਦੇ ਅੰਦਰ-ਅੰਦਰ ਮੁਕੰਮਲ ਕਰ ਲਿਆ ਜਾਵੇਗਾ। ਮੀਟਿੰਗ ਤੋਂ ਬਾਅਦ ਕੰਪਨੀ ਨੁਮਾਇੰਦਿਆਂ ਨੇ ਨਗਰ ਨਿਗਮ ਦੇ ਅਧਿਕਾਰੀਆਂ ਨਾਲ ਸ਼ਹਿਰ ਦੀਆਂ ਵੱਖ-ਵੱਖ ਥਾਵਾਂ ਦਾ ਦੌਰਾ ਕਰਕੇ ਉਨ੍ਹਾਂ ਖੇਤਰਾਂ ਦੀ ਸ਼ਨਾਖਤ ਕੀਤੀ ਜਿੱਥੇ ਕੰਮ ਕੀਤਾ ਜਾਣਾ ਹੈ।

## ਸਰਕਾਰੀ ਸਕੂਲ ਦੇ ਵਿਦਿਆਰਥੀਆਂ ਨੂੰ ਐੱਨ ਆਰ ਆਈ ਵੱਲੋਂ ਵਿੱਤੀ ਮਦਦ



**ਕੋਟਕਪੂਰਾ** (ਰਛਪਾਲ ਭੁੱਲਰ)-ਰਾਮ ਮੁਹੰਮਦ ਸਿੰਘ ਆਜ਼ਾਦ ਵੈੱਲਫੇਅਰ ਸੁਸਾਇਟੀ ਦੇ ਯਤਨਾ ਸਦਕਾ ਮੈਡਮ ਪਰਮਜੀਤ ਕੌਰ ਐੱਨ.ਆਰ.ਆਈ. ਵੱਲੋਂ ਸਥਾਨਕ ਡਾ. ਹਰੀ ਸਿੰਘ ਸੇਵਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਸਕੂਲ ਆਫ ਐਮੀਨੈਂਸ) ਦੇ ਦੋ ਵਿਦਿਆਰਥੀਆਂ ਲਈ ਸਾਰੇ ਸਾਲ ਦੀਆਂ ਫੀਸਾਂ ਤੇ ਬੋਰਡ ਦੀ ਫੀਸ ਦੇ ਕੇ ਆਰਥਿਕ ਸਹਾਇਤਾ ਕੀਤੀ ਗਈ। ਸੁਸਾਇਟੀ ਦੇ ਵਿੱਤ ਸਕੱਤਰ ਮਾ. ਐੱਸ ਐੱਸ ਸੁਨਾਮੀ ਮੁਤਾਬਿਕ ਮੈਡਮ ਪਰਮਜੀਤ ਕੌਰ ਨੇ 11ਵੀਂ ਦੇ ਵਿਦਿਆਰਥੀ ਗੌਤਮ ਤੇ 12ਵੀਂ ਦੇ ਤਰੁਨਦੀਪ ਸਿੰਘ ਦੀ ਸਹਾਇਤਾ ਕਰਨ ਤੋਂ ਪਹਿਲਾਂ ਜਿੱਥੇ ਪਰਿਵਾਰ ਬਾਰੇ ਪੜਤਾਲ ਕੀਤੀ, ਉੱਥੇ ਉਕਤ ਵਿਦਿਆਰਥੀਆਂ ਦੇ ਅਧਿਆਪਕਾਂ ਤੋਂ ਉਨ੍ਹਾ ਦੀ ਪੜ੍ਹਾਈ 'ਚ ਦਿਲਚਸਪੀ ਬਾਰੇ ਵੀ ਪੁੱਛਿਆ। ਪ੍ਰਿੰਸੀਪਲ ਮੈਡਮ ਮਨਿੰਦਰ ਕੌਰ ਨੇ ਮੈਡਮ ਪਰਮਜੀਤ ਕੌਰ ਦੇ ਉਕਤ ਉਪਰਾਲੇ ਦੀ ਭਰਪੂਰ ਪ੍ਰਸੰਸਾ ਕਰਦਿਆਂ ਐੱਨ ਆਰ ਆਈ ਪਰਿਵਾਰ ਦਾ ਧੰਨਵਾਦ ਕੀਤਾ। ਇਸ ਮੌਕੇ ਉਪਰੋਕਤ ਤੋਂ ਇਲਾਵਾ ਲੈਕ. ਕਰਮਜੀਤ ਸਿੰਘ ਸਰਾਂ, ਬਲਜੀਤ ਸਿੰਘ, ਜਸਵਿੰਦਰ ਸਿੰਘ, ਮੈਡਮ ਸ਼ਰਸ਼ੇਵ ਗੁਪਤਾ, ਰਜਨੀ ਦੇਵੀ, ਰਾਜਪਾਲ ਕੌਰ, ਗੀਤੂ ਸ਼ਰਮਾ ਆਦਿ ਸਮੇਤ ਹੋਰ ਵੀ ਸਟਾਫ ਮੈਂਬਰ ਹਾਜ਼ਰ ਸਨ।

## ...ਸ.ਫ਼ਾ 1 ਦੇ ਬਾਕੀ

### ਹੁਣ ਘਰ-ਘਰ ਪਹੁੰਚੇਗਾ...

ਕਰੈਸ਼ਰ ਮਾਲਕ ਚਾਹੇਗਾ ਤਾਂ ਉਹ ਪੰਜਾਬ ਰਾਜ ਮਾਈਨਰ ਮਿਨਰਲ ਨੀਤੀ 2023 ਤਹਿਤ ਵਪਾਰਕ ਮਾਈਨਿੰਗ ਯੂਨਿਟਾਂ ਲਈ ਬੋਲੀ ਵਿੱਚ ਹਿੱਸਾ ਲੈ ਸਕਦਾ ਹੈ। ਇਸ ਨੀਤੀ ਦਾ ਮੁੱਢਲਾ ਉਦੇਸ਼ ਸਰਕਾਰ ਵੱਲੋਂ ਢੁਕਵੀਂ ਮਾਰਕੀਟਿੰਗ ਦਖ਼ਲਅੰਦਾਜ਼ੀ ਜ਼ਰੀਏ ਖਪਤਕਾਰਾਂ ਨੂੰ ਵਾਜਬ ਦਰਾਂ ਉਤੇ ਰੇਤ ਤੇ ਬੱਜਰੀ ਮੁਹੱਈਆ ਕਰਨ ਅਤੇ ਇਸ ਦੀ ਸਪਲਾਈ ਨੂੰ ਸੁਚਾਰੂ ਬਣਾਈ ਰੱਖਣਾ ਹੈ।

**ਮਾਈਨਰ ਮਿਨਰਲ ਰੂਲਜ਼ 'ਚ ਸੋਧਾਂ ਦੀ ਇਜਾਜ਼ਤ** : ਪੰਜਾਬ ਮੰਤਰੀ ਮੰਡਲ ਨੇ ਗੈਰ-ਕਾਨੂੰਨੀ ਮਾਈਨਿੰਗ ਰੋਕਣ ਅਤੇ ਸੂਬੇ ਵਿੱਚ ਮਾਈਨਰ ਮਿਨਰਲਜ਼ ਦੀ ਸਪਲਾਈ ਵਧਾਉਣ ਲਈ ਪੰਜਾਬ ਮਾਈਨਰ ਮਿਨਰਲਜ਼ ਰੂਲਜ਼, 2013 ਵਿੱਚ ਸੋਧਾਂ ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਸੂਬਾ ਸਰਕਾਰ ਨੇ ਇਸ ਸਾਲ 13 ਮਾਰਚ ਨੂੰ ਪੰਜਾਬ ਮਾਈਨਰ ਮਿਨਰਲ ਨੀਤੀ, 2023 ਅਧਿਸੂਚਿਤ ਕੀਤੀ ਸੀ। ਇਸ ਨੀਤੀ ਦੇ ਉਪਬੰਧਾਂ ਕਾਰਨ ਰਿਆਇਤੀ ਠੇਕੇ ਤੇ ਜਨਤਕ ਮਾਈਨਿੰਗ ਸਾਈਟਾਂ ਦੀ ਵੰਡ ਲਈ ਮੌਜੂਦਾ ਨਿਯਮਾਂ ਵਿੱਚ ਕੁਝ ਸੋਧਾਂ ਦੀ ਲੋੜ ਸੀ। ਇਹ ਸੋਧਾਂ ਸਾਲਾਨਾ ਰਿਆਇਤ ਰਾਸ਼ੀ ਦੀਆਂ ਕਿਸ਼ਤਾਂ, ਜਨਤਕ ਮਾਈਨਿੰਗ ਸਾਈਟਾਂ, ਮਾਈਨਿੰਗ ਸਾਈਟਾਂ ਲਈ ਰਿਆਇਤ ਦੀ ਸਪੁਰਦਗੀ ਦੇ ਨਿਯਮਾਂ ਤੇ ਸ਼ਰਤਾਂ ਅਤੇ ਪੰਜਾਬ ਮਾਈਨਰ ਮਿਨਰਲਜ਼ ਰੂਲਜ਼, 2013 ਵਿੱਚ ਐਗਰੀਮੈਂਟ ਫਾਰਮ ਐੱਲ-1 ਨਾਲ ਸੰਬੰਧਤ ਹਨ।

**ਖੇਤ ਮਜ਼ਦੂਰਾਂ ਨੂੰ ਵਿੱਤੀ ਰਾਹਤ ਨੀਤੀ 'ਤੇ ਮੋਹਰ** : ਮੰਤਰੀ ਮੰਡਲ ਨੇ ਕੁਦਰਤੀ ਆਫ਼ਤ ਕਾਰਨ ਫ਼ਸਲਾਂ ਦੇ ਹੋਏ ਖ਼ਰਾਬੇ ਨਾਲ ਪ੍ਰਭਾਵਤ ਖ਼ੇਤ ਮਜ਼ਦੂਰਾਂ ਨੂੰ ਰਾਹਤ ਦੇਣ ਲਈ ਨੀਤੀ ਉਤੇ ਵੀ ਮੋਹਰ ਲਾ ਦਿੱਤੀ। ਕੁਦਰਤੀ ਆਫ਼ਤ ਕਾਰਨ ਫ਼ਸਲਾਂ ਦੇ ਖ਼ਰਾਬੇ ਸੰਬੰਧੀ ਕਿਸਾਨਾਂ ਨੂੰ ਮੁਆਵਜ਼ਾ ਦੇਣ ਲਈ ਡਿਪਟੀ ਕਮਿਸ਼ਨਰਾਂ ਨੂੰ ਰਾਸ਼ੀ ਜਾਰੀ ਕਰ ਦਿੱਤੀ ਗਈ ਸੀ। ਇਸ ਲਈ ਇਸ ਨੀਤੀ ਤਹਿਤ ਖੇਤ ਮਜ਼ਦੂਰਾਂ ਨੂੰ ਮੁਆਵਜ਼ਾ ਦੇਣ ਲਈ ਸੂਬਾਈ ਬਜਟ ਵਿੱਚੋਂ 10 ਫ਼ੀਸਦੀ ਵਾਧੂ ਰਾਹਤ ਰਾਸ਼ੀ ਡਿਪਟੀ ਕਮਿਸ਼ਨਰਾਂ ਨੂੰ ਮੁਹੱਈਆ ਕੀਤੀ ਜਾਵੇਗੀ। ਇਹ ਨੀਤੀ ਪਹਿਲੀ ਮਈ 2023 ਤੋਂ ਲਾਗੂ ਹੋਵੇਗੀ ਅਤੇ ਸਾਰੇ ਖ਼ੇਤ ਮਜ਼ਦੂਰ ਪਰਵਾਰਾਂ, ਜਿਨ੍ਹਾਂ ਕੋਲ ਕੋਈ ਜ਼ਮੀਨ (ਰਿਹਾਇਸ਼ੀ ਪਲਾਟ ਤੋਂ ਇਲਾਵਾ) ਨਹੀਂ ਹੋਵੇਗੀ ਜਾਂ ਉਹ ਜਿਨ੍ਹਾਂ ਕੋਲ ਠੇਕੇ/ਕਿਰਾਏ/ਕਾਸ਼ਤ ਲਈ ਇਕ ਏਕੜ ਤੋਂ ਘੱਟ ਜਗ੍ਹਾ ਹੋਵੇਗੀ, ਉਹ ਸਾਰੇ ਮੁਆਵਜ਼ਾ ਲੈਣ ਦੇ ਯੋਗ ਹੋਣਗੇ।

**ਸਰਕਾਰੀ ਡੈਂਟਲ ਕਾਲਜਾਂ 'ਚ 39 ਅਸਾਮੀਆਂ ਸੁਰਜੀਤ ਕਰਨ ਦਾ ਫੈਸਲਾ** : ਕੈਬਨਿਟ ਨੇ ਸਰਕਾਰੀ ਡੈਂਟਲ ਕਾਲਜ ਤੇ ਹਸਪਤਾਲ, ਅੰਮ੍ਰਿਤਸਰ ਤੇ ਪਟਿਆਲਾ ਦੇ ਨੌਂ ਵਿਭਾਗਾਂ ਵਿੱਚ ਟੀਚਿੰਗ ਫੈਕਲਟੀ ਦੀ ਸਿੱਧੀ ਭਰਤੀ ਕੋਟੇ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਵਿੱਚੋਂ ਪੰਜ ਪ੍ਰੋਫੈਸਰ, 10 ਐਸੋਸੀਏਟ ਪ੍ਰੋਫੈਸਰ ਤੇ 24 ਸਹਾਇਕ ਪ੍ਰੋਫੈਸਰਾਂ ਸਮੇਤ ਕੁੱਲ 39 ਅਸਾਮੀਆਂ ਨੂੰ ਸੁਰਜੀਤ ਕਰਦੇ ਹੋਏ ਇਹ ਅਸਾਮੀਆਂ ਪੰਜਾਬ ਲੋਕ ਸੇਵਾ ਕਮਿਸ਼ਨ ਦੇ ਦਾਇਰੇ ਵਿੱਚੋਂ ਕੱਢ ਕੇ ਵਿਭਾਗੀ ਚੋਣ ਕਮੇਟੀ ਰਾਹੀਂ ਭਰਨ ਦੀ ਪ੍ਰਵਾਨਗੀ ਦੇ ਦਿੱਤੀ। ਇਸ ਨਾਲ ਸਰਕਾਰੀ ਡੈਂਟਲ ਕਾਲਜਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਵਿੱਚ ਮਦਦ ਮਿਲੇਗੀ ਅਤੇ ਨਾਲ ਹੀ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਣਗੀਆਂ।

**ਲੀਗਲ ਸਰਵਿਸਿਜ਼ ਅਥਾਰਟੀ 'ਚ 11 ਅਸਾਮੀਆਂ ਨੂੰ ਮਨਜ਼ੂਰੀ** : ਮੰਤਰੀ ਮੰਡਲ ਨੇ ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਵਿੱਚ ਤਿੰਨ ਰੀਡਰਾਂ, ਚਾਰ ਜੂਨੀਅਰ ਸਕੇਲ ਸਟੈਨੋਗ੍ਰਾਫ਼ਰਾਂ ਅਤੇ ਚਾਰ ਅਹਿਲਮਦ ਸਮੇਤ 11 ਅਸਾਮੀਆਂ ਸੁਰਜੀਤ ਕਰਨ ਨੂੰ ਵੀ ਹਰੀ ਝੰਡੀ ਦੇ ਦਿੱਤੀ। ਇਸ ਤੋਂ ਇਲਾਵਾ ਸੇਵਾਦਾਰਾਂ ਦੀਆਂ ਦੋ ਅਸਾਮੀਆਂ ਆਊਟਸੋਰਸ ਰਾਹੀਂ ਭਰੀਆਂ ਜਾਣਗੀਆਂ। ਇਨ੍ਹਾਂ ਅਸਾਮੀਆਂ ਦੇ ਸੁਰਜੀਤ ਹੋਣ ਨਾਲ ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਕਾਰਜ-ਕੁਸ਼ਲਤਾ ਵਿੱਚ ਵਾਧਾ ਹੋਵੇਗਾ, ਜਿਸ ਨਾਲ ਕੰਮ ਦੇ ਨਿਬੇੜੇ ਵਿੱਚ ਤੇਜ਼ੀ ਆਵੇਗੀ।

**ਯੋਗਾ ਦੇ 14 ਸੁਪਰਵਾਈਜ਼ਰ (ਯੋਗਾ) ਤੇ 200 ਟਰੇਨਰ (ਯੋਗਾ) ਭਰਤੀ ਹੋਣਗੇ** : ਸਿਹਤਮੰਦ ਤੇ ਪ੍ਰਗਤੀਸ਼ੀਲ ਪੰਜਾਬ ਬਾਰੇ ਲੋਕ ਲਹਿਰ ਬਣਾਉਣ ਦੀ ਦਿਸ਼ਾ ਵਿੱਚ ਕਦਮ ਪੁੱਟਦਿਆਂ ਪੰਜਾਬ ਕੈਬਨਿਟ ਨੇ ਗੁਰੂ ਰਵਿਦਾਸ ਆਯੁਰਵੈਦ ਯੂਨੀਵਰਸਿਟੀ ਪੰਜਾਬ, ਹੁਸ਼ਿਆਰਪੁਰ ਦੀ ਸਰਪ੍ਰਸਤੀ ਹੇਠ ਸੀ ਐੱਮ ਦੀ ਯੋਗਸ਼ਾਲਾ ਪ੍ਰਾਜੈਕਟ ਲਈ 14 ਹੋਰ ਸੁਪਰਵਾਈਜ਼ਰ (ਯੋਗਾ), 200 ਹੋਰ ਟਰੇਨਰ (ਯੋਗਾ) ਦੀ ਉੱਕਾ-ਪੁੱਕਾ (ਕਨਸੌਲੀਡੇਟਿਡ) ਤਨਖ਼ਾਹ ਉਪਰ ਅਤੇ ਆਊਟਸੋਰਸ ਏਜੰਸੀ ਰਾਹੀਂ ਡੀ ਸੀ ਦਰਾਂ ਉਤੇ ਇਕ ਵੀਡੀਓਗ੍ਰਾਫ਼ਰ-ਕਮ-ਫੋਟੋਗ੍ਰਾਫ਼ਰ ਤੇ ਚਾਰ ਡੇਟਾ ਐਂਟਰੀ ਅਪਰੇਟਰਾਂ ਦੀ ਭਰਤੀ ਕਰਨ ਦੀ ਵੀ ਪ੍ਰਵਾਨਗੀ ਦਿੱਤੀ ਗਈ। ਇਸ ਕਦਮ ਦਾ ਮੰਤਵ ਯੋਗ ਸੈਸ਼ਨਾਂ/ ਕਲਾਸਾਂ ਜ਼ਰੀਏ ਸੂਬੇ ਵਿੱਚ ਯੋਗ ਕਿਰਿਆਵਾਂ ਨੂੰ ਉਤਸ਼ਾਹਤ ਕਰਨਾ ਹੈ।

**ਧਰਮੀ ਫੌਜੀਆਂ ਦੇ ਗੁਜ਼ਾਰੇ-ਭੱਤੇ 'ਚ ਵਾਧਾ** : ਕੈਬਨਿਟ ਨੇ ਸਾਕਾ ਨੀਲਾ ਤਾਰਾ ਸਮੇਂ ਪ੍ਰਭਾਵਤ 76 ਧਰਮੀ ਫੌਜੀਆਂ ਦਾ ਮਹੀਨਾਵਾਰ ਗੁਜ਼ਾਰਾ ਭੱਤਾ 10 ਹਜ਼ਾਰ ਤੋਂ ਵਧਾ ਕੇ 12 ਹਜ਼ਾਰ ਰੁਪਏ ਕਰਨ ਦੀ ਵੀ ਮਨਜ਼ੂਰੀ ਦੇ ਦਿੱਤੀ। ਇਹ ਫੈਸਲਾ ਵਧਦੀ ਮਹਿੰਗਾਈ, ਮੌਜੂਦਾ ਹਾਲਾਤ ਅਤੇ ਇਨ੍ਹਾਂ ਧਰਮੀ ਫੌਜੀਆਂ ਦੇ ਰਹਿਣ-ਸਹਿਣ ਦੇ ਵਧੇ ਖ਼ਰਚਿਆਂ ਦੇ ਮੱਦੇਨਜ਼ਰ ਲਿਆ ਗਿਆ ਹੈ।

**ਗਊਸ਼ਾਲਾਵਾਂ ਦੇ ਬਿਜਲੀ ਬਿੱਲ ਐਡਜਸਟ ਕਰਨ ਦਾ ਫੈਸਲਾ** : ਇਕ ਹੋਰ ਅਹਿਮ ਫੈਸਲੇ ਵਿੱਚ ਮੰਤਰੀ ਸਮੂਹ ਨੇ ਪੰਜਾਬ ਦੀਆਂ 366 ਗਊਸ਼ਾਲਾਵਾਂ, ਜਿਨ੍ਹਾਂ ਵਿੱਚ 20 ਸਰਕਾਰੀ ਗਊਸ਼ਾਲਾਵਾਂ ਵੀ ਸ਼ਾਮਲ ਹਨ, ਦੇ ਪਹਿਲੀ ਅਕਤੂਬਰ 2022 ਤੋਂ 30 ਜੂਨ 2023 ਤੱਕ ਦੇ ਬਿਜਲੀ ਬਿੱਲਾਂ ਦੇ ਤਕਰੀਬਨ 8.50 ਕਰੋੜ ਰੁਪਏ ਦੇ ਬਕਾਏ ਦੀ ਰਕਮ ਪੀ ਐੱਸ ਪੀ ਸੀ ਐੱਲ ਕੋਲ ਇਕੱਤਰ ਤੇ ਪਈ ਗਊ ਸੈੱਸ ਦੀ ਰਕਮ ਵਿੱਚੋਂ ਐਡਜਸਟ ਕਰਨ ਦੀ ਵੀ ਪ੍ਰਵਾਨਗੀ ਦੇ ਦਿੱਤੀ।

**ਕਿਰਤ ਵਿਭਾਗ 'ਚ ਸੋਧ ਦੀ ਮਨਜ਼ੂਰੀ** : ਕੈਬਨਿਟ ਨੇ ਕਿਰਤ ਵਿਭਾਗ ਦੀ ਮੁੜ ਸੰਰਚਨਾ ਪਿੱਛੋਂ ਗਰੁੱਪ-ਏ ਦੇ ਨਵੇਂ ਵਿਭਾਗੀ ਨਿਯਮ ਬਣਾਉਣ/ ਸੋਧ ਕਰਨ ਸਬੰਧੀ ਵੀ ਹਰੀ ਝੰਡੀ ਦੇ ਦਿੱਤੀ। ਇਸ ਕਦਮ ਦਾ ਮੰਤਵ ਵਿਭਾਗ ਦੇ ਕੰਮਕਾਜ ਨੂੰ ਸੁਚਾਰੂ ਤਰੀਕੇ ਨਾਲ ਚਲਾਉਣਾ ਅਤੇ ਨਵੀਆਂ ਆਸਾਮੀਆਂ ਦੀ ਰਚਨਾ ਕਰਨ ਦੀ ਪ੍ਰਕਿਰਿਆ ਸ਼ੁਰੂ ਕਰਨਾ ਹੈ।

ਮੰਤਰੀ ਮੰਡਲ ਨੇ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈੱਲਫੇਅਰ (ਰੈਗੂਲੇਸ਼ਨ ਆਫ ਇੰਪਲਾਈਮੈਂਟ ਐਂਡ ਕੰਡੀਸ਼ਨ ਆਫ ਸਰਵਿਸ) ਰੂਲਜ਼, 2008 ਤਹਿਤ ਬਣੇ ਰੂਲ 260 (3) ਅਨੁਸਾਰ ਦਰਜ ਫਾਰਮ ਨੰਬਰ 27 ਵਿੱਚ ਮਾਲਕ ਤੇ ਠੇਕੇਦਾਰ ਤੋਂ ਸਰਟੀਫਿਕੇਟ ਵਿੱਚ ਸੋਧ ਕਰਨ ਅਤੇ ਰੂਲਜ਼ 261 ਤਹਿਤ ਨਵਾਂ ਫਾਰਮ ਨੰਬਰ 34 ਸ਼ਾਮਲ ਕਰਨ ਲਈ ਹਰੀ ਝੰਡੀ ਦੇ ਦਿੱਤੀ। ਨਿਯਮ 260 (3) ਮੁਤਾਬਕ ਨਿਰਮਾਣ ਕਾਮੇ ਨੂੰ ਆਪਣੇ ਕੰਮ ਲਈ ਪਿਛਲੇ ਸਾਲ (ਅਰਜ਼ੀ ਦੀ ਮਿਤੀ ਤੋਂ) ਲਈ ਫਾਰਮ ਨੰਬਰ 27 ਜ਼ਰੀਏ ਨਿਰਮਾਣ ਕਾਮੇ ਵਜੋਂ 90 ਦਿਨਾਂ ਦਾ ਸਵੈ-ਪ੍ਰਮਾਣ ਪੱਤਰ ਦੇਣ ਦੀ ਲੋੜ ਸੀ, ਪਰ ਹੁਣ ਸੋਧਿਤ ਫਾਰਮ ਵਿੱਚ ਮਜ਼ਦੂਰ ਦੇ ਕੰਮ ਦਾ ਬਿਉਰਾ ਲੜੀਵਾਰ ਪ੍ਰੋਫਾਰਮੇ ਵਿੱਚ ਕਾਲਮਵਾਰ ਦਰਜ ਹੋਵੇਗਾ, ਜਿਸ ਤਹਿਤ ਕੰਮ ਦੀ ਸ਼ੁਰੂਆਤ ਦੀ ਮਿਤੀ, ਕੰਮ ਖ਼ਤਮ ਹੋਣ ਦੀ ਮਿਤੀ, ਕੰਮ ਦੇ ਕੁੱਲ ਦਿਨ, ਕੰਮ ਦੀ ਕਿਸਮ, ਮਾਲਕ/ ਠੇਕੇਦਾਰ ਦਾ ਨਾਂਅ, ਮਾਲਕ/ਠੇਕੇਦਾਰ ਦਾ ਮੋਬਾਇਲ ਨੰਬਰ ਅਤੇ ਮਾਲਕ/ਠੇਕੇਦਾਰ ਦੇ ਦਸਤਖ਼ਤ ਸ਼ਾਮਲ ਹੋਣਗੇ।

ਇਸ ਤੋਂ ਇਲਾਵਾ ਰਜਿਸਟਰੇਸ਼ਨ ਅਤੇ ਨਕਦ ਰੂਪ ਵਿੱਚ ਫੀਸ ਜਮ੍ਹਾਂ ਕਰਵਾਉਣ ਨੂੰ ਸੁਖਾਲਾ ਬਣਾਉਣ ਲਈ ਰੂਲ 261 ਵਿੱਚ ਫਾਰਮ 34 ਵਿੱਚ ਨਵੀਂ ਨਕਦੀ ਰਸੀਦ ਜੋੜੀ ਗਈ ਹੈ।

ਮੰਤਰੀ ਪ੍ਰੀਸ਼ਦ ਨੇ 'ਦਿ ਪੰਜਾਬ ਟਰਾਂਸਪੇਰੈਂਸੀ ਇਨ ਪਬਲਿਕ ਪ੍ਰੋਕਿਉਰਮੈਂਟ ਐਕਟ 2019 ਦੀ ਧਾਰਾ 63 ਅਧੀਨ ਛੋਟ ਦੇ ਖਰੜੇ ਨੂੰ ਵੀ ਪ੍ਰਵਾਨ ਕਰ ਲਿਆ। ਇਸ ਛੋਟ ਕਾਰਨ ਖ਼ਰੀਦ ਇਕਾਈਆਂ, 'ਇਲੈਕਟ੍ਰਾਨਿਕਸ ਤੇ ਸੂਚਨਾ ਤਕਨਾਲੋਜੀ ਮੰਤਰਾਲੇ' ਅਧੀਨ ਨੈਸ਼ਨਲ ਇਨਫੋਰਮੈਟਿਕਸ ਸੈਂਟਰ (ਐੱਨ ਆਈ ਸੀ ), ਨੈਸ਼ਨਲ ਇਨਫਰਮੇਸ਼ਨ ਸੈਂਟਰ ਸਰਵਿਸਿਜ਼ ਆਈ ਐੱਨ ਸੀ ਅਧੀਨ ਨੈਸ਼ਨਲ ਇਨਫੋਰਮੈਟਿਕਸ ਸੈਂਟਰ (ਐੱਨ ਆਈ ਸੀ), ਇਲੈਕਟ੍ਰਾਨਿਕਸ ਤੇ ਸੂਚਨਾ ਤਕਨਾਲੋਜੀ ਮੰਤਰਾਲਾ ਭਾਰਤ ਸਰਕਾਰ, ਰੱਖਿਆ ਸੇਵਾਵਾਂ ਭਲਾਈ ਵਿਭਾਗ, ਪੰਜਾਬ ਅਧੀਨ ਪੰਜਾਬ ਸਾਬਕਾ ਸੈਨਿਕ ਕਾਰਪੋਰੇਸ਼ਨ ਤੋਂ ਸੇਵਾਵਾਂ ਦੀ ਖ਼ਰੀਦ (ਕੰਸਲਟੈਂਸੀ ਤੇ ਗੈਰ-ਕੰਸਲਟੈਂਸੀ ਦੋਵੇਂ) ਸਿੱਧੇ ਤੌਰ ਉਤੇ ਕਰ ਸਕਦੇ ਹਨ।

ਪੰਜਾਬ ਕੈਬਨਿਟ ਨੇ ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਵਿਭਾਗ ਦੀ ਸਾਲ 2021-22 ਦੀ ਸਾਲਾਨਾ ਪ੍ਰਬੰਧਕੀ ਰਿਪੋਰਟ ਨੂੰ ਵੀ ਮਨਜ਼ੂਰ ਕਰ ਲਿਆ।

### 'ਇੰਡੀਆ' ਦੇ ਸੰਸਦ...

ਚੌਧਰੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਬੰਗਾਲ 'ਚ ਔਰਤਾਂ 'ਤੇ ਹੋ ਰਹੇ ਅੱਤਿਆਚਾਰਾਂ ਨਾਲ ਸਹਿਮਤ ਹਨ, ਰਾਜਸਥਾਨ 'ਚ ਜਿੱਥੇ ਔਰਤਾਂ 'ਤੇ ਕਤਲ ਅਤੇ ਅਪਰਾਧ ਹੁੰਦੇ ਹਨ, ਉੱਥੇ ਵਿਰੋਧੀ ਧਿਰ ਨਹੀਂ ਗਈ।

ਕੀ ਭਾਰਤ ਗਠਜੋੜ ਰਾਜਸਥਾਨ ਵਿੱਚ ਵੀ ਜਾਵੇਗਾ? ਇਸੇ ਦੌਰਾਨ ਕੌਮੀ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰੇਖਾ ਸ਼ਰਮਾ ਨੇ ਕਿਹਾ ਕਿ ਕਮਿਸ਼ਨ ਮਨੀਪੁਰ ਵਿੱਚ ਵਾਪਰੀ ਘਟਨਾ ਬਾਰੇ ਇੱਕ-ਦੋ ਦਿਨਾਂ ਵਿੱਚ ਆਪਣੀ ਰਿਪੋਰਟ ਸਰਕਾਰ ਨੂੰ ਸੌਂਪੇਗਾ। ਉਨ੍ਹਾਂ ਕਿਹਾ ਕਿ ਮੈਂ ਮਨੀਪੁਰ ਜਾ ਕੇ ਦੋਵੇਂ ਪੀੜਤ ਔਰਤਾਂ ਨੂੰ ਮਿਲੀ ਹਾਂ। ਮੈਂ ਉਨ੍ਹਾਂ ਔਰਤਾਂ ਦੀਆਂ ਸੰਸਥਾਵਾਂ ਨੂੰ ਵੀ ਮਿਲੀ, ਜੋ ਦੋਹਾਂ ਭਾਈਚਾਰਿਆਂ ਲਈ ਕੰਮ ਕਰ ਰਹੀਆਂ ਹਨ।

### ਨੱਢਾ ਦੀ ਟੀਮ...

ਸਕੱਤਰ, ਸੰਗਠਨ ਜਨਰਲ ਸਕੱਤਰ ਬੀ ਐੱਲ ਸੰਤੋਸ਼ ਅਤੇ 13 ਸਕੱਤਰ ਸ਼ਾਮਲ ਹਨ। ਬਿਹਾਰ ਤੋਂ ਲੋਕ ਸਭਾ ਮੈਂਬਰ ਅਤੇ ਸਾਬਕਾ ਕੇਂਦਰੀ ਮੰਤਰੀ ਰਾਧਾ ਮੋਹਨ ਸਿੰਘ ਨੂੰ ਪਾਰਟੀ ਦੇ ਉਪ ਪ੍ਰਧਾਨ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਕਾਂਗਰਸ ਦੇ ਸੀਨੀਅਰ ਨੇਤਾ ਏਕੇ ਐਂਟਨੀ ਦੇ ਬੇਟੇ ਅਨਿਲ ਐਂਟਨੀ ਨੂੰ ਕੌਮੀ ਸਕੱਤਰ ਬਣਾਇਆ ਗਿਆ ਹੈ।

### ਜੋਗਿੰਦਰ ਸਿੰਘ...

ਸਕੱਤਰ ਸੁਤੰਤਰ ਕੁਮਾਰ, ਸੀ ਪੀ ਆਈ ਜਲੰਧਰ ਦੇ ਜ਼ਿਲ੍ਹਾ ਸਕੱਤਰ ਰਸ਼ਪਾਲ ਸਿੰਘ ਕੈਲੇ, ਪੰਜਾਬ ਖੇਤ ਮਜ਼ਦੂਰ ਸਭਾ ਜਲੰਧਰ ਦੇ ਜ਼ਿਲ੍ਹਾ ਸਕੱਤਰ ਵੀਰ ਕੁਮਾਰ ਕਰਤਾਰਪੁਰ, ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ ਅਮਰਜੀਤ ਸਿੰਘ ਮੇਹਲੀ, ਮਹਿੰਦਰ ਪਾਲ ਸਿੰਘ ਫਗਵਾੜਾ, ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਜਸਵਿੰਦਰ ਸਿੰਘ ਭੰਗਲ ਨੇ ਲਾਲ ਝੰਡਾ ਪਾ ਕੇ ਉਹਨਾ ਨੂੰ ਅੰਤਿਮ ਵਿਦਾਇਗੀ ਦਿੱਤੀ। ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਦੇਵੀ ਕੁਮਾਰੀ ਸਰਹਾਲੀ ਕਲਾਂ, ਕ੍ਰਿਸ਼ਨ ਚੌਹਾਨ, ਨਾਨਕ ਚੰਦ ਬਜਾਜ, ਰਿਸ਼ੀਪਾਲ ਖੁੱਬਣ, ਗਿਆਨ ਸੈਦਪੁਰੀ, ਪ੍ਰੀਤਮ ਸਿੰਘ ਨਿਆਮਤਪੁਰ, ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ ਅਤੇ ਸੂਬਾ ਵਰਕਿੰਗ ਕਮੇਟੀ ਨੇ ਉਹਨਾ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਕਿ ਕਾਮਰੇਡ ਜੋਗਿੰਦਰ ਸਿੰਘ ਦੀ ਮੌਤ ਨਾਲ ਜਿੱਥੇ ਪਰਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਉੱਥੇ ਪੰਜਾਬ ਦੇ ਕਿਰਤੀਆਂ ਦਾ ਕਾਫ਼ਲਾ ਵੀ ਇੱਕ ਸਹਿਯੋਗੀ ਤੋਂ ਵਿਰਲਾ ਹੋ ਗਿਆ ਹੈ। ਕਾਮਰੇਡ ਜੋਗਿੰਦਰ ਸਿੰਘ ਨਮਿਤ ਅੰਤਿਮ ਅਰਦਾਸ 7 ਅਗਸਤ ਨੂੰ ਅੰਬੇਡਕਰ ਭਵਨ ਅਕਾਲਗੜ੍ਹ ਵਿਖੇ ਹੋਵੇਗੀ।

# ਅਕਾਲੀ ਸੋਚ ਨੂੰ ਜਿਉਂਦਾ ਰੱਖਣ ਲਈ ਪੰਜਾਬ ਦੇ ਲੋਕ ਅਕਾਲੀ ਦਲ ਨੂੰ ਮਜ਼ਬੂਤ ਦੇਖਣਾ ਚਾਹੁੰਦੇ : ਪਰਮਿੰਦਰ ਢੀਂਡਸਾ

### ਬਾਦਲ ਦਲ ਅੰਦਰ ਜਲਦੀ ਹੋਵੇਗਾ ਸਿਆਸੀ ਵਿਸਫੋਟ



**ਧੂਰੀ** (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੀ ਮੀਟਿੰਗ ਸਥਾਨਕ ਗੁਰਦੁਆਰਾ ਨਾਨਕਸਰ ਸਾਹਿਬ ਵਿਖੇ ਹੋਈ, ਜਿਸ ਵਿੱਚ ਸਾਬਕਾ ਵਿੱਤ ਮੰਤਰੀ ਪੰਜਾਬ ਪਰਮਿੰਦਰ ਸਿੰਘ ਢੀਂਡਸਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਅਮਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਸਬੰਧੀ ਤੇ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਰਮਿੰਦਰ ਸਿੰਘ ਢੀਂਡਸਾ ਨੇ ਮਨੀਪੁਰ ਘਟਨਾ ਸਬੰਧੀ ਪੁੱਛੇ ਸਵਾਲ ਦੇ ਜਵਾਬ 'ਚ ਕਿਹਾ ਕਿ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲੀ ਇਸ ਘਟਨਾ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ ਤੇ ਅਕਾਲੀ ਦਲ ਹਮੇਸ਼ਾ ਅਜਿਹੀਆਂ ਘਟਨਾਵਾਂ ਦੀ ਨਿੰਦਾ ਕਰਦਾ ਰਿਹਾ ਹੈ, ਉਥੇ ਸਮੁੱਚਾ ਪੰਜਾਬ ਇਸ ਘਟਨਾ ਦੇ ਦੋਸ਼ੀਆਂ ਲਈ ਸਜ਼ਾ ਦੀ ਮੰਗ ਕਰਦਾ ਹੈ।

ਉਨ੍ਹਾ ਪੰਜਾਬ 'ਚ ਆਏ ਹੜ੍ਹਾਂ ਦੀ ਗੱਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਦਰਮਿਆਨ ਤਾਲਮੇਲ ਦੀ ਘਾਟ ਕਾਰਨ ਪੰਜਾਬ ਨੂੰ ਬਣਦੀ ਰਾਹਤ ਰਾਸ਼ੀ ਨਹੀਂ ਮਿਲੀ। ਉਨ੍ਹਾ ਕਿਹਾ ਕਿ ਅਕਾਲੀ ਦਲ ਸੰਯੁਕਤ ਕੇਂਦਰ ਸਰਕਾਰ ਨਾਲ ਮਿਲ ਕੇ ਪੰਜਾਬ ਦੇ ਹੜ੍ਹ ਪੀੜਤ ਲੋਕਾਂ ਨੂੰ ਰਾਹਤ ਦਿਵਾਉਣ ਲਈ ਵੱਡੇ ਪੈਕੇਜ ਦੀ ਮੰਗ ਕਰੇਗਾ। ਉਨ੍ਹਾ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ 'ਤੇ ਧੱਕੇ ਨਾਲ ਕਾਬਜ਼ ਹੋਏ ਬਾਦਲ ਦਲ 'ਚ ਜਲਦੀ ਹੀ ਵੱਡਾ ਸਿਆਸੀ ਧਮਾਕਾ ਹੋਵੇਗਾ। ਉਨ੍ਹਾ ਕਿਹਾ ਕਿ ਅਕਾਲੀ ਸੋਚ ਨੂੰ ਜਿਉਂਦਾ ਰੱਖਣ ਲਈ ਪੰਜਾਬ ਦੇ ਲੋਕ ਅਕਾਲੀ ਦਲ ਨੂੰ ਜ਼ਬੂਤ ਦੇਖਣਾ ਚਾਹੁੰਦੇ ਹਨ।

ਉਨ੍ਹਾ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਵਰਕਰਾਂ ਨੂੰ ਵੱਡੀ ਗਿਣਤੀ 'ਚ ਪਹੁੰਚਣ ਦੀ ਅਪੀਲ ਵੀ ਕੀਤੀ। ਇਸ ਮੌਕੇ ਸਾਬਕਾ ਚੇਅਰਮੈਨ ਸਤਿਗੁਰ ਸਿੰਘ ਨਮੋਲ, ਮਾਰਕਿਟ ਕਮੇਟੀ ਦੇ ਸਾਬਕਾ ਚੇਅਰਮੈਨ ਸੁਖਪਾਲ ਸ਼ਰਮਾ, ਸਾਬਕਾ ਸਰਪੰਚ ਗੁਰਵਿੰਦਰ ਸਿੰਘ ਗੋਗੀ, ਗੁਰਦੀਪ ਸਿੰਘ ਗਿੱਪੀ ਬੁਗਰਾ, ਗਿਆਨ ਸਿੰਘ ਬਾਵਾ, ਹਰਜੀਤ ਸਿੰਘ ਬੁਗਰਾ, ਤਲਵੀਰ ਸਿੰਘ ਧਨੇਸਰ, ਕਮਲਜੀਤ ਸਿੰਘ ਟਿੱਬਾ, ਰਣਜੀਤ ਸਿੰਘ ਭੁੱਲਰ, ਪਰਮਜੀਤ ਸਿੰਘ ਪੰਮਾ, ਹਰਪ੍ਰੀਤ ਸਿੰਘ, ਪੀ ਏ ਵਰਿੰਦਰਪਾਲ ਸਿੰਘ ਟੀਟੂ ਤੇ ਹੋਰ ਅਕਾਲੀ ਆਗੂ ਹਾਜ਼ਰ ਸਨ।

## ਮਨਰੇਗਾ ਮਜ਼ਦੂਰਾਂ ਨੇ ਮੋਦੀ ਸਰਕਾਰ ਦਾ ਫੂਕਿਆ ਪੁਤਲਾ



**ਮਾਛੀਵਾੜਾ ਸਾਹਿਬ** (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਪਿੰਡ ਖਾਨਪੁਰ ਮੰਡ ਤੇ ਨੂਰਪੁਰ ਬੇਟ ਵਿਖੇ ਮਨਰੇਗਾ ਮਜ਼ਦੂਰਾਂ ਵੱਲੋਂ ਮਨੀਪੁਰ ਵਿਖੇ ਕੁੱਕੀ ਸਮਾਜ ਦੀਆਂ ਔਰਤਾਂ ਨਾਲ ਹੋਈ ਘਿਨੌਣੀ ਘਟਨਾ ਦੇ ਰੋਸ ਵਜੋਂ ਕੇਂਦਰ ਦੀ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਬੋਲਦਿਆਂ ਸਰਪੰਚ ਹਰਮੇਸ਼ ਸਿੰਘ ਰਾਮਲਾਲ, ਬਲਦੇਵ ਸਿੰਘ, ਸਰਿੰਦਰ ਕੌਰ, ਬਿਮਲਾ ਰਾਣੀ, ਸ਼ਰਨਜੀਤ ਕੌਰ, ਛਿੰਦਰ ਕੌਰ, ਜੋਗਿੰਦਰ ਕੌਰ, ਗੁਰਦਿਆਲ ਕੌਰ ਨੇ ਕਿਹਾ ਕਿ ਮਨੀਪੁਰ ਵਿੱਚ ਸੈਂਕੜੇ ਲੋਕਾਂ ਦੀ ਮੌਜੂਦਗੀ ਵਿੱਚ ਕੁੱਕੀ ਸਮਾਜ ਦੀਆਂ ਔਰਤਾਂ ਨਾਲ ਜੋ ਘਿਨੌਣੀ ਹਰਕਤ ਕੀਤੀ ਗਏ, ਉਸ ਨੂੰ ਦੇਖ ਕੇ ਹਰੇਕ ਵਿਅਕਤੀ ਦਾ ਦਿਮਾਗ ਸੁੰਨ ਹੋ ਜਾਂਦਾ ਹੈ ਅਤੇ ਹਿਰਦਾ ਵਲੂੰਧਰਿਆ ਜਾਂਦਾ ਹੈ। ਸੀਟੂ ਆਗੂ ਸਾਥੀ ਹਰੀ ਰਾਮ ਭੱਟੀ ਨੇ ਕਿਹਾ ਕਿ ਇਸ ਹਿਰਦੇਵੇਦਕ ਘਟਨਾ 'ਤੇ ਮਨੀਪੁਰ ਦੀ ਸਰਕਾਰ ਨੂੰ ਬਰਖ਼ਾਸਤ ਕੀਤਾ ਜਾਵੇ ਨਹੀਂ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਛਿੰਦਰਪਾਲ ਕੌਰ, ਜੋਗਿੰਦਰ ਕੌਰ, ਰਾਮ ਲਾਲ, ਬਲਦੇਵ ਸਿੰਘ, ਕਰਨੈਲ ਸਿੰਘ ਆਦਿ ਹਾਜ਼ਰ ਸਨ।

## ਕਵਿਤਾ ਉਚਾਰਨ ਮੁਕਾਬਲੇ 'ਚ ਭੂਮਿਕਾ ਨੇ ਸਿਲਵਰ ਮੈਡਲ ਜਿੱਤਿਆ



**ਧੂਰੀ** (ਸੁਖਦੇਵ ਧੂਰੀ)-ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਸਰਕਲ ਧੂਰੀ ਵੱਲੋਂ ਗੁਰੂ ਤੇਗ ਬਹਾਦਰ ਨਗਰ ਧੂਰੀ ਵਿਖੇ ਸਕੂਲੀ ਬੱਚਿਆਂ ਦੇ ਕਵਿਤਾ ਉਚਾਰਨ ਮੁਕਾਬਲੇ ਕਰਵਾਏ ਗਏ। ਇਸ ਮੁਕਾਬਲੇ ਵਿੱਚ ਕਰੀਬ 20 ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਭਾਗ ਲਿਆ ਗਿਆ। ਇਸ ਪ੍ਰਤੀਯੋਗਤਾ ਵਿੱਚ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਬਰੜਵਾਲ ਧੂਰੀ ਦੀ ਦਸਵੀਂ ਸ਼੍ਰੇਣੀ ਦੀ ਵਿਦਿਆਰਥਣ ਭੂਮਿਕਾ ਰਾਣੀ ਨੇ ਵੀ ਭਾਗ ਲਿਆ ਤੇ ਦੂਸਰਾ ਸਥਾਨ ਹਾਸਲ ਕਰਕੇ ਸਿਲਵਰ ਮੈਡਲ ਜਿੱਤ ਕੇ ਆਪਣੇ ਸਕੂਲ, ਅਧਿਆਪਕਾਂ ਤੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ। ਇਸ ਉਪਲਬਧੀ 'ਤੇ ਸਕੂਲ ਦੇ ਪ੍ਰਿੰਸੀਪਲ ਕੈਪਟਨ ਰੋਹਿਤ ਦਿਵੇਦੀ ਨੇ ਵਧਾਈ ਦਿੰਦਿਆਂ ਕਿਹਾ ਕਿ ਇਹ ਕੁਆਰਡੀਨੇਟਰ ਤੇ ਅਧਿਆਪਕਾਂ ਦੀ ਸਖ਼ਤ ਮਿਹਨਤ ਦਾ ਨਤੀਜਾ ਹੈ। ਵਾਈਸ ਪ੍ਰਿੰਸੀਪਲ ਬਿਨੋਏ ਪੀ ਕੇ ਨੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ। ਇਸ ਮੌਕੇ ਟਰੱਸਟ ਦੇ ਚੇਅਰਮੈਨ ਪਰਮਜੀਤ ਸਿੰਘ ਗਿੱਲ ਨੇ ਵੀ ਵਧਾਈ ਦਿੱਤੀ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

30-July-PAGE-11-Majha-23.qxd 7/29/2023 10:43 PM Page 1



# ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਵੱਲੋਂ ਮਨੀਪੁਰ ਦੀਆਂ ਘਟਨਾਵਾਂ ਵਿਰੁੱਧ ਰੋਸ ਵਿਖਾਵਾ

## ਪੀ ਐੱਮ ਮੋਦੀ ਦੇ ਨਾਂਅ ਐੱਸ ਡੀ ਐੱਮ ਬਾਬਾ ਬਕਾਲਾ ਨੂੰ ਦਿੱਤਾ ਮੰਗ-ਪੱਤਰ



ਬਾਬਾ ਬਕਾਲਾ ਸਾਹਿਬ (ਨਿਰਮਲ ਸਿੰਘ ਸੰਘਾ)-ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ (ਸਬੰਧਿਤ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਵੱਲੋਂ ਮਨੀਪੁਰ ਵਿਖੇ ਪਿਛਲੇ ਸਮੇਂ ਦੌਰਾਨ ਵਾਪਰੀ ਅਤਿ ਘਿਨਾਉਣੀ ਘਟਨਾ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਰੋਸ ਵਿਖਾਵਾ ਕੀਤਾ ਗਿਆ ਅਤੇ ਇਸ ਸਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ ਇਕ ਮੰਗ ਪੱਤਰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਰਾਹੀਂ, ਸਬ ਡਵੀਜ਼ਨਲ ਮੈਜਿਸਟਰੇਟ ਬਾਬਾ ਬਕਾਲਾ ਸਾਹਿਬ ਮੈਡਮ ਅਲਕਾ ਕਾਲੀਆ ਨੂੰ ਸੌਂਪਿਆ ਗਿਆ। ਇਸ ਮੌਕੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਕਾਰਜਕਾਰਨੀ ਮੈਂਬਰ ਅਤੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ ਨੇ ਕਿਹਾ ਕਿ ਮਨੀਪੁਰ ਵਿੱਚ 3 ਮਈ ਦੀ ਰਾਤ ਨੂੰ ਇੱਕ ਹਜ਼ਾਰ ਲੋਕਾਂ ਦੀ ਹਥਿਆਰਬੰਦ ਭੀੜ ਵੱਲੋਂ ਕਾਂਗਪੋਕਪੀ ਜ਼ਿਲ੍ਹੇ ਦੇ ਸੈਕੁਲ ਥਾਣੇ ਦੇ ਪਿੰਡਾਂ ਵਿੱਚ ਦਾਖਲ ਹੋ ਕੇ ਕੁੱਕੀ ਲੋਕਾਂ ਦੇ ਘਰਾਂ 'ਤੇ ਯੋਜਨਾਬੱਧ ਹਮਲੇ ਕਾਰਨ ਭਾਰੀ ਸਾੜਫੂਕ, ਲੁੱਟਮਾਰ ਅਤੇ ਕਤਲੇਆਮ ਹੋਇਆ ਸੀ, ਜਿਸ ਤੋਂ ਬਚਦੇ ਹੋਏ 21, 42 ਅਤੇ 52 ਸਾਲਾਂ ਦੀਆਂ ਤਿੰਨ ਕੁੱਕੀ ਔਰਤਾਂ ਅਤੇ ਦੋ ਮਰਦ ਉਥੋਂ ਨਿਕਲ ਕੇ ਦੌੜਦੇ ਹੋਏ ਪੁਲਸ ਦੀ ਗੱਡੀ ਵਿੱਚ ਲੁਕ ਗਏ। ਪ੍ਰੰਤੂ ਭੀੜ ਵੱਲੋਂ ਉਨ੍ਹਾਂ ਨੂੰ ਪੁਲਸ ਤੋਂ ਖੋਹ ਕੇ ਗੈਂਗ ਰੇਪ ਕੀਤਾ ਗਿਆ ਅਤੇ 4 ਮਈ ਨੂੰ ਕੱਪੜੇ ਉਤਾਰ ਨਗਨ ਪਰੇਡ ਕੀਤੀ ਗਈ। ਜਦੋਂ 21 ਸਾਲਾ ਕੁੜੀ ਦੇ ਪਿਉ ਅਤੇ 19 ਸਾਲਾ ਭਰਾ ਨੇ ਇਸ ਦਰਿੰਦਗੀ ਦਾ ਵਿਰੋਧ ਕੀਤਾ ਤਾਂ ਭੀੜ ਵੱਲੋਂ ਉਨ੍ਹਾਂ ਦੋਵਾਂ ਦਾ ਮੌਕੇ 'ਤੇ ਕਤਲ ਕਰ ਦਿੱਤਾ ਗਿਆ ਅਤੇ ਉਸ ਕੁੜੀ ਨਾਲ ਭੀੜ ਵੱਲੋਂ ਗੈਂਗ ਰੇਪ ਕੀਤਾ ਗਿਆ। ਤੀਸਰੀ 52 ਸਾਲਾ ਔਰਤ ਦਾ ਪਤੀ ਭਾਰਤੀ ਫੌਜ ਵਿੱਚੋਂ ਸੂਬੇਦਾਰ ਰਿਟਾਇਰ ਹੋਇਆ ਸੀ ਅਤੇ ਉਹ ਕਾਰਗਿਲ ਵਾਰ ਅਤੇ ਸ਼੍ਰੀਲੰਕਾ ਵਿੱਚ ਭੇਜੀ ਗਈ ਭਾਰਤੀ ਸ਼ਾਂਤੀ ਸੈਨਾ ਵਿੱਚ ਸ਼ਾਮਲ ਰਿਹਾ ਸੀ। ਪਰ ਦੁੱਖ ਦੀ ਗੱਲ ਇਹ ਹੈ ਕਿ ਸੂਬਾ ਅਤੇ ਕੇਂਦਰ ਸਰਕਾਰਾਂ ਨੇ ਇਸ ਦਾ ਕੋਈ ਨੋਟਿਸ ਨਹੀਂ ਲਿਆ। ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਾਸੋਂ ਮੰਗ ਕੀਤੀ ਕਿ ਉਕਤ ਕਾਂਡ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਫਾਹੇ ਲਾਇਆ ਜਾਵੇ ਤਾਂ ਜੋ ਅੱਗੇ ਤੋਂ ਕੋਈ ਵੀ ਅਜਿਹੀ ਘਿਨਾਉਣੀ ਹਰਕਤ ਨਾ ਕਰ ਸਕੇ। ਇਸ ਮੌਕੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਪ੍ਰਧਾਨ ਸੰਤੋਖ ਸਿੰਘ ਗੁਰਾਇਆ, ਸੁਖਵੰਤ ਕੌਰ ਵੱਸੀ (ਪ੍ਰਧਾਨ ਮਹਿਲਾ ਵਿੰਗ), ਗੁਰਨਾਮ ਕੌਰ ਚੀਮਾ, ਗੁਰਮੀਤ ਕੌਰ ਬੱਲ, ਸੁਖਦੇਵ ਸਿੰਘ ਭੁੱਲਰ (ਸਾ: ਸੀ: ਮੈਨੇਜਰ ਪੰਜਾਬ ਸਕੂਲ ਸਿੱਖਿਆ ਬੋਰਡ), ਡਾ: ਕੁਲਵੰਤ ਸਿੰਘ ਬਾਠ (ਸਾ: ਵੈਟਰਨਰੀ ਅਫਸਰ), ਮੱਖਣ ਸਿੰਘ ਭੈਣੀਵਾਲਾ (ਸਾ: ਬੀ.ਈ.ਈ.ਓ.), ਮਾਸਟਰ ਮਨਜੀਤ ਸਿੰਘ ਵੱਸੀ, ਮਾਸਟਰ ਅਮਰਜੀਤ ਸਿੰਘ ਘੁੱਕ, ਮਾਸਟਰ ਲਖਵਿੰਦਰ ਸਿੰਘ ਮਾਨ ਹਵੇਲੀਆਣਾ, ਸਰਬਜੀਤ ਸਿੰਘ ਪੱਡਾ, ਬਲਵਿੰਦਰ ਸਿੰਘ ਅਠੌਲਾ, ਅਰਜਿੰਦਰ ਸਿੰਘ ਬੁਤਾਲਵੀ, ਗੁਰਮੇਜ ਸਿੰਘ ਸਹੋਤਾ, ਨਿਰਮਲ ਸਿੰਘ ਚੀਮਾਂ ਆਦਿ ਹਾਜ਼ਰ ਸਨ ।

# ਮਾਨ ਸਰਕਾਰ ਨੇ 12710 ਕੱਚੇ ਅਧਿਆਪਕਾਂ ਨੂੰ ਪੱਕਿਆਂ ਕਰਕੇ ਇਤਿਹਾਸ ਰਚਿਆ: ਸੇਖਵਾਂ



ਗੁਰਦਾਸਪੁਰ (ਜਨਕ ਮਹਾਜਨ)-ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੇ 12710 ਦੇ ਕਰੀਬ ਕੱਚੇ ਅਧਿਆਪਕਾਂ ਨੂੰ ਸੇਵਾਵਾਂ ਪੱਕੀਆਂ ਕਰਨ ਸਬੰਧੀ ਨਿਯੁਕਤੀ ਪੱਤਰ ਸੌਂਪੇ। ਇਸੇ ਲੜੀ ਵਿੱਚ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਵੀ ਜ਼ਿਲ੍ਹਾ ਗੁਰਦਾਸਪੁਰ ਦੇ ਕੱਚੇ ਅਧਿਆਪਕਾਂ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਹਨੂੰਵਾਨ ਵਿਖੇ ਨਿਯੁਕਤੀ ਪੱਤਰ ਸੌਂਪੇ ਅਤੇ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਜਗਰੂਪ ਸਿੰਘ ਸੇਖਵਾਂਨੇ ਕਿਹਾ ਕਿ ਇਨ੍ਹਾਂ ਅਧਿਆਪਕਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਕੇ ਸਰਕਾਰ ਨੇ ਆਪਣਾ ਵਾਅਦਾ ਪੂਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਪਣੇ ਕੀਤੇ ਹਰੇਕ ਵਾਅਦੇ ਨੂੰ ਪੂਰਾ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਅੱਜ ਗੁਰਦਾਸਪੁਰ ਜ਼ਿਲ੍ਹੇ ਦੇ ਕੁੱਲ 997 ਕੱਚੇ ਅਧਿਆਪਕਾਂ ਨੂੰ ਪੱਕੇ ਹੋਣ ਦੇ ਆਰਡਰ ਦਿੱਤੇ ਗਏ ਹਨ। ਸੇਖਵਾਂ ਨੇ ਕਿਹਾ ਕਿ ਅਧਿਆਪਕ ਦੇਸ਼ ਅਤੇ ਸਮਾਜ ਦੇ ਭਵਿੱਖ ਨਿਰਮਾਤਾ ਹਨ ਅਤੇ ਅੱਜ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਰਾਜ ਸਰਕਾਰ ਨੇ ਇਨ੍ਹਾਂ ਦੀਆਂ ਸੇਵਾਵਾਂ ਪੱਕੀਆਂ ਕਰਕੇ ਇਨ੍ਹਾਂ ਦਾ ਭਵਿੱਖ ਸੁਰੱਖਿਅਤ ਕੀਤਾ ਹੈ। ਇਸ ਮੌਕੇ ਉਨ੍ਹਾਂ ਨਾਲ ਵਧੀਕ ਡਿਪਟੀ ਕਮਿਸ਼ਨਰ (ਜ) ਸੁਭਾਸ਼ ਚੰਦਰ, ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਮਮਤਾ ਖੁਰਾਣਾ ਸੇਠੀ ਅਤੇ ਸਕੂਲ ਦਾ ਸਟਾਫ਼ ਮੈਂਬਰ ਹਾਜ਼ਰ ਸਨ।

# ਈ ਟੀ ਓ ਨੇ 4.65 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਸੜਕਾਂ ਦੇ ਰੱਖੇ ਨੀਂਹ ਪੱਥਰ

## ਤਰਨ ਤਾਰਨ ਬਾਈਪਾਸ ਤੋਂ ਸਰਕੂਲਰ ਰੋਡ ਤੱਕ 40 ਫੁੱਟ ਤੱਕ ਕੀਤਾ ਜਾਵੇਗਾ ਚੌੜਾ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਭਗਵੰਤ ਮਾਨ ਦੀ ਸਰਕਾਰ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਦੇਣ ਲਈ ਵਚਨਬੱਧ ਹੈ ਅਤੇ ਸੜਕੀ ਆਵਾਜਾਈ ਨੂੰ ਸੁਚਾਰੂ ਢੰਗ ਨਾਲ ਚਲਾਉਣ ਅਤੇ ਹੋਣ ਵਾਲੇ ਸੜਕੀ ਹਾਦਸਿਆਂ ਤੋਂ ਬਚਣ ਲਈ ਨਵੀਆਂ ਸੜਕਾਂ ਬਣਾਈਆਂ ਜਾ ਰਹੀਆਂ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ ਨੇ ਜੰਡਿਆਲਾ ਗੁਰੂ ਵਿਖੇ ਦੋ ਅਹਿਮ ਸੜਕਾਂ ਜੋਤੀਸਰ ਸੜਕ ਅਤੇ ਤਰਨਤਾਰਨ ਬਾਈਪਾਸ ਤੋਂ ਸਰਕੂਲਰ ਰੋਡ ਨੂੰ ਲਿੰਕ ਕਰਨ ਵਾਲੀ ਸੜਕ ਦਾ ਨੀਂਹ ਪੱਥਰ ਰੱਖਦਿਆਂ ਕੀਤਾ। ਉਨ੍ਹਾਂ ਦੱਸਿਆ ਕਿ ਇਨਾਂ ਦੋਵਾਂ ਸੜਕਾਂ ਤੇ 4.65 ਕਰੋੜ ਰੁਪਏ ਖਰਚ ਕੀਤਾ ਜਾਣਗੇ। ਉਨ੍ਹਾਂ ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੰਡਿਆਲਾ ਗੁਰੂ ਵਿਖੇ ਬਿਜਲੀ ਘਰ ਤੋਂ ਸ਼ਮਸ਼ਾਨਘਾਟ ਤੱਕ ਜਾਂਦੀ ਸੜਕ ਨੂੰ 2 ਕਰੋੜ 75 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਜਾਵੇਗਾ ਅਤੇ ਇਹ ਸਾਰੀ ਸੜਕ ਆਰਸੀਸੀ ਦੀ ਬਣਾਈ ਜਾਵੇਗੀ। ਉਨ੍ਹਾਂ ਅੱਗੇ ਦੱਸਿਆ ਕਿ ਇਸਦੇ ਨਾਲ ਹੀ ਗਰੇਸ ਪਬਲਿਕ ਸਕੂਲ ਦੇ ਨਜ਼ਦੀਕ ਤਰਨਤਾਰਨ ਬਾਈਪਾਸ ਤੋਂ ਸਰਕੂਲਰ ਰੋਡ ਨੂੰ ਲੰਕ ਕਰਨ ਵਾਲੀ ਸੜਕ, ਜਿਸਦੇ ਨਾਲ ਹੀ ਇਕ ਪੁਰਾਣਾ ਸੂਆ ਚਲਦਾ ਹੈ, ਨੂੰ ਪਾਇਪਲਾਈਨ ਪਾ ਕੇ ਸੂਏ ਨੂੰ ਬੰਦ ਕੀਤਾ ਜਾਵੇਗਾ ਅਤੇ ਸਾਰੀ ਸੜਕ ਦੀ ਉਸਾਰੀ ਆਰਸੀਸੀ ਨਾਲ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਕੰਮ 'ਤੇ 1 ਕਰੋੜ 90 ਲੱਖ ਰੁਪਏ ਖਰਚ ਆਉਣਗੇ ਅਤੇ 40 ਫੁੱਟ ਚੌੜੀ ਸੜਕ ਬਣਾਈ ਜਾਵੇਗੀ।

ਉਨਾਂ ਦੱਸਿਆ ਕਿ ਇਹ ਸੜਕ ਜੰਡਿਆਲਾ ਤੋਂ ਤਰਨ ਤਾਰਨ ਸ਼ਹਿਰ ਨੂੰ ਜੋੜਦੀ ਹੈ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਇਹ ਦੋਵੇਂ ਸੜਕਾਂ ਮਿੱਥੇ ਸਮੇਂ ਅੰਦਰ ਮੁਕੰਮਲ ਹੋਣੀਆਂ ਚਾਹੀਦੀਆਂ ਹਨ ਅਤੇ ਕੰਮ ਦੀ ਗੁਣਵੱਤਾ ਵਿੱਚ ਕਿਸੇ ਪ੍ਰਕਾਰ ਦੀ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਇਸ ਮੌਕੇ ਸੁਹਿੰਦਰ ਕੌਰ, ਸਤਿੰਦਰ ਸਿੰਘ, ਸੁਖਵਿੰਦਰ ਸਿੰਘ ਸੋਨੀ, ਸਰਬਜੀਤ ਸਿੰਘ ਡਿੰਪੀ, ਨਰੇਸ਼ ਪਾਠਕ, ਸੁਨੈਨਾ ਰੰਧਾਵਾ, ਬਾਬਾ ਪਰਮਾਨੰਦ ਜੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

# ਨਗਰ ਕੌਂਸਲ ਮਜੀਠਾ ਤੇ ਬਲਾਕ ਦਫਤਰ ਦਰਮਿਆਨ ਇਮਾਰਤ ਨੂੰ ਲੈ ਕੇ ਰੇੜਕਾ ਬਰਕਰਾਰ



ਮਜੀਠਾ (ਸੋਇਮ ਆਨੰਦ)-ਪਿਛਲੇ ਕੁਝ ਦਿਨਾਂ ਤੋਂ ਨਗਰ ਕੌਂਸਲ ਮਜੀਠਾ ਅਤੇ ਬਲਾਕ ਵਿਕਾਸ ਤੇ ਪੰਚਾਇਤ ਵਿਭਾਗ ਦੇ ਮਜੀਠਾ ਦਫਤਰ ਦਰਮਿਆਨ ਇਮਾਰਤ ਨੂੰ ਲੈ ਕੇ ਤਕਰਾਰ ਜਿਉਂ ਦੀ ਤਿਉਂ ਬਰਕਰਾਰ ਹੈ। ਤਹਿਸੀਲ ਕੰਪਲੈਕਸ ਮਜੀਠਾ ਵਿਖੇ ਮਗਨਰੇਗਾ ਦੇ ਫੰਡਾਂ ਨਾਲ ਇਮਾਰਤ ਦੀ ਉਸਾਰੀ ਕਰਾਈ ਗਈ ਸੀ। ਨਗਰ ਕੌਂਸਲ ਮਜੀਠਾ ਪਾਸ ਉਸ ਵਕਤ ਕੋਈ ਯੋਗ ਇਮਾਰਤ ਨਾ ਹੋਣ ਕਰਕੇ ਉਸ ਦਫਤਰ ਦੇ ਬਦਲਵੇਂ ਪ੍ਰਬੰਧਾਂ ਤੱਕ ਇਸ ਇਮਾਰਤ ਵਿਚ ਤਬਦੀਲ ਕੀਤਾ ਗਿਆ ਸੀ। ਕਰੀਬ 12 ਸਾਲ ਬੀਤ ਜਾਣ 'ਤੇ ਵੀ ਨਗਰ ਕੌਂਸਲ ਵਲੋਂ ਆਪਣੀ ਇਮਾਰਤ ਬਣਾਉਣ ਵਾਸਤੇ ਕੋਈ ਠੋਸ ਉਪਰਾਲੇ ਨਹੀਂ ਕੀਤੇ ਗਏ। ਇਸ ਤੋਂ ਪਹਿਲਾਂ ਵੀ ਮਗਨਰੇਗਾ ਕਰਮਚਾਰੀਆਂ ਨਾਲ ਇਮਾਰਤ ਨੂੰ ਲੈ ਕੇ ਬਖੇੜਾ ਖੜਾ ਹੋਇਆ ਸੀ ਜਿਸ ਨੂੰ ਉਸ ਵਕਤ ਦੇ ਡਿਪਟੀ ਕਮਿਸ਼ਨਰ ਨੇ ਦੋਹਾਂ ਧਿਰਾਂ ਨੂੰ ਬਿਠਾ ਕੇ ਹੱਲ ਕਰਵਾ ਦਿੱਤਾ ਸੀ ਪਰ ਫੈਸਲਾ ਪਹਿਲਾਂ ਵਾਲਾ ਹੀ ਲਾਗੂ ਰਿਹਾ ਕਿ ਨਗਰ ਕੌਂਸਲ ਦਫਤਰ ਵਲੋਂ ਬਦਲਵੇਂ ਪ੍ਰਬੰਧਾਂ ਤੱਕ ਇਸ ਇਮਾਰਤ ਵਿਚ ਕੰਮ ਕੀਤਾ ਜਾਵੇ ਪਰ ਫਿਰ ਸਮਾਂ ਬੀਤ ਜਾਣ 'ਤੇ ਵੀ ਨਗਰ ਕੌਂਸਲ ਮਜੀਠਾ ਵਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਹੁਣ ਕੁਝ ਦਿਨ ਪਹਿਲਾਂ ਭਾਰੀ ਬਰਸਾਤ ਹੋਣ ਕਾਰਨ ਮੀਂਹ ਦਾ ਪਾਣੀ ਬਲਾਕ ਦਫਤਰ ਮਜੀਠਾ ਦੇ ਅੰਦਰ ਕਮਰਿਆਂ ਵਿਚ ਦਾਖਲ ਹੋ ਗਿਆ ਸੀ ਜਿਸ ਨਾਲ ਦਫਤਰ ਦੇ ਸਾਰੇ ਕਮਰਿਆਂ ਵਿਚੋਂ ਪਾਣੀ ਦੀ ਬਦਬੂ ਆਉਣ ਲੱਗ ਪਈ ਤਾਂ ਬੀਡੀਪੀਓ ਮਜੀਠਾ ਨੇ ਮਗਨਰੇਗਾ ਦੀ ਇਮਾਰਤ ਵਿਚ ਸ਼ਿਫਟ ਕਰ ਲਿਆ ਜਿਸ ਤੇ ਨਗਰ ਕੌਂਸਲ ਦੇ ਪ੍ਰਧਾਨ ਅਤੇ ਕਰਮਚਾਰੀਆਂ ਨੇ ਭਾਰੀ ਵਿਰੋਧ ਕੀਤਾ ਜਦਕਿ ਬੀਡੀਪੀਓ ਜਸਬੀਰ ਕੌਰ ਨੇ ਦਲੀਲ ਦਿੱਤੀ ਕਿ ਇਹ ਇਮਾਰਤ ਹੀ ਬਲਾਕ ਵਿਕਾਸ ਤੇ ਪੰਚਾਇਤ ਵਿਭਾਗ ਦੀ ਹੈ ਜਿਸ ਵਿਚ ਨਗਰ ਕੌਂਸਲ ਨੂੰ ਬਦਲਵੇ ਪ੍ਰਬੰਧਾਂ ਤੱਕ ਰਹਿਣ ਲਈ ਫੈਸਲਾ ਹੋਇਆ ਸੀ। ਹੁਣ ਅਜੇ ਤੱਕ ਨਗਰ ਕੌਂਸਲ ਮਜੀਠਾ ਵਲੋਂ ਆਪਣੀ ਵੱਖਰੀ ਇਮਾਰਤ ਬਨਾਉਣ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ ਜਦਕਿ ਬਲਾਕ ਦਫਤਰ ਦੀ ਪੁਰਾਣੀ ਇਮਾਰਤ ਅਣਸੁਰੱਖਿਅਤ ਐਲਾਨ ਕੀਤੀ ਗਈ ਹੈ। ਹੁਣ ਫਿਰ ਬਲਾਕ ਦਫਤਰ ਦੇ ਅਧਿਕਾਰੀ ਇਸ ਇਮਾਰਤ ਵਿਚ ਆਏ ਪਰ ਨਗਰ ਕੌਂਸਲ ਦੇ ਕਰਮਚਾਰੀ ਆਪਣੇ ਕਮਰਿਆਂ ਨੂੰ ਤਾਲੇ ਲਗਾ ਕੇ ਆਪ ਚਲੇ ਗਏ ਜਿਸ 'ਤੇ ਨਗਰ ਕੌਂਸਲ ਦਫਤਰ ਤੋਂ ਕੰਮ ਕਰਵਾਉਣ ਆਏ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਦਫਤਰ ਦੇ ਸਾਰੇ ਅਧਿਕਾਰੀ ਅਤੇ ਕਰਮਚਾਰੀਆਂ ਨੇ ਆਪਣੇ ਮੋਬਾਇਲ ਫੋਨ ਬੰਦ ਕੀਤੇ ਹਨ। ਨੁਕਸਾਨ ਆਮ ਲੋਕਾਂ ਦਾ ਹੋ ਰਿਹਾ ਹੈ। ਹੁਣ ਦੇਖਣਾ ਹੋਵੇਗਾ ਕਿ ਨਗਰ ਕੌਂਸਲ ਦਾ ਦਫਤਰ ਕਿਹੜੀ ਇਮਾਰਤ ਵਿਚ ਤਬਦੀਲ ਹੋਵੇਗਾ ਜਾਂ ਫਿਰ ਦੋਵਾਂ ਵਿਭਾਗਾਂ ਵਿੱਚ ਇੰਝ ਹੀ ਤਕਰਾਰ ਚੱਲਦਾ ਰਹੇਗਾ।

# ਕੱਚਿਆਂ ਤੋਂ ਪੱਕੇ ਕੀਤੇ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਦਿੱਤੇ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿਖ਼ੇ ਵੱਖ-ਵੱਖ ਸਕੂਲਾਂ 'ਚ ਪਿਛਲੇ 10 ਸਾਲਾਂ ਤੋਂ ਕੰਟ੍ਰੈਕਟ ਤੇ ਕੰਮ ਕਰ ਰਹੇ ਅਧਿਆਪਕਾਂ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਵੀਡੀਓ ਕਾਨਫਰੰਸਿੰਗ ਰਾਹੀਂ ਆਨਲਾਈਨ ਰੈਗੂਲਰ ਆਰਡਰ ਵੰਡੇ ਗਏ! ਇਸ ਮੌਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿਖ਼ੇ 41 ਸਿੱਖਿਆ ਪ੍ਰੋਵਾਈਡਰ, 11 ਏਆਈਈ ਅਤੇ 9 ਆਈਈਡੀ ਮੌਜੂਦ ਕੰਟ੍ਰੈਕਟ ਅਧਿਆਪਕਾਂ ਨੂੰ ਚੇਅਰਮੈਨ ਮਾਰਕੀਟ ਕਮੇਟੀ ਕਾਦੀਆਂ ਮੋਹਨ ਸਿੰਘ ਜਾਗੋਵਾਲ, ਬੀਪੀਈਓ ਤਰਸੇਮ ਸਿੰਘ, ਪ੍ਰਿੰਸੀਪਲ ਡਾ. ਸੁਨੀਤਾ ਕੌਂਸਲ ਸਸਸਸ ਕਾਦੀਆਂ, ਬੀਐਨਓ ਕਾਦੀਆਂ ਵਿਜੇ ਕੁਮਾਰ ਵਲੋਂ ਰੈਗੂਲਰ ਨਿਯੁਕਤੀ ਪੱਤਰ ਵੰਡੇ ਗਏ!

ਇਸ ਮੌਕੇ ਵੱਖ-ਵੱਖ ਸਕੂਲਾਂ ਤੋਂ ਆਏ ਹੋਏ ਅਧਿਆਪਕ ਵੱਡੀ ਗਿਣਤੀ ਵਿੱਚ ਹਾਜ਼ਰ ਸਨ! ਇਸ ਮੌਕੇ ਪ੍ਰਿੰਸੀਪਲ ਡਾ. ਸੁਨੀਤਾ ਕੌਂਸਲ ਵੱਲੋਂ ਰੈਗੂਲਰ ਹੋਏ ਅਧਿਆਪਕਾਂ ਨੂੰ ਮੁਬਾਰਕਬਾਦ ਦਿੱਤੀ ਗਈ ਅਤੇ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ ਗਿਆ ਅਤੇ ਸਭ ਮਾਨਯੋਗ ਮਹਿਮਾਨਾਂ ਦਾ ਸਕੂਲ ਵਿਖ਼ੇ ਪਹੁੰਚਣ ਲਈ ਧੰਨਵਾਦ ਕੀਤਾ।

ਇਸ ਮੌਕੇ ਅਧਿਆਪਕਾਂ ਤੋਂ ਇਲਾਵਾ ਆਮ ਆਦਮੀ ਪਾਰਟੀ ਦੀਆਂ ਵਿਧਾਨ ਸਭਾ ਹਲਕਾ ਕਾਦੀਆਂ ਤੋਂ ਦਰਜਾ-ਬ-ਦਰਜਾ ਆਗੂਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਆਪ ਦੇ ਸਿਟੀ ਪ੍ਰਧਾਨ ਕਰਨਬੀਰ ਸਿੰਘ ਰੰਧਾਵਾ, ਕਾਮਰੇਡ ਗੁਰਮੇਜ ਸਿੰਘ, ਅਸ਼ਵਨੀ ਵਰਮਾ, ਅਜੈ ਕੁਮਾਰ ਚੀਦਾ, ਮੈਡਮ ਬਾਬੀਤਾ ਖੋਸਲਾ, ਜੋਗਿੰਦਰ ਸਿੰਘ ਨਾਥਪੁਰ, ਰਾਮੂ ਨਾਥਪੁਰਾ, ਕੁਲਵਿੰਦਰ ਸਿੰਘ ਗੁੰਨੋਪੁਰ, ਪੰਚਾਇਤ ਸੈਕਟਰੀ ਪ੍ਰੇਮ ਸਿੰਘ, ਸਤਨਾਮ ਸਿੰਘ, ਹਰਬੰਸ ਸਿੰਘ ਭੈਣੀ ਬਾਂਗਰ ਆਦਿ ਪਾਰਟੀ ਵਰਕਰ ਹਾਜ਼ਰ ਸਨ।

# ਜੇਲ੍ਹ 'ਚੋਂ ਮੋਬਾਈਲ ਤੇ ਨਸ਼ੇ ਵਾਲੀਆਂ ਗੋਲੀਆਂ ਮਿਲਣ 'ਤੇ ਦੋ ਮਾਮਲੇ ਦਰਜ

ਗੁਰਦਾਸਪੁਰ (ਜਨਕ ਮਹਾਜਨ)-ਸੁਪਰਡੈਂਟ ਕੇਂਦਰੀ ਜੇਲ੍ਹ ਗੁਰਦਾਸਪੁਰ ਦੀ ਨਿਗਰਾਨੀ ਹੇਠ ਜੇਲ੍ਹ ਸਟਾਫ ਵਲੋਂ ਸ਼ੱਕ ਪੈਣ 'ਤੇ ਬੈਰਕ ਨੰਬਰ 8 ਦੀ ਕਿਆਰੀ ਵਿੱਚੋ ਇੱਕ ਸੈਮਸੰਗ ਕੰਪਨੀ ਦਾ ਕਾਲੇ ਰੰਗ ਦਾ ਕੀ ਪੈਡ ਵਾਲਾ ਬਿਨਾਂ ਸਿੰਮ ਅਤੇ ਬੈਟਰੀ ਲਾਵਾਰਿਸ ਮੋਬਾਇਲ ਫੋਨ ਬ੍ਰਾਮਦ ਕੀਤਾ ਗਿਆ। ਪੁਲਸ ਨੇ ਅਣਪਛਾਤੇ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਇਸੇ ਤਰ੍ਹਾਂ ਜੇਲ੍ਹ ਦੀ ਬੈਰਕ ਨੰ 7 ਦੀ ਬਾਹਰਲੇ ਬਾਥਰੂਮ ਦੀ ਤਲਾਸ਼ੀ ਦੌਰਾਨ ਹਵਾਲਾਤੀ ਮਨਬੀਰ ਸਿੰਘ ਉਰਫ ਸਾਬੀ ਪੁੱਤਰ ਗੁਰਪ੍ਰਤਾਪ ਸਿੰਘ ਦੀ ਤਲਾਸ਼ੀ ਕੀਤੀ ਗਈ ਤਾਂ ਉਸ ਦੀ ਜੇਬ ਵਿੱਚੋਂ 27 ਨਸ਼ੀਲੀਆਂ ਗੋਲੀਆ ਬ੍ਰਾਮਦ ਕੀਤੀਆ ਗਈਆਂ।

ਉਕਤ ਹਵਾਲਾਤੀ ਖ਼ਿਲਾਫ਼ ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਐਨਡੀਪੀਐਸ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਰਾਣਾ ਸਿੱਧੂ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀ ਭੇਟ



ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਕੰਬਾਈਨ ਸੰਘਰਸ਼ ਕਮੇਟੀ ਪੰਜਾਬ ਦੇ ਆਗੂ ਗੁਰਪਾਲ ਸਿੰਘ ਪੰਡੋਰੀ ਦਾ ਭਤੀਜਾ ਇਕਬਾਲ ਸਿੰਘ ਰਾਣਾ ਸਿੱਧੂ ਜੋ ਕਿ ਬੀਤੇ ਦਿਨੀਂ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ, ਨੂੰ ਵੱਖ-ਵੱਖ ਆਗੂਆਂ ਵਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

ਗੁਰਦੁਆਰਾ ਬਾਬਾ ਹੁੰਦਾਲ ਜੀ ਵਿਖੇ ਸ਼ਰਧਾਂਜਲੀ ਭੇਟ ਕਰਨ ਵਾਲਿਆਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਵਿਧਾਇਕ ਹਰਮੀਤ ਸਿੰਘ ਸੰਧੂ, ਰਾਜਬੀਰ ਸਿੰਘ ਸੰਧੂ, ਭੁਪਿੰਦਰ ਸਿੰਘ ਖੇੜਾ, ਸਰਪੰਚ ਸਵਿੰਦਰ ਸਿੰਘ ਭੱਲੂ, ਜਗਵੰਤ ਸਿੰਘ ਦੀਪਕ ਚੀਮਾ, ਪ੍ਰਿਤਪਾਲ ਸਿੰਘ ਅਟਵਾਲ ਰਾਣਾ ਰੁਮਾਣਾ, ਸਕੱਤਰ ਸਿੰਘ ਹੈਪੀ, ਕਾਰਜ ਸਿੰਘ ਸਿੱਧਵਾਂ, ਜੈਦੀਪ ਸਿੰਘ ਸਿੱਧਵਾਂ, ਪਲਵਿੰਦਰਜੀਤ ਸਿੰਘ ਸਿੱਧਵਾਂ, ਬਲਵਿੰਦਰ ਸਿੰਘ, ਨਵਤੇਜ ਸਿੰਘ, ਗੁਰਚੇਤ ਸਿੰਘ, ਨਵਰੂਪ ਸਿੰਘ ਪੰਡੋਰੀ, ਗੁਰਲਾਲ ਸਿੰਘ ਕਨੇਡਾ, ਕੰਬਾਈਨ ਸੰਘਰਸ਼ ਕਮੇਟੀ ਦੇ ਆਗੂ ਪਰਮਜੀਤ ਸਿੰਘ ਦੁੱਗਲਵਾਲ, ਰਣਜੀਤ ਸਿੰਘ ਤੇਜਾ ਸਿੰਘ ਵਾਲਾ, ਭਾਗ ਸਿੰਘ ਕਲਸੀਆਂ, ਬਲਦੇਵ ਸਿੰਘ ਵਾਂ ਤਾਰਾ ਸਿੰਘ, ਅਮਰਜੋਤ ਸਿੰਘ ਦੀਨੇਵਾਲ, ਵਰਿੰਦਰ ਸਿੰਘ ਝਾਮਕਾ, ਬਲਵੰਤ ਸਿੰਘ ਅਕਬਰਪੁਰਾ, ਬਾਬਾ ਸਰਵਨ ਸਿੰਘ ਪਲਾਸੌਰ, ਮਨਜਿੰਰ ਸਿੰਘ ਬਿੱਟੂ ਤਰਨਤਾਰਨ, ਰੇਸ਼ਮ ਸਿੰਘ ਦਰਗਾਪੁਰ, ਸਤਬੀਰ ਸਿੰਘ, ਗੁਰਤੇਜਬੀਰ ਸਿੰਘ, ਮਾਸਟਰ ਅਮਰਜੀਤ ਸਿੰਘ ਸਿੱਧਵਾਂ, ਗੁਰਨਿਆਜ਼ ਸਿੰਘ, ਰਾਜੂ ਸਿੱਧਵਾਂ ਤੇ ਸਮੂਹ ਪਿੰਡ ਪੰਡੋਰੀ ਸਿੱਧਵਾਂ, ਪੰਡੋਰੀ ਰੁਮਾਣਾ ਤੇ ਪੰਡੋਰੀ ਹੱਸਣ ਦੀਆਂ ਸੰਗਤਾਂ ਹਾਜ਼ਰ ਸਨ।

# ਹਲਕਾ ਦੀਨਾਨਗਰ ਦੇ 195 ਅਧਿਆਪਕ ਕੀਤੇ ਪੱਕੇ: ਸ਼ਮਸ਼ੇਰ ਸਿੰਘ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕੱਚੇ ਅਧਿਆਪਕਾਂ ਨੂੰ ਚੌਧਰੀ ਜੈਮੁਨੀ ਸਰਕਾਰੀ ਕੰਨਿਆ ਸਕੂਲ ਦੀਨਾਨਗਰ ਵਿਖੇ ਮੁੱਖ ਮੰਤਰੀ ਵੱਲੋਂ ਆਨਲਾਈਨ ਦਿੱਤੇ ਜਾ ਰਹੇ ਨਿਯੁਕਤੀ ਪੱਤਰ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਪ੍ਰੋਗਰਾਮ ਉਪਰੰਤ ਸ਼ਮਸ਼ੇਰ ਸਿੰਘ, ਡਿਪਟੀ ਡੀਈਓ ਪ੍ਰਕਾਸ਼ ਜੋਸ਼ੀ, ਬੀਪੀਓ ਰਾਕੇਸ਼ ਕੁਮਾਰ ਅਤੇ ਸਕੂਲ ਪ੍ਰਿੰਸੀਪਲ ਰਾਜਵਿੰਦਰ ਕੌਰ ਵੱਲੋਂ ਸਕੂਲ ਦੀਨਾਨਗਰ ਵਿੱਚ 68 ਕੱਚੇ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਵੰਡੇ। ਇਸ ਇਤਿਹਾਸਿਕ ਫੈਸਲੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਮਾਨ ਸਰਕਾਰ ਨੇ ਕੱਚੇ ਅਧਿਆਪਕਾਂ ਨਾਲ ਜੋ ਵਾਅਦਾ ਕੀਤਾ ਸੀ ਉਸ ਨੂੰ ਅੱਜ ਪੂਰਾ ਕਰਕੇ ਹਜ਼ਾਰਾਂ ਅਧਿਆਪਕਾਂ ਨੂੰ ਬਹੁਤ ਵੱਡੀ ਰਾਹਤ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਫੈਸਲੇ ਤੋਂ ਅਧਿਆਪਕ ਵਰਗ ਬਹੁਤ ਖੁਸ਼ ਹੈ। ਉਨ੍ਹਾਂ ਦੱਸਿਆ ਕਿ ਹਲਕਾ ਦੀਨਾਨਗਰ ਵਿੱਚ ਕੁੱਲ 195 ਅਧਿਆਪਕਾਂ ਦੀਆਂ ਸੇਵਾਵਾਂ ਅੱਜ ਰੈਗੂਲਰ ਕੀਤੀਆਂ ਗਈਆਂ ਹਨ।

ਇਸ ਮੌਕੇ ਪ੍ਰਿੰਸੀਪਲ ਰਾਜਵਿੰਦਰ ਕੌਰ, ਪ੍ਰਿੰਸੀਪਲ ਬਹਿਰਾਮਪੁਰ ਰਮਨ, ਪ੍ਰਿੰਸੀਪਲ ਸੁਖਦੇਵ ਰਾਜ, ਮਾਸਟਰ ਮੁਕੇਸ਼, ਆਮ ਆਦਮੀ ਪਾਰਟੀ ਤੋਂ ਠਾਕੁਰ ਪਰਦੀਪ ਸਿੰਘ, ਮਨਮੋਹਨ ਸਿੰਘ, ਬਾਪੂ ਬਲਦੇਵ ਸਿੰਘ ਅਤੇ ਰਾਜਿੰਦਰ ਮਗਰਲਾ ਆਦਿ ਹਾਜ਼ਰ ਸਨ।

# ਮਨੀਪੁਰ ਤੇ ਮੱਧ ਪ੍ਰਦੇਸ਼ ਦੀਆਂ ਹੌਲਨਾਕ ਘਟਨਾਵਾਂ ਭਾਜਪਾ ਦੇ ਮੱਥੇ 'ਤੇ ਕਲੰਕ: ਰਾਏ



ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)-ਮਨੀਪੁਰ ਅਤੇ ਮੱਦ ਪ੍ਰਦੇਸ਼ ਦੀਆਂ ਅਣਮਨੁੱਖੀ ਘਟਨਾਵਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਮੋਦੀ ਦੇ ਰਾਜ 'ਚ ਲੋਕਤੰਤਰ ਨਾਂਅ ਦੀ ਕੋਈ ਚੀਜ਼ ਨਹੀਂ ਹੈ। ਜਿਨ੍ਹਾਂ-ਜਿਨ੍ਹਾਂ ਸੂਬਿਆਂ 'ਚ ਬੀਜੇਪੀ ਦੀਆਂ ਸਰਕਾਰਾਂ ਹਨ ਉਥੇ ਗਰੀਬ ਲੋਕਾਂ ਅਤੇ ਉਨ੍ਹਾਂ ਦੀਆਂ ਬਹੁ-ਬੇਟੀਆਂ ਨਾਲ ਅਤਿ ਨਿੰਦਣਯੋਗ ਦਰਿੰਦਗੀ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਹਾਲੇ ਤਾਂ ਗੋਦੀ ਮੀਡੀਆ ਮੋਦੀ ਦੇ ਪਾਲੇ ਗੁੰਡਿਆਂ ਦੀਆਂ ਜ਼ਿਆਦਤੀਆਂ ਨੂੰ ਉਜਾਗਰ ਹੀ ਨਹੀਂ ਹੋਣ ਦੇ ਰਿਹਾ ਤੇ ਸੱਚ ਸਮਾਜ ਦੇ ਸਾਹਮਣੇ ਨਹੀਂ ਆਉਂਦਾ। ਇਹ ਤਾਂ ਕੁਝ ਪਬਲਿਕ ਹਮਦਰਦ ਲੋਕ ਆਪਣੀ ਜਾਨ ਜੋਖਮ 'ਚ ਪਾ ਕੇ ਇਨ੍ਹਾਂ ਦੀਆਂ ਕੁਝ ਘਿਨਾਉਣੀਆਂ ਹਰਕਤਾਂ ਮੋਬਾਇਲਾਂ ਰਾਹੀਂ ਲੋਕਾਂ ਤਕ ਪੁੰਜਦੀਆਂ ਕਰਦੇ ਹਨ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਰਮਨਜੀਤ ਨੇ ਬੀਜੇਪੀ ਨੂੰ ਤਾੜਨਾ ਕੀਤੀ ਕਿ ਲੋਕ ਇਨ੍ਹਾਂ ਅਣਮਨੁੱਖੀ ਘਟਨਾਵਾਂ ਦਾ ਜੁਆਬ ਆਗਾਮੀ 2024 ਦੀਆਂ ਲੋਕ ਸਭਾ ਚੋਣਾਂ 'ਚ ਦੇਣਗੇ। ਉਨ੍ਹਾਂ ਪੰਜਾਬ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਤੁਸੀਂ ਬਹਾਦਰ ਪੰਜਾਬੀ ਬੜੇ ਸੂਝਵਾਨ ਹੋ, ਇਨ੍ਹਾਂ ਭਾਜਪਾਈਆਂ ਦੀਆਂ ਕੋਝੀਆਂ ਚਾਲਾਂ 'ਚ ਕਿਤੇ ਮੁੜ ਫਸ ਨਾ ਜਾਣਾ ਨਹੀਂ ਤਾਂ ਪੰਜਾਬ ਦਾ ਵੀ ਬੁਰਾ ਹਾਲ ਹੋਵੇਗਾ। ਇਸ ਮੌਕੇ ਰਮਨਜੀਤ ਸਿੰਘ, ਜ਼ਿਲਾ ਮੀਤ ਪ੍ਰਧਾਨ ਗੁਲਵਿੰਦਰ ਸਿੰਘ ਰਾਏ, ਸਾਬਕਾ ਚੇਅਰਮੈਨ ਮੋਹਨ ਸਿੰਘ ਬੱਲਾ, ਸਰਪੰਚ ਸਵਰਨ ਸਿੰਘ, ਸਰਪੰਚ ਲਖਵਿੰਦਰ ਸਿੰਘ, ਸਰਪੰਚ ਗੁਰਮੇਜ ਸਿੰਘ, ਫਤਿਹ ਸਿੰਘ, ਮਲਕੀਤ ਸਿੰਘ, ਯੂਥ ਆਗੂ ਲਾਡੀ ਬਾਠ, ਧਰਮਿਦਰ ਸਿੰਘ ਅਤੇ ਸੂਬੇਦਾਰ ਔਲਖ ਸਿੰਘ ਆਦਿ ਹਾਜ਼ਰ ਸਨ।

# ਐਲੀਮੈਂਟਰੀ ਸਕੂਲ ਸੋਹਲ ਦੇ ਅਧਿਆਪਕਾਂ ਨੂੰ ਪੱਕੇ ਹੋਣ 'ਤੇ ਨਿਯੁਕਤੀ ਪੱਤਰ ਸੌਂਪੇ



ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਐਲੀਮੈਂਟਰੀ ਸਕੂਲ ਸੋਹਲ ਵਿਖੇ ਸ਼ੁੱਕਰਵਾਰ ਨੂੰ ਹਲਕਾ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨੇ ਕਿਹਾ ਕਿ ਅੱਜ ਦਾ ਦਿਨ ਕੱਚੇ ਅਧਿਆਪਕਾਂ ਲਈ ਇਤਿਹਾਸਕ ਸਾਬਿਤ ਹੋਇਆ। ਉਨ੍ਹਾਂ ਇਸ ਸਕੂਲ ਦੇ ਚਾਰ ਸਿੱਖਿਆ ਪ੍ਰੋਵਾਈਡਰ ਅਧਿਆਪਕ ਮਲਕੀਤ ਕੌਰ, ਜੋਧਬੀਰ ਸਿੰਘ, ਮਲਕੀਤ ਸਿੰਘ, ਰੇਸ਼ਮ ਸਿੰਘ ਜੋ ਕਿ ਬੀਤੇ ਦਹਾਕਿਆਂ ਤੋਂ ਕੱਚੇ ਅਧਿਆਪਕ ਦੇ ਤੌਰ 'ਤੇ ਕੰਮ ਕਰ ਰਹੇ ਸਨ, ਨੂੰ ਸੇਵਾਵਾਂ ਪੱਕੀਆਂ ਕਰਨ ਸਬੰਧੀ ਨਿਯੁਕਤੀ ਪੱਤਰ ਸੌਂਪੇ।

ਉਨ੍ਹਾਂ ਕਿਹਾ ਕਿ ਮਾਣਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਤੋਂ 'ਕੱਚੇ' ਸ਼ਬਦ ਨੂੰ ਤੁਹਾਡੇ ਅੱਗੋਂ ਖਤਮ ਕਰ ਦਿੱਤਾ ਹੈ। ਇਸ ਮੌਕੇ ਉਨ੍ਹਾਂ ਪੱਕੇ ਹੋਏ ਅਧਿਆਪਕਾਂ ਦਾ ਮੂੰਹ ਮਿੱਠਾ ਕਰਵਾਇਆ ਤੇ ਉਨ੍ਹਾਂ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਆਪ ਨੇ ਜਿਸ ਤਰ੍ਹਾਂ ਪਹਿਲਾਂ ਬੱਚਿਆਂ ਦੀ ਪੜ੍ਹਾਈ ਵਿੱਚ ਕੋਈ ਕਸਰ ਨਹੀਂ ਛੱਡੀ ਇਸ ਤਰ੍ਹਾਂ ਹੁਣ ਵੀ ਬੜੀ ਲਗਨ ਨਾਲ ਬੱਚਿਆਂ ਨੂੰ ਪੜ੍ਹਾਈ ਕਰਵਾਓਗੇ।

ਇਸ ਮੌਕੇ ਬੀਪੀਈਓ ਮੈਡਮ ਪਰਮਜੀਤ ਕੌਰ, ਸੈਂਟਰ ਹੈਡ ਟੀਚਰ ਮੇਜਰ ਸਿੰਘ, ਹੈੱਡ ਟੀਚਰ ਜੈ ਭਾਰਤੀ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤਰਸੇਮ ਸਿੰਘ ਸੋਹਲ, ਹਰਜੀਤ ਸਿੰਘ ਸੋਹਲ, ਅਰਵਿੰਦਰ ਸਿੰਘ ਰਾਜੂ, ਆੜ੍ਹਤੀ ਤਰਸੇਮ ਸਿੰਘ ਸੋਹਲ, ਗੁਰਭਾਗ ਸਿੰਘ ਭਾਗਾ ਸੋਹਲ, ਵਰਿੰਦਰ ਸਿੰਘ, ਜਸਵੰਤ ਸਿੰਘ, ਆਤਮਾ ਸਿੰਘ, ਰਸਾਲ ਸਿੰਘ ਤੇ ਹੋਰ ਵੀ ਪਿੰਡ ਵਾਸੀ ਤੇ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

# ਮਿਲੇਨੀਅਮ ਵਰਲਡ ਸਕੂਲ ਕੈਰੋਂ ਦੇ ਵਿਦਿਆਰਥੀਆਂ ਦੀ ਨੈਸ਼ਨਲ ਗਤਕਾ ਟੀਮ ਲਈ ਚੋਣ




ਤਰਨ ਤਾਰਨ (ਪ੍ਰਿਤਪਾਲ ਸਿੰਘ)-ਹਲਕਾ ਘਨੌਰ ਵਿੱਚ ਫਿਊਚਰ ਸਪੋਰਟਸ ਅਕੈਡਮੀ ਉਲਾਨਾ-ਘਨੌਰ ਵੱਲੋਂ ਮਾਸਟਰ ਜਸਵਿੰਦਰ ਸਿੰਘ ਚਪੜ ਦੀ ਅਗਵਾਈ ਵਿੱਚ ਪਹਿਲਾਂ ਗਤਕਾ ਲੀਗ ਕੈਂਪ ਕਰਵਾਇਆ ਗਿਆ ਜਿਸ ਵਿੱਚ ਮਿਲੇਨੀਅਮ ਵਰਲਡ ਸਕੂਲ ਕੈਰੋਂ ਦੇ ਵਿਦਿਆਰਥੀਆਂ ਗੁਰਪ੍ਰਤਾਪ ਸਿੰਘ ਪੰਜਵੀਂ ਜਮਾਤ ਅਤੇ ਜਸਪਾਲ ਸਿੰਘ ਚੌਥੀ ਜਮਾਤ ਨੇ ਡਾਇਰੈਕਟਰ ਗੁਰਜਿੰਦਰ ਸਿੰਘ ਅਤੇ ਪ੍ਰਿੰਸੀਪਲ ਮੁਕਤਾ ਤ੍ਰੇਹਨ ਦੀ ਅਗਵਾਈ ਹੇਠ ਭਾਗ ਲਿਆ। ਇਸ ਮੁਕਾਬਲੇ ਵਿੱਚ ਵਿਦਿਆਰਥੀਆਂ ਵੱਲੋਂ 18 ਅੰਕ ਲੈ ਕੇ ਦੂਸਰਾ ਸਥਾਨ ਹਾਸਿਲ ਕਰਦਿਆਂ ਸਟੇਟ ਗਤਕਾ ਟੀਮ ਵਿੱਚ ਸਥਾਨ ਪ੍ਰਾਪਤ ਕੀਤਾ ਗਿਆ। ਇਸ ਮੌਕੇ ਪ੍ਰਿੰ. ਮੁਕਤਾ ਤ੍ਰੇਹਨ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਅਸੀਂ ਇਸ ਮੌਕੇ ਬਹੁਤ ਮਾਣ ਮਹਿਸੂਸ ਕਰਦੇ ਹਾਂ ਕਿ ਸਾਡੇ ਬੱਚੇ ਰੋਜ਼ ਨਵੀਆਂ ਉਚਾਈਆਂ ਨੂੰ ਛੂਹ ਰਹੇ ਹਨ। ਹੁਣ ਸਾਡੇ ਬੱਚੇ ਨੈਸ਼ਨਲ ਲੈਵਲ ਉੱਪਰ ਭਾਰਤ ਸਰਕਾਰ ਵੱਲੋਂ ਕਰਵਾਈਆਂ ਜਾਂਦੀਆਂ 'ਖੇਡੋ ਇੰਡੀਆ' ਗੇਮ ਵਿੱਚ ਹਿੱਸਾ ਲੈਣਗੇ ਜੋ ਕਿ ਡਿਬਰੂਗੜ੍ਹ (ਆਸਾਮ) ਵਿਖੇ ਹੋ ਰਹੀਆਂ ਹਨ ਤੇ ਪੰਜਾਬ ਦੀ ਪ੍ਰਤੀਨਿਧਤਾ ਕਰਨਗੇ।

# ਰੈਗੂਲਰ ਕੀਤੇ ਅਧਿਆਪਕਾਂ ਨੂੰ ਸਮਾਰੋਹ ਦੌਰਾਨ ਆਰਡਰ ਵੰਡੇ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਅਜਨਾਲਾ ਤਹਿਸੀਲ ਦੇ ਬਲਾਕ 1 ਅਤੇ ਬਲਾਕ 2 ਦੇ ਤਕਰੀਬਨ 150 ਦੇ ਕਰੀਬ ਅਧਿਆਪਕਾਂ ਨੂੰ ਰੈਗੂਲਰ ਕਰਨ ਦੇ ਆਰਡਰ ਦਿੱਤੇ ਗਏ। ਅਜਨਾਲਾ ਦੇ ਬੀਪੀਈਓ ਗੁਰਦੇਵ ਸਿਘ ਦੀਆਂ ਹਦਾਇਤਾਂ ਤੇ ਬਲਾਕ ਦੂਜੋਵਾਲ ਅਤੇ ਕੋਟਰਜਾਦਾ ਦੇ ਹੈੱਡ ਅਧਿਆਪਕ ਸੁਖਜਿੰਦਰ ਸਿੰਘ ਜੋ ਕਿ ਐਲੀਮੈਂਟਰੀ ਯੂਨੀਅਨ ਅਜਨਾਲਾ ਦੇ ਪ੍ਰਧਾਨ ਹਨ, ਵੱਲੋਂ ਇਸ ਮੌਕੇ ਇੱਕ ਸਮਾਰੋਹ ਕੀਤਾ ਗਿਆ ਜਿਸ ਵਿੱਚ ਮਨਿੰਦਰ ਸਿੰਘ, ਕਵਲਜੀਤ ਕੌਰ, ਵਿਨੈ ਕੁਮਾਰ, ਕੁਲਵਿੰਦਰ ਸਿੰਘ, ਹਰਜੀਤ ਸਿੰਘ, ਰਜਿੰਦਰ ਕੌਰ ਅਤੇ ਸਮਰਾਏ ਦੇ ਹੈੱਡ ਟੀਚਰ ਅਮਨ ਰੰਧਾਵਾ ਦੀ ਮਜੂਦਗੀ ਵਿੱਚ ਟੀਚਰਾਂ ਨੂੰ ਆਰਡਰ ਦਿੱਤੇ ਗਏ। ਉਨ੍ਹਾਂ ਵਿੱਚ ਪ੍ਰਿਤਪਾਲ ਸਿੰਘ, ਪਵਨਦੀਪ ਕੌਰ ਅਧਿਆਪਕ ਕੱਲੋਮਾਹਲ, ਜਗਦੀਪ ਸਿੰਘ, ਜਸਵਿੰਦਰ ਸਿੰਘ, ਸਰਬਜੀਤ ਕੌਰ, ਗੁਰਵਿੰਦਰਪਾਲ ਕੌਰ, ਇਕਬਾਲ ਕੌਰ, ਪਵਨਪ੍ਰੀਤ ਕੌਰ, ਬਲਜੀਤ ਕੌਰ, ਸਤਿੰਦਰ ਕੌਰ, ਦੀਪਕ ਕੁਮਾਰ, ਗੁਰਨਾਮ ਸਿੰਘ, ਰਾਜਵਿੰਦਰ ਕੌਰ ਨੂੰ ਆਰਡਰ ਦੇ ਕੇ ਨਿਵਾਜੀਆ ਗਿਆ।

ਉਨ੍ਹਾਂ ਨੇ ਪੰਜਾਬ ਸਰਕਾਰ ਦਾ ਕੋਟੀ-ਕੋਟੀ ਧੰਨਵਾਦ ਕੀਤਾ। ਬਲਾਕ ਗੱਗੋਮਾਹਲ ਦੇ ਹੈੱਡ ਟੀਚਰ ਮਨਿੰਦਰ ਸਿੰਘ, ਕਵਲਜੀਤ ਕੌਰ, ਰਜਿੰਦਰਪਾਲ ਸਿੰਘ, ਜਗਦੀਸ਼ ਕੌਰ ਅਤੇ ਕਵਲਜੀਤ ਕੌਰ ਦੀ ਅਗਵਾਈ ਹੇਠ ਉਪਰੋਕਤ ਸਮਾਰੋਹ ਹੋਇਆ ਜਿਸ ਵਿੱਚ ਰੈਗਲੂਰ ਕੀਤੇ ਟੀਚਰ ਚਰਨਜੀਤ ਕੌਰ, ਗੁਰਪ੍ਰੀਤ ਕੌਰ, ਸਿਮਰਜੀਤ ਕੌਰ, ਤਨਜੀਤ ਕੌਰ, ਮਨਦੀਪ ਕੌਰ, ਰਾਜਵਿੰਦਰ ਸਿੰਘ, ਸ਼ਰਨਜੀਤ ਕੌਰ, ਸੁਖਵਿੰਦਰ ਕੌਰ, ਰਜਵੰਤ ਕੌਰ, ਮਨਪ੍ਰੀਤ ਕੌਰ, ਸਤਨਾਮ ਸਿੰਘ ਆਦਿ ਨੂੰ ਰੈਗਲੂਰ ਹੋਣ ਦੇ ਆਰਡਰ ਦਿੱਤੇ ਗਏ।

# ਬੱਚਿਆਂ ਦੇ ਬੌਧਿਕ ਵਿਕਾਸ ਹਿਤ ਗਤੀਵਿਧੀਆਂ ਕਰਵਾਈਆਂ

ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ) ਸਮਾਜਕ ਸੁਰੱਖਿਆ ਤੇ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਪੰਜਾਬ ਦੀਆਂ ਹਦਾਇਤਾਂ ਮੁਤਾਬਕ ਸੀਡੀਪੀਓ ਮੈਡਮ ਨਿਵੇਦਤਾ ਕੁਮਾਰੀ ਦੇ ਹੁਕਮਾਂ ਅਨੁਸਾਰ ਵਰਕਰ ਗੁਰਮੀਤ ਕੌਰ ਨੇ ਪਿੰਡ ਝਬਾਲ ਖਾਮ ਵਿੱਚ ਹੈਲਪਰ ਕਸ਼ਮੀਰ ਕੌਰ ਦੀ ਮਦਦ ਨਾਲ ਆਂਗਣਵਾੜੀ ਸੈਂਟਰ ਵਿੱਚ ਈਸੀਸੀਈ ਦਿਵਸ ਮਨਾਇਆਂ।

ਇਸ ਪ੍ਰੋਗਰਾਮ ਵਿੱਚ ਸਰਕਲ ਸੁਪਰਵਾਈਜ਼ਰ ਸੁਰਜੀਤ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਉਨ੍ਹਾਂ ਨੇ ਬੱਚਿਆਂ ਦੇ ਬੌਧਿਕ ਵਿਕਾਸ ਕਰਨ ਲਈ ਬੱਚਿਆਂ ਦੇ ਮਾਤਾ-ਪਿਤਾ ਨਾਲ ਗੱਲਬਾਤ ਕੀਤੀ ਤੇ ਬੌਧਿਕ ਵਿਕਾਸ ਤੋਂ ਜਾਣੂ ਕਰਵਾਇਆ ਜਿਸ ਵਿੱਚ ਤਿੰਨ ਗਤੀਵਿਧੀਆਂ ਕਰਨ ਜਿਸ ਨਾਲ ਬੱਚੇ ਦੇ ਸੋਚਣ ਦੀ ਸ਼ਕਤੀ ਵਧੇ। ਬੱਚੇ ਦਾ ਦਿਮਾਗੀ ਵਿਕਾਸ ਹੋਵੇ। ਇਸ ਵਿੱਚ ਵਰਕਰ ਗੁਰਮੀਤ ਕੌਰ ਨੇ ਉਮਰ 1-3 ਸਾਲ, 3-4 ਤੇ 4-6 ਸਾਲ ਤੱਕ ਦੇ ਬੱਚਿਆਂ ਦੀਆਂ ਗਤੀਵਿੰਧੀਆਂ ਤੇ ਉਨ੍ਹਾਂ ਦੇ ਮਾਤਾ-ਪਿਤਾ ਦੀਆਂ ਗਤੀਵਿਧੀਆਂ ਕਰਵਾਈਆਂ ਤੇ ਫੀਡ ਬੈਕ ਦਿੱਤੀ।



# ਸਾਧੂ ਦੇ ਭੇਸ 'ਚ ਆਏ ਲੁਟੇਰੇ ਨੇ ਆੜ੍ਹਤੀਏ ਤੋਂ ਲੁੱਟੇ ਡੇਢ ਲੱਖ ਰੁਪਏ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ ਰਣਬੀਰ ਸਿੰਘ ਗੋਲਣ)-ਸਾਧੂ ਦੇ ਭੇਸ 'ਚ ਆਏ ਲੁਟੇਰੇ ਵੱਲੋਂ ਬੈਂਕ 'ਚੋਂ ਪੈਸੇ ਕਢਵਾ ਕੇ ਆ ਰਹੇ ਆੜ੍ਹਤੀਏ ਕੋਲੋਂ ਲਿਫਟ ਮੰਗ ਕੇ ਡੇਢ ਲੱਖ ਰੁਪਏ ਲੁੱਟ ਕੇ ਫਰਾਰ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ।

ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਲੁੱਟ ਦਾ ਸ਼ਿਕਾਰ ਹੋਏ ਆੜ੍ਹਤੀਏ ਤੇਜਕਮਲ ਧਵਨ ਪੁੱਤਰ ਬਲਦੇਵ ਰਾਜ ਧਵਨ ਵਾਸੀ ਭਿੱਖੀਵਿੰਡ ਪੂਹਲਾ ਰੋਡ ਨੇ ਦੱਸਿਆ ਕਿ ਉਹ ਸਮਾਂ ਕਰੀਬ 3 ਵਜੇ ਆਈਸੀਆਈਸਆਈ ਬੈਂਕ ਜੋ ਖਾਲੜਾ ਰੋਡ 'ਤੇ ਸਥਿਤ ਹੈ, 'ਚੋਂ 2 ਲੱਖ ਰੁਪਏ ਕਢਵਾ ਕੇ ਨਿਕਲਿਆ ਸੀ। ਜਦੋਂ ਉਹ ਆਪਣੇ ਮੋਟਰਸਾਈਕਲ 'ਤੇ ਖਾਲੜਾ ਰੋਡ ਦੇ ਬੱਸ ਅੱਡੇ ਕੋਲ ਪੁੱਜਿਆ ਤਾਂ ਸਾਧੂ ਦੇ ਭੇਸ 'ਚ ਆਏ ਇੱਕ ਵਿਅਕਤੀ ਨੇ ਉਸਨੂੰ ਡੱਕ ਲਿਆ ਤੇ ਉਸਨੂੰ ਸ਼੍ਰੀ ਚੰਦ ਦੇ ਗੁਰਦੁਆਰਾ ਸਾਹਿਬ ਛੱਡ ਆਉਣ ਦੀ ਬੇਨਤੀ ਕੀਤੀ। ਜਦੋਂ ਆੜ੍ਹਤੀਏ ਨੇ ਸਾਧੂ ਦੇ ਭੇਸ 'ਚ ਆਏ ਵਿਅਕਤੀ ਨੂੰ ਦੱਸਿਆ ਕਿ ਸ਼੍ਰੀ ਚੰਦ ਜੀ ਦਾ ਗੁਰਦੁਆਰਾ ਮਾੜੀ ਕੰਬੋਕੇ ਵਿਖੇ ਹੈ ਪਰ ਬਾਬਾ ਦੀਪ ਸਿੰਘ ਜੀ ਦਾ ਗੁਰਦੁਆਰਾ ਨੇੜੇ ਹੈ ਤਾਂ ਉਪਰੋਕਤ ਸਾਧੂ ਨੇ ਉਸਨੂੰ ਪਹੂਵਿੰਡ ਗੁਰਦੁਆਰਾ ਸਾਹਿਬ ਛੱਡ ਆਉਣ ਦੀ ਬੇਨਤੀ ਕੀਤੀ। ਉਪਰੋਕਤ ਆੜ੍ਹਤੀਏ ਨੇ ਦੱਸਿਆ ਕਿ ਜਦੋਂ ਉਹ ਖਾਲੜਾ ਰੋਡ 'ਤੇ ਸਥਿਤ ਅਰੋਮਾ ਰਿਜ਼ੋਰਟ/ਪੈਲੇਸ ਕੋਲ ਪੁੱਜਿਆ ਤਾਂ ਸਾਧੂ ਨੇ ਉਸਨੂੰ ਮੋਟਰਸਾਈਕਲ ਰੋਕਣ ਲਈ ਕਿਹਾ, ਜਿਸ ਤੋਂ ਤੁਰੰਤ ਬਾਅਦ ਅੱਗੋਂ ਇੱਕ ਮੋਟਰਸਾਈਕਲ 'ਤੇ ਆਏ ਨੌਜਵਾਨ ਤੇ ਔਰਤ ਨੇ ਡਰਾ-ਧਮਕਾ ਕੇ ਉਸ ਕੋਲੋਂ ਡੇਢ ਲੱਖ ਰੁਪਏ ਖੋਹੇ ਤੇ ਫਰਾਰ ਹੋ ਗਏ। ਇਸ ਮੌਕੇ ਲੁੱਟ ਦਾ ਸ਼ਿਕਾਰ ਹੋਏ ਆੜ੍ਹਤੀਏ ਨੇ ਪੁਲਸ ਪਾਸੋਂ ਇਨਸਾਫ ਦੀ ਮੰਗ ਕੀਤੀ ਹੈ। ਉੱਧਰ ਭਿੱਖੀਵਿੰਡ ਪੁਲਸ ਵੱਲੋਂ ਮਾਮਲੇ ਦੀ ਜਾਂਚ ਕਰਕੇ ਕਾਰਵਾਈ ਕਰਨ ਦੀ ਗੱਲ ਆਖੀ ਜਾ ਰਹੀ ਹੈ।

# ਕਿਸਾਨਾਂ-ਮਜ਼ਦੂਰਾਂ ਦੀ ਮਦਦ ਲਈ ਭਾਰਤੀ ਕਿਸਾਨ ਯੂਨੀਅਨ ਮਾਝਾ ਕਰੇਗੀ ਯੋਗ ਉਪਰਾਲਾ: ਪੰਡੋਰੀ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਭਾਰਤੀ ਕਿਸਾਨ ਯੂਨੀਅਨ ਮਾਝਾ ਦੀ ਵਿਸ਼ੇਸ਼ ਮੀਟਿੰਗ ਯੂਨੀਅਨ ਦੇ ਪ੍ਰਧਾਨ ਕੰਵਲਜੀਤ ਸਿੰਘ ਪੰਡੋਰੀ ਦੀ ਪ੍ਰਧਾਨਗੀ ਹੇਠ ਪਿੰਡ ਡੇਹਰੀਵਾਲ ਦਰੋਗਾ ਵਿਖੇ ਹਰਪਾਲ ਸਿੰਘ ਦੇ ਗ੍ਰਿਹਿ ਵਿਖੇ ਹੋਈ।

ਇਸ ਸਬੰਧੀ ਯੂਨੀਅਨ ਦੇ ਸੂਬਾ ਜਰਨਲ ਸਕੱਤਰ ਰਜਿੰਦਰ ਸਿੰਘ ਜਫਰਵਾਲ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੀਟਿੰਗ ਦੌਰਾਨ ਫੈਸਲਾ ਲਿਆ ਗਿਆ ਕਿ ਪੰਜਾਬ ਵਿੱਚ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਜਿਹੜੇ ਕਿਸਾਨਾਂ ਅਤੇ ਮਜ਼ਦੂਰਾਂ ਦਾ ਨੁਕਸਾਨ ਹੋਇਆ ਹੈ, ਦੀ ਮਦਦ ਲਈ ਯੂਨੀਅਨ ਵਲੋਂ ਇਕ ਵਿਸ਼ੇਸ਼ ਟੀਮ ਬਣਾ ਕੇ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਪਿੰਡ ਪਿੰਡ ਪਹੁੰਚ ਕਰਕੇ ਉਨ੍ਹਾਂ ਦੀ ਮਦਦ ਲਈ ਯੋਗ ਉਪਰਾਲਾ ਕੀਤਾ ਜਾਵੇਗਾ।

ਪ੍ਰਧਾਨ ਕੰਵਲਜੀਤ ਸਿੰਘ ਪੰਡੋਰੀ ਨੇ ਕਿਹਾ ਹੜ੍ਹ ਦੀ ਮਾਰ ਹੇਠਾਂ ਆਏ ਕਿਸਾਨਾਂ ਦੀ ਸਾਰ ਸਰਕਾਰ ਨੂੰ ਲੈਣੀ ਚਾਹੀਦੀ ਹੈ ਅਤੇ ਹੋਏ ਨੁਕਸਾਨ ਦਾ ਕਿਸਾਨਾਂ ਮਜ਼ਦੂਰਾਂ ਨੂੰ ਬਣਦਾ ਮੁਆਵਜ਼ਾ ਤੁਰੰਤ ਦੇਣਾ ਚਾਹੀਦਾ ਹੈ। ਇਸ ਮੌਕੇ ਯੂਨੀਅਨ ਦੇ ਪ੍ਰੈੱਸ ਸਕੱਤਰ ਸਤਨਾਮ ਸਿੰਘ ਜਫਰਵਾਲ, ਖਜ਼ਾਨਚੀ ਮੋਹਣ ਲਾਲ ਮਾਲੀਆ, ਅਰਜੁਨ ਸਿੰਘ, ਸਤਨਾਮ ਸਿੰਘ ਔਲਖ, ਦਲਜੀਤ ਸਿੰਘ ਸਿੱਧਵਾਂ, ਪਲਵਿੰਦਰ ਸਿੰਘ ਸਹਾਰੀ, ਜਸਪਾਲ ਸਿੰਘ ਡੇਹਰੀਵਾਲ ਆਦਿ ਹਾਜ਼ਰ ਸਨ।

# ਸਰਕਾਰੀ ਹਾਈ ਸਕੂਲ ਕਾਹਲਵਾਂ 'ਚ ਤੀਆਂ ਦਾ ਤਿਉਹਾਰ ਮਨਾਇਆ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਪੰਜਾਬ ਦੇ ਅਮੀਰ ਸੱਭਿਆਚਾਰ ਵਿੱਚ ਸਾਉਣ ਮਹੀਨੇ ਦੀ ਵਿਸ਼ੇਸ਼ ਮਹੱਤਤਾ ਹੈ। ਇਸ ਮਹੀਨੇ ਮਾਪੇ ਜਿੱਥੇ ਆਪਣੀਆਂ ਵਿਆਹੀਆਂ ਧੀਆਂ ਨੂੰ ਸੰਧਾਰੇ ਦੇ ਰੂਪ ਵਿੱਚ ਮੱਠੀਆਂ, ਬਿਸਕੁਟ ਤੇ ਹੋਰ ਮਠਿਆਈਆਂ ਲੈ ਕੇ ਜਾਂਦੇ ਹਨ, ਉੱਥੇ ਸਹੁਰੇ ਘਰ ਬੈਠੀਆਂ ਸਜ-ਵਿਆਹੀਆਂ ਦੇ ਮਨਾਂ ਅੰਦਰ ਆਪਣੇ ਪੇਕੇ ਘਰ ਜਾ ਕੇ ਆਪਣੀਆਂ ਹਾਣੀ ਕੁੜੀਆਂ ਨੂੰ ਮਿਲਣ ਦੀ ਤਾਂਘ ਵੀ ਪ੍ਰਗਟ ਹੁੰਦੀ ਹੈ.ਪਰ ਅਮੀਰ ਪੰਜਾਬੀ ਸਭਿਆਚਾਰ 'ਤੇ ਪਏ ਪੱਛਮੀ ਸਭਿਆਚਾਰ ਦੇ ਪ੍ਰਭਾਵ ਨੇ ਪਿੰਡਾਂ 'ਚੋਂ ਤੀਆਂ ਦੇ ਪਿੜ ਅਲੋਪ ਕਰ ਦਿੱਤੇ ਹਨ। ਪਰ ਜਿਹੜੀਆਂ ਔਰਤਾਂ ਨੇ ਬਚਪਨ ਵਿੱਚ ਤੀਆਂ ਦਾ ਮਾਹੌਲ ਦੇਖਿਆ ਹੈ, ਉਨ੍ਹਾਂ ਦੇ ਮਨ ਵਿੱਚ ਦੁਬਾਰਾ ਤੀਆਂ ਤੇ ਜਾਣ ਦਾ ਚਾਅ ਪੈਦਾ ਹੁੰਦਾ ਹੈ ਪਰ ਅਜੋਕੇ ਸਮੇਂ ਵਿੱਚ ਇਹ ਤਿਉਹਾਰ ਸਕੂਲਾਂ/ਕਾਲਜਾਂ ਤੱਕ ਹੀ ਸੀਮਿਤ ਹੋ ਕੇ ਰਹਿ ਗਿਆ। ਪਿੰਡ ਕਾਹਲਵਾਂ ਦੇ ਸਰਕਾਰੀ ਹਾਈ ਸਕੂਲ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਕੂਲ ਇੰਚਾਰਜ ਮੈਡਮ ਗੁਰਮੀਤ ਕੌਰ ਧਾਲੀਵਾਲ ਦੀ ਅਗਵਾਈ ਹੇਠ ਤੀਆਂ ਦਾ ਤਿਉਹਾਰ ਬੜੇ ਹੀ ਚਾਵਾਂ ਤੇ ਮਲ੍ਹਾਰਾਂ ਨਾਲ ਮਨਾਇਆ ਗਿਆ ਜਿਸ ਵਿੱਚ ਸਕੂਲ ਸਟਾਫ, ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਇਸ ਮੌਕੇ ਪੰਜਾਬ ਦੇ ਅਮੀਰ ਵਿਰਸੇ ਨੂੰ ਤਾਜ਼ਾ ਕਰਦਿਆਂ ਪੀਂਘਾਂ ਝੂਟੀਆਂ ਗਈਆਂ ਅਤੇ ਸਿੱਠਣੀਆਂ, ਬੋਲੀਆਂ/ਗਿੱਧਾ, ਚਰਖਾ ਕੱਤਣ, ਚਾਦਰ ਕਢਾਈ ਅਤੇ ਸਾਵਣ ਮਹੀਨੇ ਨਾਲ ਸਬੰਧਿਤ ਗੀਤ ਵੀ ਗਾਏ ਅਤੇ ਇਨ੍ਹਾਂ ਦੇ ਮੁਕਾਬਲੇ ਵੀ ਕਰਵਾਏ ਗਏ ਜਿਸ ਵਿੱਚ ਅਵੱਲ ਰਹੀਆਂ ਮੁਟਿਆਰਾਂ ਨੂੰ ਇਨਾਮ ਤਕਸੀਮ ਕੀਤੇ ਗਏ। ਖੀਰ-ਪੂੜੇ ਖਿੱਚ ਦਾ ਕੇਂਦਰ ਬਣੇ ਰਹੇ। ਅਖੀਰ ਵਿੱਚ ਮੈਡਮ ਗੁਰਮੀਤ ਕੌਰ ਧਾਲੀਵਾਲ ਨੇ ਤੀਜ ਦੇ ਤਿਉਹਾਰ ਦੀ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਮੇਲੇ ਤਿਉਹਾਰ ਪੰਜਾਬੀ ਸਭਿਆਚਾਰ ਦਾ ਅਨਿੱਖੜਵਾਂ ਅੰਗ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਇਸ ਅਮੀਰ ਵਿਰਸੇ ਨਾਲ ਜੁੜ ਕੇ ਰਹਿਣ। ਨਸ਼ਿਆਂ ਵਰਗੀ ਭੈੜੀ ਅਲਾਮਤ ਤੋਂ ਬਚ ਕੇ ਸਮਾਜ ਦੇ ਪਹਿਰੇਦਾਰ ਬਣਨ। ਇਸ ਮੌਕੇ ਮੈਡਮ ਹਰਜੀਤ ਕੌਰ, ਮੈਡਮ ਮੋਨਿਕਾ ਨਈਅਰ, ਮੈਡਮ ਮੋਨਿਕਾ ਭੱਟੀ, ਮੈਡਮ ਗੁਰਮੀਨ ਕੌਰ, ਜਸਬੀਰ ਕੌਰ, ਡਿੰਪਲ, ਰਾਣੀ, ਗੁਰਪ੍ਰੀਤ ਕੌਰ, ਰਣਜੀਤ ਕੌਰ, ਕਮੇਟੀ ਮੈਂਬਰ ਕਮਲਜੀਤ ਕੌਰ, ਕੁਲਵਿੰਦਰ ਕੌਰ, ਜਗੀਰ ਕੌਰ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ।

# ਈਟੀਓ ਵੱਲੋਂ ਜੀਵਨ ਪੰਧੇਰ ਤੇ ਸੈਦੋਂ ਲਹਿਲ ਵਿਖੇ ਵਿਕਾਸ ਕੰਮਾਂ ਦਾ ਉਦਘਾਟਨ



ਤਰਸਿੱਕਾ, ਜੰਡਿਆਲਾ ਗੁਰੂ (ਤਰਸੇਮ ਸਿੰਘ ਸਾਧਪੁਰ/ਹਰਿੰਦਰਪਾਲ ਸਿੰਘ)-ਆਪ ਆਦਮੀ ਪਾਰਟੀ ਦੀ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ ਅਤੇ ਆਮ ਲੋਕਾਂ ਨੇ ਹੀ ਵੱਡੇ ਫਤਵੇ ਨਾਲ ਸਾਨੂੰ ਜਿਤਾਇਆ ਹੈ ਅਤੇ ਸਾਡਾ ਵੀ ਫਰਜ਼ ਬਣਦਾ ਹੈ ਕਿ ਆਮ ਲੋਕਾਂ ਨੂੰ ਕਿਸੇ ਕਿਸਮ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਦਾ ਹੱਲ ਪਹਿਲ ਦੇ ਆਧਾਰ ਤੇ ਕੀਤਾ ਜਾਵੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਲੋਕ ਨਿਰਮਾਣ ਤੇ ਬਿਜਲੀ ਮੰਤਰੀ ਪੰਜਾਬ ਹਰਭਜਨ ਸਿੰਘ ਈਟੀਓ ਨੇ ਬਲਾਕ ਤਰਸਿੱਕਾ ਦੇ ਪਿੰਡ ਜੀਵਨ ਪੰਧੇਰ ਅਤੇ ਸੈਦੋ ਲਹਿਲ ਵਿਖੇ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਸਮੇਂ ਕੀਤਾ। ਉਨ੍ਹਾਂ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਡੀ ਸਰਕਾਰ ਭ੍ਰਿਸ਼ਟਾਚਾਰ ਪ੍ਰਤੀ ਜ਼ੀਰੋ ਟਾਲਰੈਂਸ ਨੀਤੀ ਤੇ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਨਿਰਦੇਸ਼ਾਂ ਤਹਿਤ ਸਰਕਾਰ ਤੁਹਾਡੇ ਦੁਆਰ ਪ੍ਰੋਗਰਾਮ ਤਹਿਤ ਹਰ ਘਰ ਵਿਖੇ ਪਹੁੰਚ ਕਰ ਰਹੀ ਹੈ ਅਤੇ ਤੁਹਾਡੀਆਂ ਮੁਸ਼ਕਲਾਂ ਨੂੰ ਸੁਣ ਕੇ ਮੌਕੇ 'ਤੇ ਹੀ ਹੱਲ ਕਰਨਾ ਯਕੀਨੀ ਬਣਾਇਆ ਜਾ ਰਿਹਾ ਹੈ। ਇਸ ਉਪਰੰਤ ਲੋਕ ਨਿਰਮਾਣ ਮੰਤਰੀ ਵਲੋਂ ਪਿੰਡ ਸੈਦੋਂ ਲਹਿਲ ਵਿਖੇ 14 ਲੱਖ ਰੁਪਏ ਦੀ ਲਾਗਤ ਨਾਲ ਬਣਾਈ ਗਈ ਫਿਰਨੀ ਅਤੇ ਇੰਟਰਲਾਕਿੰਗ ਟਾਇਲਾਂ ਦੇ ਕੰਮ ਪੂਰਾ ਹੋਣ ਉਪਰੰਤ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਹੁਣ ਪਿੰਡਾਂ ਨੂੰ ਵੀ ਸ਼ਹਿਰ ਵਰਗੀਆਂ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਇਸ ਮੌਕੇ ਮੈਡਮ ਸੁਹਿੰਦਰ ਕੌਰ, ਚੇਅਰਮੈਨ ਸ਼ਨਾਖ ਸਿੰਘ, ਸੁਖਵਿੰਦਰ ਸਿੰਘ, ਬਲਵਿੰਦਰ ਸਿੰਘ, ਮੇਜਰ ਸਿੰਘ, ਸੰਤੋਖ ਸਿੰਘ ਨੰਬਰਦਾਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਨਿਆਇਕ ਅਫਸਰਾਂ ਨੇ ਹੜ੍ਹ ਪੀੜ੍ਹਤਾਂ ਲਈ ਭੇਜੀ ਰਾਹਤ ਸਮੱਗਰੀ

## ਜ਼ਿਲਾ ਵਾਸੀਆਂ ਨੂੰ ਹਰ ਸੰਭਵ ਮਦਦ ਲਈ ਅੱਗੇ ਆਉਣ ਦੀ ਕੀਤੀ ਅਪੀਲ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)- ਪੰਜਾਬ ਦਾ ਹਰ ਫਿਰਕਾ ਤੇ ਵਰਗ ਹੜ੍ਹ ਪੀੜ੍ਹਤਾਂ ਦੀ ਮਦਦ ਲਈ ਅੱਗੇ ਆ ਰਿਹਾ ਹੈ ਅਤੇ ਇਸੇ ਹੀ ਕੜੀ ਤਹਿਤ ਜ਼ਿਲ੍ਹਾ ਅੰਮ੍ਰਿਤਸਰ ਦੇ ਨਿਆਇਕ ਅਫ਼ਸਰਾਂ ਨੇ ਹੜ੍ਹ ਪੀੜਤਾਂ ਦੀ ਮਦਦ ਲਈ ਰਾਹਤ ਸਮੱਗਰੀ ਰਵਾਨਾ ਕੀਤੀ। ਇਸ ਮੌਕੇ ਜ਼ਿਲ੍ਹਾ ਤੇ ਸ਼ੈਸ਼ਨ ਜੱਜ ਅੰਮ੍ਰਿਤਸਰ ਹਰਪ੍ਰੀਤ ਕੌਰ ਰੰਧਾਵਾ ਨੇ ਦੱਸਿਆ ਕਿ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਿਟੀ ਦੀਆਂ ਹਦਾਇਤਾਂ ਹੇਠ ਅੱਜ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਅੰਮ੍ਰਿਤਸਰ ਵਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਰਾਹਤ ਸਮੱਗਰੀ ਨੂੰ ਝੰਡੀ ਦੇ ਕੇ ਰਵਾਨਾ ਕੀਤਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਰਾਹੀਂ ਪਤਾ ਲੱਗਿਆ ਸੀ ਕਿ ਬਿਆਸ ਦਰਿਆ ਦੇ ਕੰਢੇ ਉਪਰ ਵਸੇ ਪਿੰਡ ਬੁੱਢਾ ਥੇਹ ਦੇ ਕਰੀਬ 100 ਪਰਿਵਾਰ ਪਿਛਲੇ ਦਿਨਾਂ ਤੋਂ ਹੜ੍ਹ ਦੇ ਪਾਣੀ ਨਾਲ ਪ੍ਰਭਾਵਿਤ ਹੋਏ ਹਨ ਜਿਨ੍ਹਾਂ ਦੀ ਸਹਾਇਤਾ ਲਈ ਜ਼ਿਲ੍ਹਾ ਨਿਆਇਕ ਅਫ਼ਸਰਾਂ ਨੇ ਆਪਣਾ ਯੋਗਦਾਨ ਕਰਕੇ ਲੋੜੀਂਦੀ ਰਕਮ ਇਕੱਠੀ ਕੀਤੀ ਸੀ। ਸ਼੍ਰੀਮਤੀ ਰੰਧਾਵਾ ਨੇ ਦੱਸਿਆ ਕਿ ਰਾਸ਼ਨ ਸਮੱਗਰੀ ਦੇ 100 ਪੈਕੇਟ ਤਿਆਰ ਕਰਵਾਏ ਗਏ ਸਨ ਜਿਨ੍ਹਾਂ ਵਿੱਚ ਘਰੇਲੂ ਜ਼ਰੂਰੀ ਵਸਤਾਂ ਜਿਵੇਂ ਕਿ ਆਟਾ, ਦਾਲਾ, ਖੰਡ, ਚਾਹਪਤੀ, ਤੇਲ ਅਤੇ ਹੋਰ ਜ਼ਰੂਰੀ ਵਸਤਾਂ ਭੇਜੀਆਂ ਗਈਆਂ ਹਨ। ਜ਼ਿਲ੍ਹਾ ਤੇ ਸ਼ੈਸ਼ਨ ਜੱਜ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਵੀ ਹੜ੍ਹ ਪੀੜ੍ਹਤਾਂ ਦੀ ਮਦਦ ਲਈ ਅੱਗੇ ਆਉਣ। ਉਨ੍ਹਾਂ ਕਿਹਾ ਕਿ ਇਸ ਕੁਦਰਤੀ ਆਫ਼ਤ ਦਾ ਮੁਕਾਬਲਾ ਆਪਸ ਵਿਚ ਮਿਲਜੁਲ ਕੇ ਹੀ ਕੀਤਾ ਜਾ ਸਕਦਾ ਹੈ ਅਤੇ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਇਸ ਨੇਕ ਕੰਮ ਲਈ ਅੱਗੇ ਆਈਏ। ਇਸ ਉਪਰੰਤ ਰਸ਼ਪਾਲ ਸਿੰਘ ਚੀਫ ਜੁਡੀਸ਼ੀਅਲ ਮੈਜਿਸਟਰੇਟ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਆਪਣੀ ਦੇਖਰੇਖ ਹੇਠ ਰਾਹਤ ਸਮੱਗਰੀ ਲੈ ਕੇ ਪਿੰਡ ਬੁੱਢਾ ਥੇਹ ਵਿਖੇ ਪੁੱਜੇ ਅਤੇ ਹੜ੍ਹ ਤੋਂ ਪ੍ਰਭਾਵਿਤ ਲੋਕਾਂ ਵਿੱਚ ਰਾਹਤ ਸਮੱਗਰੀ ਦੀ ਵੰਡ ਕੀਤੀ।



ਇਸ ਮੌਕੇ ਸ੍ਰੀ ਦਰਬਾਰੀ ਲਾਲ ਵਧੀਕ ਜ਼ਿਲ੍ਹਾ ਤੇ ਸ਼ੈਸ਼ਨ ਜੱਜ, ਮਿਸਜ ਮਨਦੀਪ ਕੌਰ ਪ੍ਰਿੰਸੀਪਲ ਜੱਜ ਫੈਮਿਲੀ ਕੋਰਟ, ਰਾਜੇਸ਼ ਕੁਮਾਰ ਵਧੀਕ ਜ਼ਿਲ੍ਹਾ ਤੇ ਸ਼ੈਸ਼ਨ ਜੱਜ, ਦਲਜੀਤ ਸਿੰਘ ਰਲਹਨ ਵਧੀਕ ਜ਼ਿਲ੍ਹਾ ਤੇ ਸ਼ੈਸ਼ਨ ਜੱਜ, ਗੁਰਮੋਹਨ ਸਿੰਘ ਵਧੀਕ ਜ਼ਿਲ੍ਹਾ ਤੇ ਸ਼ੈਸ਼ਨ ਜੱਜ, ਸੁਮਿੱਤ ਘਈ ਵਧੀਕ ਜ਼ਿਲ੍ਹਾ ਤੇ ਸ਼ੈਸ਼ਨ ਜੱਜ, ਰਣਧੀਰ ਵਰਮਾ ਵਧੀਕ ਜ਼ਿਲ੍ਹਾ ਤੇ ਸ਼ੈਸ਼ਨ ਜੱਜ, ਮਿਸਜ ਸੰਗੀਤਾ ਅਡੀਸ਼ਨਲ ਪ੍ਰਿੰਸੀਪਲ ਜੱਜ ਫੈਮਿਲੀ ਕੋਰਟ, ਰਵਿੰਦਰਜੀਤ ਸਿੰਘ ਬਾਜਵਾ ਵਧੀਕ ਜ਼ਿਲ੍ਹਾ ਤੇ ਸ਼ੈਸ਼ਨ ਜੱਜ, ਮਿਸਜ ਪਰਮਜੀਤ ਕੌਰ ਵਧੀਕ ਪ੍ਰਿੰਸੀਪਲ ਜੱਜ ਫੈਮਿਲੀ ਕੋਰਟ ਤੋਂ ਇਲਾਵਾ ਹਰ ਅਧਿਕਾਰੀ ਵੀ ਹਾਜ਼ਰ ਸਨ।

30-JULY-PAGE-4.qxd 7/29/2023 10:29 PM Page 1



# ਨਸ਼ਾ ਵਿਰੋਧੀ ਐਕਸ਼ਨ ਕਮੇਟੀ ਨੇ ਮੁੱਖ ਮੰਤਰੀ ਦੀ ਫੂਕੀ ਅਰਥੀ



**ਮਾਨਸਾ (ਆਤਮਾ ਸਿੰਘ ਪਮਾਰ)**-ਪਿਛਲੇ 14 ਦਿਨਾਂ ਤੋਂ ਪਰਵਿੰਦਰ ਸਿੰਘ ਝੋਟੇ ਦੀ ਗ੍ਰਿਫਤਾਰੀ ਅਤੇ ਨਸ਼ਾ ਬੰਦੀ ਨੂੰ ਲੈ ਕੇ ਐਕਸ਼ਨ ਕਮੇਟੀ ਦੀ ਅਗਵਾਈ ਵਿੱਚ ਚੱਲ ਰਹੇ ਰੋਸ ਧਰਨੇ ਦਾ ਰੁਖ ਬਦਲਦਿਆਂ ਐਕਸ਼ਨ ਕਮੇਟੀ ਹੁਣ ਜ਼ਿਲ੍ਹਾ ਪ੍ਰਸ਼ਾਸਨ ਦੇ ਨਾਲ ਨਾਲ ਸਰਕਾਰ ਦੁਆਲੇ ਵੀ ਹੋ ਗਈ ਹੈ।

ਪ੍ਰਬੰਧਕੀ ਕੰਪਲੈਕਸ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਰਥੀ ਫੂਕ ਕੇ ਖੁੱਲ੍ਹੇ ਆਮ ਸਰਕਾਰ ਵਿਰੋਧ ਦੀ ਸ਼ੁਰੂਆਤ ਕਰਦਿਆਂ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਆਗੂਆਂ ਨੇ ਦੋਸ਼ ਲਗਾਇਆ ਕਿ ਰਾਜ ਕਰਦੀ ਪਾਰਟੀ ਦੇ ਮੁਖ ਮੰਤਰੀ, ਮੰਤਰੀਆਂ, ਵਿਧਾਇਕਾਂ ਅਤੇ ਵਿਸ਼ੇਸ਼ ਕਰਕੇ ਸਥਾਨਕ ਆਗੂਆਂ ਦੀ ਚੁੱਪ ਸਪਸ਼ਟ ਕਰਦੀ ਹੈ ਕਿ ਕੁੱਤੀ ਚੋਰਾਂ ਨਾਲ ਰਲ ਚੁੱਕੀ ਹੈ। ਝੂਠੇ ਵਾਅਦਿਆਂ 'ਚ ਆਏ ਪੰਜਾਬ ਦੇ ਲੋਕ ਤਾਂ ਚੰਗੇ ਸਮਾਜ ਦੀ ਸਿਰਜਣਾ ਲਈ ਬਦਲਾਅ ਦੀ ਉਡੀਕ ਕਰ ਰਹੇ ਸਨ, ਪਰ ਆਪ ਦੀ ਸਰਕਾਰ ਨੇ ਨਸ਼ਾ ਤਸਕਰਾਂ ਦੀ ਪਿੱਠ ਥਾਪੜ ਕੇ ਲੋਕ ਮਾਰੂ ਰਾਜਵਿੰਦਰ ਸਿੰਘ ਰਾਣਾ ਨੇ ਦੱਸਿਆ ਕਿ ਪਰਵਿੰਦਰ ਸਿੰਘ ਝੋਟੇ 'ਤੇ ਦਰਜ ਪਰਚੇ ਸਬੰਧੀ ਏ ਡੀ ਜੀ ਪੀ ਵੱਲੋਂ ਕੀਤੀ ਕਾਨਫਰੰਸ ਸਪੱਸ਼ਟ ਕਰਦੀ ਹੈ ਕਿ ਹੁਣ ਜ਼ਿਲ੍ਹਾ ਪ੍ਰਸ਼ਾਸਨ ਦੇ ਨਾਲ ਨਾਲ ਪੰਜਾਬ ਸਰਕਾਰ ਵੀ ਨਸ਼ਾ ਬੰਦੀ ਦੀ ਮੁਹਿੰਮ ਨੂੰ ਰੋਕਣ ਵਿੱਚ ਲੱਗ ਗਈ ਹੈ। ਸਰਕਾਰ ਸਮੇਤ ਸਮਗਲਰਾਂ ਦੀ ਪੁਸ਼ਤਪਨਾਹੀ ਕਰਨ ਵਾਲੇ ਹਰ ਸ਼ਖ਼ਸ ਦਾ ਡਟਵਾਂ ਵਿਰੋਧ ਕਰਦਿਆਂ ਉਸ ਦੀਆਂ ਗੁਪਤ ਚਾਲਾਂ ਦਾ ਲੋਕਾਂ ਸਾਹਮਣੇ ਚੌਰਾਹੇ ਭਾਂਡਾ ਭੰਨਿਆ ਜਾਵੇਗਾ। ਇਸ ਕੜੀ ਤਹਿਤ ਇੱਕ ਅਗਸਤ ਤੋਂ ਹਰੇਕ ਪਿੰਡ ਵਿੱਚ ਨਸ਼ਾ ਰੋਕੂ ਕਮੇਟੀ ਦਾ ਗਠਨ ਕੀਤਾ ਜਾਵੇਗਾ ਤੇ ਨਾਲ ਹੀ ਹਰ ਪਿੰਡ/ਸ਼ਹਿਰ ਵਿੱਚ ਜ਼ਿਲ੍ਹੇ ਦੇ ਤਿੰਨਾਂ ਵਿਧਾਇਕਾਂ ਦੀਆਂ ਹਲਕੇ ਅਨਸਾਰ ਅਰਥੀਆਂ ਫੂਕੀਆਂ ਜਾਣਗੀਆਂ। ਇਸ ਮੌਕੇ ਭੋਲਾ ਸਿੰਘ ਸਮਾਓ ਤੇ ਕਾ. ਗੁਰਮੀਤ ਸਿੰਘ ਜੋਗਾ ਦੀ ਅਗਵਾਈ ਵਿੱਚ ਪਿੰਡ ਸਮਾਓ ਤੇ ਜੋਗਾ ਪਿੰਡ ਦੀਆਂ ਪੰਚਾਇਤਾਂ ਵੀ ਸ਼ਾਮਲ ਹੋਈਆਂ। ਇਨ੍ਹਾਂ ਪਿੰਡਾਂ ਤੋਂ ਪੁੱਜੇ ਵੱਡੀ ਗਿਣਤੀ ਲੋਕਾਂ ਨੇ ਕਿਹਾ ਕਿ ਉਹ ਹਰ ਪੱਖੋਂ ਮੋਰਚੇ ਦਾ ਸਾਥ ਦੇਣਗੇ। ਬਦਲਾਅ ਦਾ ਮੁੱਢ ਬੰਨ੍ਹ ਦਿੱਤਾ ਹੈ। ਆਗੂਆਂ ਕਿਹਾ ਜਿਸ ਮੁੱਦੇ ਦਾ ਪਿੰਡ ਪਿੰਡ ਰੌਲਾ ਪੈ ਰਿਹਾ ਹੈ ਅਤੇ ਨਸ਼ੇ ਨਾਲ ਮਰਨ ਵਾਲੇ ਨੌਜਵਾਨਾਂ ਦੀਆਂ ਮਾਵਾਂ ਵਿਰਲਾਪ ਕਰ ਕਰ ਅਧਮੋਈਆਂ ਹੋ ਰਹੀਆਂ ਹਨ, ਉਨ੍ਹਾਂ ਦੀਆਂ ਚੀਕਾਂ 'ਆਪ' ਸਰਕਾਰ ਨੂੰ ਸੁਣਾਈ ਹੀ ਨਹੀਂ ਦੇ ਰਹੀਆਂ। ਨਸ਼ਾ ਵਿਰੋਧੀ ਸਾਂਝੀ ਐਕਸ਼ਨ ਕਮੇਟੀ ਦੇ ਕਨਵੀਨਰ

# ਪੈਰਾਮਾਉਂਟ ਪਬਲਿਕ ਸਕੂਲ ਚੀਮਾ ਮੰਡੀ ਵਿਖੇ ਪੌਦੇ ਲਗਾਏ



**ਭੀਖੀ (ਧਰਮਵੀਰ ਸ਼ਰਮਾ)**-ਖੇਤਰ ਦੀ ਨਾਮਵਰ ਵਿੱਦਿਅਕ ਸੰਸਥਾ ਪੈਰਾਮਾਉਂਟ ਪਬਲਿਕ ਸਕੂਲ ਚੀਮਾ ਮੰਡੀ ਵਿਖੇ ਵਿਸ਼ਵ ਵਾਤਾਵਰਣ ਦੀ ਸਾਂਭ ਸੰਭਾਲ ਲਈ ਪੌਦੇ ਲਗਾਏ ਗਏ। ਤਿੰਨ-ਪੰਜਾਬ ਨੇਵਲ ਯੂਨਿਟ ਐੱਨ.ਸੀ.ਸੀ ਬਠਿੰਡਾ ਦੇ ਕਮਾਂਡਿੰਗ ਅਫਸਰ ਲੈਫਟੀਨੈਂਟ ਕਮਾਂਡਰ ਦੀਪਕਰਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਕੂਲ ਦੇ ਨੇਵਲ ਯੂਨਿਟ ਦੇ 25 ਵਿਦਿਆਰਥੀਆਂ ਨੇ ਇਸ ਗਤੀਵਿਧੀ 'ਚ ਭਾਗ ਲਿਆ। ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸਕੂਲ ਦੇ ਐੱਮ. ਡੀ. ਜਸਵੀਰ ਸਿੰਘ ਚੀਮਾ ਨੇ ਕਿਹਾ ਕਿ ਜੇਕਰ ਸ਼ੁੱਧ ਵਾਤਾਵਰਨ ਹੋਵੇਗਾ ਤਾਂ ਹੀ ਸਾਡੀ ਜ਼ਿੰਦਗੀ ਵਧੀਆ ਢੰਗ ਨਾਲ ਬਤੀਤ ਹੋਵੇਗੀ। ਉਨ੍ਹਾ ਕਿਹਾ ਕਿ ਵਾਤਾਵਰਣ ਨੂੰ ਬਚਾਉਣ ਲਈ ਵੱਧ ਤੋਂ ਵੱਧ ਪੌਦੇ ਲਗਾਉਣ ਦੀ ਜ਼ਰੂਰਤ ਹੈ। ਐੱਮ. ਡੀ. ਚੀਮਾ ਨੇ ਕਿਹਾ ਕਿ ਸਾਨੂੰ ਸਿਹਤਮੰਦ ਸਮਾਜ ਸਿਰਜਣ ਲਈ ਆਪਣੇ ਵਾਤਾਵਰਣ ਨੂੰ ਬਚਾਉਣ ਦੀ ਕੋਸ਼ਿਸ਼ ਕਰਨ ਵਿੱਚ ਵੱਡਾ ਯੋਗਦਾਨ ਪਾਉਣਾ ਚਾਹੀਦਾ ਹੈ ਤਾਂ ਕਿ ਸਾਡੀਆਂ ਅਗਲੀਆਂ ਨਸਲਾਂ ਸ਼ੁੱਧ ਵਾਤਾਵਰਨ ਵਿੱਚ ਰਹਿ ਸਕਣ। ਉਨ੍ਹਾ ਕਿਹਾ ਕਿ ਬੱਚੇ ਕੱਲ੍ਹ ਦਾ ਭਵਿੱਖ ਹਨ, ਇਸ ਲਈ ਹਰੇਕ ਨੂੰ ਇੱਕ ਇੱਕ ਪੌਦਾ ਲਗਾ ਕੇ ਉਸ ਦੀ ਸਾਂਭ ਸੰਭਾਲ ਕਰਨੀ ਚਾਹੀਦੀ ਹੈ। ਇਸ ਮੌਕੇ ਉਨ੍ਹਾਂ ਸਕੂਲ ਕੈਂਪਸ ਵਿੱਚ ਵੱਖ ਵੱਖ ਤਰ੍ਹਾਂ ਦੇ ਪੌਦੇ ਵੀ ਲਗਾਏ ਤੇ ਉਨ੍ਹਾਂ ਦੀ ਸਾਂਭ ਸੰਭਾਲ ਵੀ ਕਰਨ ਦਾ ਜ਼ਿੰਮਾ ਲਿਆ। ਇਸ ਮੌਕੇ ਪ੍ਰਿੰਸੀਪਲ ਸੰਜੇ ਕੁਮਾਰ, ਮੈਡਮ ਕਿਰਨਪਾਲ ਕੌਰ ਤੇ ਸਟਾਫ਼ ਮੌਜੂਦ ਸੀ।

## ਮਾਮਲਾ ਪਿੰਡਾਂ 'ਚ ਚਿੱਪ ਵਾਲੇ ਮੀਟਰ ਲਗਾਉਣ ਦਾ

# ਕਿਸਾਨਾਂ ਤੇ ਮਜ਼ਦੂਰਾਂ ਨੇ ਲੱਖਾ ਦਾ ਬਿਜਲੀ ਗਰਿੱਡ ਘੇਰਿਆ



**ਜਗਰਾਉਂ (ਸੰਜੀਵ ਅਰੋੜਾ)**-ਪਿੰਡ ਲੱਖਾ ਤੇ ਹਠੂਰ 'ਚ ਚੰਗੇ ਭਲੇ ਚਲਦੇ ਚਾਰ ਬਿਜਲੀ ਮੀਟਰ ਲਾਹ ਕੇ ਚਿੱਪ ਵਾਲੇ ਮੀਟਰ ਲਗਾਉਣ ਖਿਲਾਫ਼ ਲੱਖਾ ਤੇ ਹਠੂਰ ਪਿੰਡਾਂ ਦੇ ਕਿਸਾਨ ਮਜ਼ਦੂਰ ਮਰਦ ਔਰਤਾਂ ਨੇ ਲੱਖਾ ਬਿਜਲੀ ਗਰਿੱਡ ਘੇਰ ਲਿਆ। ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਬਲਾਕ ਪ੍ਰਧਾਨ ਤਰਸੇਮ ਸਿੰਘ ਬੱਸੂਵਾਲ, ਪੇਂਡੂ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਅਵਤਾਰ ਸਿੰਘ ਰਸੂਲਪੁਰ ਦੀ ਅਗਵਾਈ 'ਚ ਦਿਨ ਰਾਤ ਗਰਿੱਡ ਦਾ ਘਿਰਾਓ ਜਾਰੀ ਰਿਹਾ। ਇਸ ਸਮੇਂ ਸਾਰਾ ਦਿਨ ਧਰਨਾਕਾਰੀਆਂ ਤੇ ਐੱਸ. ਡੀ. ਓ. ਦਰਮਿਆਨ ਕਈ ਗੇੜ ਦੀ ਗੱਲਬਾਤ ਚਲਦੀ ਤੇ ਟੁੱਟਦੀ ਰਹੀ। ਇਸ ਲਈ ਗੱਲ ਕਿਸੇ ਤਰ੍ਹਾਂ ਹੱਲ ਨਾ ਹੁੰਦੀ ਵੇਖ ਕੇ ਮੰਗਾਂ ਮੰਨੇ ਜਾਣ ਤੱਕ ਧਰਨਾ ਅਣਮਿੱਥੇ ਸਮੇਂ ਲਈ ਜਾਰੀ ਰੱਖਣ ਦਾ ਫੈਸਲਾ ਐਲਾਨਣ 'ਤੇ ਸਿਵਲ ਤੇ ਪੁਲਸ ਪ੍ਰਸ਼ਾਸਨ ਮੁੜ ਹਰਕਤ 'ਚ ਆਇਆ। ਤੇਰਾਂ ਮਹੀਨੇ ਕਿਸਾਨ ਅੰਦੋਲਨ 'ਚੋਂ ਲੰਘੇ ਕਿਸਾਨਾਂ ਨੇ ਐਲਾਨ ਕੀਤਾ ਕਿ ਪਿੰਡਾਂ 'ਚ ਚਿੱਪ ਵਾਲੇ ਮੀਟਰ ਨਹੀਂ ਲੱਗਣ ਦਿੱਤੇ ਜਾਣਗੇ। ਇਸ ਸਮੇਂ ਰਾਤ ਨੂੰ ਪਿੰਡਾਂ 'ਚੋਂ ਲੰਗਰ, ਪਾਣੀ ਤੇ ਜ਼ਰੂਰੀ ਸਾਮਾਨ ਧਰਨੇ 'ਚ ਪਹੁੰਚਣਾ ਸ਼ੁਰੂ ਹੋ ਗਿਆ। ਇਸ ਦੌਰਾਨ ਪਿੰਡ ਅਖਾੜਾ 'ਚ ਵੀ ਕਿਸਾਨ ਜਥੇਬੰਦੀਆਂ ਤੇ ਲੋਕਾਂ ਨੇ ਚਿੱਪ ਵਾਲੇ ਮੀਟਰ ਲਾਹ ਕੇ ਰੂਮੀ ਬਿਜਲੀ ਦਫ਼ਤਰ ਨੂੰ ਇੱਕਠੇ ਹੋ ਕੇ ਮੋੜ ਆਂਦੇ। ਰਾਤ ਬਾਰਾਂ ਵਜੇ ਐੱਸ. ਡੀ. ਓ. ਲੱਖਾ ਰਵੀ ਕੁਮਾਰ, ਐਕਸੀਅਨ ਰਾਏਕੋਟ ਕੁਲਵੰਤ ਸਿੰਘ ਤੇ ਵੱਡੀ ਗਿਣਤੀ ਪੁਲਸ ਅਧਿਕਾਰੀਆਂ ਦੀ ਹਾਜ਼ਰੀ 'ਚ ਫੈਸਲਾ ਹੋਇਆ ਕਿ ਪਿੰਡ ਲੱਖਾ ਤੇ ਹਠੂਰ ਵਿਖੇ ਲਗਾਏ ਚਿੱਪ ਵਾਲੇ ਮੀਟਰ ਲਾਹ ਕੇ ਪੁਰਾਣੇ ਮੀਟਰ ਭਲਕੇ ਬਾਰਾਂ ਵਜੇ ਤੋਂ ਪਹਿਲਾਂ ਪਹਿਲਾਂ ਲਗਾ ਦਿੱਤੇ ਜਾਣਗੇ। ਇਸ ਸਮੇਂ ਪੇਂਡੂ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਅਵਤਾਰ ਸਿੰਘ ਰਸੂਲਪੁਰ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਦੇਹੜਕਾ, ਜ਼ਿਲ੍ਹਾ ਸਕੱਤਰ ਇੰਦਰਜੀਤ ਸਿੰਘ ਧਾਲੀਵਾਲ, ਬਲਾਕ ਪ੍ਰਧਾਨ ਤਰਸੇਮ ਸਿੰਘ ਬੱਸੂਵਾਲ, ਪਿੰਡ ਇਕਾਈ ਪ੍ਰਧਾਨ ਬਹਾਦਰ ਸਿੰਘ ਲੱਖਾ, ਸਰਪੰਚ ਲੱਖਾ ਜਸਵੀਰ ਸਿੰਘ, ਸੁਖਦੇਵ ਸਿੰਘ ਮਾਣੂੰਕੇ ਤੇ ਸਾਧੂ ਸਿੰਘ ਅੱਚਰਵਾਲ ਆਦਿ ਹਾਜ਼ਰ ਸਨ। ਇਸ ਸਮੇਂ ਐਕਸੀਅਨ ਰਾਏਕੋਟ ਕੁਲਵੰਤ ਸਿੰਘ ਨੇ ਧਰਨਾਕਾਰੀਆਂ ਨੂੰ ਧਰਨੇ 'ਚ ਆ ਕੇ ਮਾਈਕ 'ਤੇ ਬੋਲਦਿਆਂ ਭਲਕੇ ਚਿੱਪ ਵਾਲੇ ਮੀਟਰ ਲਾਹੁਣ ਤੇ ਪੁਰਾਣੇ ਲਗਾ ਦੇਣ ਦਾ ਭਰੋਸਾ ਦੇਣ ਤੋਂ ਬਾਅਦ ਧਰਨਾ ਖਤਮ ਕੀਤਾ ਗਿਆ।

## ਕਾਤਰਾਂ

### ਜ਼ਿਲ੍ਹਾ ਸਿੱਖਿਆ ਅਫਸਰ ਮੁਅੱਤਲ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ ਸਿੱਖਿਆ) ਸੁਸ਼ੀਲ ਨਾਥ ਨੂੰ ਵਿਭਾਗ ਵੱਲੋਂ ਮੁਅੱਤਲ ਕਰਨ ਦਾ ਸਮਾਚਾਰ ਹੈ। ਜਾਣਕਾਰੀ ਅਨੁਸਾਰ ਸੁਸ਼ੀਲ ਨਾਥ ਨੂੰ ਡਿਊਟੀ ਪ੍ਰਤੀ ਅਣਗਹਿਲੀ ਵਰਤਣ ਦੇ ਦੋਸ਼ਾਂ ਤਹਿਤ ਸਕੂਲ ਸਿੱਖਿਆ ਵਿਭਾਗ ਦੀ ਵਧੀਕ ਮੁੱਖ ਸਕੱਤਰ ਸੀਮਾ ਜੈਨ ਦੇ ਹੁਕਮਾਂ 'ਤੇ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਗਿਆ ਹੈ।

### ਦਿਨ-ਦਿਹਾੜੇ ਹਥਿਆਰਾਂ ਦੀ ਨੋਕ 'ਤੇ ਦੁਕਾਨਦਾਰ ਲੁੱਟਿਆ

**ਮਲੋਟ (ਗੁਰਮੀਤ ਸਿੰਘ ਮੱਕੜ)**-ਸ਼ਹਿਰ ਨੇੜਲੇ ਪਿੰਡ ਦਾਨੇਵਾਲਾ ਦੇ ਚੌਕ ਵਿਖੇ ਸਥਿਤ ਇੱਕ ਮਨੀ ਟਰਾਂਸਫ਼ਰ ਦੀ ਦੁਕਾਨ ਤੋਂ ਇੱਕ ਕਾਰ ਸਵਾਰ ਨੌਜਵਾਨ ਦਿਨ ਦਿਹਾੜੇ ਹਥਿਆਰਾਂ ਦੀ ਨੋਕ 'ਤੇ 40 ਹਜ਼ਾਰ ਦੇ ਕਰੀਬ ਨਕਦੀ ਖੋਹ ਕੇ ਫਰਾਰ ਹੋ ਗਏ। ਦੁਕਾਨਦਾਰ ਸਾਹਿਲ ਨੇ ਦੱਸਿਆ ਕਿ ਉਸ ਦੀ ਸਨਰਾਇਸ ਕੰਪਿਊਟਰ ਨਾਮ ਦੀ ਦੁਕਾਨ ਹੈ ਤੇ ਉਹ ਮਨੀ ਟਰਾਂਸਫ਼ਰ ਦਾ ਕੰਮ ਕਰਦਾ ਹੈ। ਉਸ ਨੇ ਦੱਸਿਆ ਕਿ ਦੁਪਹਿਰ ਸਮੇਂ ਉਸ ਦੀ ਦੁਕਾਨ ਵਿੱਚ ਦੋ ਨੌਜਵਾਨ ਦਾਖਲ ਹੋਏ, ਜਿਨ੍ਹਾਂ ਨੇ ਹਥਿਆਰ ਦਿਖਾ ਕੇ ਗੱਲ੍ਹੇ ਵਿੱਚ ਪਏ 40 ਹਜ਼ਾਰ ਦੇ ਕਰੀਬ ਨਕਦੀ ਖੋਹ ਕੇ ਫਰਾਰ ਹੋ ਗਏ। ਸੂਚਨਾ ਮਿਲਦੇ ਹੀ ਥਾਣਾ ਸਿਟੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਮਾਮਲੇ ਸਬੰਧੀ ਗੱਲਬਾਤ ਕਰਦਿਆਂ ਸ੍ਰੀ ਮੁਕਤਸਰ ਸਾਹਿਬ ਦੇ ਐੱਸ. ਪੀ. ਰਮਨਦੀਪ ਸਿੰਘ ਭੁੱਲਰ ਨੇ ਕਿਹਾ ਕਿ ਲੁੱਟ ਦੀ ਵਾਰਦਾਤ ਸਬੰਧੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਤੇ ਜਲਦ ਹੀ ਇਸ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਵਿਅਕਤੀਆਂ ਨੂੰ ਕਾਬੂ ਕਰ ਲਿਆ ਜਾਵੇਗਾ।

### ਵਿਸ਼ਵ ਕੁਦਰਤੀ ਸੰਰਖਿਅਕ ਦਿਵਸ ਮਨਾਇਆ

**ਜਗਰਾਉਂ (ਅਮਿਤ ਖੰਨਾ)**-ਸ੍ਰੀਮਤੀ ਸਤੀਸ਼ ਗੁਪਤਾ ਸਰਵਹਿੱਤਕਾਰੀ ਵਿੱਦਿਆ ਮੰਦਿਰ ਸੀ. ਸੈ. ਸਕੂਲ ਜਗਰਾਉਂ ਵਿਖੇ ਵਿਸ਼ਵ ਕੁਦਰਤੀ ਸੰਰਖਿਅਕ ਦਿਵਸ ਬਾਰੇ ਜਾਗਰੂਕ ਕਰਨ ਲਈ ਪ੍ਰਿੰਸੀਪਲ ਸ਼੍ਰੀਮਤੀ ਨੀਲੂ ਨਰੂਲਾ ਦੀ ਯੋਗ ਅਗਵਾਈ ਅਧੀਨ "ਵਿਸ਼ਵ ਕੁਦਰਤੀ ਸੰਰਖਿਅਕ ਦਿਵਸ" ਮਨਾਇਆ ਗਿਆ। ਦਿਵਸ ਦੀ ਸ਼ੁਰੂਆਤ ਮਾਂ ਸਰਸਵਤੀ ਦੇ ਅਸ਼ੀਰਵਾਦ ਨਾਲ ਕੀਤੀ ਗਈ। ਫਿਰ ਅਧਿਆਪਕਾ ਸੁਮਨ ਨੇ ਬੱਚਿਆਂ ਨੂੰ ਦੱਸਿਆ ਕਿ ਇਹ ਦਿਵਸ ਹਰ ਸਾਲ 28 ਜੁਲਾਈ ਨੂੰ ਕੁਦਰਤ ਦੀ ਰਾਖੀ ਤੇ ਕੁਦਰਤੀ ਸਰੋਤਾਂ ਦੀ ਸੰਭਾਲ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਮਨਾਇਆ ਜਾਂਦਾ ਹੈ। ਇਸ ਦਿਨ ਦਾ ਉਦੇਸ਼ ਸਾਡੇ ਵਾਤਾਵਰਣ ਦੀ ਰੱਖਿਆ ਲਈ ਸਭ ਤੋਂ ਵਧੀਆ ਉਪਰਾਲਿਆਂ ਨੂੰ ਉਤਸ਼ਾਹਤ ਕਰਨਾ ਹੈ। ਉਪਰੰਤ ਤੀਸਰੀ, ਚੌਥੀ ਤੇ ਪੰਜਵੀਂ ਜਮਾਤ ਦੇ ਬੱਚਿਆਂ ਵੱਲੋਂ ਦਿਵਸ ਨਾਲ ਸੰਬੰਧਤ ਕਵਿਤਾਵਾਂ ਦਾ ਪ੍ਰਦਰਸ਼ਨ ਕੀਤਾ ਗਿਆ। ਅੰਤ ਵਿੱਚ ਬੱਚਿਆਂ ਨੂੰ ਪ੍ਰਮਾਣ ਪੱਤਰ ਦੇ ਕੇ ਹੌਸਲਾ ਅਫਜ਼ਾਈ ਕੀਤੀ ਗਈ।

### ਮਾਂਗੇਵਾਲ ਧਰਮਸ਼ਾਲਾ ਨੂੰ ਬਰਤਨ ਭੇਟ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਭਾਈ ਪਰਮਜੀਤ ਸਿੰਘ ਖਾਲਸਾ ਅੰਤ੍ਰਿੰਗ ਮੈਂਬਰ ਸ਼੍ਰੋਮਣੀ ਕਮੇਟੀ ਵੱਲੋਂ ਰਵਿਦਾਸ ਧਰਮਸ਼ਾਲਾ ਪ੍ਰਬੰਧਕ ਕਮੇਟੀ ਮਾਂਗੇਵਾਲ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਬਰਤਨ ਭੇਟ ਕੀਤੇ ਗਏ। ਇਸ ਸਮੇਂ ਭਾਈ ਖਾਲਸਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਹਰ ਧਰਮ ਦਾ ਬਰਾਬਰ ਸਤਿਕਾਰ ਕਰਦੀ ਹੈ, ਕਿਉਂਕਿ ਸਿੱਖ ਧਰਮ ਜਾਤ-ਪਾਤ 'ਚ ਵਿਸ਼ਵਾਸ ਨਹੀਂ ਰੱਖਦਾ। ਉਨ੍ਹਾ ਕਿਹਾ ਕਿ ਸਾਨੂੰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ 'ਤੇ ਚਲਦਿਆਂ ਆਪਣੀ ਕਿਰਤ ਕਮਾਈ ਵਿੱਚੋਂ ਦਸਵੰਦ ਕੱਢ ਕੇ ਲੋੜਵੰਦਾਂ, ਬੇਸਹਾਰਾ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ। ਸ਼੍ਰੋਮਣੀ ਕਮੇਟੀ ਲੋਕਾਂ ਦੀ ਹਰ ਪ੍ਰਕਾਰ ਦੀ ਸੇਵਾ 'ਚ ਹਰ ਸਮੇਂ ਤਿਆਰ ਬਰ ਤਿਆਰ ਹੈ। ਇਸ ਮੌਕੇ ਪ੍ਰਬੰਧਕਾਂ ਵੱਲੋਂ ਜਥੇਦਾਰ ਪਰਮਜੀਤ ਸਿੰਘ ਖਾਲਸਾ ਨੂੰ ਸਨਮਾਨਤ ਕੀਤਾ ਗਿਆ।

### ਭਾਜਪਾ 'ਚ ਸ਼ਾਮਲ ਹੋਣ 'ਤੇ ਜਾਖੜ ਵੱਲੋਂ ਸਨਮਾਨ

**ਅਮਲੋਹ, ਮੰਡੀ ਗੋਬਿੰਦਗੜ੍ਹ (ਲਖਵੀਰ ਸਿੰਘ, ਹਰਚਰਨ ਉੱਪਲ)**-ਆਮ ਆਦਮੀ ਪਾਰਟੀ ਨੂੰ ਉਸ ਸਮੇਂ ਝਟਕਾ ਲੱਗਾ, ਜਦੋਂ ਮੰਡੀ ਗੋਬਿੰਦਗੜ੍ਹ ਤੋਂ ਆਮ ਆਦਮੀ ਪਾਰਟੀ ਦੇ ਜਸਪਾਲ ਜੱਸਾ ਸ਼ਰਮਾ, ਭੁਪਿੰਦਰ ਵਰਮਾ, ਬਿੱਲਾ ਵਰਮਾ ਸਮੇਤ ਭਾਰੀ ਗਿਣਤੀ 'ਚ ਰਾਜਨੀਤਕ ਪਾਰਟੀਆਂ ਦੇ ਨੁਮਾਇੰਦੇ ਭਾਜਪਾ ਵਿੱਚ ਸ਼ਾਮਲ ਹੋਏ, ਜਿਨ੍ਹਾਂ ਦਾ ਭਾਜਪਾ ਪੰਜਾਬ ਦੇ ਪ੍ਰਧਾਨ ਸੁਨੀਲ ਜਾਖੜ ਨੇ ਪਾਰਟੀ 'ਚ ਸ਼ਾਮਲ ਹੋਣ 'ਤੇ ਸਨਮਾਨ ਕੀਤਾ ਤੇ ਹਰ ਸਹਿਯੋਗ ਦਾ ਭਰੋਸਾ ਦਿੱਤਾ। ਉਨ੍ਹਾ ਕਿਹਾ ਕਿ ਭਾਜਪਾ 'ਚ ਸ਼ਾਮਲ ਹੋਣ ਵਾਲਿਆਂ ਦਾ ਮਾਣ ਸਨਮਾਨ ਬਰਕਰਾਰ ਰੱਖਿਆ ਜਾਵੇਗਾ।



# ਮਨੀਪੁਰ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਜਥੇਬੰਦੀਆਂ ਵੱਲੋਂ ਕੈਂਡਲ ਮਾਰਚ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਿਛਲੇ ਦਿਨੀਂ ਮਨੀਪੁਰ ਵਿਖੇ ਫਿਰਕੂ ਲੋਕਾਂ ਵੱਲੋਂ ਇਕੱਠੇ ਹੋ ਕੇ ਕੁੱਕੀ ਸਮਾਜ ਦੀਆਂ ਔਰਤਾਂ ਨਾਲ ਵਧੀਕੀਆਂ, ਜਬਰ ਜ਼ਿਨਾਹ, ਗੁੰਡਾਗਰਦੀ ਦਾ ਨੰਗਾ ਨਾਚ ਕਰਨ ਵਾਲੇ ਦਰਿੰਦਿਆਂ ਨੂੰ ਫਾਹੇ ਲਗਾਉਣ ਲਈ ਮਾਛੀਵਾੜਾ ਵਿਖੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਕੈਂਡਲ ਮਾਰਚ ਕੱਢਿਆ। ਇਸ ਮੌਕੇ ਹਲਕਾ ਇੰਚਾਰਜ ਗੁਰਪ੍ਰੀਤ ਸਿੰਘ ਮਾਨ, ਪਰਮਜੀਤ ਸਿੰਘ ਨੀਲੋਂ ਨੇ ਦੱਸਿਆ ਕਿ ਮਨੀਪੁਰ ਘਟਨਾ ਸਬੰਧੀ ਤੁਰੰਤ ਸਰਕਾਰ ਨੂੰ ਬਰਖ਼ਾਸਤ ਕੀਤਾ ਕਰਨਾ ਚਾਹੀਦਾ ਹੈ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਆਪਣੇ ਪਦ ਤੋਂ ਤੁਰੰਤ ਅਸਤੀਫ਼ਾ ਦੇਵੇ। ਆਗੂਆਂ ਨੇ ਦਰਿੰਦਗੀ ਕਰਨ ਵਾਲੇ ਵਿਅਕਤੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਫਾਂਸੀ ਦੀ ਸਜ਼ਾ ਦੇਣ ਦੀ ਮੰਗ ਕੀਤੀ ਤਾਂ ਜੋ ਪੀੜਤਾਂ ਨੂੰ ਇਨਸਾਫ਼ ਮਿਲ ਸਕੇ। ਇਹ ਕੈਂਡਲ ਮਾਰਚ ਸਥਾਨਕ ਚਰਨ ਕੰਵਲ ਚੌਕ ਤੋਂ ਗਾਂਧੀ ਚੌਕ ਤੱਕ ਕੱਢਿਆ ਗਿਆ, ਜਿਸ ਵਿੱਚ ਸੈਂਕੜੇ ਦੀ ਗਿਣਤੀ 'ਚ ਲੋਕਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਬਸਪਾ ਆਗੂ ਦਲਵੀਰ ਸਿੰਘ ਮੰਡਿਆਲਾ, ਕੁਲਵੰਤ ਕੌਰ ਨੀਲੋਂ, ਅਮਰ ਨਾਥ ਕੂੰਮਕਲਾਂ, ਗੁਰਦੀਪ ਸਿੰਘ ਮਾਨ, ਪਾਲ ਸਿੰਘ, ਛਿੰਦਰਪਾਲ ਗੜ੍ਹੀ ਬੇਟ, ਹਰੀ ਰਾਮ ਭੱਟੀ, ਰਾਮ ਸਿੰਘ ਕਾਲੜਾ, ਹਰਨੇਕਪਾਲ ਸਿੰਘ, ਰਵਿੰਦਰਪਾਲ ਸਿੰਘ, ਸ਼ਿੰਦਰਪਾਲ ਕੌਰ ਹੇਡੋਂ, ਭੁਪਿੰਦਰ ਕੌਰ, ਪੁਸ਼ਪਾ ਦੇਵੀ, ਪਾਲੋ, ਚਰਨਜੀਤ ਕੌਰ, ਗੁਰਮੇਜ ਕੌਰ, ਸੰਦੀਪ ਸਿੰਘ, ਨਿਰਮਲ ਸਿੰਘ, ਅਵਤਾਰ ਸਿੰਘ, ਮਹਿੰਦਰ ਸਿੰਘ ਗੜ੍ਹੀ ਬੇਟ, ਪੂੰਨ ਮਹਿਰਾ, ਰਾਹੁਲ ਸੰਧੂ, ਵਰਿੰਦਰ ਸਿੰਘ, ਬਲਵੀਰ ਸਿੰਘ ਸਮਰਾਲਾ, ਕਾਮਰੇਡ ਉਜਾਗਰ ਸਿੰਘ, ਸੂਬੇਦਾਰ ਜੋਗਿੰਦਰ ਸਿੰਘ ਆਦਿ ਹਾਜ਼ਰ ਸਨ।

# ਬਾਰ ਐਸੋਸੀਏਸ਼ਨ ਨੇ ਐਡਵੋਕੇਟ ਪ੍ਰੋਟੈਕਸ਼ਨ ਐਕਟ ਬਿੱਲ ਪਾਸ ਕਰਵਾਉਣ ਸੰਬੰਧੀ ਵਿਧਾਇਕ ਨੂੰ ਸੌਂਪਿਆ ਪੱਤਰ



**ਅਮਲੋਹ (ਲਖਵੀਰ ਸਿੰਘ)**

ਹਲਕਾ ਅਮਲੋਹ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜ੍ਹਿੰਗ ਨੂੰ ਬਾਰ ਐਸੋਸੀਏਸ਼ਨ ਅਮਲੋਹ ਨੇ ਪ੍ਰਧਾਨ ਅਮਰੀਕ ਸਿੰਘ ਔਲਖ ਦੀ ਅਗਵਾਈ ਵਿੱਚ ਐਡਵੋਕੇਟ ਪ੍ਰੋਟੈਕਸ਼ਨ ਐਕਟ ਦੇ ਖਰੜੇ ਦੀ ਕਾਪੀ ਪੰਜਾਬ ਐਸੰਬਲੀ ਵਿੱਚ ਪਾਸ ਕਰਾਉਣ ਲਈ ਦਿੱਤੀ। ਇਸ ਮੌਕੇ ਪ੍ਰਧਾਨ ਔਲਖ ਨੇ ਦੱਸਿਆ ਕਿ ਪਿਛਲੇ ਦਿਨਾਂ ਵਿੱਚ ਐਡਵੋਕੇਟਸ 'ਤੇ ਹਮਲੇ ਦੀਆਂ ਘਟਨਾਵਾਂ ਸਾਹਮਣੇ ਆਇਆ ਹਨ, ਜਿਨ੍ਹਾਂ ਨੂੰ ਰੋਕਣ ਲਈ ਬਾਰ ਕਾਊਂਸਲ ਪੰਜਾਬ ਤੇ ਹਰਿਆਣਾ ਨੇ ਐਕਟ ਡ੍ਰਾਫਟ ਕੀਤਾ ਹੈ ਅਤੇ ਸਾਰੀਆ ਬਾਰ ਐਸੋਸੀਏਸ਼ਨਜ਼ ਨੂੰ ਭੇਜਿਆ ਗਿਆ ਹੈ। ਉਨ੍ਹਾ ਕਿਹਾ ਕਿ ਰਾਜਸਥਾਨ ਐਸੰਬਲੀ ਨੇ ਪਹਿਲਾਂ ਹੀ ਇਹ ਐਕਟ ਪਾਸ ਕਰ ਦਿੱਤਾ ਹੈ, ਜਿਸ ਦੇ ਤਹਿਤ ਬਾਰ ਕਾਊਂਸਲ ਪੰਜਾਬ ਤੇ ਹਰਿਆਣਾ ਨੇ ਵੀ ਐਕਟ ਦਾ ਡ੍ਰਾਫਟ ਤਿਆਰ ਕੀਤਾ ਹੈ, ਜਿਸ ਕਰਕੇ ਵਿਧਾਇਕ ਗੈਰੀ ਬੜ੍ਹਿੰਗ ਨੂੰ ਐਕਟ ਦੇ ਖਰੜੇ ਦੀ ਕਾਪੀ ਦਿੱਤੀ ਗਈ, ਉੱਥੇ ਹੀ ਵਿਧਾਇਕ ਨੇ ਭਰੋਸਾ ਦਿੱਤਾ ਕਿ ਆਉਣ ਵਾਲੇ ਪੰਜਾਬ ਐਸੰਬਲੀ ਦੇ ਸੈਸ਼ਨ ਵਿੱਚ ਐਕਟ ਨੂੰ ਪਾਸ ਕਰਵਇਆ ਜਾਵੇਗਾ।

ਇਸ ਮੌਕੇ ਬਾਰ ਐਸੋਸੀਏਸ਼ਨ ਅਮਲੋਹ ਦੇ ਪ੍ਰਧਾਨ ਅਮਰੀਕ ਸਿੰਘ ਔਲਖ ਤੋਂ ਇਲਾਵਾ ਐਡਵੋਕੇਟ ਸਤਨਾਮ ਸਿੰਘ ਭਗੜਾਣਾ, ਐਡਵੋਕੇਟ ਅਮਰੀਕ ਸਿੰਘ ਬਿਲਿੰਗ, ਐਡਵੋਕੇਟ ਮੇਵਾ ਸਿੰਘ, ਐਡਵੋਕੇਟ ਗੋਪਾਲ ਕ੍ਰਿਸ਼ਨ ਗਰਗ, ਐਡਵੋਕੇਟ ਯਾਦਵਿੰਦਰ ਸਿੰਘ, ਐਡਵੋਕੇਟ ਮੋਹਿਤ ਪੁਰੀ, ਐਡਵੋਕੇਟ ਚਰਨਜੀਤ ਸਿੰਘ ਅਰੋੜਾ, ਐਡਵੋਕੇਟ ਅਜੇ ਮਸਾਲ ਆਦਿ ਮੌਜੂਦ ਸਨ।

# ਵਾਤਾਵਰਣ ਨੂੰ ਬਚਾਉਣ ਲਈ ਹਲਕਾ ਵਾਸੀ ਵੱਧ ਤੋਂ ਵੱਧ ਪੌਦੇ ਲਗਾਉਣ : ਚੇਅਰਮੈਨ ਜੱਸੀ ਸੋਹੀਆਂ ਵਾਲਾ



**ਨਾਭਾ (ਵਰਿੰਦਰ ਵਰਮਾ)**-ਲਾਇਨਜ਼ ਕਲੱਬ ਨਾਭਾ ਵੱਲੋਂ ਲਾਇਨਜ਼ ਇੰਟਰਨੈਸ਼ਨਲ ਦੇ ਨਿਰਦੇਸ਼ਾਂ ਅਨੁਸਾਰ ਵਾਤਾਵਰਨ ਸਪਤਾਹ ਮਨਾਉਂਦੇ ਹੋਏ ਵਾਤਾਵਰਨ ਨੂੰ ਸਾਫ ਸੁਥਰਾ ਤੇ ਹਰਾ ਭਰਾ ਬਣਾਉਣ ਲਈ ਕਲੱਬ ਪ੍ਰਧਾਨ ਸੁਭਾਸ਼ ਸਹਿਗਲ ਦੀ ਅਗਵਾਈ ਹੇਠ ਹੀਰਾ ਇਨਕਲੇਵ ਪੁੱਡਾ ਵਿੱਚ 100 ਪੌਦੇ ਲਗਾਏ ਗਏ। ਇਸ ਮੌਕੇ ਜੱਸੀ ਸੋਹੀਆਂ ਵਾਲਾ (ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ, ਪਟਿਆਲਾ) ਉਚੇਚੇ ਤੌਰ 'ਤੇ ਪਹੁੰਚੇ। ਇਸ ਮੌਕੇ ਜੱਸੀ ਨੇ ਲਾਇਨਜ਼ ਕਲੱਬ ਨਾਭਾ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਲਾਇਨਜ਼ ਕਲੱਬ ਨਾਭਾ ਹਮੇਸ਼ਾ ਹੀ ਭਲਾਈ ਦੇ ਕੰਮਾਂ ਵਿੱਚ ਮੋਹਰੀ ਰਹਿੰਦਾ ਹੈ। ਉਨ੍ਹਾ ਕਿਹਾ ਕਿ ਦੁਨੀਆ ਭਰ ਵਿਚ ਪ੍ਰਦੂਸ਼ਣ ਦਾ ਪੱਧਰ ਵੱਧ ਚੁੱਕਾ ਹੈ, ਇਸ ਲਈ ਵਾਤਾਵਰਣ ਨੂੰ ਬਚਾਉਣ ਲਈ ਹਲਕਾ ਵਾਸੀ ਵੱਧ ਤੋਂ ਵੱਧ ਪੌਦੇ ਲਗਾਉਣ, ਤਾਂ ਜੋ ਇਸ ਨਾਲ ਆਉਣ ਵਾਲੀ ਪੀੜ੍ਹੀ ਦਾ ਭਵਿੱਖ ਵੀ ਬਿਹਤਰ ਹੋ ਸਕੇ। ਇਸ ਮੌਕੇ ਹੀਰਾ ਇਨਕਲੇਵ ਪੁੱਡਾ ਦੇ ਪ੍ਰਧਾਨ ਮੁਨੀਸ਼ ਕੁਮਾਰ ਨੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਲਾਇਨਜ਼ ਕਲੱਬ ਨਾਭਾ ਦੇ ਪ੍ਰਧਾਨ ਲਾਇਨ ਸੁਭਾਸ਼ ਸਹਿਗਲ, ਜਰਨਲ ਸਕੱਤਰ ਸੰਨੀ ਸਿੰਗਲਾ, ਲਾਇਨ ਪ੍ਰੋ. ਸੁਰਿੰਦਰ ਬੀਰ ਸਿੰਘ ਸੇਠੀ, ਲਾਇਨ ਰਾਜੇਸ਼ ਬਾਂਸਲ, ਲਾਇਨ ਗੁਰਮੀਤ ਸਿੰਘ, ਲਾਇਨ ਰਿਸ਼ਭ ਸਹਿਗਲ ਤੇ ਲਾਇਨ ਸੋਮ ਨਾਥ ਢੱਲ ਆਦਿ ਮੈਂਬਰ ਮੌਜੂਦ ਸਨ।

# ਪ੍ਰੈੱਸ ਕਲੱਬ ਵੱਲੋਂ ਤੁਲਸੀ ਵੰਡ ਸਮਾਰੋਹ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸਥਾਨਕ ਤਹਿਸੀਲ ਪਾਰਕ ਵਿਖੇ ਪ੍ਰੈੱਸ ਕਲੱਬ ਸਮਾਣਾ ਵੱਲੋਂ ਤੁਲਸੀ ਵੰਡ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਉਚੇਚੇ ਤੌਰ 'ਤੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਸ਼ਿਰਕਤ ਕੀਤੀ। ਇਸ ਮੌਕੇ ਕੈਬਨਿਟ ਮੰਤਰੀ ਨੇ ਕਿਹਾ ਕਿ ਪ੍ਰੈੱਸ ਕਲੱਬ ਦਾ ਇਹ ਬਹੁਤ ਵਧੀਆ ਉਪਰਾਲਾ ਹੈ। ਉਨ੍ਹਾ ਕਿਹਾ ਕਿ ਸਾਵਣ ਦੇ ਮਹੀਨੇ ਵਿੱਚ ਤੁਲਸੀ ਦਾ ਬੂਟਾ ਬੜਾ ਸ਼ੁੱਭ ਮੰਨਿਆ ਜਾਂਦਾ ਹੈ। ਤੁਲਸੀ ਦੇ ਬੂਟੇ ਵਾਤਾਵਰਨ ਨੂੰ ਸ਼ੁੱਧ ਕਰਦੇ ਹਨ ਤੇ ਤੁਲਸੀ ਦਾ ਪੱਤਾ ਰੋਜ਼ਾਨਾ ਸੇਵਨ ਕਰਨ ਨਾਲ ਆਦਮੀ ਬਹੁਤ ਸਾਰੀਆਂ ਬੀਮਾਰੀਆਂ ਤੋਂ ਦੂਰ ਹੋ ਜਾਂਦਾ ਹੈ। ਇਸ ਮੌਕੇ ਪ੍ਰੈੱਸ ਕਲੱਬ ਦੇ ਚੇਅਰਮੈਨ ਪਵਨ ਸ਼ਾਸਤਰੀ ਪ੍ਰੈੱਸ ਕਲੱਬ ਦੇ ਪ੍ਰਧਾਨ ਕੈਲਾਸ਼ ਸ਼ਰਮਾ ਤੇ ਪ੍ਰੈੱਸ ਕਲੱਬ ਅਤੇ ਸਮੂਹ ਪੱਤਰਕਾਰ ਭਾਈਚਾਰੇ ਵੱਲੋਂ ਕੈਬਨਿਟ ਮੰਤਰੀ ਨੂੰ ਫੁੱਲਾਂ ਦਾ ਬੁੱਕਾ ਦੇ ਕੇ ਸਨਮਾਨਤ ਕੀਤਾ ਗਿਆ। ਕੈਬਨਿਟ ਮੰਤਰੀ ਨੇ ਕਿਹਾ ਕਿ ਨਗਰ ਕੌਂਸਲ ਵੱਲੋਂ ਪ੍ਰੈੱਸ ਕਲੱਬ ਲਈ ਜਗ੍ਹਾ ਦੀ ਮਨਜ਼ੂਰੀ ਲਵੋ ਤੇ ਮੇਰੇ ਵੱਲੋਂ ਉਸ ਨੂੰ ਜਲਦ ਬਣਾ ਦਿੱਤਾ ਜਾਵੇਗਾ।

# ਨਗਰ ਕੌਂਸਲ ਰਾਮਾ ਵਿਖੇ ਮੀਤ ਪ੍ਰਧਾਨ ਨਾਲ ਧੱਕੇਸ਼ਾਹੀ ਦਾ ਮਾਮਲਾ ਪਹੁੰਚਿਆ ਐੱਸ ਐੱਸ ਪੀ ਦਰਬਾਰ



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਨਗਰ ਕੌਂਸਲ ਰਾਮਾ ਵਿਖੇ ਚੱਲ ਰਹੀ ਖਿੱਚ-ਤਾਣ ਦਾ ਮਾਮਲਾ ਹੁਣ ਐੱਸ ਐੱਸ ਪੀ ਦੇ ਦਰਬਾਰ ਪਹੁੰਚ ਚੁੱਕਿਆ ਹੈ। ਅੱਜ ਜ਼ਿਲ੍ਹਾ ਕਾਂਗਰਸ ਕਮੇਟੀ ਸ਼ਹਿਰੀ ਦੇ ਜ਼ਿਲ੍ਹਾ ਪ੍ਰਧਾਨ ਰਾਜਨ ਗਰਗ ਦੀ ਅਗਵਾਈ ਵਿੱਚ ਕਾਂਗਰਸ ਦੀ ਲੀਡਰਸ਼ਿਪ ਵੱਲੋਂ ਐੱਸ ਐੱਸ ਪੀ ਗੁਲਨੀਤ ਸਿੰਘ ਖੁਰਾਣਾ ਨਾਲ ਗੱਲਬਾਤ ਕਰਕੇ ਇਸ ਮਾਮਲੇ 'ਤੇ ਇਨਸਾਫ ਦੀ ਮੰਗ ਕੀਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਜ਼ਿਲ੍ਹਾ ਕਾਂਗਰਸ ਕਮੇਟੀ ਸ਼ਹਿਰੀ ਦੇ ਪ੍ਰਧਾਨ ਰਾਜਨ ਗਰਗ ਨੇ ਕਿਹਾ ਕਿ ਸਰਕਾਰ ਦੀ ਕਥਿਤ ਸ਼ਹਿ 'ਤੇ ਨਗਰ ਕੌਂਸਲ ਨੂੰ ਭੰਗ ਕਰਕੇ ਆਪਣਾ ਕਬਜ਼ਾ ਕਰਨ ਲਈ ਕਾਂਗਰਸ ਦੇ ਸੀਨੀਅਰ ਮੈਂਬਰ ਤੇ ਨਗਰ ਕੌਂਸਲ ਦੇ ਮੀਤ ਪ੍ਰਧਾਨ ਨਾਲ ਧੱਕੇਸ਼ਾਹੀ ਕੀਤੀ ਗਈ ਹੈ, ਜੋ ਸਰੇਆਮ ਗੁੰਡਾਗਰਦੀ ਹੈ, ਜਿਸ ਦੇ ਇਨਸਾਫ ਲਈ ਜ਼ਿਲ੍ਹਾ ਕਾਂਗਰਸ ਕਮੇਟੀ ਦਿਹਾਤੀ ਦੇ ਜ਼ਿਲ੍ਹਾ ਪ੍ਰਧਾਨ ਸਿੰਘ ਜਟਾਣਾ ਦੀ ਅਗਵਾਈ ਵਿੱਚ ਡੀ ਐੱਸ ਪੀ ਦਫਤਰ ਅੱਗੇ ਧਰਨਾ ਦਿੱਤਾ ਗਿਆ, ਜਿਸ ਵਿੱਚ ਪੁਲਸ ਪ੍ਰਸ਼ਾਸਨ ਦੇ ਨੁਮਾਇੰਦਿਆਂ ਨੇ 26 ਜੁਲਾਈ ਤੱਕ ਇਸ ਮਾਮਲੇ 'ਤੇ ਇਨਸਾਫ ਦੇਣ ਦਾ ਭਰੋਸਾ ਦਿੱਤਾ ਸੀ, ਪਰ ਸਮਾਂ ਬੀਤ ਜਾਣ ਬਾਅਦ ਵੀ ਮਾਮਲਾ ਹੱਲ ਨਹੀਂ ਹੋਇਆ, ਜਿਸ ਕਰਕੇ ਹੁਣ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਇਨਸਾਫ ਲਈ ਜ਼ਿਲ੍ਹਾ ਪ੍ਰਸ਼ਾਸਨ ਐੱਸ ਐੱਸ ਪੀ ਬਠਿੰਡਾ ਦੇ ਨਾਮ ਭੇਜੇ ਪੱਤਰ ਨੂੰ ਲੈ ਕੇ ਅੱਜ ਉਹ ਐੱਸ ਐੱਸ ਪੀ ਦਫਤਰ ਪਹੁੰਚੇ ਹਨ ਤੇ ਐੱਸ ਐੱਸ ਪੀ ਗੁਲਨੀਤ ਸਿੰਘ ਖੁਰਾਣਾ ਨਾਲ ਇਸ ਮਾਮਲੇ 'ਤੇ ਖੁੱਲ੍ਹੀ ਵਿਚਾਰ ਚਰਚਾ ਹੋਈ ਹੈ। ਰਾਜਨ ਗਰਗ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਐੱਸ ਐੱਸ ਪੀ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਹੈ ਕਿ ਇਸ ਮਾਮਲੇ ਦੀ ਨਿਰਪੱਖ ਜਾਂਚ ਕੀਤੀ ਜਾ ਰਹੀ ਹੈ ਤੇ ਪੂਰਾ ਸੱਚ ਸਾਹਮਣੇ ਲਿਆ ਕੇ ਮੁਦਈ ਨੂੰ ਇਨਸਾਫ ਦਿਵਾਇਆ ਜਾਵੇਗਾ।

ਰਾਜਨ ਗਰਗ ਨੇ ਕਿਹਾ ਕਿ ਜੇਕਰ ਇਨਸਾਫ ਨਾ ਦਿੱਤਾ ਗਿਆ ਤਾਂ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀਆਂ ਹਦਾਇਤਾਂ 'ਤੇ ਜ਼ਿਲ੍ਹਾ ਕਾਂਗਰਸ ਕਮੇਟੀ ਧਰਨੇ ਦੇਣ ਲਈ ਮਜਬੂਰ ਹੋਵੇਗੀ, ਜਿਸ ਦੀ ਜ਼ਿੰਮੇਵਾਰੀ ਪੁਲਸ ਪ੍ਰਸ਼ਾਸਨ ਦੀ ਹੋਵੇਗੀ। ਇਸ ਮੌਕੇ ਉਨ੍ਹਾ ਨਾਲ ਨਗਰ ਕੌਂਸਲ ਰਾਮਾ ਮੰਡੀ ਦੇ ਸੀਨੀਅਰ ਮੈਂਬਰ, ਕੌਂਸਲਰ, ਕਾਂਗਰਸ ਕਮੇਟੀ ਸ਼ਹਿਰੀ ਦੀ ਲੀਡਰਸ਼ਿਪ ਵੱਡੀ ਗਿਣਤੀ 'ਚ ਹਾਜ਼ਰ ਸੀ।

# ਜੇ ਕੇ ਐੱਸ ਪਬਲਿਕ ਸਕੂਲ ਵਿਖੇ ਸੜਕ ਸੁਰੱਖਿਆ ਨਿਯਮਾਂ ਬਾਰੇ ਦਿੱਤੀ ਜਾਣਕਾਰੀ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਜੇ ਕੇ ਐੱਸ ਪਬਲਿਕ ਸਕੂਲ ਵਿਖੇ ਵਿਦਿਆਰਥੀਆਂ ਨੂੰ ਸੜਕ ਸੁਰੱਖਿਆ ਦੇ ਨਿਯਮਾਂ ਬਾਰੇ ਜਾਣੂ ਕਰਵਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਵਾਹਨ ਚਲਾਉਂਦੇ ਸਮੇਂ ਕਦੇ ਵੀ ਮੋਬਾਇਲ ਫੋਨ ਦੀ ਵਰਤੋਂ ਨਹੀਂ ਕਰਨੀ ਚਾਹੀਦੀ, ਸੀਟ ਬੈਲਟ ਤੇ ਹੈਲਮੇਟ ਪਹਿਨਣਾ ਚਾਹੀਦਾ ਹੈ, ਜ਼ੈਬਰਾ ਕਰਾਸਿੰਗ ਰਾਹੀਂ ਹੀ ਸੜਕ ਪਾਰ ਕਰਨੀ ਚਾਹੀਦੀ ਹੈ, ਤੇਜ਼ ਰਫਤਾਰ ਨਾਲ ਗੱਡੀ ਨਾ ਚਲਾਉਣਾ ਆਦਿ ਨਿਯਮ ਦੱਸੇ ਗਏ। ਇਸ ਮੌਕੇ ਸਕੂਲ ਪ੍ਰਿੰਸੀਪਲ ਸ੍ਰੀਮਤੀ ਮੀਨੂੰ ਮੋਂਗਾ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਆਪਣੀ ਤੇ ਦੂਜਿਆਂ ਦੀ ਸੁਰੱਖਿਆ ਲਈ ਸੜਕ ਸੁਰੱਖਿਆ ਦੇ ਨਿਯਮਾਂ ਦੀ ਪਾਲਣਾ ਕਰਨ। ਇਹ ਨਿਯਮ ਸਾਰੇ ਨਾਗਰਿਕਾਂ ਦੀ ਬਿਹਤਰੀ ਲਈ ਬਣਾਏ ਗਏ ਹਨ, ਇਸ ਲਈ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਨਾ ਸਭ ਨਾਗਰਿਕਾਂ ਦਾ ਫਰਜ਼ ਹੈ।

# ਕੈਂਬ੍ਰਿਜ ਕਾਨਵੈਂਟ ਸਕੂਲ 'ਚ ਡਾ. ਅਬਦੁਲ ਕਲਾਮ ਦੀ ਬਰਸੀ ਮਨਾਈ

**ਕੋਟ ਈਸੇ ਖਾਂ (ਅਰੋੜਾ)**-ਕੈਂਬ੍ਰਿਜ ਕਾਨਵੈਂਟ ਸਕੂਲ ਵਿਖੇ ਦੂਰਦਰਸ਼ੀ ਵਿਗਿਆਨੀ ਤੇ ਭਾਰਤ ਦੇ ਸਾਬਕਾ ਰਾਸ਼ਟਰਪਤੀ ਦੀ ਬਰਸੀ ਮਨਾਈ ਗਈ। ਪ੍ਰੋਗਰਾਮ ਦੀ ਸ਼ੁਰੂਆਤ ਇੱਕ ਵਿਸ਼ੇਸ਼ ਅਸੈਂਬਲੀ ਨਾਲ ਹੋਈ, ਜਿੱਥੇ ਮੈਡਮ ਨੇਹਾ ਨੇ ਡਾ. ਕਲਾਮ ਨੂੰ ਸ਼ਰਧਾਂਜਲੀ ਭੇਟ ਕੀਤੀ, ਦੇਸ਼ ਦੀ ਵਿਗਿਆਨਕ ਤਰੱਕੀ ਤੇ ਉਨ੍ਹਾ ਦੇ ਅਮਿੱਟ ਪ੍ਰਭਾਵ ਅਤੇ ਨੌਜਵਾਨਾਂ ਦੇ ਪਾਲਣ ਪੋਸ਼ਣ ਲਈ ਉਨ੍ਹਾਂ ਦੀ ਅਟੁੱਟ ਵਚਨਬੱਧਤਾ ਨੂੰ ਉਜਾਗਰ ਕੀਤਾ। ਉਨ੍ਹਾ ਦੀ ਯਾਦ ਨੂੰ ਹੋਰ ਸਨਮਾਨ ਦੇਣ ਲਈ ਸਕੂਲ 'ਚ ਡਾ. ਕਲਾਮ ਦੀਆਂ ਜੀਵਨ ਪ੍ਰਾਪਤੀਆਂ ਨੂੰ ਦਰਸਾਉਂਦੀ ਇੱਕ ਪ੍ਰਦਰਸ਼ਨੀ ਵੀ ਲਗਾਈ ਗਈ। ਸਕੂਲ ਦੇ ਪ੍ਰਿੰਸੀਪਲ, ਵਾਈਸ ਪ੍ਰਿੰਸੀਪਲ ਨੇ ਕਿਹਾ, "ਡਾ. ਏ.ਪੀ.ਜੇ. ਅਬਦੁਲ ਕਲਾਮ ਦੀ ਯਾਦ ਦਾ ਸਨਮਾਨ ਕਰਨਾ ਸਾਡੇ ਲਈ ਮਾਣ ਵਾਲੀ ਗੱਲ ਹੈ। ਇਨ੍ਹਾਂ ਗਤੀਵਿਧੀਆਂ 'ਚ ਸ਼ਾਮਲ ਹੋ ਕੇ ਅਸੀਂ ਆਪਣੇ ਵਿਦਿਆਰਥੀਆਂ ਵਿੱਚ ਉਸ ਦੇ ਆਦਰਸ਼ਾਂ ਨੂੰ ਸਥਾਪਤ ਕਰਨ ਤੇ ਉਨ੍ਹਾਂ ਨੂੰ ਵੱਡੇ ਸੁਪਨੇ ਲੈਣ, ਸਖਤ ਮਿਹਨਤ ਕਰਨ ਤੇ ਸਮਾਜ 'ਤੇ ਸਕਾਰਾਤਮਕ ਪ੍ਰਭਾਵ ਪਾਉਣ ਲਈ ਪ੍ਰੇਰਿਤ ਕਰਨ ਦੀ ਉਮੀਦ ਕਰਦੇ ਹਾਂ।" ਉਨ੍ਹਾ ਕਿਹਾ ਕਿ ਡਾ. ਅਬਦੁਲ ਕਲਾਮ ਦੀ ਬਰਸੀ ਨੇ ਕੈਂਬ੍ਰਿਜ ਕਾਨਵੈਂਟ ਸਕੂਲ ਨੂੰ ਉਨ੍ਹਾਂ ਦੀ ਯਾਦ ਵਿੱਚ ਇਕਜੁੱਟ ਹੋਣ ਤੇ ਇੱਕ ਸ਼ਾਨਦਾਰ ਦੂਰਦਰਸ਼ੀ ਦੇ ਜੀਵਨ ਤੋਂ ਪ੍ਰੇਰਨਾ ਲੈਣ ਦਾ ਅਨਮੋਲ ਮੌਕਾ ਪ੍ਰਦਾਨ ਕੀਤਾ ਹੈ।

# ਭਾਕਿਯੂ (ਏਕਤਾ) ਡਕੌਂਦਾ ਨੇ ਕਿਸਾਨ ਦੀ ਜ਼ਮੀਨ ਦੀ ਨਿਲਾਮੀ ਰੁਕਵਾਈ



**ਮਾਨਸਾ (ਆਤਮਾ ਸਿੰਘ ਪਮਾਰ)**

ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਦੀ ਅਗਵਾਈ ਵਿੱਚ ਕਿਸਾਨਾਂ-ਮਜ਼ਦੂਰਾਂ ਵੱਲੋਂ ਇਕੱਠੇ ਹੋ ਕੇ ਕਰਮਗੜ੍ਹ ਔਤਾਂਵਾਲੀ ਦੇ ਕਿਸਾਨ ਮੇਜਰ ਸਿੰਘ ਦੀ ਜ਼ਮੀਨ ਕਰਜ਼ੇ ਬਦਲੇ ਨਿਲਾਮ ਹੋਣ ਤੋਂ ਬਚਾ ਲਈ ਗਈ।

ਜਥੇਬੰਦੀ ਵੱਲੋਂ ਤਹਿਸੀਲ ਕੰਪਲੈਕਸ ਦੇ ਗੇਟ 'ਤੇ ਇਕੱਠੇ ਹੋ ਕੇ ਧਰਨਾ ਲਾ ਕੇ ਜ਼ਬਰਦਸਤ ਵਿਰੋਧ ਕੀਤਾ ਗਿਆ। ਵਰਨਣਯੋਗ ਹੈ ਕਿ ਕਿਸਾਨ ਮੇਜਰ ਸਿੰਘ ਮਾਨਸਾ ਮੰਡੀ ਦੇ ਇੱਕ ਆੜ੍ਹਤੀਏ ਦੇ ਆੜ੍ਹਤ ਉੱਤੇ ਫਸਲ ਵੇਚ ਰਿਹਾ ਸੀ, ਜਿਸ ਕਰਕੇ ਆੜ੍ਹਤੀਏ ਵੱਲੋਂ ਕਿਸਾਨ ਤੋਂ ਕਈ ਖਾਲੀ ਕਾਗਜ਼ਾਤ 'ਤੇ ਦਸਤਖਤ, ਅੰਗੂਠੇ ਲਗਵਾਏ ਗਏ ਸਨ। ਜਿਸ ਦੇ ਜ਼ਰੀਏ ਆੜ੍ਹਤੀਏ ਵੱਲੋਂ ਮਨਮਰਜ਼ੀ ਦੀ ਰਕਮ ਭਰਵਾ ਕੇ ਅਦਾਲਤ ਰਾਹੀਂ ਕਿਸਾਨ ਦੀ ਜ਼ਮੀਨ ਦੀ ਨਿਲਾਮੀ ਕਰਵਾਈ ਜਾ ਰਹੀ ਸੀ। ਜਦ ਇਹ ਮਸਲਾ ਜਥੇਬੰਦੀ ਦੇ ਧਿਆਨ 'ਚ ਆਇਆ ਤਾਂ ਜਥੇਬੰਦੀ ਵੱਲੋਂ ਇਸ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਫੌਰੀ ਧਰਨਾ ਪ੍ਰਦਰਸ਼ਨ ਕਰਕੇ ਜ਼ਮੀਨ ਦੀ ਨਿਲਾਮੀ ਰੋਕਣ ਦਾ ਫੈਸਲਾ ਲਿਆ ਗਿਆ। ਕਿਸਾਨਾਂ ਦੇ ਜ਼ਬਰਦਸਤ ਵਿਰੋਧ ਤੋਂ ਬਾਅਦ ਇਹ ਨਿਲਾਮੀ ਮੁਲਤਵੀ ਕਰਨ ਉਪਰੰਤ ਧਰਨੇ ਦੀ ਸਮਾਪਤੀ ਕੀਤੀ ਗਈ।

ਕਿਸਾਨਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਅਣ-ਰਜਿਸਟਰਡ ਦਸਤਾਵੇਜ਼ਾਂ ਦੇ ਆਧਾਰ 'ਤੇ ਨਿਲਾਮੀ ਹੋਣ ਦੇ ਕਾਨੂੰਨ ਨੂੰ ਸਰਕਾਰ ਫੌਰੀ ਖਤਮ ਕਰੇ ਤੇ ਨਾਲ ਹੀ ਜਾਲ੍ਹੀ ਪਰਨੋਟ, ਬੈ-ਨਾਮੇ ਤੇ ਝੂਠੇ ਇਕਰਾਰਨਾਮੇ ਕਰਨ ਵਾਲੇ ਲੋਕਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ ਅਤੇ ਕਿਸਾਨਾਂ ਖਿਲਾਫ ਚੱਲ ਰਹੇ ਅਜਿਹੇ ਮਾਮਲੇ ਤੁਰੰਤ ਰੱਦ ਕੀਤੇ ਜਾਣ। ਅੰਤ ਵਿੱਚ ਕਿਸਾਨ ਆਗੂਆਂ ਨੇ ਐਲਾਨ ਕੀਤਾ ਕਿ ਕਰਜ਼ੇ ਬਦਲੇ ਕਿਸੇ ਵੀ ਕਿਸਾਨ ਦੀ ਜ਼ਮੀਨ ਜਾਂ ਮਜ਼ਦੂਰ ਦਾ ਘਰ ਨਿਲਾਮ ਨਹੀਂ ਹੋਣ ਦਿੱਤਾ ਜਾਵੇਗਾ। ਇਸ ਮੌਕੇ ਸੂਬਾ ਕਮੇਟੀ ਦੇ ਕੁਲਵੰਤ ਸਿੰਘ ਕਿਸ਼ਨਗੜ੍ਹ, ਮੱਖਣ ਭੈਣੀ ਬਾਘਾ ਸਮੇਤ ਜ਼ਿਲ੍ਹਾ ਕਮੇਟੀ ਦੇ ਲਖਵੀਰ ਸਿੰਘ ਅਕਲੀਆ, ਬਲਵਿੰਦਰ ਸ਼ਰਮਾ, ਦੇਵੀ ਰਾਮ, ਸੱਤਪਾਲ ਵਰ੍ਹੇ, ਕਾਲਾ ਸਿੰਘ ਅਕਲੀਆ, ਅਜੈਬ ਸਿੰਘ, ਬਲਦੇਵ ਸਿੰਘ ਕੋਟਲੀ ਕਲਾਂ, ਅਮਰੀਕ ਸਿੰਘ ਰਾਠੀ ਤੇ ਰਾਜ ਸਿੰਘ ਖਾਰਾ ਆਦਿ ਨੇ ਸੰਬੋਧਨ ਕੀਤਾ।

# ਮਾਨ ਸਰਕਾਰ ਦੇ ਮੁਲਾਜ਼ਮ ਵਿਰੋਧੀ ਵਤੀਰੇ ਦੀ ਜੀ ਟੀ ਯੂ ਵੱਲੋਂ ਨਿੰਦਾ



**ਕੋਟਕਪੂਰਾ (ਰਛਪਾਲ ਭੁੱਲਰ)**-ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਜ਼ਿਲ੍ਹਾ ਫਰੀਦਕੋਟ ਦੀ ਇੱਕ ਜ਼ਰੂਰੀ ਤੇ ਭਰਵੀਂ ਮੀਟਿੰਗ ਬੀਤੇ ਦਿਨੀਂ ਸਥਾਨਕ ਸ਼ਹੀਦ ਭਗਤ ਸਿੰਘ ਪਾਰਕ ਨੇੜੇ ਪੁਰਾਣਾ ਕਿਲ੍ਹਾ ਵਿਖੇ ਜ਼ਿਲ੍ਹਾ ਪ੍ਰਧਾਨ ਸਰਿੰਦਰ ਪਾਲ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਅਧਿਆਪਕਾਂ, ਪੈਨਸ਼ਨਰਾਂ ਤੇ ਮੁਲਾਜ਼ਮਾਂ ਦੇ ਲਮਕ ਅਵਸਥਾ ਵਿੱਚ ਪਏ ਮਸਲਿਆਂ 'ਤੇ ਵਿਚਾਰ ਚਰਚਾ ਕੀਤੀ ਗਈ। ਇਸ ਮੀਟਿੰਗ ਨੂੰ ਜਥੇਬੰਦੀ ਦੇ ਸੂਬਾ ਸਲਾਹਕਾਰ ਪ੍ਰੇਮ ਚਾਵਲਾ, ਪੰਜਾਬ ਪੈਨਸ਼ਨਰ ਯੂਨੀਅਨ ਦੇ ਸੂਬਾਈ ਆਗੂ ਅਸ਼ੋਕ ਕੌਸ਼ਲ, ਜ਼ਿਲ੍ਹਾ ਪ੍ਰਧਾਨ ਕੁਲਵੰਤ ਸਿੰਘ ਚਾਨੀ, ਵਿੱਤ ਸਕੱਤਰ ਸੋਮ ਨਾਥ ਅਰੋੜਾ, ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਜ਼ਿਲ੍ਹਾ ਫਰੀਦਕੋਟ ਦੇ ਸੀਨੀਅਰ ਮੀਤ ਪ੍ਰਧਾਨ ਕੁਲਦੀਪ ਸਿੰਘ ਸਹਿਦੇਵ ਤੇ ਜਨਰਲ ਸਕੱਤਰ ਸੁਖਚੈਨ ਸਿੰਘ ਰਾਮਸਰ ਨੇ ਸੰਬੋਧਨ ਕਰਦਿਆਂ ਅਧਿਆਪਕਾਂ ਤੇ ਮੁਲਾਜ਼ਮਾਂ ਦੇ ਮਸਲਿਆਂ ਸਬੰਧੀ ਪੰਜਾਬ ਦੀ ਹੁਕਮਰਾਨ ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਅਪਣਾਈ ਜਾ ਰਹੀ ਟਾਲ ਮਟੋਲ ਦੀ ਨੀਤੀ ਦੀ ਸ਼ਖਤ ਸ਼ਬਦਾਂ 'ਚ ਨਿੰਦਾ ਕੀਤੀ ਗਈ। ਮੀਟਿੰਗ ਨੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22 ਬੀ ਚੰਡੀਗੜ੍ਹ, ਪੰਜਾਬ ਯੂ ਟੀ ਮੁਲਾਜ਼ਮ ਤੇ ਪੈਨਸ਼ਨ ਸਾਂਝਾ ਫਰੰਟ ਵੱਲੋਂ ਕੀਤੇ ਜਾ ਰਹੇ ਸੰਘਰਸ਼ ਦੀ ਪੁਰਜ਼ੋਰ ਹਮਾਇਤ ਕੀਤੀ ਗਈ ਤੇ ਭਗਵੰਤ ਮਾਨ ਸਰਕਾਰ ਵੱਲੋਂ ਪੈਨਸ਼ਨਰਾਂ 'ਤੇ ਲਾਏ ਗਏ 200 ਰੁਪਏ ਪ੍ਰਤੀ ਮਹੀਨਾ ਡਿਵੈਲਪਮੈਂਟ ਟੈਕਸ ਨੂੰ ਤੁਰੰਤ ਵਾਪਸ ਲੈਣ ਲਈ ਮੰਗ ਕੀਤੀ ਗਈ। ਮੀਟਿੰਗ ਨੇ ਸਰਵਸੰਮਤੀ ਨਾਲ ਮਨੀਪੁਰ ਵਿੱਚ ਔਰਤਾਂ 'ਤੇ ਹੋਏ ਜ਼ੁਲਮਾਂ ਦੀ ਸਖਤ ਨਿੰਦਾ ਕਰਦੇ ਰਾਜ ਤੇ ਮੋਦੀ ਸਰਕਾਰ ਦੀ ਕਾਰਗੁਜ਼ਾਰੀ ਦੀ ਸਖਤ ਸ਼ਬਦਾਂ 'ਚ ਨਿਖੇਧੀ ਕਰਦਿਆਂ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਦੀ ਮੰਗ ਕੀਤੀ। ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਲੈਕਚਰਾਰ ਬਲਜੀਤ ਸਿੰਘ, ਡਾ. ਸੁਰਜੀਤ ਸਿੰਘ, ਮਹੇਸ਼ ਕੁਮਾਰ ਜੈਨ, ਦਵਿੰਦਰ ਸਿੰਘ ਗਿੱਲ, ਗੁਰਵਿੰਦਰ ਸਿੰਘ, ਜਸਕਰਨ ਸਿੰਘ ਢਿੱਡੇ ਕਲਾਂ, ਧਰਮਿੰਦਰ ਸਿੰਘ ਲੈਕਚਰਾਰ, ਬੇਅੰਤ ਸਿੰਘ ਮੌੜ, ਗੁਰਿੰਦਰ ਸਿੰਘ ਮਨੀ, ਸੋਹਣ ਸਿੰਘ ਪੱਖੀ ਤੇ ਨਿਰਮਲ ਸਿੰਘ ਸ਼ਾਮਲ ਸਨ।

# ਸਰਕਾਰ ਟੀਚਿੰਗ ਕਰਮਚਾਰੀਆਂ ਨੂੰ ਛੇਵੇਂ ਪੇ ਕਮਿਸ਼ਨ ਦਾ ਲਾਭ ਦੇਣ ਸੰਬੰਧੀ ਨੋਟੀਫਿਕੇਸ਼ਨ ਜਲਦ ਜਾਰੀ ਕਰੇ : ਨਾਨ-ਟੀਚਿੰਗ ਯੂਨੀਅਨ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਆਰ ਐੱਸ ਡੀ ਕਾਲਜ, ਫ਼ਿਰੋਜ਼ਪੁਰ ਸ਼ਹਿਰ ਦੇ ਨਾਨ ਟੀਚਿੰਗ ਯੂਨੀਅਨ ਵੱਲੋਂ ਸੈਂਟਰ ਇਕਾਈ ਦੇ ਸੱਦੇ 'ਤੇ ਕਾਲਜ ਦੇ ਮੇਨ ਗੇਟ ਅੱਗੇ ਸਵੇਰੇ 10 ਵਜੇ ਤੋਂ 2 ਵਜੇ ਤੱਕ ਧਰਨਾ ਦਿੱਤਾ ਅਤੇ ਪੰਜਾਬ ਸਰਕਾਰ ਖ਼ਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ।ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਪ੍ਰੋ. ਰਜੇਸ਼ ਅਗਰਵਾਲ ਨੇ ਨਾਨ ਟੀਚਿੰਗ ਕ੍ਰਮਚਾਰੀਆਂ ਦੀਆਂ ਮੰਗਾਂ ਦੀ ਪੂਰਤੀ ਲਈ ਰੋਸ ਪ੍ਰਦਰਸ਼ਨ ਵਿੱਚ ਉਨ੍ਹਾਂ ਦਾ ਸਾਥ ਦਿੱਤਾ ਅਤੇ ਉਨ੍ਹਾਂ ਦੇ ਨਾਲ ਕਾਲਜ ਦੀ ਟੀਚਿੰਗ ਇਕਾਈ ਦੇ ਪ੍ਰਧਾਨ ਡਾ. ਦਲਜੀਤ ਸਿੰਘ ਅਤੇ ਡਾ. ਅਜ਼ਾਦਵਿੰਦਰ ਸਿੰਘ ਆਪਣੇ ਸਾਥੀਆਂ ਨਾਲ ਪਹੁੰਚੇ ਅਤੇ ਸਰਕਾਰ ਕੋਲੋਂ ਪੁਰਜ਼ੋਰ ਸ਼ਬਦਾਂ ਵਿੱਚ ਨਾਨ ਟੀਚਿੰਗ ਕਰਮਚਾਰੀਆਂ ਨੂੰ ਛੇਵਾਂ ਪੇ ਕਮਿਸ਼ਨ ਨੂੰ ਲਾਗੂ ਕਰਨ ਦੀ ਮੰਗ ਕੀਤੀ। ਜਾਣਕਾਰੀ ਦਿੰਦਿਆਂ ਕਾਲਜ ਯੂਨਿਟ ਦੇ ਪ੍ਰਧਾਨ ਰਾਮ ਕੁਮਾਰ ਨੇ ਦੱਸਿਆ ਕਿ ਉਚੇਰੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨਾਲ ਮਿਤੀ 6 ਜੂਨ 2023 ਨੂੰ ਯੂਨੀਅਨ ਦੇ ਨੁਮਾਇੰਦਿਆਂ ਦੀ ਮੀਟਿੰਗ ਹੋਈ ਸੀ, ਜਿਸ ਵਿਚ ਮੰਤਰੀ ਨੇ ਸਾਡੀਆਂ ਮੰਗਾਂ ਨੂੰ 2 ਹਫਤਿਆਂ ਵਿੱਚ ਪੂਰੀਆਂ ਕਰਨ ਦਾ ਵਾਅਦਾ ਕੀਤਾ ਸੀ ਪਰ ਇਸ ਵਾਅਦੇ ਨੂੰ ਹੁਣ ਤੱਕ ਬੂਰ ਨਹੀਂ ਪਿਆ ਹੈ।

ਯੂਨੀਅਨ ਦੇ ਆਗੂਆਂ ਨੇ ਦੁਬਾਰਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਉਚੇਰੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਪੁਰਜ਼ੋਰ ਸ਼ਬਦਾਂ ਵਿੱਚ ਅਪੀਲ ਕੀਤੀ ਹੈ ਕਿ ਪੰਜਾਬ ਸਰਕਾਰ ਦੇ ਬਾਕੀ ਮੁਲਾਜ਼ਮਾਂ ਦੀ ਤਰਜ਼ 'ਤੇ ਸਹਾਇਤਾ ਪ੍ਰਾਪਤ ਕਾਲਜਾਂ ਦੇ ਨਾਨ ਟੀਚਿੰਗ ਕ੍ਰਮਚਾਰੀ ਜੋ ਪਹਿਲਾਂ ਹੀ ਬਹੁਤ ਘੱਟ ਤਨਖ਼ਾਹ 'ਤੇ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਛੇਵੇਂ ਪੇ ਕਮਿਸ਼ਨ ਦਾ ਲਾਭ 1 ਜਨਵਰੀ 2016 ਤੋਂ ਦੇਣ ਸਬੰਧੀ ਨੋਟੀਫਿਕੇਸ਼ਨ ਜਲਦੀ ਤੋਂ ਜਲਦੀ ਜਾਰੀ ਕੀਤਾ ਜਾਵੇ। ਉਨ੍ਹਾਂ ਨੇ ਸਰਕਾਰ ਨੂੰ ਇਸ ਮੌਕੇ ਚੇਤਾਵਨੀ ਵੀ ਦਿੱਤੀ ਕਿ ਜੇਕਰ ਜਲਦੀ ਹੀ ਇਹ ਨੋਟੀਫਿਕੇਸ਼ਨ ਜਾਰੀ ਨਾ ਕੀਤਾ ਗਿਆ ਤਾਂ ਉਚੇਰੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਹਲਕੇ ਸ਼੍ਰੀ ਆਨੰਦਪੁਰ ਸਾਹਿਬ ਵਿਖੇ ਸਾਰੇ ਪੰਜਾਬ ਦੇ ਕਾਲਜਾਂ ਵੱਲੋਂ ਮਿਤੀ 7 ਅਗਸਤ ਨੂੰ ਜ਼ੋਰਦਾਰ ਧਰਨਾ ਪ੍ਰਦਰਸ਼ਨ ਅਤੇ ਰੋਸ ਰੈਲੀ ਕੀਤੀ ਜਾਵੇਗੀ।ਇਸ ਰੋਸ ਪ੍ਰਦਰਸ਼ਨ ਨਾਲ ਹੋਣ ਵਾਲੇ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਦੀ ਪੂਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਇਸ ਮੌਕੇ ਉਨ੍ਹਾਂ ਦੇ ਨਾਲ ਕਾਲਜ ਯੂਨਿਟ ਦੇ ਮੀਤ ਪ੍ਰਧਾਨ ਰਕੇਸ਼ ਕੁਮਾਰ, ਸੈਕਟਰੀ ਮਨੋਜ ਚਾਵਲਾ ਤੋਂ ਇਲਾਵਾ ਹਰਜਿੰਦਰ ਸਿੰਘ, ਨਵੀਨ ਕੁਮਾਰ, ਯੋਗੇਸ਼ ਅਰੋੜਾ, ਜੈ ਪ੍ਰਕਾਸ਼ ਆਦਿ ਯੂਨੀਅਨ ਦੇ ਆਗੂ ਹਾਜ਼ਰ ਸਨ।

# ਸਬ-ਸੈਂਟਰ ਲਈ ਦਾਨ ਦੇਣਾ ਸ਼ਲਾਘਾਯੋਗ : ਗੁਰਮੀਤ ਕਾਕਾ



**ਅਜੀਤਵਾਲ (ਨਛੱਤਰ ਸੰਧੂ)**-ਸਬ ਸੈਂਟਰ ਲਈ ਪ੍ਰਵਾਸੀ ਵੀਰਾਂ, ਨਗਰ ਵਾਸੀਆਂ ਵੱਲੋਂ ਦਾਨ ਦੇਣਾ ਬੜਾ ਸ਼ਲਾਘਾਯੋਗ ਹੈ, ਜਿਸ ਨਾਲ ਖਸਤਾਹਾਲ ਹੋ ਰਹੀ ਇਮਾਰਤ ਨੂੰ ਸੋਹਣੀ ਦਿੱਖ ਮਿਲ ਰਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਮੀਤ ਸਿੰਘ ਕਾਕਾ ਨੰਬਰਦਾਰ ਰਾਮੂੰਵਾਲਾ ਨਵਾਂ ਨੇ ਗੁਰਮੇਲ ਸਿੰਘ ਸੰਧੂ ਇੰਗਲੈਂਡ ਵੱਲੋਂ ਸਬ-ਸੈਂਟਰ ਰਾਮੂੰਵਾਲਾ ਨਵਾਂ ਵਾਸਤੇ ਭੇਜੀ ਗਈ ਗਿਆਰਾਂ ਹਜ਼ਾਰ ਰੁਪਏ ਸਣੇ ਹੋਰ ਦਾਨ ਰਾਸ਼ੀ ਸੈਂਟਰ ਇੰਚਾਰਜ ਏ.ਐੱਨ.ਐੱਮ. ਕਿਰਨਦੀਪ ਕੌਰ ਰਾਮੂੰਵਾਲਾ ਨਵਾਂ ਤੇ ਕਮਿਊਨਿਟੀ ਹੈਲਥ ਅਫਸਰ ਰਮਨਦੀਪ ਕੌਰ ਬਹੋਨਾ ਨੂੰ ਸੌਂਪਣ ਸਮੇਂ ਕੀਤਾ। ਗੁਰਮੀਤ ਸਿੰਘ ਕਾਕਾ ਨੰਬਰਦਾਰ ਨੇ ਦੱਸਿਆ ਕਿ ਬਲਦੇਵ ਸਿੰਘ ਦੋਹਤਾ ਸੁਦਾਗਰ ਸਿੰਘ ਇੱਕੀ ਸੌ, ਮਨਜਿੰਦਰ ਨਿੰਦਾ ਗਿਆਰਾਂ ਸੌ, ਤ੍ਰਿਲੋਚਨ ਸਿੰਘ ਬਰਾੜ ਕੈਨੇਡਾ ਨੇ ਇੱਕ ਹਜ਼ਾਰ ਰੁਪਏ ਦਾਨ ਕੀਤੇ ਹਨ। ਇਸ ਮੌਕੇ ਏ.ਐੱਨ.ਐੱਮ. ਕਿਰਨਦੀਪ ਕੌਰ, ਸੀ ਐੱਚ ਓ ਰਮਨਦੀਪ ਕੌਰ ਤੇ ਗੁਰਮੀਤ ਕਾਕਾ ਨੰਬਰਦਾਰ ਨੇ ਦਾਨੀ ਪਰਿਵਾਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਆਸ਼ਾ ਫੈਸਿਲੀਟੇਟਰ ਰਾਮ ਪਿਆਰੀ ਬੁੱਘੀਪੁਰਾ, ਆਸ਼ਾ ਵਰਕਰਾਂ ਕੁਲਵਿੰਦਰ ਕੌਰ ਤੇ ਅਰਵਿੰਦਰ ਕੌਰ ਰਾਮੂੰਵਾਲਾ ਨਵਾਂ, ਸੁਮਨਦੀਪ ਕੌਰ ਤੇ ਜਸਪ੍ਰੀਤ ਕੌਰ ਰਾਮੂੰਵਾਲਾ ਕਲਾਂ, ਜਸਵਿੰਦਰ ਕੌਰ ਹਰਚੋਕਾ ਹਾਜ਼ਰ ਸਨ।

# ਸ਼ਹਿਰ ਵਾਸੀਆਂ ਨੂੰ ਸਾਫ਼ ਪਾਣੀ ਮੁਹੱਈਆ ਕਰਵਾਉਣ ਲਈ ਨਗਰ ਕੌਂਸਲ ਵਚਨਬੱਧ : ਪ੍ਰਧਾਨ ਰਾਣਾ

## ਹੀਰਾ ਬਾਗ ਵਿਖੇ 40 ਐੱਚ ਪੀ ਦੀ ਨਵੀਂ ਮੋਟਰ ਲਗਾਈ



**ਜਗਰਾਉਂ (ਸੰਜੀਵ ਅਰੋੜਾ)**-ਸ਼ਹਿਰ ਵਾਸੀਆਂ ਨੂੰ ਪੀਣ ਵਾਲੇ ਸਾਫ ਪਾਣੀ ਦੀ ਬੁਨਿਆਦੀ ਸਹੂਲਤ ਨੂੰ ਮੁਹੱਈਆ ਕਰਵਾਉਣ ਲਈ ਨਗਰ ਕੌਂਸਲ ਜਗਰਾਉਂ ਪੂਰੀ ਤਰ੍ਹਾਂ ਵਚਨਬੱਧ ਹੈ। ਸ਼ਹਿਰ ਵਾਸੀਆਂ ਨੂੰ ਪੀਣ ਵਾਲਾ ਸਾਫ਼ ਪਾਣੀ ਸਭ ਨੂੰ ਮਿਲੇ, ਇਸੇ ਤਹਿਤ ਹੀਰਾ ਬਾਗ ਵਿਖੇ 40 ਐੱਚ. ਪੀ. ਦੀ ਨਵੀਂ ਪਾਣੀ ਦੀ ਮੋਟਰ ਲਗਾਈ ਗਈ। ਇਸ ਨਵੀਂ ਮੋਟਰ ਦਾ ਉਦਘਾਟਨ ਨਗਰ ਕੌਂਸਲ ਜਗਰਾਉਂ ਦੇ ਪ੍ਰਧਾਨ ਜਤਿੰਦਰਪਾਲ ਤੇ ਉਨ੍ਹਾਂ ਦੀ ਟੀਮ ਵੱਲੋਂ ਕੀਤਾ ਗਿਆ। ਇਸ ਮੌਕੇ ਪ੍ਰਧਾਨ ਜਤਿੰਦਰਪਾਲ ਨੇ ਕਿਹਾ ਕਿ ਮੇਰੇ ਪਿਛਲੇ 2 ਸਾਲ ਦੇ ਕਾਰਜਕਾਲ ਦੌਰਾਨ ਸ਼ਹਿਰ ਦੇ ਵੱਖ-ਵੱਖ ਖੇਤਰਾਂ ਵਿੱਚ ਪਾਣੀ ਦੀ ਸਪਲਾਈ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਕਈ ਨਵੀਆਂ ਮੋਟਰਾਂ ਲਗਵਾਈਆਂ ਗਈਆਂ ਹਨ, ਜਿਨ੍ਹਾਂ ਵਿੱਚ ਸਭ ਤੋਂ ਅਹਿਮ ਰਾਣੀ ਝਾਂਸੀ ਚੌਂਕ ਨੇੜੇ ਸਥਿਤ ਪਿਛਲੇ ਲਗਭਗ 10 ਸਾਲ ਤੋਂ ਬੰਦ ਪਈ ਪਾਣੀ ਦੀ ਟੈਂਕੀ ਨੂੰ 40 ਐੱਚ.ਪੀ. ਦੀ ਮੋਟਰ ਲਗਵਾ ਕੇ ਚਾਲੂ ਕਰਨਾ ਸ਼ਾਮਲ ਹੈ। ਇਸ ਤੋਂ ਇਲਾਵਾ ਪਿਛਲੇ ਲੰਬੇ ਸਮੇਂ ਤੋਂ ਪੁਰਾਣੀ ਦਾਣਾ ਮੰਡੀ ਵਿਖੇ ਬੰਦ ਪਈ ਮੋਟਰ ਦੀ ਜਗ੍ਹਾ 'ਤੇ 30 ਐੱਚ.ਪੀ. ਦੀ ਮੋਟਰ ਲਗਾ ਕੇ ਚਾਲੂ ਕਰਨਾ, ਅਗਵਾੜ ਲੋਪੋ-ਡਾਲਾ ਵਿਖੇ 40 ਐੱਚ.ਪੀ. ਦੀ ਨਵੀਂ ਮੋਟਰ, ਚੁੰਗੀ ਨੰਬਰ 5 ਵਿਖੇ 30 ਐੱਚ ਪੀ ਦੀ ਨਵੀਂ ਮੋਟਰ ਲਗਵਾਉਣਾ ਵੀ ਸ਼ਾਮਲ ਹੈ। ਪ੍ਰਧਾਨ ਜਤਿੰਦਰਪਾਲ ਨੇ ਵਚਨਬੱਧਤਾ ਦੁਹਰਾਈ ਕਿ ਉਹ ਸ਼ਹਿਰ ਵਾਸੀਆਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ। ਪ੍ਰਧਾਨ ਜਤਿੰਦਰਪਾਲ ਵੱਲੋਂ ਵਿਰੋਧੀ ਧਿਰ ਦੇ ਆਗੂਆਂ ਨੂੰ ਵੀ ਅਪੀਲ ਕੀਤੀ ਕਿ ਉਹ ਸ਼ਹਿਰ ਵਾਸੀਆਂ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਸ਼ਹਿਰ ਦੇ ਵਿਕਾਸ ਦੇ ਕਾਰਜ ਨੇਪਰੇ ਚਾੜ੍ਹਨ ਵਿੱਚ ਉਨ੍ਹਾਂ ਨਾਲ ਮੋਢੇ ਨਾਲ ਮੋਢਾ ਜੋੜਨ। ਇਸ ਮੌਕੇ ਰਵਿੰਦਰ ਕੁਮਾਰ ਸੱਭਰਵਾਲ, ਕੌਂਸਲਰ ਰਵਿੰਦਰਪਾਲ ਸਿੰਘ, ਦਵਿੰਦਰਜੀਤ ਸਿੰਘ ਸਿੱਧੂ, ਮਾਸਟਰ ਹਰਦੀਪ ਜੱਸੀ, ਪ੍ਰੇਮ ਲੋਹਟ, ਜਗਦੀਸ਼ ਪਾਲ ਮਹਿਤਾ, ਪਾਲ ਸਿੰਘ ਹਾਂਸ, ਅਸ਼ਵਨੀ ਸ਼ਰਮਾ ਬੱਲੂ ਠੇਕੇਦਾਰ, ਜਗਮੋਹਨ ਸਿੰਘ, ਬਲਵਿੰਦਰ ਸਿੰਘ, ਜਸਪ੍ਰੀਤ ਸਿੰਘ, ਡਿੰਪਲ, ਲਖਵੀਰ ਸਿੰਘ ਤੇ ਰਾਹੁਲ ਕੁਮਾਰ ਆਦਿ ਹਾਜ਼ਰ ਸਨ।

# ਮੁਲਾਜ਼ਮ ਤੇ ਪੈਨਸ਼ਨਰ ਜਥੇਬੰਦੀਆਂ ਨੇ ਫੂਕਿਆ ਮੋਦੀ ਹਕੂਮਤ ਦਾ ਪੁਤਲਾ



ਮੋਦੀ ਦਾ ਪੁਤਲਾ ਫੂਕਦੇ ਹੋਏ ਮੁਲਜ਼ਮ ਤੇ ਪੈਨਸ਼ਨਰ ਜਥੇਬੰਦੀਆਂ ਦੇ ਆਗੂ ਤੇ ਵਰਕਰ। (ਫੋਟੋ : ਭੂਪਿੰਦਰ ਸਿੰਘ)

**ਮੋਗਾ (ਅਮਰਜੀਤ ਬੱਬਰੀ)**-ਪੰਜਾਬ, ਯੂ. ਟੀ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਪੰਜਾਬ ਦੇ ਫੈਸਲੇ ਨੂੰ ਲਾਗੂ ਕਰਦਿਆਂ ਮੋਗਾ ਦੇ ਬੱਸ ਸਟੈਂਡ ਤੋਂ ਰੋਹ ਭਰਪੂਰ ਮਾਰਚ ਕਰਕੇ ਮੁਲਾਜ਼ਮਾਂ, ਪੈਨਸ਼ਨਰਾਂ ਨੇ ਮੁੱਖ ਚੌਕ ਵਿੱਚ ਮਨੀਪੁਰ ਦੀਆਂ ਸ਼ਰਮਨਾਕ ਘਟਨਾਵਾਂ ਲਈ ਜ਼ਿੰਮੇਦਾਰ ਭਾਜਪਾ, ਆਰ ਐੱਸ ਐੱਸ ਦੀ ਅਗਵਾਈ ਵਾਲੀ ਕੇਂਦਰ ਦੀ ਮੋਦੀ ਸਰਕਾਰ ਦਾ ਪੁਤਲਾ ਫੀਕਿਆ। ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੇ ਸੂਬਾ ਕਾਰਜਕਾਰੀ ਪ੍ਰਧਾਨ ਭਜਨ ਸਿੰਘ ਗਿੱਲ, ਸੂਬਾ ਜਨਰਲ ਸਕੱਤਰ ਸੁਰਿੰਦਰ ਰਾਮ ਕੁੱਸਾ, ਜ਼ਿਲ੍ਹਾ ਜਨਰਲ ਸਕੱਤਰ ਸੁਖਮੰਦਰ ਸਿੰਘ, ਸਬ ਡਵੀਜ਼ਨ ਪ੍ਰਧਾਨ ਪ੍ਰੇਮ ਕੁਮਾਰ ਮੋਗਾ, ਗੁਰਜੰਟ ਸਿੰਘ ਸੰਘਾ, ਬਲਬੀਰ ਸਿੰਘ ਮੋਗਾ, ਬਿੱਕਰ ਸਿੰਘ ਮਾਛੀਕੇ, ਪੰਜਾਬ ਪਾਵਰ ਕਾਰਪੋਰੇਸ਼ਨ ਪੈਨਸ਼ਨਰ ਐਸੋਸੀਏਸ਼ਨ ਦੇ ਬਲੌਰ ਸਿੰਘ ਘਾਲੀ, ਪੰਜਾਬ ਸਿਹਤ ਵਿਭਾਗ ਦੇ ਪੈਨਸ਼ਨਰ ਆਗੂ ਚਮਕੌਰ ਸਿੰਘ, ਬਲਵਿੰਦਰ ਸਿੰਘ ਗਿੱਲ, ਮਨਜੀਤ ਸਿੰਘ, ਬਲੌਰ ਸਿੰਘ ਪੰਜਾਬ ਪਾਵਰ ਕਾਰਪੋਰੇਸ਼ਨ ਪੈਨਸ਼ਨਰਜ਼ ਯੂਨੀਅਨ ਦੇ ਅਮਰੀਕ ਸਿੰਘ ਮਸੀਤਾਂ, ਗੁਰਮੇਲ ਸਿੰਘ ਨਾਹਰ, ਪੋਹਲਾ ਸਿੰਘ ਬਰਾੜ, ਸੁਰਿੰਦਰ ਸਿੰਘ ਬਰਾੜ, ਆਂਗਣਬਾੜੀ ਯੂਨੀਅਨ ਦੇ ਬੀਬੀ ਗੁਰਚਰਨ ਕੌਰ, ਪੈਨਸ਼ਨਰ ਯੂਨੀਅਨ ਦੇ ਸੱਤਪਾਲ ਸਹਿਗਲ, ਪ.ਸ.ਸ.ਫ. ਰਾਣਾ ਦੇ ਰਾਜਿੰਦਰ ਸਿੰਘ ਰਿਆੜ, ਲਖਵਿੰਦਰ ਸਿੰਘ ਲੱਖਾ, ਪੰਜਾਬ ਰੋਡਵੇਜ਼ ਵਰਕਰ ਜਥੇਬੰਦੀ ਦੇ ਆਗੂ ਗੁਰਜੰਟ ਸਿੰਘ ਕੋਕਰੀ ਨੇ ਕੇਂਦਰ ਤੇ ਮਨੀਪੁਰ ਸਰਕਾਰ ਵੱਲੋਂ ਇਸ ਦੁੱਖਦਾਈ ਤੇ ਸ਼ਰਮਨਾਕ ਘਟਨਾ ਬਾਰੇ ਧਾਰੀ ਸਾਜ਼ਿਸ਼ੀ ਚੁੱਪ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਤੇ ਮੰਗ ਕੀਤੀ ਕਿ ਇਨ੍ਹਾਂ ਘਟਨਾਵਾਂ 'ਚ ਸ਼ਾਮਲ ਦਰਿੰਦਿਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ।

ਜਮੂਹਰੀ ਅਧਿਕਾਰ ਸਭਾ ਦੇ ਸਰਬਜੀਤ ਦਾਉਧਰ, ਦਰਸ਼ਨ ਸਿੰਘ ਤੂਰ, ਭਿੰਦਰ ਪਾਲ, ਸੁਖਦੇਵ ਸਿੰਘ ਨੇ ਵੀ ਇਨ੍ਹਾਂ ਘਟਨਾਵਾਂ ਬਾਰੇ ਵਿਸਥਾਰਤ ਜਾਣਕਾਰੀ ਦਿੱਤੀ ਤੇ ਫਿਰਕਾਪ੍ਰਸਤ ਤਾਕਤਾਂ ਨੂੰ ਭਾਂਜ ਦੇਣ ਦਾ ਸੱਦਾ ਦਿੱਤਾ।

ਇਸ ਮੌਕੇ ਵੱਡੀ ਗਿਣਤੀ 'ਚ ਪੈਨਸ਼ਨਰ, ਮੁਲਾਜ਼ਮ ਆਗੂ ਸ਼ਾਮਲ ਹੋਏ, ਜਿਨ੍ਹਾਂ ਵਿੱਚ ਸੁਰਿੰਦਰ ਪਾਲ ਸਿੰਘ ਬਾਘਾ ਪੁਰਾਣਾ, ਗੁਰਦੇਵ ਸਿੰਘ ਸਕੱਤਰ ਬਾਘਾ ਪੁਰਾਣਾ, ਅਮਰਜੀਤ ਮਾਣੂਕੇ, ਪਿਆਰਾ ਸਿੰਘ ਉੱਗੋਕੇ, ਸਿਕੰਦਰ ਸਿੰਘ, ਜੁਗਿੰਦਰ ਸਿੰਘ ਧੂੜਕੋਟ, ਦਲਬਾਰਾ ਸਿੰਘ, ਇੰਦਰਜੀਤ ਸਿੰਘ, ਆਤਮਾ ਸਿੰਘ ਚੜਿੱਕ, ਦਰਸ਼ਨ ਲਾਲ, ਪੀ. ਵੀ. ਗੁਪਤਾ, ਮਨਜੀਤ ਸਿੰਘ ਬਾਘਾ ਪੁਰਾਣਾ, ਸੋਹਣ ਸਿੰਘ ਨਗਰ ਕਮੇਟੀ ਸਮੇਤ ਪੈਨਸ਼ਨਰ ਆਗੂ ਸ਼ਾਮਲ ਸਨ।

# ਦਸ ਰੁਪਏ ਬਦਲੇ ਚੱਲੀਆਂ ਤਲਵਾਰਾਂ ਦੇ ਚਾਰ ਮੁਲਜ਼ਮ ਸਲਾਖਾਂ ਪਿੱਛੇ

■ 550 ਨਸ਼ੀਲੀਆਂ ਗੋਲੀਆਂ ਸਮੇਤ ਵੀ ਦੋ ਕਾਬੂ



ਦੋਨਾਂ ਮੁਕੱਦਮਿਆਂ ਵਿੱਚ ਫੜੇ ਗਏ ਕਥਿਤ ਦੋਸ਼ੀ ਪੁਲਸ ਪਾਰਟੀ ਨਾਲ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਕੁਝ ਦਿਨ ਪਹਿਲਾਂ ਸ਼ਹਿਰ ਦੇ ਜਾਖਲ ਰੋਡ ਉੱਤੇ ਸਥਿਤ ਟਾਇਰਾਂ ਨੂੰ ਪੈਂਚਰ ਲਗਾਉਣ ਵਾਲੀ ਦੁਕਾਨ ਤੇ ਮੋਟਰਸਾਈਕਲ ਦੇ ਟਾਇਰ ਵਿੱਚ ਹਵਾ ਪਵਾਉਣ ਮਗਰੋਂ ਦਸ ਰੁਪੈ ਬਦਲੇ ਦੁਕਾਨਦਾਰ ਪਿਉ ਪੁੱਤਰਾਂ ਉੱਤੇ ਤਲਵਾਰਾਂ ਨਾਲ ਕੀਤੇ ਗਏ ਹਮਲੇ ਬੇਦੋਸ਼ੀਆਂ ਵਿੱਚੋਂ ਚਾਰ ਨੂੰ ਪੁਲਸ ਨੇ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਫੜੇ ਗਏ ਇਨ੍ਹਾਂ ਚਾਰਾਂ ਵਿਅਕਤੀਆਂ ਨੂੰ ਅਦਾਲਤ ਵਿੱਚ ਪੇਸ਼ ਕਰਨ ਮਗਰੋਂ ਮਾਨਯੋਗ ਅਦਾਲਤ ਨੇ ਚਾਰੇ ਦੋਸ਼ੀਆਂ ਨੂੰ ਜੇਲ੍ਹ ਭੇਜ ਦਿੱਤਾ ਹੈ।

ਜਾਣਕਾਰੀ ਦਿੰਦਿਆਂ ਡੀ ਐੱਸ ਪੀ ਪਾਤੜਾਂ ਗੁਰਦੀਪ ਸਿੰਘ ਦਿਓਲ ਨੇ ਦੱਸਿਆ ਕਿ 22 ਜੁਲਾਈ ਨੂੰ ਸਵੇਰੇ ਕਰੀਬ 8:00 ਵਜੇ ਜਾਖਲ ਰੋਡ ਉੱਤੇ ਵਰਮਾਂ ਟਾਇਰ ਵਰਕਰਸ ਕੋਲੋਂ ਇੱਕ ਨੌਜਵਾਨ ਆਪਣੇ ਮੋਟਰਸਾਈਕਲ ਵਿੱਚ ਹਵਾ ਪਵਾਉਣ ਲਈ ਆਇਆ। ਹਵਾ ਪਾਉਣ ਉਪਰੰਤ ਜਦੋਂ ਦੁਕਾਨਦਾਰ ਨੇ ਬੋਹਨੀ ਦਾ ਸਮਾਂ ਹੋਣ ਕਰਕੇ ਦਸ ਰੁਪਏ ਦੀ ਮੰਗ ਕੀਤੀ ਤਾਂ ਉਕਤ ਨੌਜਵਾਨ ਨੇ ਦੁਕਾਨਦਾਰ ਨੂੰ ਚੰਗਾ ਮਾੜਾ ਬੋਲਿਆ। ਇਸ ਦੌਰਾਨ ਦੋਹਾਂ ਵਿੱਚ ਹੋਈ ਤਲਖ ਕਲਾਮੀ ਉਪਰੰਤ ਉਕਤ ਨੌਜਵਾਨ ਨੇ ਕੁਝ ਸਮੇਂ ਮਗਰੋਂ ਆਪਣੇ ਕੁਝ ਹੋਰ ਸਾਥੀ ਬੁਲਾ ਕੇ ਤਲਵਾਰਾਂ ਨਾਲ ਦੁਕਾਨਦਾਰ ਤੇ ਉਸ ਦੇ ਪੁੱਤਰਾਂ ਉਪਰ ਹਮਲਾ ਕਰ ਦਿੱਤਾ। ਇਸ ਹਮਲੇ ਵਿੱਚ ਦੁਕਾਨਦਾਰ ਪ੍ਰਕਾਸ਼ ਚੰਦ ਤੇ ਉਸ ਦੇ ਤਿੰਨੋਂ ਪੁੱਤਰ ਜਸਵਿੰਦਰ ਸਿੰਘ ਉਰਫ ਸੋਨੂੰ, ਹਰਵਿੰਦਰ ਸਿੰਘ ਤੇ ਸੁਖਵਿੰਦਰ ਸਿੰਘ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਪਟਿਆਲਾ ਵਿਖੇ ਭਰਤੀ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ ਮਾਮਲੇ ਨੂੰ ਲੈ ਕੇ ਜਸਵਿੰਦਰ ਸਿੰਘ ਦੇ ਬਿਆਨਾਂ ਉੱਤੇ ਤੇ ਵਾਇਰਲ ਹੋਈ ਵੀਡੀਓ ਦੀ ਹੋਈ ਪੜਤਾਲ ਦੇ ਆਧਾਰ ਉੱਤੇ ਮੁਕਦਮਾ ਦਰਜ ਕੀਤਾ ਗਿਆ ਸੀ। ਇਸ ਕੇਸ ਵਿੱਚ ਥਾਣਾ ਮੁਖੀ ਪਾਤੜਾਂ ਇੰਸਪੈਕਟਰ ਹਰਮਨਪ੍ਰੀਤ ਸਿੰਘ ਚੀਮਾ ਤੇ ਸਿਟੀ ਪੁਲਸ ਇੰਚਾਰਜ ਬਲਜੀਤ ਸਿੰਘ ਦੀ ਅਗਵਾਈ ਵਿੱਚ ਬਣਾਈਆਂ ਗਈਆਂ ਟੀਮਾਂ ਨੇ ਲਵਪ੍ਰੀਤ ਸਿੰਘ ਲਵਲੀ, ਲਛਮਣ ਸਿੰਘ ਬਲਵਿੰਦਰ ਸਿੰਘ ਬਿੰਦੂ ਤੇ ਸੁਖਵਿੰਦਰ ਸਿੰਘ ਸਾਰੇ ਵਾਸੀਅਨ ਪਿੰਡ ਹਰਿਆਊ ਖੁਰਦ ਨਿਊ ਮੋਟਰਸਾਈਕਲ, ਵਾਰਦਾਤ ਸਮੇਂ ਵਰਤੀ ਗਈ ਕਰੂਜ ਗੱਡੀ, ਤਲਵਾਰ ਤੇ ਸੋਟੀਆਂ ਸਮੇਤ ਕਾਬੂ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿਅਕਤੀਆਂ ਵੱਲੋਂ ਕੀਤੀ ਕਿ ਪੁੱਛ ਪੜਤਾਲ ਦੇ ਅਧਾਰ ਤੇ ਜਲਦੀ ਬਾਕੀ ਦੋਸ਼ੀਆਂ ਨੂੰ ਵੀ ਕਾਬੂ ਕਰ ਲਿਆ ਜਾਵੇਗਾ। ਉਨ੍ਹਾ ਦੱਸਿਆ ਕਿ ਇੱਕ ਵੱਖਰੇ ਮਾਮਲੇ ਵਿੱਚ ਪੁਲਸ ਨੇ ਸਾਡੇ ਪੰਜ ਸੌ ਨਸ਼ੀਲੀਆਂ ਗੋਲੀਆਂ ਸਮੇਤ ਦੋ ਵਿਅਕਤੀਆਂ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ, ਜਿਨ੍ਹਾਂ ਦੀ ਪਛਾਣ ਕੁਲਵੰਤ ਸਿੰਘ ਉਰਫ ਕਾਲਾ ਵਾਸੀ ਨੇੜੇ ਗਊਸ਼ਾਲਾ ਜਾਖਲ ਰੋਡ ਪਾਤੜਾਂ ਤੇ ਕਾਲਾ ਸਿੰਘ ਬਾਸੀ ਹਰਮਨਗਰ ਨੇੜੇ ਪੀਰਖਾਨਾ ਨੂੰ ਮੋਟਰਸਾਈਕਲ ਸਮੇਤ ਕਾਬੂ ਕੀਤਾ ਗਿਆ ਹੈ।

## ਹਰਿਆਵਲ ਲਹਿਰ ਨੇ ਬੁੱਧ ਵਿਹਾਰ ਵਿਖੇ ਪੌਦੇ ਲਗਾਏ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਥਾਨਕ ਮੁਹੱਲਾ ਬੁੱਧ ਵਿਹਾਰ ਨਿਵਾਸੀ ਉੱਘੇ ਸਮਾਜ ਸੇਵਕ ਸੇਵਾ ਮੁਕਤ ਐੱਸ.ਡੀ.ਓ. ਇੰਜ. ਅਸ਼ੋਕ ਕੁਮਾਰ ਭਾਰਤੀ ਦੀ ਪਹਿਲ ਕਦਮੀ ਤੇ ਵਿਸ਼ੇਸ਼ ਉਪਰਾਲੇ ਸਦਕਾ ਸਥਾਨਕ ਦਸਮੇਸ਼ ਹਰਿਆਵਲ ਲਹਿਰ ਨੇ ਮੁਹੱਲੇ ਵਿੱਚ ਪੌਦੇ ਲਗਾਏ। ਇਨ੍ਹਾਂ ਦੀ ਰੱਖਿਆ ਲਈ ਟਰੀ ਗਾਰਡ ਵੀ ਲਗਾਏ ਗਏ। ਹਰਿਆਵਲ ਲਹਿਰ ਦੇ ਪ੍ਰਧਾਨ ਗੁਰਨਿਸ਼ਾਨ ਸਿੰਘ ਦੀ ਅਗਵਾਈ ਤੇ ਦਿਸ਼ਾ ਨਿਰਦੇਸ਼ਾਂ ਅਧੀਨ ਸੰਸਥਾ ਦੇ ਮੈਂਬਰ ਸੰਦੀਪ ਸਿੰਘ, ਡਾ. ਬਲਜੀਤ ਸਿੰਘ, ਗਗਨਦੀਪ ਸਿੰਘ ਤੇ ਹੋਰਨਾਂ ਨੇ ਬੁੱਧ ਵਿਹਾਰ ਵਿਖੇ ਪੌਦੇ ਲਾਉਣ ਦੀ ਮੁਹਿੰਮ ਦਾ ਆਗਾਜ਼ ਕੀਤਾ। ਸਮੂਹ ਮੁਹੱਲਾ ਨਿਵਾਸੀਆਂ ਨੇ ਇਸ ਵਧੀਆ ਕਾਰਜ ਲਈ ਹਰਿਆਵਲ ਲਹਿਰ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਤੇ ਇਨ੍ਹਾਂ ਪੌਦਿਆਂ ਦੀ ਉਚਿਤ ਦੇਖ ਭਾਲ ਕਰਨ ਦਾ ਵਿਸ਼ਵਾਸ ਦਿਵਾਇਆ। ਇਸ ਮੌਕੇ ਬੁੱਧ ਵਿਹਾਰ ਵਿਕਾਸ ਕਮੇਟੀ ਦੇ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ, ਮਹੇਸ਼ ਸ਼ਰਮਾ, ਰਾਜੇਸ਼ ਕੁਮਾਰ, ਹਰਪਾਲ ਸਿੰਘ ਸਦਿਉੜਾ, ਸੁਮਿਤ ਸਲੂਜਾ, ਭਾਰਤ ਭੂਸ਼ਨ ਸਿੰਗਲਾ ਤੇ ਰਾਜੇਸ਼ ਕੁਮਾਰ ਆਦਿ ਸਮੇਤ ਕਈ ਮੁਹੱਲਾ ਨਿਵਾਸੀ ਮੌਜੂਦ ਸਨ।

## 'ਪ੍ਰੀਕਸ਼ਾ ਪੇ ਚਰਚਾ' ਪ੍ਰਤੀਯੋਗਤਾ 'ਚ ਮਾਤਾ ਸਾਹਿਬ ਕੌਰ ਪਬਲਿਕ ਸਕੂਲ ਨੇ ਮਾਰੀਆਂ ਮੱਲਾਂ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੱਲੋਂ ਪੂਰੇ ਭਾਰਤ ਵਿੱਚ ਸ਼ੁਰੂ ਕੀਤੀ ਗਈ ਪ੍ਰਤੀਯੋਗਤਾ 'ਪ੍ਰੀਕਸ਼ਾ ਪੇ ਚਰਚਾ' ਆਨਲਾਈਨ ਪ੍ਰਤੀਯੋਗਤਾ ਵਿੱਚ ਮਾਤਾ ਸਾਹਿਬ ਕੌਰ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਦੇ ਨੌਵੀਂ ਜਮਾਤ ਤੋਂ ਲੈ ਕੇ ਬਾਰਵੀਂ ਜਮਾਤ ਤੱਕ ਦੇ ਤਕਰੀਬਨ 40 ਵਿਦਿਆਰਥੀਆਂ ਨੇ ਹਿੱਸਾ ਲਿਆ ਤੇ ਸਾਰੇ ਵਿਦਿਆਰਥੀਆਂ ਨੇ ਚੰਗਾ ਪ੍ਰਦਰਸ਼ਨ ਕੀਤਾ। ਇਸ ਵਿੱਚੋਂ 5 ਵਿਦਿਆਰਥੀਆਂ ਮਨਦੀਪ ਕੌਰ ਜਮਾਤ ਬਾਰਵੀਂ, ਹਰਮਨਪ੍ਰੀਤ ਕੌਰ ਜਮਾਤ ਬਾਰਵੀਂ, ਜਸਪ੍ਰੀਤ ਕੌਰ ਜਮਾਤ ਬਾਰਵੀਂ, ਅੰਤਰਿਕਸ਼ ਜਮਾਤ ਦਸਵੀਂ, ਅਰਮਾਨ ਕੰਬੋਜ ਜਮਾਤ ਦਸਵੀਂ ਨੇ ਮੈਰਿਟ ਲਿਸਟ ਵਿੱਚ ਆ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਇਨ੍ਹਾਂ ਵਿਦਿਆਰਥੀਆਂ ਨੂੰ ਪ੍ਰਧਾਨ ਮੰਤਰੀ ਵੱਲੋਂ ਆਪਣੇ ਹਸਤਾਖਰ ਕੀਤੇ ਗਏ ਵਿਦਿਆਰਥੀਆਂ ਦੇ ਨਾਮ ਨਾਲ ਸੰਬੰਧਤ ਇੱਕ ਪ੍ਰਸ਼ੰਸਾ ਪੱਤਰ ਦਿੱਤਾ ਗਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਪੰਕਜ ਧਮੀਜਾ ਨੇ ਇਸ ਪ੍ਰਤੀਯੋਗਤਾ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦਾ ਉਤਸ਼ਾਹ ਵਧਾਉਂਦੇ ਹੋਏ ਉਨ੍ਹਾਂ ਨੂੰ ਸਨਮਾਨਤ ਕੀਤਾ ਤੇ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਵੱਲੋਂ ਦਿੱਤੇ ਗਏ ਪ੍ਰਸ਼ੰਸਾ ਪੱਤਰ ਦਿੱਤੇ ਗਏ ਹਨ। ਇਸ ਨਾਲ ਵਿਦਿਆਰਥੀਆਂ ਦਾ ਹੌਸਲਾ ਵਧਦਾ ਹੈ ਤੇ ਇਸ ਨੂੰ ਦੇਖਦੇ ਹੋਏ ਦੂਸਰੇ ਵਿਦਿਆਰਥੀ ਵੀ ਉਤਸ਼ਾਹਤ ਹੁੰਦੇ ਹਨ।

## ਖੇਤੀਬਾੜੀ ਵਿਭਾਗ ਵੱਲੋਂ ਕਿਸਾਨ ਜਾਗਰੂਕਤਾ ਕੈਂਪ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਡਾ. ਕਰਨਜੀਤ ਸਿੰਘ ਗਿੱਲ ਮੁੱਖ ਖੇਤੀਬਾੜੀ ਅਫਸਰ ਫਰੀਦਕੋਟ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਖੇਤੀਬਾੜੀ ਵਿਭਾਗ ਦੀਆਂ ਪ੍ਰਸਾਰ ਸੇਵਾਵਾਂ ਘਰ ਘਰ ਤੱਕ ਪਹੁੰਚਾਉਣ ਦੇ ਉਦੇਸ਼ ਤਹਿਤ ਪਿੰਡ ਮਰਾੜ ਵਿਖੇ ਕਿਸਾਨ ਜਾਗਰੂਕਤਾ ਕੈਂਪ ਲਾਇਆ ਗਿਆ। ਇਸ ਕੈਂਪ ਵਿੱਚ ਡਾ. ਗੁਰਬਚਨ ਸਿੰਘ ਮਾਨ, ਖੇਤੀਬਾੜੀ ਵਿਸਥਾਰ ਅਫਸਰ ਨੇ ਖੇਤੀਬਾੜੀ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਕਿਸਾਨ ਭਲਾਈ ਸਕੀਮਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਡਾ. ਦਵਿੰਦਰਪਾਲ ਸਿੰਘ ਗਰੇਵਾਲ ਨੇ ਕਿਸਾਨਾਂ ਨੂੰ ਮਿੱਟੀ ਤੇ ਪਾਣੀ ਦੀ ਟੈਸਟਿੰਗ ਕਰਵਾਉਣ ਲਈ ਕਿਹਾ ਤੇ ਖਾਦਾਂ ਦੀ ਬੇਲੋੜੀ ਵਰਤੋਂ ਤੋਂ ਪਰਹੇਜ਼ ਕਰਨ ਲਈ ਕਿਹਾ। ਉਨ੍ਹਾ ਕਿਸਾਨਾਂ ਨੂੰ ਕਿਸਾਨ ਸਮਰਿਧੀ ਯੋਜਨਾ ਦਾ ਲਾਹਾ ਲੈਣ ਲਈ ਵੀ ਕਿਹਾ। ਖੇਤੀ ਸਹਿਤ ਕਿਸਾਨਾਂ ਨੂੰ ਮੁਫਤ ਵੰਡਿਆ ਗਿਆ। ਪਸ਼ੂ ਪਾਲਣ ਵਿਭਾਗ ਤੋਂ ਆਏ ਡਾ. ਨਤਿਨ ਗਾਂਧੀ ਨੇ ਵੈਕਸੀਨੇਸ਼ਨ ਕੰਪੇਨ ਤੇ ਹੋਰ ਭਲਾਈ ਸਕੀਮਾਂ ਦਾ ਲਾਭ ਲੈਣ ਲਈ ਕਿਸਾਨਾਂ ਨੂੰ ਪ੍ਰੇਰਿਤ ਕੀਤਾ। ਸਟੇਜ ਸੈਕਟਰੀ ਦੀ ਭੂਮਿਕਾ ਸਤਵਿੰਦਰ ਸਿੰਘ ਸੰਧੂ ਫੀਲਡ ਵਰਕਰ ਵੱਲੋਂ ਨਿਭਾਈ ਗਈ। ਇਸ ਕੈਂਪ ਵਿੱਚ ਅਮਰੀਕ ਸਿੰਘ, ਹਰਭਗਵਾਨ ਸਿੰਘ, ਅਰਸ਼ਪ੍ਰੀਤ ਸਿੰਘ ਆਦਿ ਲਗਭਗ 45 ਕਿਸਾਨਾਂ ਨੇ ਭਾਗ ਲਿਆ।

## ਕਾਤਰਾਂ

### ਪੰਜਾਬ ਉਰਦੂ ਅਕੈਡਮੀ ਵੱਲੋਂ ਗੋਸ਼ਟੀ ਅੱਜ

**ਮਾਲੇਰਕੋਟਲਾ (ਅਸਗਰ ਪਰਿਹਾਰ)**-ਪੰਜਾਬ ਉਰਦੂ ਅਕੈਡਮੀ ਮਾਲੇਰਕੋਟਲਾ (ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ, ਪੰਜਾਬ ਸਰਕਾਰ) ਵੱਲੋਂ ਇੱਕ ਕਹਾਣੀ ਗੋਸ਼ਟੀ 30 ਜੁਲਾਈ ਬਾਅਦ ਦੁਪਹਿਰ ਇਕਬਾਲ ਆਡੀਟੋਰੀਅਮ, ਪੰਜਾਬ ਉਰਦੂ ਅਕੈਡਮੀ ਦਿੱਲੀ ਗੇਟ ਵਿਖੇ ਕੀਤੀ ਜਾ ਰਹੀ ਹੈ।ਇਸ ਗੋਸ਼ਟੀ ਵਿੱਚ ਵਿਧਾਇਕ ਮਾਲੇਰਕੋਟਲਾ ਡਾ. ਮੁਹੰਮਦ ਜਮੀਲ-ਉਰ-ਰਹਿਮਾਨ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕਰਨਗੇ ਤੇ ਵਾਈਸ ਚੇਅਰਮੈਨ, ਪੰਜਾਬ ਉਰਦੂ ਅਕੈਡਮੀ ਮਾਲੇਰਕੋਟਲਾ ਤਸ਼ਰੀਫ਼ ਲਿਆਉਣਗੇ।ਇਸ ਗੱਲ ਦੀ ਜਾਣਕਾਰੀ ਪੰਜਾਬ ਉਰਦੂ ਅਕਾਦਮੀ ਦੇ ਇੰਚਾਰਜ ਮੁਹੰਮਦ ਸਾਦਿਕ ਨੇ ਦਿੰਦਿਆਂ ਦੱਸਿਆ ਕਿ ਇਸ ਕਹਾਣੀ ਗੋਸ਼ਟੀ ਦੀ ਪ੍ਰਧਾਨਗੀ ਉਬਘੇ ਕਹਾਣੀਕਾਰ ਡਾ. ਨਿਗਾਰ ਅਜ਼ੀਮ (ਦਿੱਲੀ) ਕਰਨਗੇ ਤੇ ਵਿਸ਼ੇਸ਼ ਮਹਿਮਾਨ ਵਜੋਂ ਸ਼੍ਰੀਮਤੀ ਫ਼ਰਿਆਲ ਰਹਿਮਾਨ ਸੀਨੀਅਰ ਲੀਡਰ, ਆਮ ਆਦਮੀ ਪਾਰਟੀ ਸ਼ਿਰਕਤ ਕਰਨਗੇ।

### ਸੜਕ ਹਾਦਸੇ 'ਚ ਨੌਜਵਾਨ ਦੀ ਮੌਤ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਰਾਹੋਂ ਰੋਡ 'ਤੇ ਵਾਪਰੇ ਦਰਦਨਾਕ ਸੜਕ ਹਾਦਸੇ ਵਿੱਚ ਨੌਜਵਾਨ ਬਿੱਟੂ (20) ਵਾਸੀ ਮਾਛੀਵਾੜਾ ਦੀ ਮੌਤ ਹੋ ਗਈ। ਜਾਣਕਾਰੀ ਮੁਤਾਬਕ ਹਲਵਾਈ ਦਾ ਕੰਮ ਕਰਦੇ ਡਬਲੂ ਹਲਵਾਈ ਦਾ ਇਹ ਨੌਜਵਾਨ ਮੋਟਰਸਾਈਕਲ 'ਤੇ ਸਵਾਰ ਹੋ ਕੇ ਰਾਹੋਂ ਰੋਡ 'ਤੇ ਮਾਛੀਵਾੜਾ ਵੱਲ ਨੂੰ ਆ ਰਿਹਾ ਸੀ ਕਿ ਇੱਧਰੋਂ ਆ ਰਹੇ ਟਾਟਾ-407 ਨਾਲ ਇਸ ਦੀ ਟੱਕਰ ਹੋ ਗਈ। ਸੜਕ ਹਾਦਸੇ 'ਚ ਮੋਟਰਸਾਈਕਲ ਸਵਾਰ ਬਿੱਟੂ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਤੇ ਜਦੋਂ ਉਸ ਨੂੰ ਹਸਪਤਾਲ ਲਿਆਂਦਾ ਗਿਆ ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਪੁਲਸ ਵੱਲੋਂ ਲਾਸ਼ ਕਬਜ਼ੇ 'ਚ ਕਰ ਪੋਸਟਮ ਮਾਰਟਮ ਲਈ ਭੇਜ ਦਿੱਤੀ ਹੈ ਤੇ ਮਿੰਨੀ ਟਰੱਕ ਚਾਲਕ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

### ਹਾਈਵੇ 'ਤੇ ਪਲਟੀ ਇਨੋਵਾ 'ਚੋਂ 60 ਪੇਟੀਆਂ ਸ਼ਰਾਬ ਬਰਾਮਦ

**ਚਾਲਕ ਦਾ ਚੂਲਾ ਟੁੱਟਿਆ, ਮਾਮਲਾ ਦਰਜ**

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਲੁਧਿਆਣਾ-ਮੋਰਿੰਡਾ ਹਾਈਵੇ 'ਤੇ ਪਿੰਡ ਰਾਣਵਾਂ ਨਜ਼ਦੀਕ ਅੱਧੀ ਰਾਤ ਨੂੰ ਪਲਟੀ ਇੱਕ ਇਨੋਵਾ ਕਾਰ 'ਚੋਂ ਚੰਡੀਗੜ੍ਹ ਵਿੱਚ ਵਿਕਣ ਲਈ ਬਣੀ ਸ਼ਰਾਬ ਦੀਆਂ 60 ਪੇਟੀਆਂ (720 ਬੋਤਲਾਂ) ਬਰਾਮਦ ਹੋਣ ਦਾ ਸਮਾਚਾਰ ਹੈ। ਸੂਤਰਾਂ ਤੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਚੰਡੀਗੜ੍ਹ ਤੋਂ ਇਨੋਵਾ ਕਾਰ ਨੰਬਰ 10-4344 ਅੱਧੀ ਰਾਤ ਨੂੰ ਤੇਜ਼ ਰਫਤਾਰ ਨਾਲ ਲੁਧਿਆਣਾ ਵੱਲ ਜਾ ਰਹੀ ਸੀ ਤਾਂ ਰਾਣਵਾਂ ਨਜ਼ਦੀਕ ਪਹੁੰਚ ਕੇ ਉਕਤ ਗੱਡੀ ਪਲਟ ਗਈ, ਜਿਸ ਦੇ ਚਾਲਕ ਦਾ ਚੂਲਾ ਟੁੱਟ ਜਾਣ ਤੇ ਹੋਰ ਸੱਟਾਂ ਲੱਗਣ ਕਾਰਨ ਉਸ ਨੂੰ ਲੁਧਿਆਣਾ ਦੇ ਕਿਸੇ ਹਸਪਤਾਲ 'ਚ ਦਾਖਲ ਕਰਵਾਏ ਜਾਣ ਦੀ ਸੂਚਨਾ ਹੈ। ਹਾਦਸੇ ਦੀ ਸੂਚਨਾ ਮਿਲਣ 'ਤੇ ਮੌਕੇ 'ਤੇ ਪਹੁੰਚੀ ਖਮਾਣੋਂ ਪੁਲਸ ਨੂੰ ਕਾਰ 'ਚੋਂ 720 ਬੋਤਲਾਂ ਸ਼ਰਾਬ ਦੀਆਂ ਬਰਾਮਦ ਹੋਈਆਂ, ਜਦੋਂ ਕਿ ਬੁਰੀ ਤਰ੍ਹਾਂ ਨੁਕਸਾਨੀ ਗਈ ਇਨੋਵਾ ਕਾਰ ਦਾ ਚਾਲਕ ਮੌਕੇ 'ਤੇ ਨਹੀਂ ਮਿਲਿਆ, ਜਿਸ ਦੀ ਪਹਿਚਾਣ ਮਨੋਜ ਕੁਮਾਰ ਵਜੋਂ ਦੱਸੀ ਜਾ ਰਹੀ ਹੈ। ਗੱਡੀ ਨੂੰ ਕਬਜ਼ੇ 'ਚ ਲੈਂਦੇ ਹੋਏ ਖਮਾਣੋਂ ਪੁਲਸ ਨੇ ਮਨੋਜ ਕੁਮਾਰ ਵਾਸੀ ਮਿਹਰਬਾਨ (ਲੁਧਿਆਣਾ) ਵਿਰੁੱਧ ਅ/ਧ 61/1/14 ਆਬਕਾਰੀ ਐਕਟ ਤਹਿਤ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

## ਲੁੱਟਾਂ-ਖੋਹਾਂ ਕਰਨ ਵਾਲੇ ਗੈਂਗ ਦੇ 5 ਮੈਂਬਰ ਮਾਰੂ ਹਥਿਆਰਾਂ ਸਮੇਤ ਗ੍ਰਿਫ਼ਤਾਰ



**ਜਗਰਾਓਂ (ਅਮਿਤ ਖੰਨਾ/ਸੰਜੀਵ ਅਰੋੜਾ)**-ਲੁਧਿਆਣਾ (ਦਿਹਾਤੀ) ਪੁਲਸ ਵੱਲੋਂ ਨਸ਼ਿਆਂ ਨੂੰ ਠੱਲ੍ਹ ਪਾਉਣ ਤੇ ਸਮਾਜ ਵਿਰੋਧੀ ਅਨਸਰਾਂ ਨੂੰ ਕਾਬੂ ਕਰਨ ਲਈ ਚਲਾਈ ਗਈ ਵਿਸ਼ੇਸ਼ ਮੁਹਿੰਮ ਦੌਰਾਨ ਸ੍ਰੀ ਸਤਵਿੰਦਰ ਸਿੰਘ ਵਿਰਕ, ਪੀ.ਪੀ.ਐੱਸ, ਡੀ.ਐੱਸ.ਪੀ. ਸਬ-ਡਵੀਜ਼ਨ ਜਗਰਾਉਂ ਦੀ ਨਿਗਰਾਨੀ ਅਧੀਨ ਥਾਣੇਦਾਰ ਅਮਰਜੀਤ ਸਿੰਘ, ਮੁੱਖ ਅਫਸਰ ਥਾਣਾ ਸਦਰ ਜਗਰਾਓਂ ਵੱਲੋਂ ਸਮੇਤ ਪੁਲਸ ਪਾਰਟੀ ਦੇ ਸਪੈਸ਼ਲ ਨਾਕਾਬੰਦੀ ਸਬੰਧੀ ਜੀ ਟੀ ਰੋਡ ਸੰਧਵਾਂ ਕਲਾਂ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਮਿੱਠੂ ਉਰਫ ਵਿੱਕੀ ਪੁੱਤਰ ਜਗਰਾਜ ਸਿੰਘ ਵਾਸੀ ਪਿੰਡ ਕੁੱਸਾ ਥਾਣਾ ਬੱਧਨੀ ਕਲਾਂ ਜ਼ਿਲ੍ਹਾ ਮੋਗਾ, ਬਲਕਾਰ ਸਿੰਘ, ਸੁਖਵਿੰਦਰ ਸਿੰਘ ਉਰਫ ਮੁੱਖ ਸਰਪੰਚ, ਰਾਜਵਿੰਦਰ ਸਿੰਘ ਉਰਫ ਬੰਤੂ, ਹਰਵਿੰਦਰ ਸਿੰਘ ਉਰਫ ਕਾਲੀ ਪਿੰਡ ਚੌਕੀਮਾਨ ਦੇ ਨੇੜੇ ਪੁਰਾਣੇ ਭੱਠੇ 'ਤੇ ਬਣੇ ਕਮਰਿਆਂ ਵਿੱਚ ਬੈਠ ਕੇ ਲੁੱਟ-ਖੋਹ ਤੇ ਡਕੈਤੀ ਕਰਨ ਲਈ ਨਜਾਇਜ਼ ਅਸਲਾ ਤੇ ਮਾਰੂ ਹਥਿਆਰਾਂ ਨਾਲ ਲੈਸ ਹੋ ਕੇ ਸਲਾਹ ਮਸ਼ਵਰਾ ਕਰ ਰਹੇ ਹਨ, ਉਪਰ ਰੇਡ ਕਰਕੇ ਉਕਤ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਇੱਕ ਰਿਵਾਲਵਰ 315 ਧਰ ਸਮੇਤ 03 ਜ਼ਿੰਦਾ ਕਾਰਤੂਸ, 2 ਕਮਾਨੀਦਾਰ ਚਾਕੂ, 2 ਦਾਹ ਲੋਹਾ ਤੇ 4 ਮੋਟਰਸਾਈਕਲ ਬਰਾਮਦ ਕੀਤੇ ਗਏ। ਮੋਟਰਸਾਈਕਲਾਂ 'ਤੇ ਜਾਅਲੀ ਨੰਬਰ ਲੱਗੇ ਹੋਏ ਸਨ, ਜੋ ਇਹ ਗਰੋਹ ਲੁੱਟ-ਖੋਹ, ਮੋਟਰਸਾਈਕਲ ਚੋਰੀ ਕਰਦੇ ਹਨ। ਉਕਤ ਮੁਲਜ਼ਮਾਂ ਨੂੰ ਮੌਕੇ ਤੋਂ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਵੱਖ-ਵੱਖ ਧਰਾਵਾਂ ਤਹਿਤ ਮੁਕੱਦਮੇ ਦਰਜ ਕੀਤੇ ਗਏ ਹਨ। ਇਸੇ ਤਰ੍ਹਾਂ ਇੰਸਪੈਕਟਰ ਦਲਜੀਤ ਸਿੰਘ ਮੁੱਖ ਅਫਸਰ ਥਾਣਾ ਸਿੱਧਵਾਂ ਬੇਟ ਦੀ ਪੁਲਸ ਪਾਰਟੀ ਵੱਲੋਂ ਦਸਰਥ ਸਿੰਘ ਤੰਵਰ ਪੁੱਤਰ ਅਰਜਨ ਸਿੰਘ ਵਾਸੀ ਬ੍ਰੂਕੇਡੀ ਤਹਿਸੀਲ ਸੁਵਾਸਰਾ ਜ਼ਿਲ੍ਹਾ ਮੰਦੋਸਰ ਮੱਧ ਪ੍ਰਦੇਸ਼ ਤੇ ਸਾਹੁਰਖ ਮਨਸੂਰੀ ਪੁੱਤਰ ਪੀਰੂ ਖਾਂ ਮਨਸੂਰੀ ਵਾਰਡ ਨੰਬਰ 04 ਨਦੀ ਕੇ ਪਾਸ ਤਹਿਸੀਲ ਸੁਵਾਸਰਾ ਜ਼ਿਲ੍ਹਾ ਦੌਸਰ ਮੱਧ ਪ੍ਰਦੇਸ਼ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ 250 ਗ੍ਰਾਮ ਅਫੀਮ ਬਰਾਮਦ ਕੀਤੀ ਗਈ। ਉਨ੍ਹਾਂ ਖਿਲਾਫ ਥਾਣਾ ਸਿੱਧਵਾਂ ਬੇਟ ਕੇਸ ਦਰਜ ਕੀਤਾ ਗਿਆ ਹੈ।

## ਏਟਕ ਵੱਲੋਂ ਕੇਂਦਰ ਤੇ ਮਨੀਪੁਰ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ



**ਰਾਜਪੁਰਾ (ਰਮੇਸ਼ ਕਟਾਰੀਆ)**-ਪੰਜਾਬ ਐਂਡ ਯੂ ਟੀ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਅਤੇ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਦੇ ਸੱਦੇ ਅਨੁਸਾਰ ਪਟਿਆਲਾ ਸਰਕਲ ਪ੍ਰਧਾਨ ਸਾਥੀ ਗੁਰਦਿਆਲ ਸਿੰਘ ਬੱਬੂ, ਸਰਕਲ ਪ੍ਰਧਾਨ ਡਵੀਜ਼ਨ ਰਾਜਪੁਰਾ ਦੇ ਪ੍ਰਧਾਨ ਸਾਥੀ ਕੁਲਦੀਪ ਸਿੰਘ ਦੀ ਪ੍ਰਧਾਨਗੀ ਹੇਠ ਏਟਕ ਦਫਤਰ ਰਾਜਪੁਰਾ ਵਿਖੇ ਮਨੀਪੁਰ ਵਿੱਚ ਵਾਪਰੀ ਦਰਿੰਦਗੀ ਖਿਲਾਫ ਕੇਂਦਰ ਦੀ ਮੋਦੀ ਤੇ ਮਨੀਪੁਰ ਦੀ ਸਰਕਾਰ ਵਿਰੁੱਧ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ ਗਿਆ। ਮੁਲਾਜ਼ਮ ਆਗੂਆਂ ਵੱਲੋਂ ਕੌਮੀ ਆਗੂ ਸਾਥੀ ਹਰਭਜਨ ਸਿੰਘ ਪਿਲਖਣੀ ਨੇ ਬੋਲਦੇ ਹੋਏ ਦੱਸਿਆ ਕਿ ਮਨੀਪੁਰ ਵਿੱਚ ਵਾਪਰੀ ਸ਼ਰਮਨਾਕ ਦਰਿੰਦਗੀ ਤੇ ਨਾ-ਸਹਿਣਯੋਗ ਸਾਡੀਆਂ ਬੱਚੀਆਂ ਨੂੰ ਨਿਰਵਸਤਰ ਕਰਕੇ ਸਰੇਆਮ ਸੜਕਾਂ 'ਤੇ ਘੁਮਾਉਣ ਤੋਂ ਬਾਅਦ ਉਨ੍ਹਾਂ ਬੱਚੀਆਂ ਦਾ ਜਿਸਮੀ ਸ਼ੋਸ਼ਣ ਕਰਨ ਉਪਰੰਤ ਉਨ੍ਹਾਂ ਦੇ ਬਚਾਅ ਲਈ ਆਏ ਉਨ੍ਹਾਂ ਦੇ ਭਰਾ ਨੂੰ ਵੀ ਜਾਨ ਤੋਂ ਖਤਮ ਕਰ ਦਿੱਤਾ। ਸੂਬਾ ਵਿੱਤ ਸਕੱਤਰ ਸਾਥੀ ਬਲਜੀਤ ਕੁਮਾਰ ਨੇ ਦੱਸਿਆ ਕਿ ਕੇਂਦਰ ਵਿੱਚ ਬੈਠੀ ਮੋਦੀ ਸਰਕਾਰ ਵੱਲੋਂ ਇਸ ਮੰਦਭਾਗੀ ਘਟਨਾ ਬਾਰੇ ਕੋਈ ਪੁਖਤਾ ਕਦਮ ਨਹੀਂ ਚੁੱਕਿਆ ਜਾ ਰਿਹਾ ਤੇ ਦੋਸ਼ੀਆਂ ਨੂੰ ਫੜਨ ਉਪਰੰਤ ਉਨ੍ਹਾਂ 'ਤੇ ਮਨੀਪੁਰ ਸਰਕਾਰ ਵੱਲੋਂ ਲਗਭਗ 3 ਮਹੀਨੇ ਬੀਤ ਜਾਣ ਉਪਰੰਤ ਕੋਈ ਸਖਤ ਕਾਰਵਾਈ ਨਹੀਂ ਕੀਤੀ ਜਾ ਰਹੀ। ਗੁਰਦਿਆਲ ਸਿੰਘ ਬੱਬੂ ਨੇ ਮਨੀਪੁਰ ਸਰਕਾਰ ਨੂੰ ਤੁਰੰਤ ਬਰਖਾਸਤ ਕਰਨ ਦੀ ਜ਼ੋਰਦਾਰ ਮੰਗ ਕੀਤ।

ਇਸ ਮੌਕੇ ਡਵੀਜ਼ਨ ਰਾਜਪੁਰਾ ਦੇ ਪ੍ਰਧਾਨ ਸਾਥੀ ਕੁਲਦੀਪ ਸਿੰਘ, ਸਾਥੀ ਸੁਖਦੇਵ ਸਿੰਘ, ਸਾਥੀ ਸੁੱਚਾ ਸਿੰਘ ਤੇ ਪੈਨਸ਼ਨਰ ਯੂਨੀਅਨ ਏਟਕ ਰਾਜਪੁਰਾ ਦੇ ਪ੍ਰਧਾਨ ਸਾਥੀ ਰਾਮ ਰਤਨ, ਸਾਥੀ ਸ਼ਾਮ ਸੁੰਦਰ, ਸਾਥੀ ਸਤਨਾਮ ਸਿੰਘ ਨੇ ਕਿਹਾ ਕਿ ਜੇਕਰ ਮਨੀਪੁਰ ਤੇ ਕੇਂਦਰ ਸਰਕਾਰ ਵੱਲੋਂ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਨਹੀਂ ਕੀਤੀ ਜਾਂਦੀ ਤਾਂ ਡਵੀਜ਼ਨ ਰਾਜਪੁਰਾ ਸਰਕਲ ਪਟਿਆਲਾ ਦੇ ਸਾਥੀ ਜਥੇਬੰਦੀ ਵੱਲੋਂ ਦਿੱਤੇ ਹਰ ਸੰਘਰਸ਼ ਨੂੰ ਲਾਗੂ ਕਰਨ ਲਈ ਮਜਬੂਰ ਹੋਣਗੇ।

## ਪੰਜਾਬ ਐੱਸ ਸੀ ਕਮਿਸ਼ਨ ਦੇ ਮੈਂਬਰਾਂ ਦੀ ਗਿਣਤੀ ਘਟਾਉਣਾ ਮਾਨ ਸਰਕਾਰ ਦਾ ਦਲਿਤ ਵਿਰੋਧੀ ਫੈਸਲਾ : ਜਗਦੇਵ ਅਲਾਰਮ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਵੈਸੇ ਤਾਂ ਆਮ ਆਦਮੀ ਪਾਰਟੀ ਦੇ ਚੀਫ ਕੇਜਰੀਵਾਲ ਦੀ ਸੋਚ ਸ਼ੁਰੂ ਤੋਂ ਹੀ ਦਲਿਤ ਵਿਰੋਧੀ ਰਹੀ ਹੈ ਤੇ ਹੁਣ ਐੱਸ ਸੀ ਕਮਿਸ਼ਨ ਪੰਜਾਬ ਦੇ ਚਾਰ ਮੈਂਬਰਾਂ ਨੂੰ ਉਨ੍ਹਾਂ ਦੇ ਅਹੁਦੇ ਤੋਂ ਬਰਖਾਸਤ ਕਰਨ ਨਾਲ ਪੰਜਾਬ ਦੀ ਮੌਜੂਦਾ ਸਰਕਾਰ ਦਾ ਦਲਿਤ ਵਿਰੋਧੀ ਚਿਹਰਾ ਹੋਰ ਵੀ ਨੰਗਾ ਹੋ ਚੁੱਕਾ ਹੈ। ਇਸ ਗੱਲ ਦਾ ਪ੍ਰਗਟਾਵਾ ਕਰਦਿਆਂ ਬਹੁਜਨ ਸਮਾਜ ਪਾਰਟੀ ਦੇ ਹਲਕਾ ਆਗੂ ਜਗਦੇਵ ਅਲਾਰਮ ਨੇ ਕਿਹਾ ਕਿ ਪੰਜਾਬ 'ਚ ਚੋਣਾਂ ਤੋਂ ਪਹਿਲਾਂ ਭਗਵੰਤ ਮਾਨ ਸਰਕਾਰ ਦਲਿਤ ਉਪ ਮੁੱਖ ਮੰਤਰੀ ਲਾਉਣ ਦਾ ਵਾਅਦਾ ਵੀ ਭੁੱਲ ਚੁੱਕੀ ਹੈ। ਉਨ੍ਹਾ ਇਸ ਗੱਲ 'ਤੇ ਵੀ ਨਰਾਜ਼ਗੀ ਜਤਾਉਂਦੇ ਹੋਏ ਕਿਹਾ ਕਿ ਪੰਜਾਬ ਐੱਸ ਸੀ ਕਮਿਸ਼ਨ ਦੇ ਚੇਅਰਮੈਨ ਦੀ ਦੋ ਸਾਲਾਂ ਤੋਂ ਖਾਲੀ ਪਈ ਆਸਾਮੀ ਨੂੰ ਨਾ ਭਰਨਾ ਤੇ ਪੰਜਾਬ ਐੱਸ ਸੀ ਕਮਿਸ਼ਨ ਦੇ 10 ਮੈਂਬਰਾਂ ਤੋਂ ਘਟਾ ਕੇ ਅੱਧੇ ਮੈਂਬਰ ਕਰਨਾ ਵੀ ਭਗਵੰਤ ਮਾਨ ਸਰਕਾਰ ਦਾ ਦਲਿਤ ਵਿਰੋਧੀ ਫੈਸਲਾ ਸੀ। ਇਸ ਤੋਂ ਇਲਾਵਾ ਸ਼ਹੀਦੇ ਆਜ਼ਮ ਭਗਤ ਸਿੰਘ ਤੇ ਬਾਬਾ ਸਾਹਿਬ ਦੀਆਂ ਤਸਵੀਰਾਂ ਦਫਤਰਾਂ ਵਿੱਚ ਲਗਵਾਉਣਾ ਵੀ ਮੌਜੂਦਾ ਭਗਵੰਤ ਮਾਨ ਸਰਕਾਰ ਦਾ ਸਿਰਫ ਸਿਆਸੀ ਸਟੰਟ ਸੀ, ਜਿਸ ਨੂੰ ਪੰਜਾਬ ਦਾ ਦਲਿਤ ਭਾਈਚਾਰਾ ਕਦੇ ਨਹੀਂ ਭੁੱਲੇਗਾ ਤੇ ਆਉਣ ਵਾਲੇ 2024 ਦੇ ਇਲੈਕਸ਼ਨਾਂ 'ਚ ਭਗਵੰਤ ਮਾਨ ਸਰਕਾਰ ਨੂੰ ਸੂਤ ਸਮੇਤ ਵਾਪਸ ਕਰੇਗਾ।

## ਜੇ ਐੱਮ ਐੱਸ ਇਮੀਗ੍ਰੇਸ਼ਨ ਨੇ ਲਵਾਇਆ ਆਸਟ੍ਰੇਲੀਆ ਦਾ ਸਟੱਡੀ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬਾਘਾ ਪੁਰਾਣਾ ਸ਼ਹਿਰ ਦੀ ਮੰਨੀ ਪ੍ਰਮੰਨੀ ਸੰਸਥਾ ਜੇ ਐੱਮ ਐੱਸ ਇਮੀਗ੍ਰੇਸ਼ਨ ਨੇ ਸਤਵਿੰਦਰ ਸਿੰਘ ਪੁੱਤਰ ਜਗਤਾਰ ਸਿੰਘ ਦਾ 2019 ਦੇ ਵਿੱਚ ਬਾਰਵੀਂ ਪਾਸ ਹੋਣ ਦੇ ਬਾਵਜੂਦ ਬਹੁਤ ਹੀ ਘੱਟ ਸਮੇਂ ਵਿੱਚ ਆਸਟ੍ਰੇਲੀਆ ਦਾ ਸਟੱਡੀ ਵੀਜ਼ਾ ਲਗਵਾ ਕੇ ਵਿਦੇਸ਼ 'ਚ ਪੜ੍ਹਾਈ ਕਰਨ ਦਾ ਸੁਪਨਾ ਪੂਰਾ ਕੀਤਾ ਹੈ। ਪੰਜਾਬ ਸਰਕਾਰ ਤੋਂ ਮਾਨਤਾ ਪ੍ਰਾਪਤ ਸੰਸਥਾ ਜੇ.ਐਮ.ਐੱਸ. ਵਾਰ-ਵਾਰ ਰਫਿਊਜ਼ ਹੋਏ ਕੇਸਾਂ ਨੂੰ ਪਹਿਲੀ ਵਾਰ ਵਿੱਚ ਹੀ ਹੱਲ ਕਰਦੀ ਹੈ ਤੇ ਪੜ੍ਹਾਈ 'ਚ ਵੱਧ ਤੋਂ ਵੱਧ ਗੈਪ ਵਾਲੇ ਵਿਦਿਆਰਥੀ ਵੀ ਇੱਕ ਵਾਰ ਸੰਸਥਾ ਵਿਖੇ ਪਹੁੰਚ ਕੇ ਵੀਜ਼ੇ ਸਬੰਧੀ ਸਲਾਹ ਲੈ ਸਕਦੇ ਹਨ। ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਕਿਹਾ ਕਿ ਜਿਹੜੇ ਵਿਦਿਆਰਥੀ ਵੀਜ਼ਾ ਵਾਰ-ਵਾਰ ਰਫਿਊਜ਼ ਹੋਣ ਕਰਕੇ ਪ੍ਰੇਸ਼ਾਨ ਹਨ ਤੇ ਜਿਨ੍ਹਾਂ ਵਿਦਿਆਰਥੀਆਂ ਦਾ ਪੜ੍ਹਾਈ 'ਚ ਕੋਈ ਗੈਪ ਹੈ, ਉਹ ਇੱਕ ਵਾਰ ਦਸਤਾਵੇਜ਼ ਲੈ ਕੇ ਜ਼ਰੂਰ ਮਿਲਣ। ਸੰਸਥਾ ਦੀ ਸਟਾਫ ਮੈਂਬਰ ਨੇ ਵਿਦਿਆਰਥੀ ਨੂੰ ਵੀਜ਼ਾ ਕਾਪੀ ਸੌਂਪਦਿਆਂ ਵਧਾਈ ਦਿੱਤੀ ਤੇ ਉਸ ਦੇ ਉੱਜਵਲ ਭਵਿੱਖ ਦੀ ਸ਼ੁੱਭ-ਕਾਮਨਾ ਕੀਤੀ।

## ਗੁਰਦੇਵ ਸਿੰਘ ਮਠਾੜੂ ਨੂੰ ਸ਼ਰਧਾਂਜਲੀਆਂ ਭੇਟ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪ੍ਰੈੱਸ ਕਲੱਬ ਮਹਿਲ ਕਲਾਂ ਦੇ ਚੇਅਰਮੈਨ ਅਵਤਾਰ ਸਿੰਘ ਅਣਖੀ ਦੇ ਸਤਿਕਾਰਯੋਗ ਸਹੁਰਾ ਸਾਹਿਬ ਸ੍ਰ: ਗੁਰਦੇਵ ਸਿੰਘ ਮਠਾੜੂ ਦੀ ਅੰਤਿਮ ਅਰਦਾਸ ਉਪਰੰਤ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਕਲਗੀਧਰ ਸਾਹਿਬ ਪਿੰਡ ਸਾਂਦੇ ਹਾਸ਼ਮ ਵਿਖੇ ਹੋਇਆ। ਇਸ ਮੌਕੇ ਸ੍ਰੀ ਸਹਿਜ ਪਾਠ ਦੇ ਉਪਰੰਤ ਧਾਰਮਿਕ ਸ਼ਖਸੀਅਤ ਭਾਈ ਜਗਸੀਰ ਸਿੰਘ ਖਾਲਸਾ ਮਹਿਲ ਕਲਾਂ ਦੇ ਰਾਗੀ ਜਥੇ ਨੇ ਵੈਰਾਗਮਈ ਕੀਰਤਨ ਕੀਤਾ। ਸ਼ਰਧਾਂਜਲੀ ਸਮਾਗਮ ਮੌਕੇ ਬੋਲਦਿਆਂ ਰਾਮਗੜ੍ਹੀਆ ਭਾਈਚਾਰੇ ਦੇ ਆਗੂ ਰਾਜਿੰਦਰ ਸਿੰਘ ਸੋਹਣੇਵਾਲ, ਪ੍ਰੈੱਸ ਕਲੱਬ ਮਹਿਲ ਕਲਾਂ ਦੇ ਜਰਨਲ ਸਕੱਤਰ ਬਲਜਿੰਦਰ ਸਿੰਘ ਢਿੱਲੋਂ ਨੇ ਬਾਈ ਗੁਰਦੇਵ ਸਿੰਘ ਮਠਾੜੂ ਵੱਲੋਂ ਸਾਰੀ ਜ਼ਿੰਦਗੀ ਕਿਰਤ ਕਰਕੇ ਸਾਦਗੀ ਭਰਿਆ ਜੀਵਨ ਬਤੀਤ ਕਰਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਬੇਦਾਗ ਸਾਦਾ ਜੀਵਨ ਸਾਡੇ ਸਾਰਿਆਂ ਲਈ ਪ੍ਰੇਰਨਾ ਸਰੋਤ ਹੈ। ਮਠਾੜੂ ਪਰਿਵਾਰ ਦੀ ਹਰ ਵਰਗ 'ਚ ਹਰਮਨ ਪਿਆਰਤਾ ਦੀ ਗਵਾਹੀ ਅੱਜ ਦਾ ਵਿਸ਼ਾਲ ਇਕੱਠ ਭਰਦਾ ਹੈ। ਦੋਹਤਰੇ ਗੁਰਪ੍ਰੀਤ ਸਿੰਘ ਅਣਖੀ ਨੇ ਸਮੂਹ ਸੰਗਤਾਂ ਦਾ ਧੰਨਵਾਦ ਕਰਦੇ ਬਾਈ ਜੀ ਨਾਲ ਜੁੜੀਆਂ ਯਾਦਾਂ ਨੂੰ ਸਾਂਝਾ ਕੀਤਾ। ਇਸ ਮੌਕੇ ਪ੍ਰੈੱਸ ਕਲੱਬ ਮਹਿਲ ਕਲਾਂ ਵੱਲੋਂ ਪ੍ਰਧਾਨ ਬਲਵਿੰਦਰ ਸਿੰਘ ਵਜੀਦਕੇ, ਜਰਨਲ ਸਕੱਤਰ ਬਲਜਿੰਦਰ ਸਿੰਘ ਢਿੱਲੋਂ, ਚੇਅਰਮੈਨ ਅਵਤਾਰ ਸਿੰਘ ਅਣਖੀ, ਉੱਪ ਚੇਅਰਮੈਨ ਸੁਖਵਿੰਦਰ ਸਿੰਘ ਸੋਨੀ ਮਾਂਗੇਵਾਲ, ਮੀਤ ਪ੍ਰਧਾਨ ਮੇਘ ਰਾਜ ਜੋਸ਼ੀ, ਸੁਖਵੀਰ ਸਿੰਘ ਜਗਦੇ, ਭਾਈ ਰਾਜਵਿੰਦਰ ਸਿੰਘ ਖਾਲਸਾ, ਮੁੱਖ ਬੁਲਾਰੇ ਡਾ: ਜੁਗਰਾਜ ਸਿੰਘ ਮੂੰਮ ਦੀ ਅਗਵਾਈ ਹੇਠ ਉਨ੍ਹਾਂ ਦੇ ਬੇਟੇ ਗੁਰਬਖਸ਼ ਸਿੰਘ ਮਠਾੜੂ ਨੂੰ ਦਸਤਾਰ ਤੇ ਧਰਮ ਪਤਨੀ ਬੀਬੀ ਜਸਵੀਰ ਕੌਰ ਮਠਾੜੂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਮਠਾੜੂ ਪਰਿਵਾਰ ਵੱਲੋਂ ਸ: ਗੁਰਦੇਵ ਸਿੰਘ ਮਠਾੜੂ ਦੀ ਯਾਦ 'ਚ ਵੱਖ-ਵੱਖ ਧਾਰਮਿਕ ਸੰਸਥਾਵਾਂ ਨੂੰ ਰਾਸ਼ੀ ਦਾਨ ਵਜੋਂ ਭੇਟ ਕੀਤੀ ਗਈ।

## ਸਰਕਾਰ ਟਾਲਮਟੋਲ ਦੀ ਨੀਤੀ ਛੱਡ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਮਸਲੇ ਹੱਲ ਕਰੇ : ਆਗੂ

■ ਪਾਵਰਕਾਮ, ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਦੀ ਜਨਰਲ ਕੌਂਸਲ ਮੀਟਿੰਗ



**ਮੁੱਲਾਂਪੁਰ ਦਾਖਾ (ਗੁਰਮੇਲ ਮੈਲਡੇ)**

ਪਾਵਰਕਾਮ, ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਦੀ ਜਨਰਲ ਕੌਂਸਲ ਮੀਟਿੰਗ ਪੈਨਸ਼ਨ ਭਵਨ ਲੁਧਿਆਣਾ ਵਿਖੇ ਪ੍ਰਧਾਨ ਸਾਥੀ ਰਾਧੇ ਸ਼ਿਆਮ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਟੇਟ ਕਮੇਟੀ, ਸਰਕਲ ਕਮੇਟੀਆਂ ਤੇ ਸਾਰੇ ਪੰਜਾਬ ਦੀਆਂ ਡਵੀਜ਼ਨਾਂ ਦੇ ਪ੍ਰਧਾਨ/ਸਕੱਤਰਾਂ ਸਮੇਤ ਤਕਰੀਬਨ 145 ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਵਿੱਚ ਸਭ ਤੋਂ ਪਹਿਲਾਂ ਹੜ੍ਹਾਂ ਕਾਰਨ ਹੋਈਆਂ ਮੌਤਾਂ 'ਤੇ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਅਰਪਿਤ ਕੀਤੀ ਗਈ। ਉਪਰੰਤ ਪਿਛਲੇ ਇੱਕ ਸਾਲ ਦੀਆਂ ਸਰਗਰਮੀਆਂ, ਜਥੇਬੰਦੀ ਵੱਲੋਂ ਕੀਤੇ ਲੋਕਲ, ਸਟੇਟ ਪੱਧਰੀ ਐਕਸ਼ਨਾਂ ਤੇ ਸਾਂਝੇ ਐਕਸ਼ਨਾਂ ਵਿੱਚ ਸ਼ਮੂਲੀਅਤ ਦੀ ਪੜਚੋਲ ਕੀਤੀ। ਇਸ ਮੀਟਿੰਗ 'ਚ 50 ਤੋਂ ਵੱਧ ਬੁਲਾਰਿਆਂ ਨੇ ਪਿਛਲੇ ਇੱਕ ਸਾਲ ਦੀ ਜਥੇਬੰਦਕ ਕਾਰਗੁਜ਼ਾਰੀ 'ਤੇ ਤਸੱਲੀ ਪ੍ਰਗਟ ਕੀਤੀ। ਮੀਟਿੰਗ ਦੌਰਾਨ ਪੰਜਾਬ ਤੇ ਹੋਰ ਸੂਬਿਆਂ ਵਿੱਚ ਹੜ੍ਹਾਂ ਕਾਰਨ ਹੋਏ ਜਾਨੀ ਤੇ ਮਾਲੀ ਨੁਕਸਾਨ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਬੁਲਾਰਿਆਂ ਨੇ ਬਰਸਾਤ ਤੋਂ ਪਹਿਲਾਂ ਨਦੀਆਂ, ਨਾਲਿਆਂ ਦੀ ਸਫਾਈ ਨਾ ਕਰਨ ਤੇ ਲੋੜੀਂਦੇ ਪ੍ਰਬੰਧ ਨਾ ਕਰਨ 'ਤੇ ਸਰਕਾਰ ਦੀ ਨਿਖੇਧੀ ਕੀਤੀ ਤੇ ਮਤਾ ਪਾਸ ਕਰਕੇ ਸਾਰੇ ਪੈਨਸ਼ਨਰਾਂ ਤੇ ਮੁਲਾਜ਼ਮਾਂ ਨੂੰ ਸਥਾਨਕ ਪੱਧਰ 'ਤੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ ਅਪੀਲ ਕੀਤੀ ਗਈ। ਦੂਸਰੇ ਮਤੇ ਰਾਹੀਂ ਪਾਵਰਕਾਮ ਮੈਨੇਜਮੈਂਟ ਦੀ ਨਿਖੇਧੀ ਕੀਤੀ ਗਈ, ਕਿਉਂਕਿ ਪਿਛਲੇ ਸਮੇਂ ਤੋਂ ਯੂਨੀਅਨ ਵੱਲੋਂ ਮੈਨੇਜਮੈਂਟ ਨੂੰ ਲਿਖੇ ਪੱਤਰਾਂ, ਮੈਨੇਜਮੈਂਟ ਖਿਲਾਫ ਕੀਤੇ ਘੋਲਾਂ ਤੇ 04-07-2023 ਨੂੰ ਹੈੱਡ ਆਫਿਸ ਦੇ ਗੇਟਾਂ ਦੇ ਕੀਤੇ ਘਿਰਾਓ ਦੇ ਬਾਵਜੂਦ ਲਿਖਤੀ ਮੀਟਿੰਗ ਦੇ ਕੇ ਮਸਲੇ ਹੱਲ ਨਹੀਂ ਕੀਤੇ ਜਾ ਰਹੇ। ਪਾਵਰਕਾਮ ਦੀ ਮੈਨੇਜਮੈਂਟ ਤੋਂ ਪੁਰਜ਼ੋਰ ਮੰਗ ਕੀਤੀ ਕਿ ਸਮੇਂ ਦੇ ਹਲਾਤਾਂ ਤੇ ਪੈਨਸ਼ਨਰਾਂ ਵਿੱਚ ਵਧ ਰਹੇ ਰੋਸ ਨੂੰ ਮੁੱਖ ਰੱਖਦੇ ਹੋਏ ਪਾਵਰਕਾਮ ਪੈਨਸ਼ਨਰਜ਼ ਯੂਨੀਅਨ ਨੂੰ ਫੌਰੀ ਮੀਟਿੰਗ ਦੇ ਕੇ ਮਸਲੇ ਹੱਲ ਕੀਤੇ ਜਾਣ। ਮਸਲੇ ਹੱਲ ਨਾ ਹੋਣ ਦੀ ਸੂਰਤ 'ਚ 1 ਅਗਸਤ ਤੋਂ 15 ਅਗਸਤ 2023 ਤੱਕ ਪਾਵਰਕਾਮ ਦੀਆਂ ਸਾਰੀਆਂ ਡਵੀਜ਼ਨਾਂ ਅੱਗੇ ਨਜਾਇਜ਼ ਕੱਟਿਆ ਗਿਆ ਪੰਜਾਬ ਡਿਵੈਲਪਮੈਂਟ ਟੈਕਸ ਵਿਆਜ ਸਮੇਤ ਸਾਰੇ ਪੈਨਸ਼ਨਰਜ਼ ਨੂੰ ਵਾਪਸ ਕਰਵਾਉਣ ਲਈ ਦੋ ਘੰਟੇ ਨਾਅਰੇਬਾਜ਼ੀ ਕੀਤੀ ਜਾਵੇਗੀ। ਤੀਜੇ ਮਤੇ ਰਾਹੀਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਮਸਲੇ ਹੱਲ ਕਰਨ ਲਈ ਟਾਲਮਟੋਲ ਦੀ ਨੀਤੀ ਬੰਦ ਕਰਕੇ ਪੰਜਾਬ ਤੇ ਯੂ ਟੀ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਜਥੇਬੰਦੀਆਂ ਨਾਲ ਇਮਾਨਦਾਰੀ ਨਾਲ ਬੈਠ ਕੇ ਮਸਲੇ ਹੱਲ ਕੀਤੇ ਜਾਣ ਨਹੀਂ ਤਾਂ ਸਾਰੇ ਪੰਜਾਬ ਦੇ ਸਾਰੇ ਮੁਲਾਜ਼ਮ ਤੇ ਪੈਨਸ਼ਨਰਜ਼ ਇੱਕ ਵੱਡੇ ਤੇ ਤਿੱਖੇ ਘੋਲ ਵੱਲ ਅੱਗੇ ਵਧਣਗੇ।

## ਹੋਲੀ ਹਾਰਟ ਸਕੂਲ 'ਚ ਅੱਗ ਬੁਝਾਊ ਯੰਤਰਾਂ ਬਾਰੇ ਦਿੱਤੀ ਜਾਣਕਾਰੀ

### ਅੱਗ ਬੁਝਾਊ ਯੰਤਰਾਂ ਬਾਰੇ ਜਾਣਕਾਰੀ ਹੋਣਾ ਬਹੁਤ ਜ਼ਰੂਰੀ : ਸੁਭਾਸ਼ ਪਲਤਾ



**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਵਿਦਿਆਰਥੀਆਂ ਨੂੰ ਅੱਗ ਬੁਝਾਊ ਯੰਤਰਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਸ਼ਰਮਾ ਇੰਟਰਪ੍ਰਾਇਜ਼ਜ਼ ਮੋਗਾ ਵੱਲੋਂ ਡਾਇਰੈਕਟਰ ਮਦਨ ਮੋਹਨ ਸ਼ਰਮਾ ਤੇ ਉਨ੍ਹਾਂ ਦੀ ਟੀਮ ਪੁੱਜੀ। ਉਨ੍ਹਾ ਕਿਹਾ ਕਿ ਅੱਜ-ਕੱਲ੍ਹ ਦੇ ਸਾਹਮਣੇ ਆ ਰਹੇ ਮਾਮਲਿਆਂ ਕਰਕੇ ਸਾਨੂੰ ਅੱਗ ਬੁਝਾਊ ਯੰਤਰਾਂ ਬਾਰੇ ਜਾਣਕਾਰੀ ਹੋਣਾ ਬਹੁਤ ਹੀ ਜ਼ਰੂਰੀ ਹੈ। ਉਨ੍ਹਾਂ ਸਾਰੇ ਅਧਿਆਪਕਾਂ ਨੂੰ ਅੱਗ ਬੁਝਾਊ ਯੰਤਰਾਂ ਦੀ ਸਿਖਲਾਈ ਦਿੱਤੀ ਕਿ ਕਿਵੇਂ ਅਸੀਂ ਅੱਗ ਲੱਗਣ 'ਤੇ ਇਨ੍ਹਾਂ ਦਾ ਸਹੀ ਇਸਤੇਮਾਲ ਕਰ ਸਕਦੇ ਹਾਂ। ਉਨ੍ਹਾ ਕਿਹਾ ਕਿ ਅੱਗ ਬੁਝਾਊ ਯੰਤਰਾਂ ਨੂੰ ਸਮੇਂ ਸਿਰ ਰੀਫਿਲ ਕਰਵਾਉਂਦੇ ਰਹਿਣਾ ਚਾਹੀਦਾ ਹੈ। ਇਸ ਮੌਕੇ ਚੇਅਰਮੈਨ ਸੁਭਾਸ਼ ਪਲਤਾ, ਮੈਡਮ ਪਰਮਜੀਤ ਪਲਤਾ ਤੇ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਕਿਹਾ ਕਿ ਅੱਗ ਬੁਝਾਊ ਯੰਤਰਾਂ ਬਾਰੇ ਜਾਣਕਾਰੀ ਹੋਣਾ ਬਹੁਤ ਲਾਜ਼ਮੀ ਹੈ, ਕਈ ਵਾਰ ਅਚਾਨਕ ਕਿਤੇ ਵੀ ਅੱਗ ਲੱਗ ਸਕਦੀ ਹੈ। ਇਸ ਲਈ ਬੱਚਿਆਂ, ਔਰਤਾਂ ਨੂੰ ਵੀ ਇਸ ਦੀ ਸਿਖਲਾਈ ਲੈਣੀ ਚਾਹੀਦੀ ਹੈ। ਇਸ ਮੌਕੇ ਸਮੂਹ ਸਟਾਫ ਹਾਜ਼ਰ ਸੀ।

# ਗੰਦਗੀ ਤੇ ਗਾਰ ਨਾਲ ਭਰੀਆਂ ਨਾਲੀਆਂ ਦੀ ਸਫਾਈ ਕਰਵਾਉਣ ਦੀ ਮੰਗ



ਬਗੀਚੀ ਵਾਲੀ ਧਰਮਸ਼ਾਲਾ ਨੇੜੇ ਸਫਾਈ ਨਾ ਹੋਣ ਕਾਰਨ ਗਾਰ ਨਾਲ ਭਰੀਆਂ ਨਾਲੀਆਂ ਦੇ ਆਸ-ਪਾਸ ਉੱਗਿਆ ਘਾਹ ਫੂਸ ਪੁੱਟਦੇ ਹੋਏ ਤਾਰਾ ਪੱਤੀ ਨਿਵਾਸੀ।

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਲਹਿਰਾ ਮੁਹੱਬਤ ਵਿਖੇ ਗੰਦੇ ਪਾਣੀ ਦੇ ਨਿਕਾਸ ਲਈ ਬਣੀਆਂ ਨਾਲੀਆਂ ਦੀ ਸਫਾਈ ਨਾ ਹੋਣ ਕਾਰਨ ਲੋਕਾਂ ਨੂੰ ਬਦਬੂ ਭਰੇ ਮਾਹੌਲ 'ਚ ਰਹਿਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਨਗਰ ਵਿੱਚ ਕਈ ਥਾਵਾਂ 'ਤੇ ਸਫਾਈ ਨਾ ਹੋਣ ਕਾਰਨ ਨਿਕਾਸੀ ਨਾਲੀਆਂ ਗੰਦਗੀ ਤੇ ਗਾਰ ਨਾਲ ਨੱਕੋ-ਨੱਕ ਭਰੀਆਂ ਹੋਈਆਂ ਹਨ। ਨਿਕਾਸੀ ਨਾਲੀਆਂ ਦੇ ਓਵਰਫਲੋ ਹੋਣ ਤੇ ਕਿਨਾਰਿਆਂ 'ਤੇ ਵੱਡਾ ਵੱਡਾ ਘਾਹ ਪੈਦਾ ਹੋਣ ਕਰਕੇ ਜਿੱਥੇ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ, ਉਥੇ ਹਰ ਸਮੇਂ ਖੜੇ ਪਾਣੀ ਕਾਰਨ ਸਲ੍ਹਾਬ ਰਹਿਣ ਕਰਕੇ ਵੱਡੀ ਤਾਦਾਦ ਵਿੱਚ ਪੈਦਾ ਹੋਇਆ ਮੱਛਰ ਲੋਕਾਂ ਨੂੰ ਪ੍ਰੇਸ਼ਾਨ ਕਰਦਾ ਹੈ। ਡੇਂਗੂ ਬੁਖ਼ਾਰ ਤੇ ਚਮੜੀ ਰੋਗਾਂ ਸਮੇਤ ਹੋਰ ਮੌਸਮੀ ਬਿਮਾਰੀਆਂ ਦਾ ਹਮੇਸ਼ਾ ਹੀ ਡਰ ਬਣਿਆ ਰਹਿੰਦਾ ਹੈ। ਦੁਲਚੀ ਪੱਤੀ ਦੇ ਓਵਰਫਲੋ ਰਹਿੰਦੇ ਨਾਗੇ ਵਾਲੇ ਛੱਪੜ ਕਰਕੇ ਗੁਰਦੁਆਰਾ ਪਾਤਸ਼ਾਹੀ ਸੱਤਵੀਂ ਦੇ ਆਸ-ਪਾਸ ਤੇ ਤਾਰਾ ਪੱਤੀ ਦੇ ਛੱਪੜ ਨਾਲ ਬਗੀਚੀ ਵਾਲੀ ਧਰਮਸ਼ਾਲਾ ਦੇ ਨਾਲ ਲੱਗਦੀਆਂ ਗਲੀਆਂ ਦੇ ਗੰਦੇ ਪਾਣੀ ਦਾ ਨਿਕਾਸ ਨਾ ਹੋਣ ਕਾਰਨ ਇਥੇ ਨੇੜੇ ਵੱਸਦੇ ਘਰਾਂ ਨੂੰ ਬਹੁਤ ਹੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ। ਜਦ ਵੀ ਬਾਰਸ਼ ਆਉਂਦੀ ਹੈ ਤਾਂ ਛੱਪੜ ਦਾ ਓਵਰਫਲੋ ਹੋਇਆ ਪਾਣੀ ਸਾਰੇ ਰਸਤਿਆਂ ਨੂੰ ਬੰਦ ਕਰ ਦਿੰਦਾ ਹੈ ਤੇ ਨਿਕਾਸੀ ਨਾਲੀਆਂ 'ਚ ਗਾਰ ਜਮ੍ਹਾਂ ਹੋਣ ਨਾਲ ਬਦਬੂ ਭਰੇ ਮਾਹੌਲ ਵਿੱਚ ਜੀਣਾ ਮੁਸ਼ਕਲ ਹੋ ਜਾਂਦਾ ਹੈ। ਤਾਰਾ ਪੱਤੀ ਨਿਵਾਸੀ ਸਿੱਧੂਪੁਰ ਆਗੂ ਕੌਰ ਸਿੰਘ ਦਾ ਕਹਿਣਾ ਹੈ ਕਿ ਉਹ ਕਈ ਵਾਰ ਨਗਰ ਪੰਚਾਇਤ ਦਫਤਰ ਜਾ ਕੇ ਨਿਕਾਸੀ ਨਾਲੀਆਂ ਦੀ ਸਫਾਈ ਕੀਤੇ ਜਾਣ ਦੀ ਗੁਹਾਰ ਲਗਾ ਚੁੱਕੇ ਹਨ, ਪ੍ਰੰਤੂ ਕੋਈ ਸੁਣਵਾਈ ਨਹੀਂ ਹੋ ਰਹੀ। ਜਥੇਬੰਦੀ ਦੇ ਜ਼ਿਲ੍ਹਾ ਆਗੂ ਗੁਰਮੇਲ ਸਿੰਘ ਤੋਂ ਇਲਾਵਾ ਤਾਰਾ ਪੱਤੀ ਨਿਵਾਸੀਆਂ ਸੁਖਪਾਲ ਸਿੰਘ ਸੈਂਟੀ, ਬਲਵਿੰਦਰ ਸਿੰਘ, ਕਾਕਾ ਸਿੰਘ, ਨਛੱਤਰ ਸਿੰਘ, ਗੁਰਪ੍ਰੀਤ ਸਿੰਘ, ਬਿੱਕਰ ਸਿੰਘ, ਗੁਰਤੇਜ ਸਿੰਘ ਤੇ ਮਹਿੰਦਰ ਕੌਰ ਨੇ ਨਿਕਾਸੀ ਨਾਲੀਆਂ ਦੀ ਲਗਾਤਾਰ ਸਫਾਈ ਕਰਵਾਕੇ ਗੰਦੇ ਪਾਣੀ ਦਾ ਨਿਕਾਸ ਤੇ ਨਾਲ ਹੀ ਓਵਰਫਲੋ ਹੁੰਦੇ ਛੱਪੜਾਂ ਦੇ ਪਾਣੀ ਦਾ ਢੁੱਕਵਾਂ ਨਿਕਾਸ ਕੀਤੇ ਜਾਣ ਦੀ ਮੰਗ ਕੀਤੀ ਹੈ।

# ਆਜ਼ਾਦੀ ਦੀ ਪੌਣੀ ਸਦੀ ਬੀਤ ਜਾਣ 'ਤੇ ਵੀ ਮੁੱਢਲੀਆਂ ਸਹੂਲਤਾਂ ਤੋਂ ਵਾਂਝੇ ਝੁੱਗੇ ਬਹਾਦਰ ਸਿੰਘ ਵਾਲਾ ਦੇ ਲੋਕ

■ ਨਾ ਪਿੰਡ ਨੂੰ ਜਾਣ ਵਾਸਤੇ ਪੱਕੀ ਸੜਕ ਤੇ ਨਾ ਹੀ ਫਿੱਡਾ ਡਰੇਨ 'ਤੇ ਪੁਲ



**ਮਮਦੋਟ (ਜਸਬੀਰ ਸਿੰਘ ਕੰਬੋਜ)**

ਬਲਾਕ ਮਮਦੋਟ ਤੇ ਵਿਧਾਨ ਸਭਾ ਹਲਕਾ ਗੁਰੂ ਹਰਸਹਾਏ ਦੇ ਪਿੰਡ ਹਾਮਦ ਅਧੀਨ ਵਾਰਡ ਨੰਬਰ 3 'ਚ ਪੈਂਦੇ ਪਿੰਡ ਝੁੱਗੇ ਬਹਾਦਰ ਸਿੰਘ ਵਾਲਾ, ਜੋ ਪਿੰਡ ਹਾਮਦ ਤੋਂ ਚਾਰ ਕਿਲੋਮੀਟਰ ਦੂਰ ਆਊਟ ਫਾਲ ਫਿੱਡਾ ਡਰੇਨ ਦੇ ਕਿਨਾਰੇ ਲਹਿੰਦੇ ਵਾਲੇ ਪਾਸੇ ਸਥਿਤ ਹੈ ਤੇ ਇਸ ਪਿੰਡ ਦੇ 200 ਦੇ ਕਰੀਬ ਵੋਟਰ ਹੋਣ ਬਾਵਜੂਦ ਇਹ ਪਿੰਡ ਅਜ਼ਾਦੀ ਤੋਂ ਲੈ ਕੇ ਹੁਣ ਤੱਕ ਬੁਨਿਆਦੀ ਸਹੂਲਤਾਂ ਤੋਂ ਵਾਂਝਾ ਹੈ। ਫਿਰੋਜ਼ਪੁਰ-ਫਾਜ਼ਿਲਕਾ ਰੋਡ 'ਤੇ ਸਥਿਤ ਗੁਰਦੁਆਰਾ ਪ੍ਰਗਟ ਸਹਿਬ ਤੋਂ ਲੈ ਕੇ ਪਿੰਡ ਝੁੱਗੇ ਬਹਾਦਰ ਸਿੰਘ ਵਾਲਾ ਤੱਕ ਕਰੀਬ 3 ਕਿਲੋਮੀਟਰ ਦਾ ਪਿੰਡ ਨੂੰ ਜਾਣ ਵਾਲਾ ਰਸਤਾ ਕੱਚਾ ਤੇ ਆਰਜ਼ੀ ਹੈ, ਜੋ ਫਿੱਡਾ ਡਰੇਨ ਦੀ ਪਟੜੀ ਦੇ ਕਿਨਾਰੇ ਬਣਿਆ ਹੋਇਆ ਹੈ। ਇਸ ਪਿੰਡ ਦੇ ਚੜ੍ਹਦੇ ਵਾਲੇ ਪਾਸੇ ਪਿੰਡ ਬਾਲੇ ਵਾਲਾ ਜਿੱਥੇ ਤੱਕ ਪੱਕੀ ਸੜਕ ਬਣੀ ਹੋਈ ਹੈ, ਜੇਕਰ ਪੰਜਾਬ ਸਰਕਾਰ ਵੱਲੋਂ ਫਿੱਡਾ ਡਰੇਨ 'ਤੇ ਪੁਲ ਬਣਾਇਆ ਜਾਵੇ ਤਾਂ ਇਸ ਪਿੰਡ ਵਾਲਿਆਂ ਦਾ ਜੀਵਨ ਸੁਖਾਲਾ ਹੋ ਸਕਦਾ ਹੈ। ਪਿਛਲੀ ਕਾਂਗਰਸ ਸਰਕਾਰ ਵੇਲੇ ਤਤਕਾਲੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਇਸ ਪੁਲ ਨੂੰ ਬਣਾਉਣ ਲਈ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਗਿਆ ਸੀ ਤੇ ਉਨ੍ਹਾਂ ਵੱਲੋਂ ਪੌਣੇ ਤਿੰਨ ਕਰੋੜ ਦਾ ਐਸਟੀਮੇਟ ਵੀ ਬਣਵਾਇਆ ਗਿਆ ਸੀ ਅਤੇ ਫਾਈਲ 'ਤੇ ਦਸਤਖਤ ਵੀ ਹੋ ਗਏ ਸਨ, ਪਰ ਫੰਡ ਜਾਰੀ ਨਾ ਹੋਣ ਕਾਰਨ ਇਸ ਪੁਲ ਦਾ ਕੰਮ ਵਿਚਕਾਰ ਲਟਕ ਗਿਆ ਤੇ ਸਰਕਾਰ ਬਦਲ ਗਈ।

ਮੌਜੂਦਾ ਵਿਧਾਇਕ ਫੌਜਾ ਸਿੰਘ ਸਰਾਰੀ ਨੇ ਵੀ ਆਪਣੇ ਚੋਣ ਪ੍ਰਚਾਰ ਦੌਰਾਨ ਇਸ ਪਿੰਡ ਪਹੁੰਚ ਕੇ ਵੋਟਾਂ ਪਾਉਣ ਦੀ ਅਪੀਲ ਕਰਦਿਆਂ ਕਿਹਾ ਸੀ ਮੇਰੇ ਜਿੱਤਣ ਤੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਦਿਆਂ ਸਾਰ ਇਸ ਪਿੰਡ ਨੂੰ ਪੱਕੀ ਸੜਕ ਅਤੇ ਡਰੇਨ 'ਤੇ ਪੁਲ ਬਣਾਉਣ ਦਾ ਵਿਸ਼ਵਾਸ ਦੁਆਇਆ ਸੀ। ਪਿੰਡ ਵਾਸੀਆਂ ਨੇ ਦੱਸਿਆ ਕਿ ਸੜਕ ਜਾਂ ਪੁਲ ਬਣਾਉਣਾ ਤਾਂ ਦੂਰ ਦੀ ਗੱਲ, ਇਕ ਸਾਲ ਬੀਤ ਜਾਣ ਦੇ ਬਾਵਜੂਦ ਵਿਧਾਇਕ ਸਾਹਿਬ ਇਥੇ ਲੋਕਾਂ ਦਾ ਧੰਨਵਾਦ ਕਰਨ ਵੀ ਨਹੀਂ ਪਹੁੰਚੇ।

ਆਪਣੇ ਦੁੱਖਾਂ ਦੀ ਹੱਡਬੀਤੀ ਸੁਣਾਉਂਦਿਆਂ ਪਿੰਡ ਦੇ ਮੋਹਤਬਰ ਪਿਆਰਾ ਸਿੰਘ, ਨੰਬਰਦਾਰ ਗੁਰਮੀਤ ਸਿੰਘ, ਗੁਰਦੇਵ ਸਿੰਘ, ਅਮਰਜੀਤ ਸਿੰਘ, ਬਲਵਿੰਦਰ ਸਿੰਘ, ਗੁਰਦਾਸ ਸਿੰਘ, ਗੁਰਮੀਤ ਸਿੰਘ, ਲਖਵਿੰਦਰ ਸਿੰਘ, ਸੁਖਵਿੰਦਰ ਕੌਰ, ਬਚਨ ਕੌਰ, ਅਮਰਜੀਤ ਕੌਰ, ਜੰਗੀਰ ਕੌਰ, ਸੰਤੋ ਬੀਬੀ, ਰਾਜ ਕੌਰ, ਮਨਦੀਪ ਕੌਰ, ਕੁਲਵੰਤ ਕੌਰ, ਕੁਲਵਿੰਦਰ ਕੌਰ, ਸੁਖਵਿੰਦਰ ਕੌਰ, ਮਹਿੰਦਰ ਕੌਰ, ਜੋਗਿੰਦਰ ਕੌਰ, ਮਾਲਾ ਕੌਰ, ਪਾਲੋ ਬੀਬੀ, ਲਾਲੋ ਬੀਬੀ ਆਦਿ ਨੇ ਦੱਸਿਆ ਕਿ ਸਾਡੇ ਪਿੰਡ ਨੂੰ ਜਾਣਾ ਵਾਲਾ ਰਸਤਾ ਕੱਚਾ ਹੈ ਤੇ ਬਾਰਿਸ਼ ਦੇ ਮੌਸਮ 'ਚ ਅਸੀਂ ਬਾਕੀ ਇਲਾਕੇ ਨਾਲੋਂ ਬਿਲਕੁਲ ਕੱਟ ਜਾਂਦੇ ਹਾਂ। ਖਰਾਬ ਰਸਤੇ ਕਾਰਨ ਸਾਡੇ ਬੱਚੇ ਸਕੂਲਾਂ ਤੋਂ ਗੈਰ ਹਾਜ਼ਰ ਹੋ ਜਾਂਦੇ ਹਨ, ਜੇਕਰ ਸਾਨੂੰ ਦਿਨ ਜਾਂ ਰਾਤ ਵੇਲੇ ਕੋਈ ਐਮਰਜੈਂਸੀ ਪੈ ਜਾਵੇ ਜਾਂ ਕੋਈ ਪਿੰਡ ਵਾਸੀ ਬੀਮਾਰ ਹੋ ਜਾਏ ਤਾਂ ਉਸ ਦੀ ਇਥੇ ਹੀ ਮੌਤ ਹੋ ਜਾਂਦੀ ਹੈ, ਕਿਉਂਕਿ ਕੱਚੇ ਤੇ ਉਬੜ ਖਾਬੜ ਰਸਤੇ ਵਿੱਚ ਕੋਈ ਵਹੀਕਲ ਸਾਡੇ ਪਿੰਡ ਤੱਕ ਨਹੀਂ ਪਹੁੰਚਦਾ। ਪਿੰਡ ਵਾਸੀਆਂ ਨੇ ਦੱਸਿਆ ਸਾਡੇ ਪਿੰਡ ਸਿਹਤ, ਸਿੱਖਿਆ ਤੇ ਪੀਣ ਵਾਲੇ ਸਾਫ ਪਾਣੀ ਦਾ ਕੋਈ ਪ੍ਰਬੰਧ ਨਹੀਂ ਹੈ। ਪਿੰਡ ਵਾਸੀਆਂ ਨੇ ਹਲਕਾ ਵਿਧਾਇਕ ਸਾਬਕਾ ਕੈਬਨਿਟ ਮੰਤਰੀ ਫੌਜਾ ਸਿੰਘ ਸਰਾਰੀ, ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਹੈ ਕਿ ਫਿੱਡਾ ਡਰੇਨ 'ਤੇ ਪੁਲ ਬਣਇਆ ਜਾਵੇ ਤੇ ਪਿੰਡ ਨੂੰ ਜਾਣ ਵਾਲੇ ਕੱਚੇ ਰਸਤੇ ਨੂੰ ਪੱਕਾ ਕੀਤਾ ਜਾਵੇ।

## ਬੀ ਕੇ ਯੂ ਏਕਤਾ ਉਗਰਾਹਾਂ ਦੀ ਜ਼ਿਲ੍ਹਾ ਪੱਧਰੀ ਮੀਟਿੰਗ

**ਮਲੋਟ (ਗੁਰਮੀਤ ਸਿੰਘ ਮੱਕੜ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਦਾਣਾ ਮੰਡੀ ਵਾਟਰ ਵਰਕਸ ਮਲੋਟ ਵਿਖੇ ਜ਼ਿਲ੍ਹਾ ਪ੍ਰਧਾਨ ਹਰਬੰਸ ਸਿੰਘ ਕੋਟਲੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵੱਖ-ਵੱਖ ਬਲਾਕਾਂ ਦੇ ਅਹੁਦੇਦਾਰਾਂ ਨੇ ਹਿੱਸਾ ਲਿਆ ਤੇ ਵੱਖ ਵੱਖ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਹਰਬੰਸ ਸਿੰਘ ਕੋਟਲੀ ਅਬਲੂ, ਸੀਨੀਅਰ ਮੀਤ ਪ੍ਰਧਾਨ ਗੁਰਪਾਸ਼ ਸਿੰਘ ਸਿੰਘੇਵਾਲਾ, ਜਨਰਲ ਸਕੱਤਰ ਗੁਰਭਗਤ ਸਿੰਘ ਭਲਾਈਆਣਾ ਨੇ ਕੇਂਦਰ ਦੀ ਭਾਜਪਾ ਸਰਕਾਰ 'ਤੇ ਦੋਸ਼ ਲਗਾਉਂਦਿਆਂ ਕਿਹਾ ਕਿ ਕਿਹਾ ਕਿ ਭਾਜਪਾ ਸਰਕਾਰ ਦੀ ਗੁੰਡਾਗਰਦੀ ਸਿਖਰਾਂ 'ਤੇ ਪਹੁੰਚ ਚੁੱਕੀ ਹੈ।

ਉਨ੍ਹਾਂ ਮਨੀਪੁਰ ਘਟਨਾ ਦੀ ਪੁਰਜ਼ੋਰ ਨਿੰਦਾ ਕਰਦਿਆਂ ਕਿਹਾ ਕਿ ਫਿਰਕੂ ਕਾਤਲਾਂ ਤੇ ਔਰਤਾਂ ਵਿਰੁੱਧ ਘਿਨਾਉਣੇ ਜੁਰਮਾਂ ਦੇ ਸਾਰੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਇਸ ਮੌਕੇ 6 ਅਗਸਤ ਨੂੰ ਚੰਡੀਗੜ੍ਹ ਵਿਖੇ ਗਵਰਨਰ ਨੂੰ ਮੰਗ ਪੱਤਰ ਦੇਣ ਦੇ ਰੋਸ ਪ੍ਰਦਰਸ਼ਨ ਵਿੱਚ ਔਰਤਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਕਰਵਾਉਣ ਲਈ ਪਿੰਡ-ਪਿੰਡ ਮੀਟਿੰਗਾਂ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਸਾਬਕਾ ਜ਼ਿਲ੍ਹਾ ਪ੍ਰਧਾਨ ਪੂਰਨ ਸਿੰਘ ਦੋਦਾ, ਮਲਕੀਤ ਸਿੰਘ ਗੱਗੜ, ਰਾਜਾ ਸਿੰਘ ਮਹਾਂਬੱਧਰ, ਹਰਫੂਲ ਸਿੰਘ, ਮਾ. ਕੁਲਬੀਰ ਸਿੰਘ ਭਾਗਸਰ, ਹਰਚਰਨ ਸਿੰਘ ਲੱਖੇਵਾਲੀ, ਮਾ. ਗੁਰਚਰਨ ਸਿੰਘ ਗੰਧੜ, ਬੋਹੜ ਸਿੰਘ ਮਲੋਟ, ਕੁਲਦੀਪ ਸਿੰਘ ਕਰਮਗੜ੍ਹ, ਸੁੱਚਾ ਸਿੰਘ ਕੋਟਭਾਈ ਆਦਿ ਹਾਜ਼ਰ ਸਨ।

# ਭਗਤ ਪੂਰਨ ਸਿੰਘ ਦੀ 31ਵੀਂ ਬਰਸੀ ਨੂੰ ਸਮਰਪਿਤ ਸਮਾਗਮ ਆਰੰਭ



ਅੰਮ੍ਰਿਤਸਰ (ਨਰਿੰਦਰਜੀਤ ਸਿੰਘ)- ਪਿੰਗਲਵਾੜਾ ਦੇ ਮੁੱਖ ਦਫ਼ਤਰ ਵਿਖੇ ਭਗਤ ਪੂਰਨ ਸਿੰਘ ਦੀ 31ਵੀਂ ਬਰਸੀ ਨੂੰ ਸਮਰਪਿਤ ਸਮਾਗਮਾਂ ਦੀ ਲੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦੇ ਆਰੰਭ ਨਾਲ ਹੋਈ। ਡਾ. ਇੰਦਰਜੀਤ ਕੌਰ ਨੇ ਬਰਸੀ ਦੇ ਪ੍ਰੋਗਰਾਮ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 29 ਜੁਲਾਈ ਨੂੰ ਪਿੰਗਲਵਾੜੇ ਦੇ ਛੋਟੇ ਬੱਚਿਆਂ ਅਤੇ ਮਰੀਜ਼ਾਂ ਵੱਲੋਂ ਤਿਆਰ ਕੀਤਾ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। 2 ਅਗਸਤ 2023 ਨੂੰ ਪਿੰਗਲਵਾੜੇ ਦੇ ਸਮੂਹ ਵਿੱਦਿਅਕ ਅਦਾਰਿਆਂ ਦਾ ਇਨਾਮ ਵੰਡ ਸਮਾਗਮ ਹੋਵੇਗਾ। 3 ਅਗਸਤ ਨੂੰ ਗੁਰਮਤਿ ਫਲਸਫੇ ਦੇ ਅਲੱਗ-ਅਲੱਗ ਪਹਿਲੂਆਂ ਬਾਰੇ ਵਿਚਾਰ ਗੋਸ਼ਟੀ ਕੀਤੀ ਜਾਵੇਗੀ। 4 ਅਗਸਤ ਨੂੰ ਮਾਨਾਂਵਾਲਾ ਬ੍ਰਾਂਚ ਵਿਖੇ ਖੂਨ-ਦਾਨ ਕੈਂਪ ਲਗਾਇਆ ਜਾਵੇਗਾ ਅਤੇ 5 ਅਗਸਤ ਨੂੰ ਮੁੱਖ ਦਫ਼ਤਰ ਵਿਖੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਬਾਣੀ ਕੀਰਤਨ ਹੋਵੇਗਾ। ਭਗਤ ਪੂਰਨ ਸਿੰਘ ਦੇ ਜੀਵਨ ਸੰਬੰਧੀ ਅਤੇ ਵਾਤਾਵਰਣ ਸੰਬੰਧੀ ਵਿਚਾਰਾਂ ਹੋਣਗੀਆਂ ਜਿਸ ਵਿਚ ਉੱਘੇ ਧਾਰਮਿਕ, ਸਮਾਜਿਕ ਅਤੇ ਵਾਤਾਵਰਣ ਪ੍ਰੇਮੀ ਬੁਲਾਰੇ ਅਤੇ ਡਾ. ਨਸੀਰ ਅਖਤਰ ਚੇਅਰਮੈਨ ਸਿੱਖ-ਮੁਸਲਿਮ ਸਾਂਝਾ ਫਰੰਟ ਆਪਣੇ ਵਿਚਾਰ ਪੇਸ਼ ਕਰਨਗੇ। 24 ਦਸਤਾਵੇਜ਼ੀ ਫ਼ਿਲਮਾਂ ਬਣਾਉਣ ਵਾਲੇ ਸ. ਨਿਰਮਾਤਾ ਅਮਰਦੀਪ ਸਿੰਘ ਅਤੇ ਸਰਦਾਰਨੀ ਵਿਨਿੰਦਰ ਕੌਰ ਨੂੰ ਭਗਤ ਪੂਰਨ ਸਿੰਘ ਮਾਨਵ ਸੇਵਾ ਸਨਮਾਨ ਪ੍ਰਦਾਨ ਕੀਤਾ ਜਾਵੇਗਾ। ਇਸ ਮੌਕੇ ਦਵਿੰਦਰ ਸ਼ਰਮਾ ਦੀ ਲਿਖੀ ਕਿਤਾਬ ਰਿਲੀਜ਼ ਕੀਤੀ ਜਾਵੇਗੀ।

ਇਸ ਮੌਕੇ ਡਾ. ਇੰਦਰਜੀਤ ਕੌਰ ਨੇ ਇਹ ਵੀ ਦੱਸਿਆ ਕਿ ਭਗਤ ਪੂਰਨ ਸਿੰਘ ਦੀ ਬਰਸੀ ਨੂੰ ਸਮਰਪਿਤ ਹੜ੍ਹ ਪੀੜਤਾਂ ਦੀ ਮਦਦ ਲਈ ਪਿੰਗਲਵਾੜਾ ਮੇਨ ਬ੍ਰਾਂਚ ਅੰਮ੍ਰਿਤਸਰ, ਸੰਗਰੂਰ ਬ੍ਰਾਂਚ ਅਤੇ ਪਲਸੌਰਾ ਬ੍ਰਾਂਚ ਤੋਂ ਵੱਖ-ਵੱਖ ਜਗ੍ਹਾ ਤੇ ਜ਼ਰੂਰੀ ਸਾਮਾਨ ਵੰਡਿਆ ਗਿਆ ਅਤੇ ਮੈਡੀਕਲ ਕੈਂਪ ਲਗਾਏ ਗਏ। ਪਿੰਗਲਵਾੜਾ ਸੰਗਰੂਰ ਬ੍ਰਾਂਚ ਵੱਲੋਂ ਸੰਗਰੂਰ ਵਿਖੇ ਅੰਗਹੀਣਾਂ ਲਈ ਮਸਨੂਈ ਅੰਗ ਕੈਂਪ ਲਗਾਇਆ ਗਿਆ। 17 ਮਰੀਜ਼ ਦੇਖੇ ਗਏ ਜਿਨ੍ਹਾਂ ਨੂੰ ਮਸਨੂਈ ਅੰਗ ਲਗਾਏ ਜਾਣਗੇ।

ਪਮਾਲੀ ਬ੍ਰਾਂਚ (ਜ਼ਿਲ੍ਹਾ ਲੁਧਿਆਣਾ) ਵੱਲੋਂ ਅੱਖਾਂ ਦਾ ਕੈਂਪ ਲਗਾਇਆ ਗਿਆ ਜਿਸ ਵਿਚ 144 ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ। ਪ੍ਰੈੱਸ ਕਾਨਫਰੰਸ ਵਿਚ ਪਿੰਗਲਵਾੜਾ ਸੋਸਾਇਟੀ ਦੇ ਮੁੱਖ ਸੇਵਾਦਾਰ ਡਾ. ਇੰਦਰਜੀਤ ਕੌਰ, ਮੀਤ ਪ੍ਰਧਾਨ ਡਾ. ਜਗਦੀਪਕ ਸਿੰਘ, ਆਨਰੇਰੀ ਸਕੱਤਰ ਮੁਖਤਾਰ ਸਿੰਘ ਗੁਰਾਇਆ, ਰਾਜਬੀਰ ਸਿੰਘ, ਮੈਂਬਰ ਪਿੰਗਲਵਾੜਾ ਸੋਸਾਇਟੀ ਹਰਜੀਤ ਸਿੰਘ ਅਰੋੜਾ ਮੈਂਬਰ ਪਿੰਗਲਵਾੜਾ ਸੋਸਾਇਟੀ, ਬੀਬੀ ਪ੍ਰੀਤਇੰਦਰਜੀਤ ਕੌਰ, ਮੈਂਬਰ ਪਿੰਗਲਵਾੜਾ ਸੋਸਾਇਟੀ, ਕਰਨਲ ਦਰਸ਼ਨ ਸਿੰਘ ਬਾਵਾ ਪ੍ਰਸ਼ਾਸਕ, ਪਰਮਿੰਦਰਜੀਤ ਸਿੰਘ ਭੱਟੀ ਸਹਿ-ਪ੍ਰਸ਼ਾਸਕ, ਜਨਰਲ ਮੈਨੇਜਰ ਤਿਲਕ ਰਾਜ, ਹਰਪਾਲ ਸਿੰਘ ਸੰਧੂ ਅਤੇ ਕਈ ਹੋਰ ਪਤਵੰਤੇ ਸ਼ਾਮਲ ਸਨ।

# ਧਾਰੀਵਾਲ ਬਲਾਕ-1 ਦੇ 56 ਕੱਚੇ ਅਧਿਆਪਕਾਂ ਨੂੰ ਮਿਲੇ ਰੈਗੂਲਰ ਨਿਯੁਕਤੀ ਪੱਤਰ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਯਤਨਾਂ ਸਦਕਾ ਸਕੂਲ ਸਿੱਖਿਆ ਵਿਭਾਗ ਵਿੱਚ ਸਾਲ 2004 ਤੋਂ ਸੇਵਾ ਨਿਭਾ ਰਹੇ ਸਿੱਖਿਆ ਪ੍ਰੋਵਾਈਡਰ, ਏਆਈਈ/ਐਸਟੀਆਰ ਵਲੰਟੀਅਰਜ਼ ਅਤੇ ਆਈਈਡੀ ਦੀਆਂ ਸੇਵਾਵਾਂ ਅੱਜ ਰੈਗੂਲਰ ਕਰ ਦਿੱਤੀਆਂ ਗਈਆਂ ਹਨ। ਇਸ ਤਹਿਤ ਬਲਾਕ ਪ੍ਰਾਇਮਰੀ ਸਿੱਖਿਆ ਦਫਤਰ ਧਾਰੀਵਾਲ-1 ਅਧੀਨ ਪੈਂਦੇ ਸਕੂਲਾਂ ਦੇ ਕੱਚੇ ਅਧਿਆਪਕਾਂ (ਸਿੱਖਿਆ ਪ੍ਰੋਵਾਈਡਰ, ਏਆਈਈ/ਐਸਟੀਆਰ ਵਲੰਟੀਅਰਜ਼ ਅਤੇ ਆਈਈਡੀ) ਨੂੰ ਸੇਵਾਵਾਂ ਪੱਕੀਆਂ ਕਰਨ ਸਬੰਧੀ ਨਿਯੁਕਤੀ ਪੱਤਰ ਦੇਣ ਲਈ ਸਟੇਟ ਐਵਾਰਡੀ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਨੀਰਜ ਕੁਮਾਰ ਖੁੰਡਾ ਦੇ ਪ੍ਰਬੰਧਾਂ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਖੁੰਡਾ ਵਿੱਚ ਸਮਾਗਮ ਕਰਵਾਇਆ ਗਿਆ। ਸਮਾਗਮ ਦੌਰਾਨ ਮਾਰਕੀਟ ਕਮੇਟੀ ਧਾਰੀਵਾਲ ਦੇ ਚੇਅਰਮੈਨ ਭੁਪਿੰਦਰ ਸਿੰਘ ਰਿੰਕਾ ਅਤੇ ਨਗਰ ਕੌਂਸਲ ਧਾਰੀਵਾਲ ਦੇ ਪ੍ਰਧਾਨ ਅਸ਼ਵਨੀ ਦੁੱਗਲ ਅਤੇ ਸਟੇਟ ਐਵਾਰਡੀ ਬੀਪੀਈਓ ਨੀਰਜ ਕੁਮਾਰ ਖੁੰਡਾ ਦੁਆਰਾ ਕੁੱਲ 56 ਕੱਚੇ ਅਧਿਆਪਕਾਂ (35 ਸਿੱਖਿਆ ਪ੍ਰੋਵਾਈਡਰ, 17 ਏ ਆਈਈ/ਐਸਟੀਆਰ ਵਲੰਟੀਅਰਜ਼ ਅਤੇ 4 ਆਈਈਡੀ) ਨੂੰ ਸੇਵਾਵਾਂ ਪੱਕੀਆਂ ਕਰਨ ਸਬੰਧੀ ਨਿਯੁਕਤੀ ਪੱਤਰ ਸੌਂਪੇ ਗਏ। ਸਟੇਜ ਸਕੱਤਰ ਦੀ ਭੂਮਿਕਾ ਮੁੱਖ ਅਧਿਆਪਕ ਜਗਦੀਸ਼ ਰਾਜ ਬੈਂਸ ਗੁਰਦਾਸਨੰਗਲ ਨੇ ਨਿਭਾਈ। ਇਸ ਮੌਕੇ ਪ੍ਰਿੰਸੀਪਲ ਜਤਿੰਦਰ ਡੋਗਰਾ, ਮੁੱਖ ਅਧਿਆਪਕ ਸੁਖਵਿੰਦਰ ਰੰਧਾਵਾ, ਸੀਐਚਟੀ ਲਾਡਵਿੰਦਰ ਕੌਰ (ਸਟੇਟ ਐਵਾਰਡੀ)। ਸੀਐਚਟੀ ਏਕਉਂਕਾਰ ਸਿੰਘ ਕਲੇਰ, ਸੀਐਚਟੀ ਵਿਕਾਸ ਮਹਾਜਨ, ਗੁਰਦੀਪ ਸਿੰਘ ਖੁੰਡਾ, ਸੀਐਚਟੀ ਵਨੀਤ ਕੌਰ, ਸੀਐਚਟੀ ਮਨਜਿੰਦਰਜੀਤ ਕੌਰ, ਪ੍ਰੋ.ਬਿਕਰਮਜੀਤ ਸਿੰਘ, ਸਾਬਕਾ ਸਰਪੰਚ ਗੁਰਨਾਮ ਸਿੰਘ ਗੁਰਦਾਸਨੰਗਲ, ਕੌਂਸਲਰ ਰਜਿੰਦਰ ਕੁਮਾਰ ਲਵਲੀ, ਜੋਗਿੰਦਰ ਸਿੰਘ ਨੰਬਰਦਾਰ, ਗੁਰਮੀਤ ਸਿੰਘ ਚਾਹਲ ਗੁਰਦਾਸਨੰਗਲ, ਡਾ: ਜਨਾਤਨ, ਗੁਰਜੀਤ ਸਿੰਘ ਲੇਹਲ, ਬਲਕਾਰ ਸਿੰਘ ਸੋਹਲ, ਸਾਬਕਾ ਸਰਪੰਚ ਸਤਿੰਦਰਪਾਲ ਸਿੰਘ, ਸਾਬਕਾ ਬਲਕਾਰ ਸਿੰਘ, ਤਰਸੇਮ ਸਿੰਘ ਢਡਿਆਲਾ, ਪ੍ਰਧਾਨ ਸਤਨਾਮ ਸਿੰਘ ਖੁੰਡਾ, ਪ੍ਰਗਟ ਸਿੰਘ ਰਿੰਪੀ ਖੁੰਡਾ, ਕਮਲ ਜੋਸ਼ੀ, ਮਾਸਟਰ ਕਮਲਜੀਤ ਸਿੰਘ, ਗੁਰਜੀਤ ਸਿੰਘ ਆਲੋਵਾਲ, ਸਰਪੰਚ ਜਸਵਿੰਦਰ ਸਿੰਘ ਜੋਗੋਵਾਲ ਜੱਟਾਂ, ਹਰਪਾਲ ਸਿੰਘ ਚੱਕ ਬੜੋਏ, ਅਕਾਸ਼ ਸਿੰਘ ਖੁੰਡਾ, ਜਸਪਾਲ ਸਿੰਘ, ਮਾਸਟਰ ਬਲਵਿੰਦਰ ਸਿੰਘ ਚੌਧਰਪੁਰ, ਮਾਸਟਰ ਗੁਰਪ੍ਰੀਤ ਸਿੰਘ ਮਾਂਗਟ, ਰਾਕੇਸ਼ ਕੁਮਾਰ, ਗਗਨਇੰਦਰ ਸਿੰਘ, ਰਾਜਦੀਪ ਕੌਰ, ਸੁਖਬੀਰ ਸਿੰਘ ਭੁੰਬਲੀ, ਅਰਜੁਨ ਸਿੰਘ, ਨਰਿੰਦਰ ਸਿੰਘ, ਕਮਲਬੀਰ ਸਿੰਘ, ਸੁਖਜੀਤ ਕੌਰ, ਹਰਪ੍ਰੀਤ ਕੌਰ, ਗੁਰਪ੍ਰੀਤ ਕੌਰ, ਰੁਪਿੰਦਰ ਕੌਰ, ਮੈਡਮ ਰਜਨੀ, ਨਵਰਾਜ ਕੌਰ ਆਦਿ ਤੋਂ ਇਲਾਵਾ ਵੀ ਹਾਜ਼ਰ ਸਨ।

# ਕੱਚੇ ਅਧਿਆਪਕਾਂ ਨੂੰ ਪੱਕਿਆਂ ਕਰਨ ਦਾ ਦਿਨ ਇਤਿਹਾਸ ਦੇ ਸੁਨਹਿਰੇ ਪੰਨਿਆਂ 'ਚ ਦਰਜ: ਸ਼ੈਰੀ ਕਲਸੀ

*20 ਸਾਲਾਂ ਤੋਂ ਕੰਮ ਕਰ ਰਹੇ ਕੱਚੇ ਅਧਿਆਪਕਾਂ ਨੂੰ ਰੈਗੂਲਰ ਕਰਨ ਦਾ ਵਾਅਦਾ ਕੀਤਾ ਪੂਰਾ*



ਬਟਾਲਾ (ਡਾ. ਮਲਵਿੰਦਰ ਸਿੰਘ)-ਮੁੱਖ ਮੰਤਰੀ ਪੰਜਾਬ ਨੇ ਪਿਛਲੇ ਕਰੀਬ 20 ਸਾਲਾਂ ਤੋਂ ਸਕੂਲਾਂ ਵਿੱਚ ਕੱਚੇ ਅਧਿਆਪਕਾਂ ਵਜੋਂ ਸੇਵਾ ਕਰ ਰਹੇ ਅਧਿਆਪਕਾਂ ਨੂੰ ਪੱਕਾ ਕਰਨ ਦਾ ਵਾਅਦਾ ਪੂਰਾ ਕੀਤਾ ਹੈ ਅਤੇ ਅੱਜ ਦਾ ਦਿਨ ਇਤਿਹਾਸ ਦੇ ਸੁਨਿਹਰੇ ਪੰਨਿਆਂ ਵਿੱਚ ਦਰਜ ਹੋ ਗਿਆ ਹੈ। ਇਹ ਪ੍ਰਗਟਾਵਾ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਕੀਤਾ। ਪੰਜਾਬ ਸਰਕਾਰ ਵਲੋਂ ਚੰਡੀਗੜ੍ਹ ਵਿਖੇ ਕੱਚੇ ਅਧਿਆਪਕਾਂ ਦੀਆਂ ਸੇਵਾਵਾਂ ਰੈਗੂਲਰ ਕਰਨ ਲਈ ਸਮਾਗਮ ਰੱਖਿਆ ਗਿਆ ਸੀ, ਜਿਸ ਵਿੱਚ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵਲੋਂ ਅਧਿਆਪਕਾਂ ਨੂੰ ਰੈਗੂਲਰ ਹੋਣ ਦੇ ਨਿਯੁਕਤੀ ਪੱਤਰ ਵੰਡੇ ਗਏ। ਇਸੇ ਤਰ੍ਹਾਂ ਗੁਰਦਾਸਪੁਰ ਜ਼ਿਲ੍ਹੇ ਅੰਦਰ ਵੀ ਕੱਚੇ ਅਧਿਆਪਕਾਂ ਨੂੰ ਪੱਕੇ ਕਰਨ ਦੇ ਨਿਯੁਕਤੀ ਪੱਤਰ ਵੰਡੇ ਗਏ ਹਨ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧੁੱਪਸੜੀ ਅਤੇ ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਵਿਖੇ ਕੱਚੇ ਅਧਿਆਪਕਾਂ ਨੂੰ ਪੱਕੇ ਕਰਨ ਲਈ ਸਮਾਗਮ ਕਰਵਾਇਆ ਗਿਆ। ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਦੇ ਮਾਤਾ ਬਲਬੀਰ ਕੌਰ ਕਲਸੀ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਨਿਯੁਕਤੀ ਪੱਤਰ ਵੰਡੇ। ਇਸ ਮੌਕੇ ਅਮਰਜੀਤ ਸਿੰਘ ਭਾਟੀਆ ਜ਼ਿਲ੍ਹਾ ਸਿੱਖਿਆ ਅਫਸਰ (ਸ), ਮਮਤਾ ਖੁਰਾਣਾ ਸੇਠੀ ਜ਼ਿਲ੍ਹਾ ਸਿੱਖਿਆ ਅਫਸਰ (ਪ), ਬੀਪੀਈਓ ਜਸਵਿੰਦਰ ਸਿੰਘ, ਬੀਪੀਈਓ ਕੁਲਬੀਰ ਕੌਰ, ਪ੍ਰਿੰਸੀਪਲ ਬਲਵਿੰਦਰ ਕੌਰ, ਪ੍ਰਿੰਸੀਪਲ ਪਰਮਜੀਤ ਕੌਰ, ਨਵਦੀਪ ਸਿੰਘ, ਸਰਬਜੀਤ ਸਿੰਘ ਔਲਖ ਅਤੇ ਵੱਖ-ਵੱਖ ਸੀਐੱਚਟੀ, ਐੱਚਟੀ ਅਤੇ ਅਧਿਆਪਕ ਹਾਜ਼ਰ ਸਨ। ਉਨ੍ਹਾਂ ਸਮੂਹ ਕੱਚੇ ਅਧਿਆਪਕਾਂ ਨੂੰ ਪੱਕੇ ਹੋਣ ਦੀ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਉਹ ਹੋਰ ਮਿਹਨਤ ਤੇ ਲਗਨ ਨਾਲ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਈ ਕਰਵਾਉਣ।

ਇਸ ਮੌਕੇ ਵੀਡੀਓ ਕਾਨਫਰੰਸਿੰਗ ਰਾਹੀਂ ਸਮਾਗਮ ਵਿੱਚ ਸ਼ਾਮਲ ਹੁੰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਅਧਿਆਪਕਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਉਹ ਚੰਡੀਗੜ੍ਹ ਵਿਖੇ ਹੋਣ ਕਾਰਨ, ਸਮਾਗਮ ਵਿੱਚ ਨਹੀਂ ਆ ਸਕੇ। ਉਨ੍ਹਾਂ ਅਧਿਆਪਕਾਂ ਨੂੰ ਪੱਕੇ ਹੋਣ ਦੀ ਵਧਾਈ ਦਿੰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਜੋ ਗਰੰਟੀਆਂ ਦਿੱਤੀਆਂ ਸਨ, ਉਨ੍ਹਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ।

ਉਨਾਂ ਕਿਹਾ ਕਿ ਕਰੀਬ 20 ਸਾਲ ਤੋਂ ਇਹ ਅਧਿਆਪਕ ਨਿਗੂਣੀਆਂ ਤਨਖਾਹਾਂ ਤੇ ਕੰਮ ਕਰ ਰਹੇ ਸਨ ਪਰ ਭਗਵੰਤ ਮਾਨ ਨੇ ਇਨਾਂ ਦੀ ਬਾਂਹ ਫੜੀ ਹੈ, ਜੋ ਪਿਛਲੀਆਂ ਸਰਕਾਰਾਂ ਕਰਨ ਵਿੱਚ ਨਾਕਾਮ ਰਹੀਆਂ ਹਨ।

ਇਸ ਮੌਕੇ ਪੱਕੇ ਹੋਏ ਅਧਿਆਪਕਾਂ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਕੂਲ ਵਿੱਚ ਪੜ੍ਹਾਈ ਤਾਂ ਕਰਵਾ ਰਹੇ ਸਨ ਪਰ ਉਨ੍ਹਾਂ ਦੀਆਂ ਸੇਵਾਵਾਂ ਰੈਗੂਲਰ ਨਾ ਹੋਣ ਦੀ ਚਿੰਤਾ ਉਨ੍ਹਾਂ ਨੂੰ ਹਮੇਸ਼ਾ ਰਹਿੰਦੀ ਸੀ ਪਰ ਹੁਣ ਪੰਜਾਬ ਦੇ ਪਹਿਲੀ ਵਾਰ ਬਣੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਾਡੇ ਨਾਲ ਕੀਤੇ ਵਾਅਦੇ ਨੂੰ ਪੂਰਾ ਕੀਤਾ ਹੈ, ਜਿਸ ਲਈ ਉਹ ਸੂਬਾ ਸਰਕਾਰ ਦੇ ਰਿਣੀ ਹਨ।


**REQUIRED**

**TELE-CALLERS**

**NOS.-20-25**

**FEMALES ONLY**

Qualification: Min Graduation

Fresher Or Experienced

Salary 12 TO 20000/-

**VINAY HARI**

EDUCATION CONSULTANTS PVT. LTD.

BMC CHOWK, JALANDHAR

M : 98786-01586


## Public Notice

I, Rajesh Kumar Soni S/o Dharamvir Soni and Bandana Soni W/o Rajesh Kumar Soni R/o B-3/80 VPO Sham Chaurasi Distt. Hoshiarpur Punjab India Present Residing at 3751 Brockton Dr, Pleasanton, Ca 94588 USA. declares that my Son Sachin is out of my control. I so we disown all of him from our Moveable and Immoveable Properties anybody dealing with them his/ her own risk Concerned Note.

## COURT NOTICE

In the Court of

**Ms. Indu Bala Addl. Civil Judge (Senior Division), Moonak.**

CNR No. PBSGD0-000306-2023

Next Date : 18.8.2023

**Parminder Kaur widow of Saranjeet Singh**

Versus

**General Public**

Publication issued to : General Public, Punjab

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 18.8.2023 at 10.00 a.m.

For details logon to https://highcourtchd.gov.in/?trs=district notice & district=Sangrur

Addl. Civil Judge (Senior Division), Moonak.

Dated, this day of 27.7.2023

## COURT NOTICE

In the Court of

**Ms. Anuradha Addl. Civil Judge (Senior Division), Nabha.**

CNR No. PBPTB0-000302-2023

Next Date : 2.11.2023

**Mukhtiar Kaur**

Versus

**General Public**

Publication issued to : General Public, General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 2.11.2023 at 10.00 a.m.

For details logon to https://highcourtchd.gov.in/?trs=district notice&district=Patiala

Addl. Civil Judge (Senior Division), Nabha.

Dated, this day of 27.7.2023

## COURT NOTICE

In the Court of

**Ms. Tripat Jot Kaur Addl. Principal Judge Family Court-1, Jalandhar.**

CNR No. PBJL01-004306-2023

Next Date : 13.10.2023

**Sandeep Singh aged about 32 years S/o Bakshi Ram R/o H.No. 278 Guru Amar Dass Nagar G.T. Road, Jalandhar.**

Versus

**1. Amandeep Kaur W/o Sandeep Singh D/o Balwinder Singh R/o Kokri Buttran Dharamkot Distt. Moga 2. General Public**

**Petition Under Guardian and Wards Act**

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 13.10.2023 at 10.00 a.m.

For details logon to https://highcourtchd.gov.in/?trs=district notice & district=Jalandhar

Addl. Principal Judge Family Court-1, Jalandhar.

Dated, this day of 21.7.2023

## ਚੋਣ ਨੋਟਿਸ

ਦੀ ਭੁੱਲਰ ਸਹਿਕਾਰੀ ਬਹੁਮੰਤਵੀ ਸਭਾ ਲਿਮ: ਭੁੱਲਰ ਦੀ ਚੋਣ ਸੰਬੰਧੀ ਸਭਾ ਵੱਲੋਂ ਤਜਵੀਜ਼ੀ ਜ਼ੋਨ ਪ੍ਰਵਾਨਗੀ ਹਿੱਤ ਇਸ ਦਫਤਰ ਪ੍ਰਾਪਤ ਹੋਏ ਹਨ, ਜੇਕਰ ਇਸ ਸਭਾ ਦੇ ਕਿਸੇ ਹਿੱਸੇਦਾਰ/ਮੈਂਬਰ ਨੂੰ ਇਹਨਾਂ ਜ਼ੋਨਾਂ ਦੀ ਬਣਤਰ 'ਤੇ ਕੋਈ ਇਤਰਾਜ਼ ਹੋਵੇ ਤਾਂ ਉਹ ਨਿਮਨਹਸਤਾਖਰ ਦੇ ਦਫਤਰ ਵਿਖੇ ਮਿਤੀ 10.8.2023 ਨੂੰ ਸ਼ਾਮ 5.00 ਵਜੇ ਤੱਕ ਲਿਖਤੀ ਰੂਪ ਵਿੱਚ ਸਬੂਤ ਸਮੇਤ ਇਤਰਾਜ਼ ਦਾਖਲ ਕਰ ਸਕਦਾ ਹੈ, ਪ੍ਰਾਪਤ ਹੋਏ ਇਤਰਾਜ਼ਾਂ ਦੀ ਸੁਣਵਾਈ ਮਿਤੀ 11.8.23 ਨੂੰ ਸਵੇਰੇ 11.00 ਵਜੇ ਨਿਮਨ ਹਸਤਾਖਰ ਵੱਲੋਂ ਆਪਣੇ ਦਫਤਰ ਵਿਖੇ ਕੀਤੀ ਜਾਵੇਗੀ। ਇਤਰਾਜ਼ਕਰਤਾ ਖੁਦ ਸੁਣਾਈ ਸਮੇਂ ਹਾਜ਼ਰ ਆਉਣ।

ਇਹਨਾਂ ਜ਼ੋਨਲ ਲਿਸਟਾਂ ਦੀ ਇੱਕ-ਇੱਕ ਪੜਤ ਭੁੱਲਰ ਸਹਿਕਾਰੀ ਬਹੁਮੰਤਵੀ ਸਭਾ ਭੁੱਲਰ, ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਸ਼ਾਹਕੋਟ ਅਤੇ ਨਿਮਨਹਸਤਾਖਰ ਦੇ ਦਫਤਰ ਵਿਖੇ ਰੱਖੀ ਗਈ ਹੈ, ਜੋ ਕਿ ਕਿਸੇ ਵੀ ਕੰਮ ਵਾਲੇ ਦਿਨ ਦਫਤਰੀ ਸਮੇਂ ਵਿੱਚ ਆ ਕੇ ਵੇਖੀ ਜਾ ਸਕਦੀ ਹੈ।

(ਗੁਰਵਿੰਦਰਜੀਤ ਸਿੰਘ)
ਡਿਪਟੀ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲੰਧਰ।
(ਸਾਹਮਣੇ ਮੁੱਖ ਡਾਕਘਰ, ਜਲੰਧਰ)

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ-ਸੈਕਿੰਡ ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 22.08.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਖੁਲ੍ਹਾ | ਨਿਵਿਦਾ ਅਨੁਭਾਗ | ਕੰਮ | ਨਿਵਿਦਾ ਪ੍ਰਣਾਲੀ | ਏਕਲ ਬੋਲੀ ਪ੍ਰਣਾਲੀ |
|---|---|---|---|---|---|
| ਟੈਂਡਰ ਅਪਲੋਡ ਕਰਨ ਦੀ ਮਿਤੀ | 27.07.2023 | ਬੋਲੀ ਸ਼ੁਰੂ ਕਰਨ ਦੀ ਮਿਤੀ | 08.08.2023 | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ | 22.08.2023 15:00 ਵਜੇ |

| ਲ.ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | | |
|---|---|---|---|---|
| 1. | 132-2023-24-JRC-DRM-FZR | ਸਹਾਇਕ ਮੰਡਲ ਇੰਜੀਨੀਅਰ/ਜਲੰਧਰ ਕੈਂਟ ਦੇ ਤਹਿਤ ਸਾਹਨੇਵਾਲ-ਅੰਮ੍ਰਿਤਸਰ ਸੇਕਸ਼ਨ ਵਿਚ ਜਲੰਧਰ ਸਿਟੀ ਸਟੇਸ਼ਨ ਤੇ 6 ਮੀਟਰ ਚੌੜੇ ਕਵਰਡ ਫੁਟ ਓਵਰ ਬ੍ਰਿਜ ਦੇ ਪ੍ਰਾਵਧਾਨ ਦੇ ਸਬੰਧ ਵਿਚ ਵਖ-ਵਖ ਕੰਮ। | | |
| ਵਿਗਿਆਪਨ ਮੁੱਲ | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ | |
| ₹74,18,730.30 | ₹1,48,400/- | 60 ਦਿਨ | 06 ਮਹੀਨੇ | |
| ਸਮਾਨ ਨੇਚਰ ਦਾ ਕੰਮ:"ਕੋਈ ਵੀ ਸਿਵਿਲ ਕੰਮ ਟ੍ਰੈਕ ਦੇ ਇਲਾਵਾ" | | | | |
| 2. | 133-2023-24-PTK-DRM-FZR | ਸਹਾਇਕ ਮੰਡਲ ਇੰਜੀਨੀਅਰ/ਫਸਟ/ਪਠਾਨਕੋਟ ਦੇ ਤਹਿਤ ਪਠਾਨਕੋਟ ਸਟੇਸ਼ਨ ਤੇ 50 ਕੇਐਲਡੀ ਐਸਟੀਪੀ (ਸੀਵਰੇਜ ਟ੍ਰੀਟਮੈਂਟ ਪਲਾਂਟ) ਦੇ ਪ੍ਰਾਵਧਾਨ ਲਈ। | | |
| ਵਿਗਿਆਪਨ ਮੁੱਲ | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ | |
| ₹59,49,685.22 | ₹1,19,000/- | 60 ਦਿਨ | 08 ਮਹੀਨੇ | |
| ਸਮਾਨ ਨੇਚਰ ਦਾ ਕੰਮ: "ਸੀਵਰੇਜ ਜਾਂ ਅਪਸ਼ਿਸ਼ਟ ਉਪਚਾਰ ਸੰਯੰਤਰ ਦੀ ਸਪਲਾਈ, ਡਿਜ਼ਾਇਨ, ਨਿਰਮਾਣ ਅਤੇ ਕਮਿਸ਼ਨਿੰਗ" | | | | |
| 3. | 135-2023-24-JRC-DRM-FZR | ਸਹਾਇਕ ਮੰਡਲ ਇੰਜੀਨੀਅਰ/ਜਲੰਧਰ ਕੈਂਟ ਦੇ ਤਹਿਤ ਜਲੰਧਰ ਸਿਟੀ ਅੰਮ੍ਰਿਤਸਰ ਸੇਕਸ਼ਨ ਵਿਚ ਪੁਲ ਨੰਬਰ 23 ਅਤੇ 28 (ਸਾਈਡਿੰਗ) ਦੇ ਆਰਸੀਸੀ ਸਲੈਬ ਦੇ ਨਾਲ ਗਡ੍ਰਸ ਦਾ ਪ੍ਰਤੀਸਥਾਪਨ ਲਈ। | | |
| ਵਿਗਿਆਪਨ ਮੁੱਲ | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ | |
| ₹79,76,795.67 | ₹1,59,500/- | 60 ਦਿਨ | 10 ਮਹੀਨੇ | |
| ਸਮਾਨ ਨੇਚਰ ਦਾ ਕੰਮ-"ਕਿਸੇ ਵੀ ਪੁਲ ਦਾ ਨਿਰਮਾਣ ਕੰਮ" | | | | |
| 4. | 136-2023-24-JRC-DRM-FZR | ਸਹਾਇਕ ਮੰਡਲ ਇੰਜੀਨੀਅਰ/ਜਲੰਧਰ ਕੈਂਟ ਦੇ ਤਹਿਤ ਜਲੰਧਰ ਸ਼ਹਿਰ ਵਿਚ ਮਾਲਗੱਡੀ ਇਮਤਿਹਾਨ ਯਾਰਡ ਦੇ ਵਰਗੀਕਰਨ ਨੂੰ ਏ ਸ਼੍ਰੇਣੀ ਵਿਚ ਅਪਗ੍ਰੇਡ ਕਰਨਾ ਅਤੇ ਹੋਰ ਸਬੰਧਿਤ ਕੰਮ। | | |
| ਵਿਗਿਆਪਨ ਮੁੱਲ | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ | |
| ₹1,23,17,558.92 | ₹2,11,600/- | 60 ਦਿਨ | 10 ਮਹੀਨੇ | |
| ਸਮਾਨ ਨੇਚਰ ਦਾ ਕੰਮ:"ਕੋਈ ਵੀ ਸਿਵਿਲ ਕੰਮ ਟ੍ਰੈਕ ਦੇ ਇਲਾਵਾ" | | | | |
| 5. | 137-2023-24-JRC-DRM-FZR | ਸਹਾਇਕ ਮੰਡਲ ਇੰਜੀਨੀਅਰ/ਜਲੰਧਰ ਕੈਂਟ ਦੇ ਤਹਿਤ ਜਲੰਧਰ ਸ਼ਹਿਰ-ਅੰਮ੍ਰਿਤਸਰ ਸੈਕਸ਼ਨ ਵਿਚ ਕਿਮੀ 433 ਤੋਂ ਕਿਮੀ 434 ਦੇ ਲੇਵਲ ਕ੍ਰਾਸਿੰਗ ਨੰਬਰ (ਐਸ-64, ਟੀ-3) ਦੇ ਕੋਲ ਰੇਲਵੇ ਟ੍ਰੈਕ ਦੇ ਹੇਠਾਂ 1200 ਮਿਮੀ ਅੰਦਰੂਨੀ ਵਿਆਸ ਐਮ.ਐਸ. ਅਨਕੇਸਿੰਗ ਅਤੇ 1400 ਮਿਮੀ ਅੰਦਰੂਨੀ ਐਮ.ਐਸ. ਹੈਵੀ ਡਯੂਟੀ ਕੇਸਿੰਗ ਪਾਈਸ ਨਾਲ ਗੁਜਰਨ ਵਾਲੀ 900 ਮਿਮੀ ਅੰਦਰੂਨੀ ਵਿਆਸ ਵਾਲੀ ਪਾਣੀ ਦੀ ਸਪਲਾਈ ਪਾਈਪ ਲਾਈਨ ਨੂੰ ਪਾਰ ਕਰਨਾ। | | |
| ਵਿਗਿਆਪਨ ਮੁੱਲ | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ | |
| ₹73,32,558.15 | ₹1,46,700/- | 60 ਦਿਨ | 06 ਮਹੀਨੇ | |
| ਸਮਾਨ ਨੇਚਰ ਦਾ ਕੰਮ: "ਸੀਵਰੇਜ ਪਾਈਪ ਅਤੇ ਬਾਕਸ ਪੁਸ਼ਿੰਗ ਤਕਨੀਕ/ਜ਼ਮੀਨਦੋਜ਼ ਕੇਬਲ/ਪਾਈਪ ਲਾਈਨ ਆਦਿ ਨੂੰ ਪਾਰ ਕਰਨ ਦੇ ਨਾਲ ਪੁਲ ਦਾ ਨਿਰਮਾਣ ਲਈ" | | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ।

ਨਿਵਿਦਾ ਸੂਚਨਾ ਪੱਤਰ ਨੰ.:132, 135, 136 & 137-2023-24-JRC-DRM-FZR & 133-2023-24-PTK-DRM-FZR ਤਾਰੀਕ : 28.07.2023 2353/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ-ਚੌਥਾ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 22.08.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਤੇ ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਨਿਵਿਦਾ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਨਿਵਿਦਾ ਸ਼ੁਰੂ ਕਰਨ ਦੀ ਮਿਤੀ | ਨਿਵਿਦਾ ਸਮਾਪਤੀ ਦੀ ਮਿਤੀ ਅਤੇ ਸਮਾਂ |
| 27.07.2023 | 08.08.2023 | 22.08.2023 / 15:00 ਵਜੇ |

| ਲ.ਨੰ. | ਨਿਵਿਦਾ ਨੰਬਰ ਮਿਤੀ | ਨਿਵਿਦਾ ਦਾ ਵੇਰਵਾ |
|---|---|---|
| 1 | 140-2023-24-UHP-DRM-FZR | ਸਹਾਇਕ ਮੰਡਲ ਇੰਜੀਨੀਅਰ/ਉਧਮਪੁਰ ਦੇ ਤਹਿਤ ਜੰਮੂਤਵੀ-ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟਰਾ ਸੇਕਸ਼ਨ ਤੇ ਕਿਲੋਮੀਟਰ 13.795 ਤੋਂ 14.819, ਕਿਲੋਮੀਟਰ 14.67 ਤੋਂ 15.214 ਕਿਲੋਮੀਟਰ 15.207 ਤੋਂ 15.432, ਕਿਲੋਮੀਟਰ 15.503 ਤੋਂ 18.15, ਕਿਲੋਮੀਟਰ 18.891 ਤੋਂ 19.973, ਕਿਲੋਮੀਟਰ 20.558 ਤੋਂ 21.015, ਕਿਲੋਮੀਟਰ 23.915 ਤੋਂ 24.075, ਕਿਲੋਮੀਟਰ 25.012 ਤੋਂ 25.172, ਕਿਲੋਮੀਟਰ 25.384 ਤੋਂ 25.804, ਕਿਲੋਮੀਟਰ 26.784 ਤੋਂ 27.014, ਕਿਲੋਮੀਟਰ 35.148 ਤੋਂ 35.513, ਕਿਲੋਮੀਟਰ 35.392 ਤੋਂ 36.666, ਕਿਲੋਮੀਟਰ 37.795 ਤੋਂ 39.189, ਕਿਲੋਮੀਟਰ 39.245 ਤੋਂ 39.493, ਕਿਲੋਮੀਟਰ 39.41 ਤੋਂ 40.25, ਕਿਲੋਮੀਟਰ 40.37 ਤੋਂ 40.886, ਕਿਲੋਮੀਟਰ 42.297 ਤੋਂ 42.853 ਮੌਜੂਦਾ 52 ਕਿਲੋਮੀਟਰ/60 ਕਿਗ੍ਰਾ ਦੇ ਪੀਐਸਸੀ ਸਲੀਪਰਾਂ ਦੇ (ਕੁਲ 12.143 ਕਿਲੋਮੀਟਰ) ਫਿਟਿੰਗ ਦਾ ਨਵੀਨੀਕਰਨ ਦਾ ਕੰਮ। |

| ਵਿਗਿਆਪਨ ਮੁਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
|---|---|---|---|
| 21,99,840.48/- | 4,4000/- | 60 ਦਿਨ | 08 ਮਹੀਨੇ |
| ਸਮਾਨ ਨੇਚਰ ਦਾ ਕੰਮ:- ਲਾਗੂ ਨਹੀਂ। | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ।

ਨਿਵਿਦਾ ਸੂਚਨਾ ਨੰ.: 140-2023-24-UHP-DRM-FZR ਤਾਰੀਕ : 28.07.2023 2350/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਰਾਣੀ ਵਲਾਹ ਵਿਖੇ ਸਕੂਲ 'ਚ ਮਹਿੰਦੀ ਮੁਕਾਬਲਾ ਕਰਵਾਇਆ



ਚੋਹਲਾ ਸਾਹਿਬ (ਰਮਨ ਚੱਢਾ)- ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ਼ਾਹ ਹਰਬੰਸ ਸਿੰਘ ਇੰਟਰਨੈਸ਼ਨਲ ਪਬਲਿਕ ਸਕੂਲ ਰਾਣੀ ਵਲਾਹ ਵਿਖੇ ਸਾਉਣ ਮਹੀਨੇ ਦੇ ਸਬੰਧ ਵਿੱਚ ਮਹਿੰਦੀ ਲਗਾਉਣ ਦਾ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਲੜਕੀਆਂ ਨੇ ਆਪਣੀ ਕਲਾਕਾਰੀ ਨੂੰ ਬਾਖੂਬੀ ਪੇਸ਼ ਕਰਦਿਆਂ ਭਾਗ ਲਿਆ ਜਿਸ ਵਿੱਚ ਬਾਰ੍ਹਵੀਂ ਕਲਾਸ ਦੀ ਵਿਦਿਆਰਥਣ ਪਾਇਲਪ੍ਰੀਤ ਕੌਰ ਨੇ ਪਹਿਲਾ ਸਥਾਨ, ਪਵਨਦੀਪ ਕੌਰ ਦੱਸਵੀਂ ਕਲਾਸ ਨੇ ਦੂਜਾ ਸਥਾਨ ਅਤੇ ਅਨਮੋਲਦੀਪ ਕੌਰ ਅੱਠਵੀਂ ਕਲਾਸ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਗੁਲਵਿੰਦਰ ਸਿੰਘ ਸੰਧੂ, ਐਜੂਕੇਸ਼ਨ ਡਾਇਰੈਕਟਰ ਮੈਡਮ ਨਵਦੀਪ ਕੌਰ ਸੰਧੂ, ਪ੍ਰਿੰ. ਨਿਰਭੈ ਸਿੰਘ ਸੰਧੂ ਵਲੋਂ ਜੇਤੂ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਇਨਾਮ ਤਕਸੀਮ ਕੀਤੇ ਉਨ੍ਹਾਂ ਦੱਸਿਆ ਕਿ ਸਾਡੀ ਸੰਸਥਾ ਦਾ ਹਰ ਧਾਰਮਿਕ, ਇਤਿਹਾਸਕ ਅਤੇ ਸੱਭਿਆਚਾਰਕ ਤਿਉਹਾਰ ਨੂੰ ਸਕੂਲ ਵਿੱਚ ਮਨਾਉਣ ਦਾ ਮੁੱਖ ਮਕਸਦ ਹੈ ਕਿ ਬੱਚੇ ਆਪਣੀ ਅਨਮੋਲ ਵਿਰਾਸਤ ਨਾਲ ਜੁੜੇ ਰਹਿਣ। ਉਨ੍ਹਾਂ ਜਿਥੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਉਥੇ ਭਾਗ ਲੈਣ ਵਾਲੇ ਹਰ ਵਿਦਿਆਰਥੀ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਸਾਰੇ ਵਿਦਿਆਰਥੀਆਂ ਨੂੰ ਹਰ ਗਤੀਵਿਧੀ ਵਿੱਚ ਵੱਧ-ਚੜ੍ਹ ਕੇ ਭਾਗ ਲੈਣਾ ਚਾਹੀਦਾ ਹੈ। ਇਸ ਨਾਲ ਬੱਚਿਆਂ ਦੀ ਸ਼ਖ਼ਸੀਅਤ ਦਾ ਵਿਕਾਸ ਹੁੰਦਾ ਹੈ।

# ਸਿਹਤ ਬੀਮਾ ਯੋਜਨਾ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਬਹਿਲ ਵੱਲੋਂ ਵਿਸ਼ੇਸ਼ ਪ੍ਰਚਾਰ ਵੈਨ ਰਵਾਨਾ



ਗੁਰਦਾਸਪੁਰ (ਜਨਕ ਮਹਾਜਨ)-ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਗੁਰਦਾਸਪੁਰ ਤੋਂ ਵਿਸ਼ੇਸ਼ ਪ੍ਰਚਾਰ ਵੈਨ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਹ ਪ੍ਰਚਾਰ ਵੈਨ ਜ਼ਿਲ੍ਹਾ ਗੁਰਦਾਸਪੁਰ ਦੇ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਲੋਕਾਂ ਨੂੰ ਸਿਹਤ ਬੀਮਾ ਯੋਜਨਾ ਦਾ ਲਾਭ ਲੈਣ ਲਈ ਜਾਗਰੂਕ ਕਰੇਗੀ। ਪ੍ਰਚਾਰ ਵੈਨ ਨੂੰ ਰਵਾਨਾ ਕਰਨ ਮੌਕੇ ਰਮਨ ਬਹਿਲ ਨੇ ਕਿਹਾ ਕਿ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਸੂਬੇ ਦੇ ਸਸਤਾ ਅਨਾਜ ਕਾਰਡ ਧਾਰਕ ਪਰਿਵਾਰਾਂ, ਜੇ ਫਾਰਮ ਧਾਰਕ ਕਿਸਾਨ ਪਰਿਵਾਰਾਂ, ਛੋਟੇ ਵਪਾਰੀਆਂ, ਰਜਿਸਟਰਡ ਉਸਾਰੀ ਮਜ਼ਦੂਰਾਂ ਅਤੇ ਐਕਰੀਡੇਟਿਡ/ਯੈਲੋ ਕਾਰਡ ਧਾਰਕ ਪੱਤਰਕਾਰਾਂ ਦੇ ਪਰਿਵਾਰਾਂ ਨੂੰ 5 ਲੱਖ ਰੁਪਏ ਸਾਲਾਨਾ ਮੁਫ਼ਤ ਇਲਾਜ ਦੀ ਸਹੂਲਤ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਸ ਯੋਜਨਾ ਦਾ ਲੋੜਵੰਦ ਪਰਿਵਾਰਾਂ ਨੂੰ ਬਹੁਤ ਲਾਭ ਮਿਲ ਰਿਹਾ ਹੈ ਅਤੇ ਲੋੜ ਪੈਣ 'ਤੇ ਉਹ ਆਪਣਾ ਮੁਫ਼ਤ ਇਲਾਜ ਕਰਵਾ ਰਹੇ ਹਨ। ਉਨ੍ਹਾਂ ਕਿਹਾ ਕਿ ਸਿਹਤ ਬੀਮਾ ਯੋਜਨਾ ਦੇ ਕਾਰਡ ਧਾਰਕ ਪੰਜਾਬ ਵਿਚ 900 ਤੋਂ ਵੱਧ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿਚ ਆਪਣਾ ਮੁਫ਼ਤ ਇਲਾਜ ਕਰਵਾ ਸਕਦੇ ਹਨ।

ਚੇਅਰਮੈਨ ਬਹਿਲ ਨੇ ਕਿਹਾ ਕਿ ਇਸ ਪ੍ਰਚਾਰ ਵੈਨ ਜ਼ਰੀਏ ਜਿਥੇ ਸਿਹਤ ਬੀਮੇ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ ਉਥੇ ਨਾਲ ਹੀ ਯੋਗ ਲਾਭਪਾਤਰੀ ਪਰਿਵਾਰਾਂ ਦੇ ਕਾਰਡ ਵੀ ਬਣਾ ਕੇ ਦਿੱਤੇ ਜਾਣਗੇ। ਉਨ੍ਹਾਂ ਸਮਾਜ ਸੇਵੀ ਸੰਸਥਾਵਾਂ, ਪੰਚ-ਸਰਪੰਚਾਂ, ਐਮ.ਸੀ, ਜ਼ਿਲ੍ਹਾ ਪ੍ਰੀਸ਼ਦ, ਬਲਾਕ ਸੰਮਤੀ, ਮਾਰਕਿਟ ਕਮੇਟੀ ਆਦਿ ਦੇ ਅਹੁਦੇਦਾਰਾਂ ਨੂੰ ਅਪੀਲ ਕੀਤੀ ਉਹ ਯੋਗ ਲਾਭਪਾਤਰੀਆਂ ਦੇ ਸਿਹਤ ਬੀਮਾ ਯੋਜਨਾ ਦੇ ਕਾਰਡ ਬਨਾਉਣ ਵਿਚ ਵੱਧ ਚੜ੍ਹ ਕੇ ਸਹਿਯੋਗ ਕਰਨ। ਇਸ ਮੌਕੇ ਡਿਪਟੀ ਮੈਡੀਕਲ ਕਮਿਸ਼ਨਰ ਡਾ. ਰੋਮੀ ਰਾਜਾ ਨੇ ਦੱਸਿਆ ਕਿ ਪ੍ਰਚਾਰ ਵੈਨ ਦੇ ਨਾਲ ਹੀ ਕਾਰਡ ਬਨਾਉਣ ਵਾਲੀ ਟੀਮ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕਰੇਗੀ। ਉਨ੍ਹਾਂ ਦੱਸਿਆ ਕਿ ਪ੍ਰਚਾਰ ਵੈਨ ਵੱਲੋਂ 30 ਜੁਲਾਈ ਨੂੰ ਪਿੰਡ ਤਿੱਬੜ ਅਤੇ ਹਯਾਤਨਗਰ, 31 ਜੁਲਾਈ ਨੂੰ ਪਿੰਡ ਬਰਿਆਰ ਅਤੇ ਗਾਜੀਕੋਟ, 1 ਅਗਸਤ ਨੂੰ ਪਿੰਡ ਅਵਾਂਖਾ ਅਤੇ ਦੀਨਾਨਗਰ, 2 ਨੂੰ ਪਿੰਡ ਚੱਘੂਵਾਲ ਅਤੇ ਡੁਗਰੀ, 3 ਨੂੰ ਰੁੜਿਆਨਾ, ਰੋਸੇ ਅਤੇ ਚੰਦੂ ਵਡਾਲਾ, 4 ਨੂੰ ਹਰਦੋਵਾਲ, ਜੌੜੀਆਂ ਕਲਾਂ, ਜੌੜੀਆਂ ਖੁਰਦ, 5 ਨੂੰ ਖੈਹਿਰਾ ਕਲਾਂ ਅਤੇ ਮਾਨ ਸੈਂਡਵਾਲ, 6 ਨੂੰ ਕਿਲ੍ਹਾ ਲਾਲ ਸਿੰਘ, ਬਿਜਲੀਵਾਲ, ਧਰਮਕੋਟ ਬੱਗਾ ਅਤੇ ਭਾਗੋਵਾਲ, 7 ਨੂੰ ਛੋਟੇਪੁਰ, ਅਵਾਣ ਅਤੇ ਜਾਗੋਵਾਲ ਸੰਘਰ, 8 ਨੂੰ ਫੱਜੂਪੁਰ, ਲੇਹਲ ਅਤੇ ਦੀਨਪੁਰ, 9 ਨੂੰ ਧਰਮਕੋਟ ਪੱਤਣ ਅਤੇ ਖੋਦੇ ਬੇਟ, 10 ਨੂੰ ਕੋਟ ਟੋਡਰ ਮੱਲ, ਤੁਗਲਵਾਲ ਅਤੇ ਘੋੜੇਵਾਹ ਵਿਖੇ ਕਾਰਡ ਬਨਾਉਣ ਲਈ ਕੈਂਪ ਲਗਾਏ ਜਾਣਗੇ। ਉਨ੍ਹਾਂ ਸਮੂਹ ਲਾਭਪਾਤਰੀਆਂ ਨੂੰ ਸਿਹਤ ਬੀਮਾ ਕਾਰਡ ਬਨਾਉਣ ਦੀ ਅਪੀਲ ਕੀਤੀ ਹੈ।

## ਕਲਾਸੀਫਾਈਡ ਇਸ਼ਤਿਹਾਰ

### Public Notice

I, Paramjit Rani W/o Subash Chander R/o Vill. Hardo Bathwala, Tehsil/Distt. Gurdaspur, Punjab, India is known my name Paramjit Rani and Paramjeet is one and the same Person.

### ਆਮ ਸੂਚਨਾ

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ R-1406 ਤਿੰਨ BHP ਜੋ ਲਖਵਿੰਦਰ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਪਿੰਡ ਮੀਰਕਚਾਨਾ (ਗੁਰਦਾਸਪੁਰ) ਦੇ ਨਾਮ ਚੱਲ ਰਿਹਾ ਹੈ। ਇਹ ਕੁਨੈਕਸ਼ਨ ਭਜਨ ਕੌਰ ਪਤਨੀ ਰਣਧੀਰ ਸਿੰਘ ਵਾਸੀ ਮੋਮਨਪੁਰ (ਗੁਰਦਾਸਪੁਰ) ਦੇ ਨਾਮ ਤਬਦੀਲ ਕੀਤਾ ਜਾਣਾ ਹੈ। ਕਿਸੇ ਨੂੰ ਇਤਰਾਜ਼ ਹੋਵੇ ਤਾਂ ਆਪ ਖੁਦ ਜਾਂ ਵਕਾਲਤਨ 15 ਦਿਨਾਂ ਦੇ ਅੰਦਰ -ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ, ਕਲਾਨੌਰ (ਗੁਰਦਾਸਪੁਰ) ਨੂੰ ਇਤਰਾਜ਼ ਪੇਸ਼ ਕਰੇ।

ਮੈਂ, ਰਜਨੀ ਦੇਵੀ ਪਤਨੀ ਸੁਖਦੇਵ ਸਿੰਘ ਵਾਸੀ ਪਿੰਡ ਮੁੰਨਣ ਖੁਰਦ, ਡਾਕਖਾਨਾ ਸੈਦੋਵਾਲ ਕਲਾਂ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੈਨੂੰ ਹੁਣ ਰਜਨੀ ਦੇਵੀ ਅਤੇ ਸੁਸ਼ਮਾ ਦੇਵੀ ਦੋਵਾਂ ਨਾਵਾਂ ਨਾਲ ਜਾਣਿਆ ਜਾਵੇ। ਦੋਵੇਂ ਨਾਂਅ ਮੇਰੇ ਹੀ ਹਨ।

### ਬੇਦਖਲੀ ਨੋਟਿਸ

ਮੈਂ, ਗੁਰਦੀਪ ਸਿੰਘ ਪੁੱਤਰ ਸ: ਪਿਆਰਾ ਸਿੰਘ ਵਾਸੀ ਪਿੰਡ ਲੁਹਾਰ ਸੁੱਖਾ ਸਿੰਘ, ਤਹਿ: ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਬਲਜਿੰਦਰ ਸਿੰਘ ਅਤੇ ਨੂੰਹ ਲਖਵਿੰਦਰ ਕੌਰ ਦੋਨੋਂ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਹੁਣ ਮੇਰਾ ਅਤੇ ਮੇਰੇ ਪਰਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਰਿਸ਼ਤਾ-ਨਾਤਾ ਨਹੀਂ ਹੈ।

ਮੈਂ, ਕਪਿਲ ਦੇਵ ਸੁਮਨ ਪੁੱਤਰ ਕਰਤਾਰਾ ਰਾਮ ਵਾਸੀ ਪਿੰਡ ਚੱਕ ਗੁੱਜਰਾਂ, ਡਾਕ: ਪਿੱਪਲਾਂਵਾਲਾ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਨੀਲ ਕੁਮਾਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (ਹਿਤੇਸ਼)

ਮੈਂ, ਗੁਰਬਚਨ ਸਿੰਘ ਪੁੱਤਰ ਸ਼ਾਮ ਸਿੰਘ ਵਾਸੀ ਮਕਾਨ ਨੰ: 125/1, ਵਾਰਡ ਨੰ: 3, ਬਚਿੰਤ ਨਗਰ, ਪਠਾਨਕੋਟ ਰੋਡ, ਰੇਰੂ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਖਵਿੰਦਰ ਸਿੰਘ ਉਰਫ ਸੋਨੂੰ ਅਤੇ ਉਸਦੀ ਪਤਨੀ ਪਿੰਕੀ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਅਸੀਂ, ਹਰਦੀਪ ਸਿੰਘ ਪੁੱਤਰ ਹਰਭਜਨ ਸਿੰਘ ਵਾ ਸਰਬਜੀਤ ਕੌਰ ਪਤਨੀ ਹਰਦੀਪ ਸਿੰਘ ਵਾਸੀ ਪਿੰਡ ਗੋਹਤ ਖੁਰਦ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਸਾਡਾ ਪੁੱਤਰ ਜਸਕਰਨ ਸਿੰਘ ਜੋ ਸਾਡੇ ਕਹਿਣੇ ਤੋਂ ਬਾਹਰ ਹੋਣ ਕਰਕੇ ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਮਨਜੀਤ ਕੌਰ ਪਤਨੀ ਦਲਜੀਤ ਸਿੰਘ ਵਾਸੀ ਪਿੰਡ ਦੂਲਾ ਨੰਗਲ, ਬਲਾਕ ਧਾਰੀਵਾਲ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਜਤਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

### ਨਾਂਅ ਦੀ ਬਦਲੀ

ਮੈਂ ਕਰਨ ਪੁੱਤਰ ਅਮਰੀਕ ਸਿੰਘ, ਪੱਤੀ ਮੇਹਰ ਚੰਦ, ਵਾਸੀ ਪਿੰਡ ਦੁਸਾਂਝ ਕਲਾਂ, ਤਹਿ. ਫਿਲੌਰ, ਜਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੈਂ ਆਪਣਾ ਨਾਂਅ ਬਦਲ ਕੇ ਕਰਨ ਤੋਂ ਕਰਨ ਸਿੰਘ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

### ਗੁੰਮਸ਼ੁਦਾ

ਮੈਂ, ਸ਼ੁਭਮ ਕੁਮਾਰ ਪੁੱਤਰ ਰਾਜ ਕੁਮਾਰ ਵਾਸੀ ਮਕਾਨ ਨੰ: 8, ਗਲੀ ਨੰਬਰ 7, ਸ਼ਹੀਦ ਬਾਬੂ ਲਾਭ ਸਿੰਘ ਨਗਰ, ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰੇ ਮਕਾਨ ਦੀ ਪੁਰਾਣੀ ਰਜਿਸਟਰੀ ਸਵਿਤਾ ਰਾਣੀ ਪਤਨੀ ਬਲਰਾਜ ਕੁਮਾਰ ਦੇ ਨਾਂਅ 'ਤੇ ਖਸਰਾ ਨੰ: 1758/1, 1758/2, 1759 ਬੈਨਾਮਾ ਨੰ: 3976 ਮਿਤੀ 11.7.2007 ਜਲੰਧਰ ਜੋ ਕਿ ਜੋਤੀ ਚੌਕ ਤੋਂ ਕੰਪਨੀ ਬਾਗ ਵਿਚਕਾਰ ਕਿਤੇ ਗੁੰਮ ਹੋ ਗਈ ਹੈ। ਜੇਕਰ ਕਿਸੇ ਨੂੰ ਮਿਲੇ ਤਾਂ 83606-60756 'ਤੇ ਸੂਚਿਤ ਕਰੇ।

### Change of Name

I, Karanjeet W/o. Inderjit Singh VPO. Baba Bakala Sahib (Amritsar) declare that my Father's name mentioned as Vipin Kumar in my Passport No. H 5255432, Which is wrong. Real & Correct name of my Father is Vipan Kumar. Which is Correct according to all I.D's Proofs. Concerned Note. (Athoula)

I, Sukhraj Kaur W/o Harpal Singh R/o Vill. Dhupsari,H.No. 100,Teh.Batala,Distt Gurdaspur. Have Changed my name from Sukhraj Kaur to Gurinder Kaur. Concerned Note.

I, am Dharamjit S/o Budhu Ram R/o Hardo Sheikh, Tehsil Phillaur, Distt. Jalandhar, have changed my name from Dharamjit to Dharamjit Singh. Please note. (Bali)

I, Monika W/o Maninder Sharma R/o V.P.O. Bahtiwal, Tehsil Dasuya, Distt. Hoshiarpur, Punjab, declare that I have changed my name from Monika to Monika Sharma. All please note. (Dogra)

I, Nidhi W/o Jaskirat Singh R/o 234, Katehara, Mohalla Basti Bawa Khel, Jalandhar, have changed my name from Nidhi to Nidhi Saini. Please note. (8187)

I, Anju Bhatia W/o Ramesh Bhatia R/o B-37/81/A-2 , Paramjit Ganj, Kapurthala, Punjab declare that I have changed my name from Anju Bala to Anju Bhatia. All Concerned Note. (K.V.)

I, Kamaljeet Singh S/o Sewa Singh S/o Mohan Singh R/o Village Gosal, District Kapurthala declare that Kamaljeet Singh and Kawaljeet Singh both are my names. All Concerned Note. (K.V.)

I,Mohan Lal Arora S/O Ram Dhan R/O H.No.151/8,Bazar Katra Karam Singh,I/S Gate Bhagtan Wala, Amritsar,Punjab have changed my name from Mohan Lal Arora to Mohan Lal.Concerned note

I Pooja Pahuja W/O Rohit Tarika R/o W.T. 145 Basti Sheikh, Kot Mohalla, Jalandhar,Punjab, Have Change My Name From Pooja Pahuja To Pooja Tarika, after marriage.

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਰੈਗੂਲਰ ਕੀਤੇ ਅਧਿਆਪਕਾਂ ਦਾ ਸਰਪੰਚ ਹਰਜਿੰਦਰ ਸਿੰਘ ਵੱਲੋਂ ਸਨਮਾਨ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)- ਸੂਬੇ ਦੀ ਅਗਵਾਈ ਵਾਲੀ ਭਗਵੰਤ ਮਾਨ ਸਰਕਾਰ ਵੱਲੋਂ 12,710 ਟੀਚਰਾਂ ਨੂੰ ਰੈਗੂਲਰ ਕਰਕੇ ਆਪਣਾ ਚੋਣ ਵਾਅਦਾ ਨਿਭਾਇਆ ਗਿਆ। ਸਰਕਾਰੀ ਸਕੂਲ 'ਚ ਸੇਵਾ ਨਿਭਾ ਰਹੇ ਅਧਿਆਪਕਾਂ ਨੂੰ ਸਾਬਕਾ ਸਰਪੰਚ ਨੇ ਸਰਟੀਫਿਕੇਟ ਵੰਡ ਕੇ ਸਨਮਾਨਤ ਕੀਤਾ। ਸਰਕਾਰੀ ਐਲੀਮੈਂਟਰੀ ਸਕੂਲ ਪਿੰਡ ਪਰਿਗੜ੍ਹੀ ਦੇ ਅਧਿਆਪਕ ਬੀਤੇ ਲੰਮੇ ਸਮੇ ਤੋਂ ਸਕੂਲ 'ਚ ਆਪਣੀਆਂ ਨਿਰਵਿਘਨ ਸੇਵਾਵਾਂ ਨਿਭਾ ਰਹੇ ਕੰਵਰਰਾਜ ਸਿੰਘ, ਬਲਜੀਤ ਕੌਰ, ਸੰਦੀਪ ਬੱਗਾ ਨੂੰ ਸਾਬਕਾ ਸਰਪੰਚ ਹਰਜਿੰਦਰ ਸਿੰਘ ਨੇ ਪਿੰਡ ਦੇ ਮੋਹਤਬਰ ਵਿਅਕਤੀਆਂ ਸਮੇਤ ਅਧਿਆਪਕਾਂ ਨੂੰ ਰੈਗੂਲਰ ਹੋਣ ਦੇ ਸਰਟੀਫਿਕੇਟ ਵੰਡੇ ਤੇ ਮੂੰਹ ਮਿੱਠਾ ਕਰਵਾ ਕੇ ਸਨਮਾਨਤ ਕੀਤਾ। ਅਧਿਆਪਕਾਂ ਨੇ ਮੁੱਖ ਮੰਤਰੀ ਭਗਵੰਤ ਮਾਨ, ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦਾ ਧੰਨਵਾਦ ਕਰਦਿਆਂ ਆਖਿਆ ਕਿ ਉਹ ਆਪ ਸਰਕਾਰ ਦੇ ਸਦਾ ਰਿਣੀ ਰਹਿਣਗੇ। ਹੈੱਡ ਟੀਚਰ ਨਵਜੋਤ ਕੌਰ ਨੇ ਰੈਗੂਲਰ ਕੀਤੇ ਸਟਾਫ ਨੂੰ ਵਧਾਈ ਦਿੱਤੀ ਤੇ ਆਪ ਸਰਕਾਰ ਦਾ ਧੰਨਵਾਦ ਕਰਦਿਆਂ ਆਖਿਆ ਕਿ ਰੈਗੂਲਰ ਹੋਣ ਨਾਲ ਅਧਿਆਪਕਾਂ 'ਚ ਕੰਮ ਕਰਨ ਦਾ ਹੋਰ ਉਤਸ਼ਾਹ ਵਧੇਗਾ। ਜ਼ਿਕਰਯੋਗ ਹੈ ਕਿ ਜਿੰਨੀਆਂ ਰਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਆਈਆਂ ਅਧਿਆਪਕਾਂ ਨੂੰ ਪੱਕਿਆਂ ਕਰਨ ਦੇ ਨਾਂ 'ਤੇ ਵੋਟਾਂ ਬਟੋਰੀਆਂ, ਸਿਆਸਤ ਕੀਤੀ, ਪੱਲੇ ਕੱਖ ਨਹੀਂ ਪਿਆ। ਸਾਬਕਾ ਸਰਪੰਚ ਹਰਜਿੰਦਰ ਸਿੰਘ ਵੱਲੋਂ ਆਪਣੇ ਪਿੰਡ ਦੇ ਵਿਕਾਸ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ ਜਾ ਰਿਹਾ ਹੈ। ਉਸਦੇ ਸਾਰਥਕ ਨਤੀਜੇ ਵੀ ਸਾਹਮਣੇ ਆ ਰਹੇ ਹਨ ਕਿਉਂਕਿ ਬੀਤੇ ਦਿਨੀਂ ਕੈਬਨਿਟ ਮੰਤਰੀ ਭੁੱਲਰ ਵੱਲੋਂ ਪਰਿਗੜ੍ਹੀ ਵਿਖੇ 70 ਲੱਖ ਰੁਪਏ ਦੀ ਲਾਗਤ ਨਾਲ ਖੇਡ ਪਾਰਕ ਤਿਆਰ ਕਰਨ ਦਾ ਨੀਂਹ ਪੱਥਰ ਰੱਖਿਆ ਗਿਆ। ਸਰਪੰਚ ਨੇ ਆਪਣੇ ਕੋਲੋਂ ਸਕੂਲ 'ਚ ਜ਼ਰੂਰਤ ਲਈ 5100 ਰੁਪੈ ਦਿੱਤੇ। ਉਨ੍ਹਾਂ ਆਖਿਆ ਕਿ ਜੇਕਰ ਅਗਾਂਹ ਵੀ ਸਕੂਲ 'ਚ ਕਿਸੇ ਚੀਜ਼ ਦੀ ਜ਼ਰੂਰਤ ਲਈ ਪੈਸਿਆਂ ਦੀ ਲੋੜ ਪਵੇਗੀ ਤਾਂ ਉਹ ਸਦਾ ਦਾਨ ਕਰਨ ਲਈ ਤਿਆਰ ਹਨ। ਇਸ ਮੌਕੇ ਪ੍ਰਿੰ. ਪ੍ਰੇਮ ਕੁਮਾਰ, ਬਾਬਾ ਪ੍ਰਗਟ ਸਿੰਘ, ਸੁਖਦੇਵ ਸਿੰਘ, ਡਾ ਮੇਜਰ ਸਿੰਘ, ਨਿਸ਼ਾਨ ਸਿੰਘ, ਘੁੱਲਾ ਸਿੰਘ, ਕੇਪੀ ਸਿੰਘ, ਡੀ. ਪੀ. ਮੰਨਾ ਪਹਿਲਵਾਨ, ਬਲਵੀਰ ਸਿੰਘ, ਮੇਜਰ ਸਿੰਘ, ਰਣਜੀਤ ਸਿੰਘ ਡਾ. ਰਾਣਾ ਸਿੰਘ ਆਦਿ ਹਾਜ਼ਰ ਸਨ।

# ਵੱਖ-ਵੱਖ ਮੁਕੱਦਮਿਆਂ 'ਚ ਲੋੜੀਂਦੇ ਦੋ ਭਗੌੜੇ ਕਾਬੂ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਸਤਿੰਦਰ ਸਿੰਘ ਆਈਪੀਐੱਸ ਸੀਨੀਅਰ ਪੁਲਸ ਕਪਤਾਨ ਅੰਮ੍ਰਿਤਸਰ ਦਿਹਾਤੀ ਵੱਲੋਂ ਸਮੁੱਚੀ ਜ਼ਿਲਾ ਅੰਮ੍ਰਿਤਸਰ ਦਿਹਾਤੀ ਦੀ ਪੁਲਸ ਨੂੰ ਭਗੌੜੇ ਚੱਲ ਰਹੇ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਸਬੰਧੀ ਸਖਤ ਹਦਾਇਤਾਂ ਜਾਰੀ ਸਨ ਜਿਨ੍ਹਾਂ ਦੀ ਪਾਲਣਾ ਕਰਦੇ ਹੋਏ ਥਾਣਾ ਤਰਸਿੱਕਾ ਦੀ ਪੁਲਸ ਵੱਲੋਂ ਦੋ ਅਦਾਲਤੀ ਭਗੌੜਿਆਂ ਨੂੰ ਕਾਬੂ ਕੀਤਾ ਗਿਆ ਹੈ। ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਥਾਣਾ ਮੁਖੀ ਅਵਤਾਰ ਸਿੰਘ ਕਾਹਲੋਂ ਨੇ ਦੱਸਿਆ ਕਿ ਥਾਣਾ ਤਰਸਿੱਕਾ ਦੀ ਪੁਲਸ ਪਾਰਟੀ ਵੱਲੋਂ ਕਾਰਵਾਈ ਕਰਦਿਆਂ ਥਾਣਾ ਤਰਸਿੱਕਾ ਦੇ ਵੱਖ-ਵੱਖ ਮੁਕੱਦਮਿਆਂ ਵਿਚ ਲੋੜੀਂਦੇ ਭਗੌੜੇ ਜੈਮਲ ਸਿੰਘ ਪੁੱਤਰ ਸਰਦਾਰ ਸਿੰਘ ਵਾਸੀ ਪਿੰਡ ਖੁਜਾਲਾ (ਕੋਹਾਲਾ) ਜ਼ਿਲਾ ਅੰਮ੍ਰਿਤਸਰ ਅਤੇ ਅਵਤਾਰ ਸਿੰਘ ਪੁੱਤਰ ਗਿਆਨ ਸਿੰਘ ਵਾਸੀ ਪਿੰਡ ਜੋਧਾਨਗਰੀ ਜ਼ਿਲਾ ਅੰਮ੍ਰਿਤਸਰ ਜਿਨ੍ਹਾਂ ਨੂੰ ਮਾਣਯੋਗ ਅਦਾਲਤ ਬਾਬਾ ਬਕਾਲਾ ਸਾਹਿਬ ਵਲੋਂ ਸਬੰਧਤ ਮੁਕੱਦਮਿਆਂ ਦੀ ਤਰੀਖ ਪੇਸ਼ੀ ਤੋਂ ਗੈਰ-ਹਾਜ਼ਰ ਰਹਿਣ 'ਤੇ ਭਗੌੜੇ ਐਲਾਨ ਕੀਤਾ ਗਿਆ ਸੀ, ਨੂੰ ਕਾਬੂ ਕਰਕੇ ਗ੍ਰਿਫਤਾਰ ਕੀਤਾ ਗਿਆ ਹੈ।

ਇਸ ਮੌਕੇ ਥਾਣਾ ਤਰਸਿੱਕਾ ਵਿਖੇ ਥਾਣਾ ਮੁਖੀ ਅਵਤਾਰ ਸਿੰਘ, ਐੱਸ. ਆਈ. ਬਘੇਲ ਸਿੰਘ, ਏਐੱਸਆਈ ਨਛੱਤਰ ਸਿੰਘ ਅਤੇ ਹੌਲਦਾਰ ਜਸਪਾਲ ਸਿੰਘ ਵੀ ਮੌਜੂਦ ਸਨ।

# ਜ਼ਿਲ੍ਹਾ ਸਿਹਤ ਅ਼ਫ਼ਸਰ ਨੇ ਖਾਣ-ਪੀਣ ਵਾਲੀਆਂ ਵਸਤਾਂ ਦੇ ਲਏ ਸੈਂਪਲ



**ਹੁਸ਼ਿਆਰਪੁਰ, (ਓ ਪੀ ਰਾਣਾ )**- ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੇ ਨਿਰਦੇਸ਼ਾਂ 'ਤੇ ਜ਼ਿਲ੍ਹੇ ਵਿਚ ਲੋਕਾਂ ਨੂੰ ਮਿਲਾਵਟ ਮੁਕਤ ਖਾਣ-ਪੀਣ ਵਾਲੀਆਂ ਵਸਤਾਂ ਉਪਲਬੱਧ ਕਰਵਾਉਣ ਲਈ ਜ਼ਿਲ੍ਹਾ ਸਿਹਤ ਅ਼ਫ਼ਸਰ ਡਾ. ਲਖਵੀਰ ਸਿੰਘ ਨੇ ਹੁਸ਼ਿਆਰਪੁਰ ਵਿਖੇ ਚੈਕਿੰਗ ਦੌਰਾਨ ਖਾਣ-ਪੀਣ ਵਾਲੀਆਂ ਵਸਤਾਂ ਦੇ 14 ਸੈਂਪਲ ਲਏ।

ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿਚ ਮਿਲਾਵਟਖੋਰੀ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਮਿਲਾਵਟਖੋਰੀ ਖਿਲਾਫ਼ ਫੂਡ ਸੇਫਟੀ ਤੇ ਸਟੈਂਡਰਡ ਐਕਟ-2006 ਤਹਿਤ ਸਖ਼ਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ, ਤਾਂ ਜੋ ਪੰਜਾਬ ਸਰਕਾਰ ਦੇ ਰੰਗਲੇ ਤੇ ਸਿਹਤਮੰਦ ਪੰਜਾਬ ਦੇ ਸੁਪਨੇ ਨੂੰ ਪੂਰੀ ਤਰ੍ਹਾਂ ਨਾਲ ਸਾਕਾਰ ਕੀਤਾ ਜਾ ਸਕੇ। ਜ਼ਿਲ੍ਹਾ ਸਿਹਤ ਅ਼ਫ਼ਸਰ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਨੇ ਹੁਸ਼ਿਆਰਪੁਰ ਵਿਚ ਯਸ਼ਪਾਲ ਰਮੇਸ਼ ਕੁਮਾਰ ਤੋਂ ਹਲਦੀ ਦਾ ਇਕ ਸੈਂਪਲ, ਗਣਪਤੀ ਟ੍ਰੇਡਿੰਗ ਕੰਪਨੀ ਤੋਂ ਹਲਦੀ ਇਕ ਸੈਂਪਲ, ਸ਼ਰਮਾ ਕਰਿਆਨਾ ਸਟੋਰ ਤੋਂ ਇਕ ਜ਼ੀਰਾ ਅਤੇ 1 ਪਾਨ ਮਸਾਲੇ ਦਾ, ਮਿੱਤਲ ਟਰੇਡਿੰਗ ਤੋਂ ਚਾਰ ਪਾਨ ਮਸਾਲਿਆਂ ਦੇ ਸੈਂਪਲ ਲਏ। ਇਸ ਤੋਂ ਇਲਾਵਾ ਲਾਚੋਵਾਲ ਵਿਚ ਹੈਪੀ ਕਰਿਆਨਾ ਸ਼ਾਪ ਤੋਂ ਇਕ ਪਾਨ ਮਸਾਲਾ, ਬੁਲੋਵਾਲ ਵਿਚ ਕਮਲ ਕਰਿਆਨਾ ਸ਼ਾਪ ਤੋਂ ਹਲਦੀ ਦਾ, ਟਾਂਡਾ ਵਿਚ ਨਰੇਸ਼ ਕਰਿਆਨਾ ਸਟੋਰ ਤੋਂ ਦੋ ਪਾਨ ਮਸਾਲੇ ਦੇ ਅਤੇ ਡਿੰਪੀ ਦੀ ਹੱਟੀ ਤੋਂ ਦੋ ਪਾਨ ਮਸਾਲੇ ਦੇ ਸੈਂਪਲ ਲਏ ਉਨ੍ਹਾਂ ਦੱਸਿਆ ਕਿ ਇਹ ਸਾਰੇ ਸੈਂਪਲ ਫੂਡ ਟੈਸਟਿੰਗ ਲੈਬਾਰਟਰੀ ਖਰੜ ਵਿਖੇ ਜਾਂਚ ਲਈ ਭੇਜੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਖਾਣ-ਪੀਣ ਵਾਲੇ ਸਾਫ-ਸੁਥਰੇ ਅਤੇ ਸ਼ੁੱਧ ਪਦਾਰਥਾਂ ਦੀ ਉਪਲਬੱਧਤਾ ਨੂੰ ਯਕੀਨੀ ਬਣਾਉਣਾ ਸਮੇਂ ਦੀ ਮੁੱਖ ਮੰਗ ਹੈ। ਜ਼ਿਲ੍ਹਾ ਸਿਹਤ ਅ਼ਫ਼ਸਰ ਨੇ ਕਿਹਾ ਕਿ ਸਟੇਟ ਫੂਡ ਕਮਿਸ਼ਨਰ ਅਭਿਨਵ ਤ੍ਰਿਖਾ ਅਤੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਵਿਚ ਲਗਾਤਾਰ ਚੈਕਿੰਗ ਮੁਹਿੰਮ ਚਲਾਈ ਜਾਵੇਗੀ ਤਾਂ ਜੋ ਲੋਕਾਂ ਨੂੰ ਸ਼ੁੱਧ ਅਤੇ ਸਾਫ਼-ਸੁਥਰੇ ਖਾਧ ਪਦਾਰਥ ਮੁਹੱਈਆ ਕਰਵਾਏ ਜਾ ਸਕਣ। ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਪਾਏ ਜਾਣ 'ਤੇ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਵੀ ਜਾਗਰੂਕ ਹੋਣ ਦੀ ਲੋੜ ਹੈ। ਉਨ੍ਹਾਂ ਜ਼ਿਲ੍ਹੇ ਵਿਚ ਖਾਣ-ਪੀਣ ਵਾਲੇ ਪਦਾਰਥਾਂ ਦੀ ਵਿਕਰੀ ਕਰਨ ਅਤੇ ਇਨ੍ਹਾਂ ਪਦਾਰਥਾਂ ਨੂੰ ਤਿਆਰ ਕਰਨ ਵਾਲਿਆਂ ਨੂੰ ਅਪੀਲ ਕੀਤੀ ਕਿ ਉਹ ਜਨ ਹਿੱਤ ਵਿਚ ਸ਼ੁੱਧ ਅਤੇ ਕੁਆਲਿਟੀ ਪਦਾਰਥਾਂ ਦੀ ਵਿਕਰੀ ਯਕੀਨੀ ਬਣਾਉਣ ਅਤੇ ਕਿਸੇ ਵੀ ਤਰ੍ਹਾਂ ਦੇ ਬੇਹੇ ਜਾਂ ਮਿਲਾਵਟੀ ਪਦਾਰਥਾਂ ਦੀ ਵਿਕਰੀ ਨਾ ਕਰਨ। ਡਾ. ਲਖਵੀਰ ਸਿੰਘ ਨੇ ਕਿਹਾ ਕਿ ਹਰੇਕ ਛੋਟੇ ਤੇ ਵੱਡੇ ਫੂਡ ਬਿਜ਼ਨੈਸ ਆਪਰੇਟਰ (ਐਫ.ਬੀ. ਓਜ਼) ਲਈ ਰਜਿਸਟ੍ਰੇਸ਼ਨ ਜਾਂ ਲਾਇਸੰਸ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ 12 ਲੱਖ ਰੁਪਏ ਸਾਲਾਨਾ ਤੋਂ ਘੱਟ ਸੇਲ ਕਰਨ ਵਾਲੇ ਐਫ.ਬੀ. ਓਜ਼ ਲਈ 100 ਰੁਪਏ ਸਾਲਾਨਾ ਰਜਿਸਟ੍ਰੇਸ਼ਨ ਜ਼ਰੂਰੀ ਹੈ ਜਦਕਿ 12 ਲੱਖ ਰੁਪਏ ਸਾਲਾਨਾ ਤੋਂ ਵੱਧ ਸੇਲ ਕਰਨ ਵਾਲੇ ਐਫ.ਬੀ. ਓਜ਼ ਲਈ 2 ਹਜ਼ਾਰ ਰੁਪਏ ਸਾਲਾਨਾ ਲਾਇਸੰਸ ਫੀਸ ਜਮ੍ਹਾ ਕਰਵਾਉਣੀ ਲਾਜ਼ਮੀ ਹੈ। ਉਨ੍ਹਾਂ ਐਫ.ਬੀ. ਓਜ਼ ਨੂੰ ਅਪੀਲ ਕਰਦਿਆਂ ਕਿਹਾ ਕਿ ਜਿਨ੍ਹਾਂ ਦੀ ਰਜਿਸਟ੍ਰੇਸ਼ਨ ਜਾਂ ਲਾਇਸੰਸ ਫੀਸ ਰੀਨਿਊ ਕਰਵਾਉਣ ਵਾਲੀ ਹੈ, ਉਹ ਆਪਣੀ ਫੀਸ ਜਮ੍ਹਾ ਕਰਵਾਉਣ ਅਤੇ ਜਿਨ੍ਹਾਂ ਨੇ ਹਾਲੇ ਤੱਕ ਰਜਿਸਟ੍ਰੇਸ਼ਨ ਜਾਂ ਲਾਇਸੰਸ ਨਹੀਂ ਲਏ, ਉਹ ਜਲਦ ਇਸ ਪ੍ਰਕਿਰਿਆ ਨੂੰ ਪੂਰਾ ਕਰਨ।

## ਸਰਕਾਰ ਦੀਆਂ ਜਨ ਭਲਾਈਕਾਰੀ ਯੋਜਨਾਵਾਂ 'ਤੇ ਸਭ ਤੋਂ ਪਹਿਲਾਂ ਗਰੀਬ ਦਾ ਅਧਿਕਾਰ : ਮੁੱਖ ਮੰਤਰੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)** - ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਕਿਹਾ ਕਿ ਸਰਕਾਰ ਦੀ ਜਨ ਭਲਾਈਕਾਰੀ ਯੋਜਨਾਵਾਂ 'ਤੇ ਸੱਭ ਤੋਂ ਪਹਿਲਾਂ ਗਰੀਬ ਦਾ ਅਧਿਕਾਰ ਹੈ। ਕੇਂਦਰ ਤੇ ਹਰਿਆਣਾ ਸਰਕਾਰ ਆਪਣੇ ਸਾਢੇ 8 ਸਾਲ ਤੋਂ ਵੱਧ ਦੇ ਕਾਰਜਕਾਲ ਵਿਚ ਆਖੀਰੀ ਵਿਅਕਤੀ ਦੀ ਸੇਵਾ ਦੇ ਨਾਲ ਵਿਕਾਸ ਦੇ ਅਨੇਕ ਕੰਮ ਕੀਤੇ ਹਨ। ਮੁੱਖ ਮੰਤਰੀ ਮਹੇਂਦਰਗੜ੍ਹ ਜ਼ਿਲ੍ਹਾ ਵਿਚ ਅਟੇਲੀ ਵਿਧਾਨ ਸਭਾ ਖੇਤਰ ਦੇ ਕਨੀਨਾ ਕਸਬੇ ਦੀ ਅਨਾਜ ਮੰਡੀ ਵਿਚ ਪ੍ਰਬੰਧਿਤ ਜਨਸੰਵਾਦ ਪ੍ਰੋਗ੍ਰਾਮ ਵਿਚ ਮੌਜੂਦ ਜਨਸਮੂਹ ਨੂੰ ਸੰਬੋਧਿਤ ਕਰ ਰਹੇ ਸਨ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਕਨੀਨਾ ਅਨਾਜ ਮੰਡੀ ਪਰਿਸਰ ਤੋਂ 11 ਕਰੋੜ 16 ਲੱਖ 88 ਹਜਾਰ ਰੁਪਏ ਦੀ ਲਾਗਤ ਨਾਲ ਤਿਆਰ ਛੇ ਸੜਕਾਂ ਦਾ ਉਦਘਾਟਨ ਕੀਤਾ। ਮਨੋਹਰ ਲਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਭਾਜਪਾ ਸਰਕਾਰ ਗਰੀਬਾਂ ਦੇ ਲਈ ਕੰਮ ਕਰ ਰਹੀ ਹੈ। ਸੱਭ ਕਾ ਸਾਥ-ਸੱਭ ਕਾ ਵਿਕਾਸ ਦੇ ਨਾਲ ਸਾਡੀ ਸਰਕਾਰ ਕੰਮ ਕਰ ਰਹੀ ਹੈ। ਮਨੋਹਰ ਲਾਲ ਦਾ ਕਨੀਨਾ ਪਹੁੰਚਣ 'ਤੇ ਵੱਖ-ਵੱਖ ਸੰਗਠਨਾਂ ਨੇ ਪੱਗ ਬੰਨ੍ਹ ਕੇ ਤੇ ਗੁਲਦਸਤਾ ਦੇ ਕੇ ਉਨ੍ਹਾਂ ਦਾ ਸਵਾਗਤ ਕੀਤਾ। ਮੁੱਖ ਮੰਤਰੀ ਨੇ ਕਸਬੇ ਦੇ ਸਾਰੇ 11 ਆਂਗਨਵਾੜੀ ਵਿਚ ਰਜਿਸਟਰਡ ਜਣੇਪਾ ਮਹਿਲਾਵਾਂ ਤੇ ਬੱਚਿਆਂ ਦੀ ਗਿਣਤੀ ਤੇ ਇਸ ਕੇਂਦਰਾਂ ਦਾ ਮੌਜੂਦਾ ਲਾਭ ਚੁੱਕਣ ਵਾਲੇ ਯੋਗ ਉਮੀਦਵਾਰਾਂ ਦੀ ਜਾਂਚ ਕਰਨ ਲਈ ਡਿਪਟੀ ਕਮਿਸ਼ਨਰ ਨੂੰ ਨਿਰਦੇਸ਼ ਦਿੱਤੇ । ਇਸ ਮੌਕੇ 'ਤੇ ਅਟੇਲੀ ਦੇ ਵਿਧਾਇਕ ਸੀਤਾ ਰਾਮ ਯਾਦਵ, ਮੁੱਖ ਮੰਤਰੀ ਦੇ ਓਐਸਡੀ ਜਵਾਹਰ ਯਾਦਵ, ਏਡੀਜੀਪੀ ਸੀਆਈਡੀ ਆਲੋਕ ਮਿੱਤਲ, ਡਿਪਟੀ ਕਮਿਸ਼ਨਰ ਮੋਨਿਕਾ ਗੁਪਤਾ ਸਮੇਤ ਹੋਰ ਮੌਜੂਦ ਸਨ।

## ਸੀ ਐੱਚ ਸੀ ਬੜਾ ਪਿੰਡ ਨੇ ਵਿਸ਼ਵ ਹੈਪੇਟਾਈਟਸ ਦਿਵਸ ਮਨਾਇਆ



**ਫਿਲੌਰ (ਨਿਰਮਲ)**- ਸਿਵਲ ਸਰਜਨ ਜਲੰਧਰ ਡਾ.ਰਮਨ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਲੋਕਾਂ ਵਿੱਚ ਜਿਗਰ ਦੀ ਹੈਪਾਟਾਈਟਸ ਬਿਮਾਰੀ ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਕੰਮਿਊਨਿਟੀ ਹੈਲਥ ਸੈਂਟਰ ਬੜਾ ਪਿੰਡ ਵਿਖੇ ਸੀਨੀਅਰ ਮੈਡੀਕਲ ਅਫਸਰ ਡਾ.ਅਮਿਤਾ ਲੂਨਾ ਦੀ ਅਗਵਾਈ ਹੇਠ ਵਿਸ਼ਵ ਹੈਪਾਟਾਈਟਸ ਦਿਵਸ ਮਨਾਇਆ ਗਿਆ। ਇਸ ਸਾਲ ਵਿਸ਼ਵ ਹੈਪਾਟਾਈਟਸ ਦਿਵਸ ਦਾ ਥੀਮ 'ਸਾਨੂੰ ਜੀਵਨ ਵਿੱਚ ਇੱਕ ਹੀ ਜਿਗਰ ਮਿਲਦਾ ਹੈ' 'ਤੇ ਅਧਾਰਿਤ ਹੈ ਜੋ ਕੀ ਜਿਗਰ ਦੀ ਸਹੀ ਦੇਖਭਾਲ ਅਤੇ ਸੁਰੱਖਿਆ ਲਈ ਪ੍ਰੇਰਿਤ ਕਰਦਾ ਹੈ। ਪੰਜਾਬ ਵਿੱਚ ਇਕ ਸਰਵੇ ਅਨੁਸਾਰ 3 ਫੀਸਦੀ ਦੇ ਕਰੀਬ ਅਬਾਦੀ ਇਸ ਬਿਮਾਰੀ ਤੋਂ ਸਕਰਮਿਤ ਮੰਨੀ ਜਾਂਦੀ ਹੈ। ਵਿਵ ਸਿਹਤ ਸੰਸਥਾ ਦੇ ਆਂਕੜੇ ਅਨੁਸਾਰ ਭਾਰਤ ਵਿੱਚ ਹਰ ਸਾਲ ਇਕ ਲੱਖ 76 ਹਜਾਰ ਦੇ ਕਰੀਬ ਲੋਕ ਹੈਪਾਟਾਇਟਸ ਬੀ ਜਾ ਸੀ ਨਾਲ ਆਪਣੀ ਜਾਨ ਗਵਾ ਬੈਠਦੇ ਹਨ। ਇਸ ਮੌਕੇ 'ਤੇ ਮੈਡੀਕਲ ਅਫਸਰ ਡਾ.ਮਮਤਾ ਗੌਤਮ ਨੇ ਦੱਸਿਆ ਕਿ ਹੈਪਾਟਾਈਟਸ ਜਿਗਰ ਦੀ ਬਿਮਾਰੀ ਹੈ ਅਤੇ ਵਾਰਿਲ ਹੈਪੇਟਾਈਟਸ ਏ, ਬੀ, ਸੀ, ਡੀ, ਈ, ਪੰਜ ਪ੍ਰਕਾਰ ਦਾ ਹੁੰਦਾ ਹੈ।

ਇਨ੍ਹਾਂ ਵਿੱਚੋਂ ਹੈਪਾਟਾਈਟਸ ਬੀ ਤੇ ਸੀ ਵਧੇਰੇ ਖਤਰਨਾਕ ਹੈ। ਇਹ ਦੂਸ਼ਿਤ ਸੂਈਆਂ ਦੀ ਵਰਤੋਂ ਨਾਲ ਸਰੀਰ 'ਤੇ ਟੈਟੂ ਬਨਵਾਉਣ, ਬਿਨਾਂ ਟੈਸਟ ਕਰਵਾਏ ਮਰੀਜ ਨੂੰ ਖੂਨ ਚੜ੍ਹਾਉਣ, ਸੂਈਆਂ ਦੀ ਸਾਂਝੀ ਵਰਤੋਂ ਅਤੇ ਅਸੁਰੱਖਿਅਤ ਸੰਭੋਗ ਆਦਿ ਨਾਲ ਹੈਪਾਟਾਈਟਸ ਬੀ ਤੇ ਸੀ ਹੋ ਸਕਦਾ ਹੈ। ਹੈਪਾਟਾਈਟਸ ਏ ਤੇ ਈ ਦੂਸ਼ਿਤ ਭੋਜਨ ਜਾ ਪਾਣੀ ਤੋਂ ਹੁੰਦੇ ਹਨ ਇਨ੍ਹਾਂ ਤੋਂ ਆਸਾਨੀ ਨਾਲ ਬੱਚਿਆ ਜਾ ਸਕਦਾ ਹੈ।

ਸਮੇਂ ਸਿਰ ਜਾਂਚ ਅਤੇ ਸਮੇਂ ਸਿਰ ਇਲਾਜ ਨਾ ਕਰਵਾਏ ਜਾਣ ਦੀ ਸੂਰਤ ਵਿੱਚ ਜਿਗਰ ਦੀ ਸੋਜਿਸ਼ ਤੋਂ ਇਲਾਵਾ ਜਿਗਰ ਦੇ ਕੈਂਸਰ ਦਾ ਵੀ ਖਤਰਾ ਹੋ ਸਕਦਾ ਹੈ। ਹੈਪਾਟਾਈਟਸ-ਸੀ ਜੋ ਕਾਲਾ ਪੀਲੀਆ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ ਇਕ ਇਲਾਜ ਯੋਗ ਬਿਮਾਰੀ ਹੈ। ਇਹ ਬਿਮਾਰੀ 12 ਤੋਂ 24 ਹਫ਼ਤਿਆਂ ਵਿੱਚ ਠੀਕ ਹੋ ਸਕਦੀ ਹੈ ਜੇਕਰ ਸਹੀ ਸਮੇਂ ਇਲਾਜ ਸ਼ੁਰੂ ਕੀਤਾ ਜਾਵੇ। ਬਲਾਕ ਐਕਸਟੈਨਸ਼ਨ ਐਜੂਕੇਟਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 22 ਜ਼ਿਲ੍ਹਾ ਹਸਪਤਾਲਾਂ ਅਤੇ ਤਿੰਨ ਮੈਡੀਕਲ ਕਾਲਜਾਂ ਵਿੱਚ ਹੈਪਾਟਾਈਟਸ ਸੀ ਦੇ ਮਰੀਜਾਂ ਲਈ ਮੁਫ਼ਤ ਟੈਸਟ ਅਤੇ ਇਲਾਜ ਦੀ ਸਹੂਲਤ ਹੈ। ਇਸ ਮੌਕੇ 'ਤੇ ਆਯੁਰਵੇਦਿਕ ਮੈਡੀਕਲ ਅਫਸਰ ਡਾ.ਬਲਜਿੰਦਰ ਸਿੰਘ, ਆਯੁਰਵੇਦਿਕ ਮੈਡੀਕਲ ਅਫਸਰ ਡਾ.ਸੋਨੀਆ, ਹੈਲਥ ਸੁਪਰਵਾਈਜਰ ਸਤਨਾਮ, ਹੈਲਥ ਸੁਪਰਵਾਈਜ਼ਰ ਕੁਲਦੀਪ ਵਰਮਾ, ਏਨਮ ਸੁਨੀਤਾ, ਫਾਰਮਾਸਿਸਟ ਸਰਬਜੀਤ ਤੇ ਸਮੂਹ ਸਟਾਫ ਮੌਜੂਦ ਸੀ।

## ਜਨਮ ਦਿਨ ਮੌਕੇ ਚੌਧਰੀ ਜਗਜੀਤ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ



**ਕਰਤਾਰਪੁਰ (ਹਰਮੇਸ਼ ਦੱਤ )** ਮਾਸਟਰ ਗੁਰਬੰਤਾ ਸਿੰਘ ਮੈਮੋਰੀਅਲ ਜਨਤਾ ਕਾਲਜ ਕਰਤਾਰਪੁਰ ਵਿਖੇ ਚੌਧਰੀ ਜਗਜੀਤ ਸਿੰਘ (ਸਾਬਕਾ ਐਮ.ਐਲ ਤੇ ਕੈਬਿਨਟ ਮੰਤਰੀ ਪੰਜਾਬ ਤੇ ਕਾਲਜ ਮੈਨੇਜਿੰਗ ਕਮੇਟੀ ਦੇ ਸਾਬਕਾ ਪ੍ਰਧਾਨ) ਦਾ ਜਨਮ ਦਿਨ ਬੜੀ ਸ਼ਰਧਾ ਨਾਲ ਮਨਾਇਆ ਗਿਆ। ਕਾਲਜ ਕੈਂਪਸ ਵਿਖੇ ਸਮਾਗਮ ਦੌਰਾਨ ਚੌਧਰੀ ਜਗਜੀਤ ਸਿੰਘ ਨੂੰ ਸ਼ਰਧਾ ਦੇ ਫੁੱਲ ਅਰਪਿਤ ਕੀਤੇ ਗਏ। ਇਸ ਮੌਕੇ ਕਾਲਜ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਤੇ ਸਾਬਕਾ ਐਮ.ਐਲ. ਏ (ਹਲਕਾ ਕਰਤਾਰਪੁਰ )ਚੌਧਰੀ ਸੁਰਿੰਦਰ ਸਿੰਘ ਨੇ ਚੌਧਰੀ ਜਗਜੀਤ ਸਿੰਘ ਦੀ ਸ਼ਖਸੀਅਤ ਦੇ ਕਈ ਪੱਖਾਂ ਨੂੰ ਉਜਾਗਰ ਕੀਤਾ। ਉਨ੍ਹਾਂ ਦੱਸਿਆ ਕਿ ਚੌਧਰੀ ਸਾਹਿਬ ਹਮੇਸ਼ਾ ਸਧਾਰਨ ਮਨੁੱਖ ਨਾਲ ਖੜ੍ਹਦੇ ਸਨ ਤੇ ਉਨ੍ਹਾਂ ਦੇ ਹੱਕਾਂ ਦੀ ਰਾਖੀ ਲਈ ਹਮੇਸ਼ਾ ਆਵਾਜ ਬੁਲੰਦ ਕਰਦੇ ਸਨ। ਉਨ੍ਹਾਂ ਦੀ ਸ਼ਖਸੀਅਤ ਅਨੁਸ਼ਾਸਨ ਪਸੰਦ ਵਿਅਕਤੀ ਵਜੋਂ ਉਭਰੀ। ਉਹ ਹਮੇਸ਼ਾ ਸਧਾਰਨ ਲੋਕਾਂ ਵਾਂਗ ਤੇ ਸਧਾਰਨ ਲੋਕਾਂ ਵਿੱਚ ਰਹਿਣਾ ਪਸੰਦ ਕਰਦੇ ਸਨ। ਅਜਿਹੇ ਵਿਅਕਤੀਤਵ ਕਰਕੇ ਹੀ ਲੋਕਾਂ ਨੇ ਉਨ੍ਹਾਂ ਨੂੰ ਪੰਜ ਵਾਰ ਐਮ.ਐਲ. ਏ ਚੁਣਿਆ। ਇਸ ਮੌਕੇ ਪ੍ਰਿੰਸੀਪਲ ਡਾ. ਪ੍ਰੈਟੀ ਸੋਢੀ ਨੇ ਚੌਧਰੀ ਜਗਜੀਤ ਸਿੰਘ ਜੀ ਨੂੰ ਯਾਦ ਕਰਦਿਆਂ ਕਿਹਾ ਕਿ ਚੌਧਰੀ ਸਾਹਿਬ ਬਹੁਪੱਖੀ ਸ਼ਖਸੀਅਤ ਦੇ ਮਾਲਿਕ ਸਨ । ਹਰਮਨ ਪਿਆਰੇ ਨੇਤਾ ਦੇ ਨਾਲ ਨਾਲ ਸੱਚੇ ਕੁਦਰਤ ਪ੍ਰੇਮੀ ਵੀ ਸਨ । ਕਾਲਜ ਕੈਂਪਸ ਵਿਖੇ ਫੁੱਲਾਂ ਤੇ ਦਰਖਤਾਂ ਨੂੰ ਬੱਚਿਆਂ ਦੀ ਪਿਆਰ ਕਰਦੇ ਸਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਨਵੇਂ ਸ਼ੈਸਨ ਦੇ ਆਗਾਜ ਹੋਣ ਤੇ ਸ਼ੁੱਭਕਾਮਨਾਵਾਂ ਵੀ ਦਿੱਤੀਆਂ ਤੇ ਵਿਦਿਆਰਥੀਆਂ ਨੂੰ ਸਖਤ ਮਿਹਨਤ ਕਰਕੇ ਕਾਲਜ ਤੇ ਮਾਪਿਆਂ ਦਾ ਨਾਂਅ ਰੌਸ਼ਨ ਕਰਨ ਦਾ ਸੰਦੇਸ ਵੀ ਦਿੱਤਾ। ਕਾਲਜ ਦੇ ਸਕੱਤਰ ਹਰੀਪਾਲ ਨੇ ਚੌਧਰੀ ਜਗਜੀਤ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਤੇ ਉਨ੍ਹਾਂ ਦੇ ਜੀਵਨ 'ਤੇ ਚਾਨਣਾ ਪਾਇਆ। ਇਸ ਸਮਾਗਮ ਵਿੱਚ ਕਾਲਜ ਦੀ ਮੈਨੇਜਿੰਗ ਕਮੇਟੀ ਦੇ ਖਜਾਨਚੀ ਸ਼ਾਮ ਸੁੰਦਰ ,ਮੈਂਬਰ ਹਰੀ ਕ੍ਰਿਸ਼ਨ, ਸਮੂਹ ਕਾਲਜ ਸਟਾਫ , ਵਿਦਿਆਰਥੀਆਂ ਤੇ ਇਲਾਕਾ ਨਿਵਾਸੀ ਵੀ ਹਾਜਰ ਸਨ। ਸਮਾਗਮ ਦੇ ਅੰਤ ਵਿਚ ਲੱਡੂ ਵੰਡ ਕੇ ਖੁਸ਼ੀ ਨੂੰ ਸਾਂਝਾ ਕੀਤਾ ਗਿਆ।

## ਪੰਜਾਬ ਸਰਕਾਰ ਕੱਚੇ ਅਧਿਆਪਕਾਂ ਨੂੰ ਸਿਵਲ ਸਰਵਿਸਿਜ਼ ਨਿਯਮਾਂ ਅਧੀਨ ਰੈਗੂਲਰ ਕਰੇ : ਜੀ ਟੀ ਯੂ



**ਜਲੰਧਰ ( ਸ਼ੈਲੀ ਐਲਬਰਟ )** ਪੰਜਾਬ ਸਰਕਾਰ ਵਲੋਂ ਸਮੁੱਚੇ ਪੰਜਾਬ 'ਚ ਕੱਚੇ ਅਧਿਆਪਕਾਂ ਨੂੰ ਦਿੱਤੇ ਜਾ ਰਹੇ ਨਿਯੁਕਤੀ ਪੱਤਰ ਮਹਿਜ ਪ੍ਰਾਪੇਗੰਡਾ ਸਟੰਟ ਹੈ ਅਤੇ ਕੱਚੇ ਅਧਿਆਪਕਾਂ ਨਾਲ਼ ਕੀਤਾ ਜਾ ਰਿਹਾ ਕੋਝਾ ਮਜਾਕ ਹੈ। ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਦੇ ਆਗੂਆਂ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ, ਵਿੱਤ ਸਕੱਤਰ ਅਮਨਦੀਪ ਸ਼ਰਮਾ ਅਤੇ ਪ੍ਰੈਸ ਸਕੱਤਰ ਸੁਰਜੀਤ ਮੋਹਾਲੀ ਨੇ ਇਸ ਪ੍ਰਤੀ ਤਿੱਖੇ ਰੋਹ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਬਗੈਰ ਸਿਵਲ ਸਰਵਿਸ ਨਿਯਮ, ਬਗੈਰ ਪੈਨਸ਼ਨਰੀ ਲਾਭਾਂ ਤੋਂ ਕੇਵਲ ਤਨਖਾਹ ਵਾਧੇ ਨੂੰ ਰੈਗੂਲਰ ਕਹਿਣਾ ਸਰਕਾਰ ਦੇ ਝੂਠ ਦੀ ਫਰੇਬੀ ਨੀਤੀ ਤੋਂ ਵੱਧ ਕੁਝ ਵੀ ਨਹੀਂ। ਆਗੂਆਂ ਨੇ ਕਿਹਾ ਕਿ ਇਸ ਨੀਤੀ ਨਾਲ਼ ਕੱਚੇ ਅਧਿਆਪਕਾਂ ਦੀ ਮਹਿਕਮੇ ਦੇ ਬਾਕੀ ਅਧਿਆਪਕਾਂ ਨਾਲੋਂ ਰੁਤਬਾ ਘਟਾਈ ਕੀਤੀ ਜਾ ਰਹੀ ਹੈ। ਕਿਉਂਕਿ ਇਹਨਾਂ ਅਧਿਆਪਕਾਂ ਨੂੰ ਮਹਿਕਮੇ ਵਿੱਚ ਪੜ੍ਹਾਉਂਦਿਆਂ 18-20 ਸਾਲ ਹੋ ਗਏ ਹਨ ਤੇ ਜਦੋਂ ਅਧਿਆਪਕ ਦੀ ਰੁਤਬਾ ਘਟਾਈ ਹੋ ਰਹੀ ਹੈ ਤਾਂ ਪੰਜਾਬ ਵਿੱਚ ਸਿੱਖਿਆ ਦਾ ਪੱਧਰ ਉੱਚਾ ਨਹੀਂ ਕੀਤਾ ਜਾ ਸਕਦਾ। ਪੰਜਾਬ ਸਰਕਾਰ ਵੱਲੋਂ ਅਧਿਆਪਕਾਂ ਅਤੇ ਮੁਲਾਜਮਾਂ ਨੂੰ ਪੂਰੇ ਤਨਖਾਹ ਸਕੇਲਾਂ ਵਿੱਚ ਰੈਗੂਲਰ ਕਰਨ ਦੀ ਰਵਾਇਤ ਨੂੰ ਤੋੜਦਿਆਂ ਇਨ੍ਹਾਂ ਅਧਿਆਪਕਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਜਿਸ ਨਾਲ ਲੋਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਪ੍ਰਭਾਵਿਤ ਹੋਣਗੀਆਂ ਅਤੇ ਸਕੂਲਾਂ ਵਿੱਚ ਸ਼ਾਂਤੀ ਪੂਰਨ ਵਿਦਿਅਕ ਮਾਹੌਲ ਦੀ ਸਿਰਜਣਾ ਨਹੀਂ ਕੀਤੀ ਜਾ ਸਕੇਗੀ। ਆਗੂਆਂ ਨੇ ਅੱਗੇ ਕਿਹਾ ਕਿ ਪਿਛਲੀਆਂ ਸਰਕਾਰਾਂ ਤੋਂ ਇਹ ਅਧਿਆਪਕ ਇਸ ਕਦਰ ਅੱਕ ਚੁੱਕੇ ਸਨ ਕਿ ਇਹਨਾਂ ਨੇ ਮਜ਼ਬੂਰੀ 'ਚ ਤਨਖਾਹ ਵਾਧੇ ਨੂੰ ਸਵੀਕਾਰ ਕੀਤਾ ਹੈ। ਪਰ ਮੁੱਖ-ਮੰਤਰੀ ਨੂੰ ਪਿਛਲੇ ਸਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਤੇ ਆਪਣੇ ਐਲਾਨ 'ਤੇ ਖੜ੍ਹਨਾ ਚਾਹੀਦਾ ਹੈ, ਜਿਸ ਵਿੱਚ ਉਹਨਾਂ ਗੱਜ-ਵੱਜ ਕੇ ਇਹਨਾਂ ਅਧਿਆਪਕਾਂ ਨੂੰ ਰੈਗੂਲਰ ਕਰਨ ਦਾ ਐਲਾਨ ਕੀਤਾ ਸੀ। ਆਗੂਆਂ ਨੇ ਅੱਗੇ ਕਿਹਾ ਕਿ ਬਗੈਰ ਤਨਖਾਹ ਸਕੇਲ ਤੋਂ ਪੱਕੇ ਕਰਨ ਦਾ ਕੇਜਰੀਵਾਲ ਮਾਰਕਾ ਢੰਗ ਨਿੱਜੀਕਰਨ ਦੀ ਨਵੀਂ ਕਿਸਮ ਹੈ ਅਤੇ ਪੰਜਾਬ ਅਜਿਹਾ ਕਰਨ ਵਾਲ਼ਾ ਪਹਿਲਾ ਸੂਬਾ ਬਣਨ ਜਾ ਰਿਹਾ ਹੈ। ਮੌਜੂਦਾ ਪੰਜਾਬ ਸਰਕਾਰ ਦਾ ਪਿਛਲੀਆਂ ਸਰਕਾਰਾਂ ਨਾਲ਼ੋਂ ਵੱਖਰਾ ਹੋਣ ਦਾ ਨਮੂਨਾ ਬਿਲਕੁਲ ਉਲਟ ਦਿਸ਼ਾ ਵਾਲ ਹੈ। ਕਿਉਂਕਿ ਅੱਜ ਤੱਕ ਕਿਸੇ ਵੀ ਪੰਜਾਬ ਸਰਕਾਰ ਨੇ ਅਜਿਹਾ ਤਜ਼ਰਬਾ ਨਹੀਂ ਕੀਤਾ ਅਤੇ ਪੰਜਾਬ ਸਰਕਾਰ ਨੇ ਇਹ ਕੰਮ ਕਰਕੇ ਮੁਲਾਜ਼ਮ ਵਿਰੋਧੀ ਨਵੀਂ ਪਿਰਤ ਪਾਈ ਹੈ। ਆਗੂਆਂ ਨੇ ਵਲੰਟੀਅਰ ਅਧਿਆਪਕਾਂ ਨੂੰ ਵੀ ਅਪੀਲ ਕੀਤੀ ਕਿ ਸਰਕਾਰ ਦੇ ਕਿਸੇ ਵੀ ਗੁੰਮਰਾਹਕੁੰਨ ਪ੍ਰਚਾਰ ਤੋਂ ਪ੍ਰਭਾਵਿਤ ਨਾ ਹੋਣ ਅਤੇ ਤਨਖਾਹ ਵਾਧਾ ਲੈ ਕੇ ਪੂਰੇ ਲਾਭਾਂ ਸਮੇਤ ਰੈਗੂਲਰ ਹੋਣ ਤੱਕ ਸੰਘਰਸ਼ ਦਾ ਰਸਤਾ ਫੜ ਕੇ ਰੱਖਣ। ਇਸ ਸਮੇਂ ਸਹਾਇਕ ਪ੍ਰੈਸ ਸਕੱਤਰ ਕਰਨੈਲ ਫਿਲੌਰ ਸਮੇਤ ਤੀਰਥ ਸਿੰਘ ਬਾਸੀ, ਮਨੋਹਰ ਲਾਲ ਸ਼ਰਮਾ, ਗੁਰਦੀਪ ਬਾਜਵਾ, ਬਲਵਿੰਦਰ ਸਿੰਘ ਭੁੱਟੋ, ਕੁਲਦੀਪ ਸਿੰਘ ਪੂਰੋਵਾਲ, ਗੁਰਪ੍ਰੀਤ ਅੰਮੀਵਾਲ਼, ਜੱਜਪਾਲ ਬਾਜੇਕੇ, ਹਰਿੰਦਰ ਬਰਨਾਲਾ, ਗੁਰਦਾਸ ਮਾਨਸਾ, ਸੁਭਾਸ਼ ਪਠਾਨਕੋਟ, ਸੁਖਚੈਨ ਕਪੂਰਥਲਾ, ਬੋਧ ਰਾਜ, ਪ੍ਰਭਜੀਤ ਸਿੰਘ ਰਸੂਲਪੁਰ, ਦੇਵੀ ਦਿਆਲ, ਸਤਵੰਤ ਸਿੰਘ, ਪੁਸ਼ਪਿੰਦਰ ਹਰਪਾਲਪੁਰ, ਜਗਜੀਤ ਸਿੰਘ ਮਾਨ, ਸੁੱਚਾ ਸਿੰਘ, ਪਰਮਜੀਤ ਸਿੰਘ ਸ਼ੇਰੋਵਾਲ, ਦਿਲਦਾਰ ਸਿੰਘ ਭੰਡਾਲ਼, ਮਨਜੀਤ ਬਰਾੜ, ਸਰਬਜੀਤ ਬਰਾੜ, ਰਵਿੰਦਰ ਸਿੰਘ ਪੱਪੀ, ਨਰਿੰਦਰ ਸਿੰਘ, ਦਿਲਬਾਗ ਸਿੰਘ ਆਦਿ ਹਾਜ਼ਰ ਸਨ।

## ਮਨੀਪੁਰ 'ਚ ਔਰਤਾਂ ਨਾਲ ਵਾਪਰੀ ਘਟਨਾ ਲੋਕਤੰਤਰ ਲਈ ਕਲੰਕ : ਬਿੰਜੋ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਬੇਟੀ ਬਚਾਓ, ਬੇਟੀ ਪੜ੍ਹਾਓ ਦਾ ਹੋਕਾ ਦੇਣ ਵਾਲੀ ਮੋਦੀ ਸਰਕਾਰ ਦੇ ਸ਼ਾਸਨ ਦੌਰਾਨ ਮਨੀਪੁਰ 'ਚ ਔਰਤਾਂ ਨੂੰ ਨਿਰਵਸਤਰ ਕਰਕੇ ਸ਼ਰੇਆਮ ਘੁੰਮਾਉਣਾ ਭਾਰਤੀ ਲੋਕਤੰਤਰ ਦੇ ਮੱਥੇ 'ਤੇ ਵੱਡਾ ਕਲੰਕ ਲੱਗ ਗਿਆ ਹੈ ਅਤੇ ਇਸ ਸੰਬੰਧੀ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਕੋਈ ਵੀ ਬਿਆਨ ਨਾ ਦੇਣਾ ਆਪਣੇ ਆਪ ਵਿਚ ਹੈਰਾਨੀਜਨਕ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਗੜ੍ਹਸ਼ੰਕਰ ਤੋ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਣਜੀਤ ਸਿੰਘ ਬਿੰਜੋ ਨੇ ਗੱਲਬਾਤ ਕਰਦਿਆਂ ਕੀਤਾ।

ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਮਨੀਪੁਰ ਵਿਚ ਔਰਤਾਂ ਨਾਲ ਵਾਪਰੀ ਘਟਨਾ ਦੀ ਮੈਂ ਸਖ਼ਤ ਸ਼ਬਦਾਂ 'ਚ ਨਿਖੇਧੀ ਕਰਦਾ ਹਾਂ। ਉਨ੍ਹਾਂ ਕਿਹਾ ਕਿ ਕੁਝ ਰਾਜਨੀਤਕ ਲੋਕ ਆਪਣੇ ਹਿਤਾਂ ਲਈ ਲੋਕਾਂ 'ਚ ਜਾਤਾਂ ਪਾਤਾਂ ਤੇ ਧਰਮਾਂ ਤੇ ਕਬੀਲਿਆਂ ਵਿਚ ਨਫ਼ਰਤ ਫੈਲਾ ਕੇ ਜਨਤਾ ਵਿਚ ਵੰਡੀਆਂ ਪਾਉਣ ਦਾ ਕੰਮ ਕਰ ਰਹੇ ਹਨ ਅਤੇ ਪਿਛਲੇ ਮਹੀਨਿਆਂ ਤੋਂ ਮਨੀਪੁਰ ਵਿਖੇ ਲਗਾਤਾਰ ਹਿੰਸਾ ਅਤੇ ਸਾੜ ਫੂਕ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਪਰ ਕੇਂਦਰ ਸਰਕਾਰ ਸਭ ਕੁਝ ਹੁੰਦਾ ਦੇਖ ਅੱਖਾਂ ਬੰਦ ਕਰਕੇ ਬੈਠੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਉਨ੍ਹਾਂ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਸਖ਼ਤ ਸ਼ਜਾ ਦੇਵੇ ਤਾਂ ਜੋ ਲੋਕ ਅਮਨ ਅਮਾਨ ਨਾਲ ਜ਼ਿੰਦਗੀ ਬਤੀਤ ਕਰ ਸਕਣ।

## ਸ਼ਹੀਦ ਹਜ਼ਾਰਾ ਸਿੰਘ ਯਾਦਗਾਰੀ ਫੁੱਟਬਾਲ ਟੂਰਨਾਮੈਂਟ ਅਮਿੱਟ ਯਾਦਾਂ ਛੱਡਦਾ ਸੰਪੰਨ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਪਿੰਡ ਜਾਂਗਲੀਆਣਾ 'ਚ ਸ਼ਹੀਦ ਹਜਾਰਾ ਸਿੰਘ ਨੌਜਵਾਨ ਸਪੋਰਟਸ ਕਲੱਬ ਵੱਲੋਂ ਅਮਰਜੀਤ ਸਿੰਘ ਰਾਜਾ, ਚਰਨਜੀਤ ਸਿੰਘ ਬੰਬੇ ਵਾਲੇ, ਹਰਦੀਪ ਸਿੰਘ ਪਰਮਾਰ ਤੇ ਗੁਰਵਿੰਦਰ ਸਿੰਘ ਗੁਰੀ ਦੀ ਅਗਵਾਈ 'ਚ ਕਰਵਾਇਆ ਜਾ ਰਿਹਾ ਪਹਿਲਾ ਸ਼ਹੀਦ ਹਜਾਰਾ ਸਿੰਘ ਯਾਦਗਾਰੀ ਸੈਵਨ-ਏ-ਸਾਈਡ ਫੁੱਟਬਾਲ ਟੂਰਨਾਮੈਂਟ ਅਮਿੱਟ ਯਾਦਾਂ ਛੱਡਦਾ ਸੰਪੰਨ ਹੋ ਗਿਆ। ਫਾਈਨਲ ਮੁਕਾਬਲਿਆਂ ਵਿਚ ਅੰਡਰ-18 ਵਰਗ ਵਿਚ ਪਿੰਡ ਬਾੜੀਆਂ ਦੀ ਟੀਮ ਨੇ ਪਿੰਡ ਖੇੜਾ ਦੀ ਟੀਮ ਨੂੰ 3-0 ਦੇ ਫਰਕ ਨਾਲ ਅਤੇ ਅੰਡਰ- 14 ਵਰਗ ਵਿਚ ਪਿੰਡ ਪਾਂਸ਼ਟਾ ਦੀ ਟੀਮ ਨੇ ਪਿੰਡ ਰਹੱਲੀ ਦੀ ਟੀਮ ਨੂੰ 2-0 ਦੇ ਫਰਕ ਨਾਲ ਹਰਾ ਕੇ ਜੇਤੂ ਟਰਾਫੀ 'ਤੇ ਕਬਜ਼ਾ ਅਤੇ ਨਗਦ ਰਾਸ਼ੀ ਪ੍ਰਾਪਤ ਕੀਤੀ। ਇਸ ਮੌਕੇ ਗਿਆਨੀ ਸੁਖਦੇਵ ਸਿੰਘ ਨਡਾਲੋਂ ਦੀਆਂ ਵੱਡਮੁੱਲੀਆਂ ਧਾਰਮਿਕ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਸ਼ਹੀਦ ਹਜਾਰਾ ਸਿੰਘ ਯਾਦਗਾਰੀ ਐਵਾਰਡ 2023 ਨਾਲ ਅਤੇ ਸ਼ਹੀਦ ਦੇ ਪਰਵਾਰ ਨੂੰ ਪ੍ਰਬੰਧਕਾਂ ਵਲੋਂ ਸਨਮਾਨਿਤ ਕੀਤਾ ਗਿਆ। ਮੁੱਖ ਮਹਿਮਾਨ ਜਥੇਦਾਰ ਬਾਬਾ ਗੁਰਮੀਤ ਸਿੰਘ ਨਡਾਲੋਂ ਅਤੇ ਜਥੇਦਾਰ ਇਕਬਾਲ ਸਿੰਘ ਖੇੜਾ ਨੇ ਸਾਂਝੇ ਤੌਰ 'ਤੇ ਜੇਤੂ ਤੇ ਉਪ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕੀਤੀ । ਜਥੇਦਾਰ ਲਖਵੀਰ ਸਿੰਘ ਰਾਣਾ ਡਾਨਸੀਵਾਲ, ਪਰਮਜੀਤ ਸਿੰਘ ਮੇਘੋਵਾਲ ,ਬਾਬਾ ਜਰਨੈਲ ਸਿੰਘ ਨਡਾਲੋਂ , ਗੁਰਸੇਵਕ ਸਿੰਘ ਭਾਮ,ਗੁਰਦੀਪ ਸਿੰਘ ਥਾਪਾ ,ਭਾਈ ਕੇਹਰ ਸਿੰਘ, ਮਾ. ਨਿਰਮਲ ਸਿੰਘ, , ਟੈਂਕੂ ਪੰਡਿਤ, ਪਰਮਵੀਰ ਸਿੰਘ ਫੌਜੀ, ਗੁਰਦੀਪ ਸਿੰਘ ਕਾਕਾ, ਸਰਬਜੀਤ ਸਿੰਘ ਪਰਹਾਰ, ਅਮਰਜੀਤ ਸਿੰਘ ਸੈਣੀ,ਅਵਤਾਰ ਚੰਦ, ਹੈਪੀ ਸਿੰਘ, ਸਾਰੰਗ ਨਡਾਲੋਂ, ਕੀਰਤ ਸਿੰਘ ,ਪ੍ਰਿੰਸ ਸਿੰਘ , ਕਰਮਜੀਤ ਸਿੰਘ ਸਨੂੰ, ਨਰਿੰਦਰ ਸਿੰਘ ਰਿੰਕੂ, ਅੰਮ੍ਰਿਤ ਸਿੰਘ ਬੱਬੂ,ਮਲਕੀਅਤ ਸਿੰਘ , ਸਰਨਜੀਤ ਸਿੰਘ, ਪ੍ਰਭਜੋਤ ਸਿੰਘ, ਗੋਪੀ, ਅਮਰਜੀਤ ਸਿੰਘ ਫੌਜੀ, ਨਰਿੰਦਰ ਸੈਣੀ, ਮਨਦੀਪ ਸਿੰਘ ਖਾਲਸਾ ,ਕੁਲਦੀਪ ਸਿੰਘ ,ਡਾ.ਅੱਛਰਜੀਤ ਸਿੰਘ ,ਕੁਲਵੰਤ ਸਿੰਘ ਗੁਰੂ ਕੀ ਰਸੋਈ ਖੈਰੜ ,ਬਲਵਿੰਦਰ ਸਿੰਘ,ਰੋਹਿਤ ਆਦਿ ਹਾਜਰ ਸਨ।

## ਹੈਪੇਟਾਈਟਸ ਦੀ ਸਮੇਂ ਸਿਰ ਜਾਂਚ ਬੇਹੱਦ ਜ਼ਰੂਰੀ : ਸਿਵਲ ਸਰਜਨ



**ਮੋਹਾਲੀ, (ਗੁਰਜੀਤ ਬਿੱਲਾ)**- ਹੈਪੇਟਾਈਟਸ ਬਿਮਾਰੀ ਦਾ ਜੇ ਸਮੇਂ ਸਿਰ ਪਤਾ ਲੱਗ ਜਾਵੇ ਤਾਂ ਉਸ ਦੇ ਗੰਭੀਰ ਰੂਪ ਧਾਰਨ ਕਰਨ ਤੋਂ ਪਹਿਲਾਂ ਉਸ ਦਾ ਇਲਾਜ ਸੰਭਵ ਹੈ। ਇਹ ਗੱਲ ਸਿਵਲ ਸਰਜਨ ਡਾ. ਮਹੇਸ਼ ਕੁਮਾਰ ਆਹੂਜਾ ਨੇ ਅੱਜ ਵਿਸ਼ਵ ਹੈਪੇਟਾਈਟਸ ਦਿਵਸ ਮੌਕੇ ਜ਼ਿਲ੍ਹਾ ਹਸਪਤਾਲ ਵਿਚ ਕਰਵਾਏ ਗਏ ਜ਼ਿਲ੍ਹਾ ਪੱਧਰੀ ਜਾਗਰੂਕਤਾ ਸਮਾਗਮ ਨੂੰ ਸੰਬੋਧਨ ਕਰਦਿਆਂ ਕਹੀ। ਉਨ੍ਹਾਂ ਕਿਹਾ ਕਿ ਇਸ ਵਾਰ ਵਿਸ਼ਵ ਹੈਪੇਟਾਈਟਸ ਦਿਵਸ " ਇਕ ਜੀਵਨ ਇਕ ਜਿਗਰ " ਥੀਮ ਤਹਿਤ ਮਨਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹੈਪੇਟਾਈਟਸ ਜਿਗਰ ਦੀ ਬਿਮਾਰੀ ਹੈ ਜੋ ਵਾਇਰਸ ਰਾਹੀਂ ਫੈਲਦੀ ਹੈ। ਇਹ ਬਿਮਾਰੀ ਇਕ ਵਿਅਕਤੀ ਤੋਂ ਦੂਜੇ ਵਿਅਕਤੀ ਨੂੰ ਦੂਸ਼ਿਤ ਖੂਨ ਚੜ੍ਹਾਉਣ ਨਾਲ ਹੋ ਜਾਂਦੀ ਹੈ। ਇਸ ਲਈ ਹੈਪੇਟਾਈਟਸ ਸੀ ਅਤੇ ਬੀ ਦਾ ਟੈਸਟ ਕਰਵਾਉਣਾ ਜ਼ਰੂਰੀ ਹੈ ਅਤੇ ਕਿਸੇ ਵੀ ਵਿਅਕਤੀ ਨੂੰ ਸਰਜਰੀ ਕਰਵਾਉਣ ਤੋਂ ਪਹਿਲਾਂ ਦੰਦਾਂ ਦਾ ਇਲਾਜ ਕਰਵਾਉਣ ਸਮੇਂ, ਖੂਨ ਦਾਨ ਕਰਨ ਮੌਕੇ, ਗਰਭਵਤੀ ਔਰਤ ਨੂੰ, ਟੈਟੂ ਖੁਦਵਾਉਣ ਤੋਂ ਪਹਿਲਾਂ, ਹਾਇਮੋਡਾਇਆਲਸਿਸ ਮੌਕੇ ਅਤੇ ਸਿਹਤ ਕਾਮੇ ਨੂੰ ਆਪਣਾ ਟੈਸਟ ਕਰਵਾਉਣਾ ਚਾਹੀਦਾ ਹੈ ਤਾਂ ਕਿ ਇਸ ਬਿਮਾਰੀ ਦਾ ਛੇਤੀ ਪਤਾ ਲੱਗ ਸਕੇ। ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਸ਼ਲਿੰਦਰ ਕੌਰ ਨੇ ਦੱਸਿਆ ਕਿ ਹੈਪੇਟਾਈਟਸ ਸੀ ਅਤੇ ਬੀ ਦਾ ਇਲਾਜ, ਬੇਸਲਾਈਨ ਟੈਸਟ ਅਤੇ ਵਾਇਰਲ ਲੋਡ ਟੈਸਟ ਰਾਜ ਦੇ ਜ਼ਿਲ੍ਹਾ ਹਸਪਤਾਲਾਂ ਵਿਚ 'ਚ ਮਰੀਜ਼ ਆਪਣਾ ਮੁਫਤ ਇਲਾਜ ਕਰਵਾ ਸਕਦਾ ਹੈ। ਹੈਪੇਟਾਈਟਸ ਬੀ ਅਤੇ ਸੀ ਨੂੰ ਕਾਲਾ ਪੀਲੀਆ ਵੀ ਕਿਹਾ ਜਾਂਦਾ ਹੈ, ਇਸ ਦੀ ਲਪੇਟ ਵਿੱਚ ਜਦੋਂ ਕੋਈ ਆਉਂਦਾ ਹੈ ਤਾਂ ਉਸ ਅੰਦਰ ਹਲਕਾ ਬੁਖਾਰ, ਮਾਸਪੇਸ਼ੀਆਂ ਵਿੱਚ ਦਰਦ, ਕਮਜ਼ੋਰੀ, ਉਲਟੀਆਂ ਆਉਣਾ ਅਤੇ ਭੁੱਖ ਨਾ ਲੱਗਣਾ ਆਦਿ ਲੱਛਣ ਨਜਰ ਆਉਂਦੇ ਹਨ ਜਿਸ ਨਾਲ ਜਿਗਰ ਦੀ ਸੋਜਿਸ਼ ਅਤੇ ਜਿਗਰ ਦਾ ਕੈਂਸਰ ਹੋ ਸਕਦਾ ਹੈ। ਉਨ੍ਹਾਂ ਦੱਸਿਆ ਕਿ ਹੈਪੇਟਾਈਟਸ ਤੋਂ ਬਚਾਅ ਲਈ ਬੱਚਿਆਂ ਦਾ ਹੈਪੇਟਾਈਟਸ ਬੀ ਦਾ ਟੀਕਾਕਰਨ ਹੋਣਾ ਜ਼ਰੂਰੀ ਹੈ ਜੋ ਸਿਹਤ ਵਿਭਾਗ ਵਲੋਂ ਮੁਫਤ ਲਗਾਇਆ ਜਾਂਦਾ ਹੈ। ਇਸ ਮੌਕੇ ਸੀਨੀਅਰ ਮੈਡੀਕਲ ਅਫ਼ਸਰ ਡਾ. ਵਿਜੇ ਭਗਤ, ਮੈਡੀਸਨ ਮਾਹਰ ਡਾ. ਰਾਜਵੀਰ ਸਿੰਘ, ਲਿਵਰ ਮਾਹਰ ਡਾ. ਅਮਨਦੀਪ ਸਿੰਘ, ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਹਰਚਰਨ ਸਿੰਘ ਬਰਾੜ, ਮੀਡੀਆ ਕੋਆਰਡੀਨੇਟਰ ਬਲਜਿੰਦਰ ਸੈਣੀ ਆਦਿ ਮੌਜੂਦ ਸਨ।

## ਦਸਵੀਂ ਦਾ ਦਿਹਾੜਾ ਸ਼ਰਧਾ ਭਾਵਨਾ ਤੇ ਉਤਸ਼ਾਹ ਪੂਰਵਕ ਮਨਾਇਆ



**ਐਸ ਏ ਐਸ ਨਗਰ (ਗੁਰਜੀਤ ਬਿੱਲਾ)**-ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਦਸਵੀਂ ਦਾ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਗਿਆ। ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਗਏ, ਉਪਰੰਤ ਸਾਰਾ ਦਿਨ ਧਾਰਮਕ ਸਮਾਗਮ ਕੀਤਾ ਗਿਆ ।

ਭਾਈ ਮਨਜੀਤ ਸਿੰਘ ਦੇ ਇੰਟਰਨੈਸ਼ਨਲ ਪੰਥਕ ਢਾਡੀ ਜਥੇ ਨੇ ਬੁੱਢਾ ਦਲ ਦੇ ਸੱਤਵੇਂ ਜਥੇਦਾਰ ਅਤੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਮਰ ਸ਼ਹੀਦ ਜਥੇਦਾਰ ਬਾਬਾ ਹਨੂੰਮਾਨ ਸਿੰਘ ਦਾ ਜੀਵਨ ਬ੍ਰਿਤਾਂਤ ਸੰਗਤਾਂ ਨੂੰ ਢਾਡੀ ਵਾਰਾਂ ਵਿੱਚ ਸੁਣਾਇਆ। ਉਨਾਂ ਜਥੇਦਾਰ ਬਾਬਾ ਹਨੂੰਮਾਨ ਸਿੰਘ ਦੁਆਰਾ ਦੇਸ਼ ਕੌਮ ਅਤੇ ਧਰਮ ਬਚਾਉਣ ਖਾਤਰ ਜਬਰ ਅਤੇ ਜ਼ੁਲਮ ਖਿਲਾਫ ਦਿੱਤੀ ਅਦੁੱਤੀ ਅਤੇ ਲਾਸਾਨੀ ਸ਼ਹਾਦਤ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ। ਭਾਈ ਸਤਿੰਦਰਬੀਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਨੇ ਆਪਣੇ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਸ਼੍ਰੋਮਣੀ ਪ੍ਰਚਾਰਕ ਗਿਆਨੀ ਜਗਜੀਤ ਸਿੰਘ ਮੁੱਖ ਗ੍ਰੰਥੀ ਗੁਰਦੁਆਰਾ ਸ੍ਰੀ ਨਾਢਾ ਸਾਹਿਬ ਵਾਲਿਆਂ ਨੇ ਸੰਗਤਾਂ ਨੂੰ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨ ਲਈ ਪ੍ਰੇਰਿਆ। ਇਸ ਤੋਂ ਇਲਾਵਾ ਭਾਈ ਕਰਮ ਸਿੰਘ ਤਰਨ ਤਾਰਨ ਦਾ ਇੰਨਟਰਨੈਸ਼ਲਲ ਢਾਡੀ ਜਥਾ, ਭਾਈ ਜਤਿੰਦਰ ਸਿੰਘ ਪ੍ਰਚਾਰਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ , ਭਾਈ ਗੁਰਦੇਵ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਪਟਿਆਲਾ, ਬੀਬੀ ਜਸਪ੍ਰੀਤ ਕੌਰ, ਭਾਈ ਜਸਵਿੰਦਰ ਸਿੰਘ, ਭਾਈ ਸੰਦੀਪ ਸਿੰਘ ਜੀ ਅਨੰਦਪੁਰ ਸਾਹਿਬ ਵਾਲਿਆਂ ਦੇ ਜਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜਥੇ ਭਾਈ ਇੰਦਰਜੀਤ ਸਿੰਘ, ਭਾਈ ਹਰਬਖਸ਼ ਸਿੰਘ, ਭਾਈ ਗੁਰਮੀਤ ਸਿੰਘ ਅਤੇ ਭਾਈ ਸੁਖਵਿੰਦਰ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਹਰਿ ਜਸ ਸੁਣਾ ਕੇ ਨਿਹਾਲ ਕੀਤਾ। ਮਾਹਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਮੁਆਇਨਾ ਕੀਤਾ ਗਿਆ ਅਤੇ ਦਵਾਈ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਫਰੀ ਦਿੱਤੀ ਗਈ । ਇਸ ਦਿਨ ਵੱਡੀ ਗਿਣਤੀ ਵਿੱਚ ਪ੍ਰਾਣੀ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ਗੁਰੂ ਕਾ ਲੰਗਰ ਸਾਰਾ ਦਿਨ ਅਤੁੱਟ ਵਰਤਾਇਆ ਗਿਆ ।

## ਸ੍ਰੀ ਸਨਾਤਨ ਧਰਮ ਮੰਦਰ ਦੇ ਮਾਮਲੇ 'ਚ ਹਾਈਕੋਰਟ ਨੇ ਮੰਗੀ ਸਟੇਟਸ ਰਿਪੋਰਟ

**ਮੋਹਾਲੀ, (ਗੁਰਜੀਤ ਬਿੱਲਾ)**-ਮੋਹਾਲੀ ਦੇ ਸੈਕਟਰ 70 ਸਥਿਤ ਸ੍ਰੀ ਸੱਤਿਆ ਨਰਾਇਣ ਮੰਦਰ ਦੇ ਮਾਮਲੇ ਵਿੱਚ ਹੁਣ ਮਾਣਯੋਗ ਅਦਾਲਤ ਵੱਲੋਂ ਮੋਹਾਲੀ ਦੇ ਐਸ ਐਸ ਪੀ ਤੋਂ ਮੁਕੰਮਲ ਜਾਂਚ ਸੰਬੰਧੀ ਸਟੇਟਸ ਰਿਪੋਰਟ ਮੰਗੀ ਗਈ ਹੈ। ਅੱਜ ਮੋਹਾਲੀ ਪ੍ਰੈਸ ਕਲੱਬ ਵਿਖੇ ਇਕ ਪ੍ਰੈਸ ਕਾਨਫਰੰਸ ਦੌਰਾਨ ਸ੍ਰੀ ਸਨਾਤਨ ਧਰਮ ਵੈਲਫੇਅਰ ਸੁਸਾਇਟੀ ਮਟੌਰ ਦੇ ਮੰਦਰ ਕਮੇਟੀ ਪ੍ਰਧਾਨ ਰਾਕੇਸ਼ ਕੁਮਾਰ ਬੰਸਲ, ਜਨਰਲ ਸਕੱਤਰ ਹੰਸ ਰਾਜ ਵਰਮਾ, ਸੰਗਠਨ ਸਕੱਤਰ ਆਸ਼ੂ ਵੈਦ, ਮਹਿਲਾ ਮੰਡਲ ਪ੍ਰਧਾਨ ਨਿਰਮਲਾ ਗਰਗ ਅਤੇ ਸਲਾਹਕਾਰ ਲਵਲੀ ਬੰਸਲ, ਮੀਤ ਪ੍ਰਧਾਨ ਦਰਸ਼ਨ ਕੌਰ, ਪ੍ਰਕਾਸ਼ਵਤੀ, ਸਾਬਕਾ ਪ੍ਰਧਾਨ ਸਿਕੰਦਰ ਸ਼ਰਮਾ, ਲਖਮੀਰ ਸਿੰਘ ਨੇ ਦੱਸਿਆ ਕਿ ਹਾਈ ਕੋਰਟ ਦੇ ਜੱਜ ਜਸਟਿਸ ਨੇ ਐਸ ਐਸ ਪੀ ਮੋਹਾਲੀ ਨੂੰ ਨੋਟਿਸ ਜਾਰੀ ਕਰਕੇ ਇਸ ਸਮੁੱਚੇ ਮਾਮਲੇ ਦੀ ਹੁਣ ਤੱਕ ਦੀ ਮੁਕੰਮਲ ਜਾਂਚ ਸੰਬੰਧੀ ਸਟੇਟਸ ਰਿਪੋਰਟ ਮੰਗੀ ਹੈ। ਅਦਾਲਤੀ ਨੋਟਿਸ ਦੀ ਕਾਪੀ ਸੁਣਵਾਈ ਦੌਰਾਨ ਅਦਾਲਤ ਵਿੱਚ ਮੌਜੂਦ ਵਧੀਕ ਏ ਜੀ ਸਰਕਾਰੀ ਵਕੀਲ ਸੁਭਾਸ਼ ਗੋਦਰਾ ਵੱਲੋਂ ਹਾਸਲ ਕੀਤੀ ਗਈ। ਅਦਾਲਤ ਨੇ ਸਖ਼ਤੀ ਨਾਲ ਕਿਹਾ ਕਿ 25 ਸਤੰਬਰ ਤੱਕ ਸਟੇਟਸ ਰਿਪੋਰਟ ਪੇਸ਼ ਕੀਤੀ ਜਾਵੇ। ਮੰਦਰ ਕਮੇਟੀ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਮਿਤੀ 11-02-2023 ਨੂੰ ਸ਼ਾਮ ਵੇਲੇ ਸ਼ਰਾਰਤੀ ਅਨਸਰਾਂ ਵੱਲੋਂ ਦਾਖ਼ਲ ਹੋ ਕੇ ਪਹਿਲਾਂ ਮੰਦਰ ਕਮੇਟੀ ਦਫ਼ਤਰ ਅਤੇ ਅਲਮਾਰੀਆਂ ਦੇ ਤਾਲੇ ਤੋੜੇ, ਅਕਾਊਂਟ ਦਾ ਸਾਰਾ ਰਿਕਾਰਡ ਅਤੇ ਹੋਰ ਅਹਿਮ ਦਸਤਾਵੇਜ਼ ਖੁਰਦ-ਬੁਰਦ ਕਰਨ, ਮਾੜੀ ਭਾਵਨਾ ਨਾਲ ਮੰਦਰ ਕੰਪਲੈਕਸ ਵਿੱਚ ਲੱਗੇ ਸੀ ਸੀ ਟੀ ਵੀ ਕੈਮਰਿਆਂ ਨਾਲ ਛੇੜਛਾੜ ਕੀਤੀ, ਤਾਰਾਂ ਕੱਟੀਆਂ ਅਤੇ ਡੀ ਵੀ ਆਰ ਵੀ ਆਪਣੇ ਕਬਜ਼ੇ ਵਿੱਚ ਲੈਣ ਅਤੇ ਮੰਦਰ ਵਿੱਚ ਵੱਖ-ਵੱਖ ਮੂਰਤੀਆਂ ਅੱਗੇ ਪਈਆਂ ਗੋਲਕਾਂ ਚੁੱਕ ਕੇ ਪਾਸੇ ਰੱਖਣ ਅਤੇ ਚੱਲਦੀ ਆਰਤੀ ਦੌਰਾਨ ਮਾਇਕ ਬੰਦ ਕਰਕੇ ਆਰਤੀ ਦੌਰਾਨ ਖਲਲ ਪਾਉਣ ਸਮੇਤ ਸਾਰੇ ਭਵਨਾਂ ਦੇ ਅੱਗੇ ਦੇਵੀ ਦੇਵਤਿਆਂ ਨੂੰ ਭੋਗ ਲਗਾਉਣ ਵਾਲੇ ਬਰਤਨਾਂ, ਰਾਤ ਨੂੰ ਖਾਣਾ ਖਾਣ ਕੇ ਸੁੱਚਤਾ ਭੰਗ ਕਰਕੇ ਸਾਡੀ ਧਾਰਮਕ ਭਾਵਨਾ ਨੂੰ ਵੀ ਠੇਸ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗਈ। ਇਸ ਸੰਬੰਧੀ ਅਸੀਂ ਤੁਰੰਤ ਪਹਿਲਾਂ 112 ਨੰਬਰ 'ਤੇ ਫੋਨ ਕਰਕੇ ਪੁਲਸ ਨੂੰ ਇਤਲਾਹ ਦਿੱਤੀ ਅਤੇ ਨਾਲ ਹੀ ਡੀ ਸੀ, ਐਸ ਐਸ ਪੀ, ਡੀ ਐਸ ਪੀ ਅਤੇ ਮਟੌਰ ਥਾਣੇ ਵਿੱਚ ਸ਼ਿਕਾਇਤਾਂ ਦਿੱਤੀਆਂ ਪਰ ਹੁਣ ਤੱਕ ਉਕਤ ਵਰਤਾਰੇ ਲਈ ਜ਼ਿੰਮੇਵਾਰ ਕਿਸੇ ਸ਼ਖ਼ਸ ਖ਼ਿਲਾਫ਼ ਬਣਦੀ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਸੰਬੰਧੀ ਅਸੀਂ ਮੁੱਖ ਮੰਤਰੀ, ਪੰਜਾਬ ਦੇ ਰਾਜਪਾਲ, ਡੀ ਸੀ, ਐਸ ਐਸ ਪੀ ਅਤੇ ਹੋਰ ਸੰਬੰਧਤ ਅਫ਼ਸਰਾਂ ਨੂੰ ਸ਼ਿਕਾਇਤਾਂ ਦੇ ਕੇ ਥੱਕ ਚੁੱਕੇ ਹਾਂ ਪਰ ਕਿਸੇ ਨੇ ਸਾਡੀ ਬਾਂਹ ਨਹੀਂ ਫੜੀ ਤਾਂ ਮਟੌਰ ਮੰਦਰ ਕਮੇਟੀ ਨੇ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਅਤੇ ਉੱਚ ਅਦਾਲਤ ਨੇ 10 ਮਾਰਚ 2023 ਨੂੰ ਐਸ ਐਸ ਪੀ ਨੂੰ ਹਦਾਇਤਾਂ ਜਾਰੀ ਕੀਤੀਆਂ ਸਨ ਕਿ ਇਸ ਮਾਮਲੇ ਵਿੱਚ ਕਾਨੂੰਨ ਮੁਤਾਬਕ ਬਣਦੀ ਕਰਵਾਈ ਅਮਲ ਵਿੱਚ ਲਿਆਂਦੀ ਜਾਵੇ, ਪਰ ਹੁਣ ਤੱਕ ਪੁਲਸ ਨੇ ਕੋਈ ਕਾਰਵਾਈ ਨਹੀਂ ਕੀਤੀ। ਪੰਜ ਮਹੀਨੇ ਬਾਅਦ ਹੁਣ ਅਸੀਂ ਦੁਬਾਰਾ ਹਾਈ ਕੋਰਟ ਦੀ ਸ਼ਰਨ ਵਿੱਚ ਗਏ ਅਤੇ ਉਕਤ ਸਾਰੇ ਪਹਿਲੂਆਂ ਤੋਂ ਜਾਣੂ ਕਰਵਾਇਆ ਗਿਆ ਤਾਂ ਹਾਈ ਕੋਰਟ ਦੇ ਜੱਜ ਜਸਟਿਸ ਨੇ ਐਸ ਐਸ ਪੀ ਨੂੰ ਨਵੇਂ ਸਿਰਿਓਂ ਨੋਟਿਸ ਜਾਰੀ ਕਰਕੇ ਇਸ ਸਮੁੱਚੇ ਮਾਮਲੇ ਦੀ ਹੁਣ ਤੱਕ ਦੀ ਮੁਕੰਮਲ ਜਾਂਚ ਸੰਬੰਧੀ ਸਟੇਟਸ ਰਿਪੋਰਟ ਮੰਗੀ ਹੈ। ਉਨ੍ਹਾਂ ਕਿਹਾ ਕਿ ਪੁਲਸ ਨੇ ਸਿਆਸੀ ਦਬਾਅ ਕਾਰਨ ਕੋਈ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਗਈ। ਜਦੋਂਕਿ ਨਵੇਂ ਚੁਣੇ ਗਏ ਪ੍ਰਧਾਨ ਸਮੇਤ ਹੋਰਨਾਂ ਕਈ ਮੋਹਤਬਰ ਵਿਅਕਤੀਆਂ (ਜਿਨ੍ਹਾਂ ਵਿੱਚ ਕੁਝ ਔਰਤਾਂ ਵੀ ਸ਼ਾਮਲ ਹਨ) ਨੂੰ ਅੱਧੀ ਰਾਤ ਤੱਕ ਥਾਣੇ ਬੈਠਾ ਕੇ ਰੱਖਿਆ। ਹੁਣ ਅਸੀਂ ਮੰਦਰ ਵਿੱਚ 31 ਜੁਲਾਈ ਤੋਂ 6 ਅਗਸਤ ਭਗਵਤ ਕਥਾ ਕਰਵਾਈ ਜਾਣੀ ਹੈ ਪਰ ਹੁਣ ਵੀ ਕੁਝ ਵਿਅਕਤੀਆਂ ਜੋ ਖ਼ੁਦ ਨੂੰ ਮੰਦਰ ਕਮੇਟੀ ਦੇ ਨੁਮਾਇੰਦੇ ਦੱਸ ਰਹੇ ਹਨ ਉਨ੍ਹਾਂ ਵੱਲੋਂ ਸਾਡੇ ਬਰਾਬਰ ਆਪਣਾ ਪ੍ਰੋਗਰਾਮ ਉਲੀਕ ਦਿੱਤਾ ਹੈ। ਭਾਵ ਇਹ ਬੰਦੇ ਹਰੇਕ ਵਾਰ ਸਾਰੇ ਪ੍ਰੋਗਰਾਮ ਵਿੱਚ ਖੱਲਲ ਪਾਉਣ ਦੀ ਨੀਅਤ ਨਾਲ ਆਪਣਾ ਪ੍ਰੋਗਰਾਮ ਰੱਖ ਲੈਂਦੇ ਹਨ। ਅਹੁਦੇਦਾਰਾਂ ਨੇ ਮੁੱਖ ਮੰਤਰੀ ਅਤੇ ਡੀ ਪੀ ਪੀ ਨੂੰ ਅਪੀਲ ਕੀਤੀ ਕਿ ਸਾਨੂੰ ਵਿਰੋਧ ਪ੍ਰਦਰਸ਼ਨ ਕਰਨ ਅਤੇ ਸੜਕਾਂ 'ਤੇ ਆਉਣ ਲਈ ਮਜਬੂਰ ਨਾ ਕੀਤਾ ਜਾਵੇ ਅਤੇ ਉਕਤ ਕਾਰਵਾਈਆਂ ਲਈ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਤੁਰੰਤ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ।

## ਸ਼ਿਵਾ ਪਬਲਿਕ ਸਕੂਲ ਵਿਖੇ 'ਮੈਂਗੋ ਡੇ' ਮਨਾਇਆ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** - ਸ਼ਿਵਾ ਪਬਲਿਕ ਸਕੂਲ ਵਿਚ ਨਰਸਰੀ ਤੋਂ ਪਹਿਲੀ ਜਮਾਤ ਤੱਕ ਵਿਦਿਆਰਥੀਆਂ ਵਿਚ "ਮੈਂਗੋ ਡੇ" ਮਨਾਇਆ ਗਿਆ। ਸਾਰੇ ਬੱਚੇ ਅੰਬ ਦੀਆਂ ਪੁਸ਼ਾਕਾਂ ਪਾ ਕੇ ਸਕੂਲ ਆਏ। ਬੱਚਿਆਂ ਨੇ "ਅੰਬ" ਉੱਪਰ ਕਵਿਤਾਵਾਂ ਬੋਲੀਆਂ ਤੇ ਨਾਚ-ਗਾਣਾ ਵੀ ਕੀਤਾ। ਬੱਚਿਆਂ ਅਤੇ ਅਧਿਆਪਕਾਂ ਨੇ ਅੰਬ ਅਤੇ ਅੰਬ ਤੋਂ ਗਏਆ ਚੀਜਾਂ ਵੀ ਖਾਧੀਆਂ। ਸਕੂਲ ਦੇ ਪ੍ਰਿਸੀਪਲ ਸ਼੍ਰੀਮਤੀ ਸੁਮਨ ਪਾਠਕ ਅਤੇ ਸਕੂਲ ਦੇ ਐਮ.ਡੀ ਅਮਨਦੀਪ ਪਾਠਕ ਵੀ ਮੌਜੂਦ ਸਨ। ਉਹਨਾਂ ਨੇ ਬੱਚਿਆਂ ਦੇ ਉਤਸ਼ਾਹ ਨੂੰ ਹੋਰ ਵਧਾਇਆ। ਇਸ ਮੌਕੇ 'ਤੇ ਸਰਬਜੀਤ , ਨੇਹਾ ,ਸ਼ੋਮਾ ,ਸੁਨੇਹਾ ,ਅਰਚਨਾ ,ਸੁਨੈਨਾ ,ਅਦਿਤੀ ਅਤੇ ਸਕੂਲ ਦਾ ਸਾਰਾ ਸਟਾਫ ਮੌਜੂਦ ਸੀ।

## ਸ਼ਿਵਾ ਪਬਲਿਕ ਸਕੂਲ 'ਚ ਕਾਰਗਿਲ ਯੁੱਧ ਦੀ ਜਿੱਤ ਦਾ ਜਸ਼ਨ ਮਨਾਇਆ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ )** -ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਕੂਲ ਦੇ ਵਿਦਿਆਰਥੀਆਂ ਵਲੋਂ ਭਾਰਤੀ ਸੈਨਾ ਦੇ ਦੇਸ਼ ਪ੍ਰਤੀ ਜਜਬੇ ਨੂੰ ਇੱਕ ਨਾਟਕ ਰਾਹੀਂ ਪੇਸ਼ ਕੀਤਾ ਗਿਆ। ਜਿਸ ਵਿਚ ਵਿਦਿਆਰਥੀਆਂ ਨੇ ਸੈਨਾ ਵਲੋਂ ਨਿਭਾਈ ਗਈ ਭੂਮਿਕਾ ਨੂੰ ਆਪਣੇ ਪੱਧਰ 'ਤੇ ਨਾਟਕੀ ਰੂਪ ਵਿਚ ਪੇਸ਼ ਕੀਤਾ ਗਿਆ। ਸਕੂਲ ਦੇ ਐਮ.ਡੀ ਵਲੋਂ ਦੇਸ਼ ਦੇ ਸ਼ਹੀਦਾਂ ਨੂੰ ਸ਼ਰਧਾਜਲੀ ਦਿੱਤੀ ਗਈ। ਸ਼੍ਰੀਮਤੀ ਸੁਮਨ ਪਾਠਕ ਨੇ ਆਪਣੇ ਸ਼ਬਦਾਂ ਵਿਚ ਕਿਹਾ ਕਿ ਅੱਜ ਵੀ ਉਹ ਦਿਨ ਯਾਦ ਕਰਕੇ ਭਾਰਤ ਵਾਸੀਆਂ ਦਾ ਸੀਨਾ ਉੱਚਾ ਹੋ ਜਾਂਦਾ ਹੈ। ਸਕੂਲ ਵਿਚ ਭਾਰਤ ਮਾਤਾ ਦੀ ਜੈ - ਜੈ ਕਾਰ ਦੇ ਨਾਅਰੇ ਗੂੰਜ ਰਹੇ ਸਨ। ਇਸ ਨਾਟਕ ਵਿਚ ਜਸਲੀਨ , ਅਰਪਨਜੀਤ , ਮਾਨਸ , ਲਵਪ੍ਰੀਤ , ਅਮਜੋਤ , ਪ੍ਰਿਅੰਕਾ , ਮਨਰੀਤ , ਨੀਸ਼ਾ , ਪ੍ਰਭਜੋਤ , ਹਰਵਿੰਦਰ , ਬ੍ਰਿਜੇਸ਼ , ਸ਼ਕਸ਼ਮ , ਜਸ਼ਨ ,ਵੰਸ , ਨਵਜੀਤ , ਰੀਆ ਅਤੇ ਹਰਸ਼ੀਤਾ ਸ਼ਾਮਲ ਸਨ।

## ਨਸ਼ੇ 'ਚ ਧੁੱਤ ਨੌਜਵਾਨ ਨੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਬੈਰੀਕੇਡ ਤੋੜੇ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਬੀਤੀ ਰਾਤ ਸ਼ਰਾਬ ਵਿੱਚ ਧੁੱਤ ਨੌਜਵਾਨ ਵੱਲੋਂ ਤੇਜ ਰਫਤਾਰ ਗੱਡੀ ਲਿਆ ਕੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਬੈਰੀਕੇਡ ਬੁਰੀ ਤਰ੍ਹਾਂ ਤੋੜ ਦਿੱਤੇ ਗਏ। ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਗੁਰਪ੍ਰੀਤ ਸਿੰਘ ਰੋਡੇ ਨੇ ਦੱਸਿਆ ਤੇਜ ਰਫਤਾਰ ਗੱਡੀ ਜਿਸ ਦਾ ਨੰਬਰ ਪੀ ਬੀ 12 ਵਾਈ 4525 ਹੈ ਨੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੀ ਚੜ੍ਹਾਈ 'ਤੇ ਲੱਗੇ ਬੈਰੀਕੇਡ ਬੁਰੀ ਤਰ੍ਹਾਂ ਤੋੜ ਦਿੱਤੇ ਤੇ ਉਥੇ ਖੜ੍ਹੇ ਸੇਵਾਦਾਰ ਨੇ ਸਾਈਡ 'ਤੇ ਹੋ ਕੇ ਆਪਣੀ ਜਾਨ ਬਚਾਈ। ਉਹਨਾਂ ਦੱਸਿਆ ਕਿ ਜਦੋਂ ਤਖਤ ਸਾਹਿਬ ਦੇ ਸੇਵਾਦਾਰਾਂ ਨੇ ਉਸ ਕੋਲੋਂ ਪੁੱਛਗਿੱਛ ਕਰਨੀ ਚਾਹੀ ਤਾਂ ਉਹ ਸ਼ਰਾਬ ਦੇ ਨਸੇ ਵਿਚ ਏਨਾ ਜ਼ਿਆਦਾ ਧੁੱਤ ਸੀ ਕਿ ਉਸ ਕੋਲੋਂ ਬੋਲਿਆ ਵੀ ਨਹੀਂ ਸੀ ਜਾ ਰਿਹਾ। ਇਸ ਦੀ ਸੂਚਨਾ ਤੁਰੰਤ ਪੁਲਸ ਨੂੰ ਦਿੱਤੀ ਜੋ ਉਸ ਨੂੰ ਗ੍ਰਿਫਤਾਰ ਕਰਕੇ ਲੈ ਗਈ। ਚੌਂਕੀ ਇੰਚਾਰਜ ਗੁਰਮੁਖ ਸਿੰਘ ਨੇ ਦੱਸਿਆ ਕਿ ਨਸ਼ੇੜੀ ਹਾਲਤ ਵਿੱਚ ਉਕਤ ਨੌਜਵਾਨ ਕੁਲਦੀਪ ਚੰਦ ਪੁੱਤਰ ਪਿਆਰਾ ਸਿੰਘ ਪਿੰਡ ਥਾਣਾ ਨੂਰਪੁਰਬੇਦੀ ਨੂੰ ਕਾਬੂ ਕਰਕੇ ਉਸ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਹੈ ।

## ਹੈਰੋਇਨ ਤੇ ਨਸ਼ੀਲੇ ਟੀਕਿਆਂ ਸਮੇਤ ਦੋ ਵਿਅਕਤੀ ਕਾਬੂ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਮੁਖੀ ਸਰਤਾਜ ਸਿੰਘ ਚਾਹਲ ਦੀਆਂ ਹਦਾਇਤਾਂ ਅਨੁਸਾਰ ਨਸ਼ੇ ਦੇ ਸੌਦਾਗਰਾਂ ਨੂੰ ਨੱਥ ਪਾਉਣ ਲਈ ਡੀ ਐਸ ਪੀ ਬਲਕਾਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਥਾਣਾ ਮਾਹਿਲਪੁਰ ਦੀ ਪੁਲਸ ਵੱਲੋਂ ਦੋ ਵਿਅਕਤੀਆਂ ਨੂੰ ਹੈਰੋਇਨ ਤੇ ਨਸ਼ੀਲੇ ਟੀਕਿਆਂ ਸਮੇਤ ਕਾਬੂ ਕੀਤਾ ਗਿਆ। ਥਾਣਾ ਮੁਖੀ ਬਲਜਿੰਦਰ ਸਿੰਘ ਮੱਲ੍ਹੀ ਨੇ ਦੱਸਿਆ ਕਿ ਏ ਐਸ ਆਈ ਦਿਲਬਾਗ ਸਿੰਘ ਸਮੇਤ ਸਾਥੀ ਕਰਮਚਾਰੀਆਂ ਨੇ ਆਪਣੇ ਹੀ ਮਕਾਨ 'ਚ ਲਖਵਿੰਦਰ ਸਿੰਘ ਉਰਫ ਲੱਖਾ ਪੁੱਤਰ ਕਰਨੈਲ ਸਿੰਘ ਵਾਸੀ ਪੱਖੋਵਾਲ ਵਿਖੇ ਰੇਡ ਕਰਕੇ ਉਸ ਨੂੰ ਘਰ ਵਿੱਚ ਹੀ ਕਾਬੂ ਕਰਕੇ ਉਸ ਕੋਲੋਂ 102 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਇਸੇ ਤਰ੍ਹਾਂ ਕੋਟਫਤੂਹੀ ਦੇ ਚੌਂਕੀ ਇੰਚਾਰਜ ਉਂਕਾਰ ਸਿੰਘ ਪੁਲਸ ਪਾਰਟੀ ਨਾਲ ਗਸ਼ਤ ਦੌਰਾਨ ਦੋਪਹੀਆ ਤੇ ਚਾਰ ਪਹੀਆ ਵਾਹਨਾਂ ਦੀ ਚੈਕਿੰਗ ਦੌਰਾਨ ਸੁੰਨੀ ਫੁੱਟਬਾਲ ਗਰਾਊਂਡ ਲਾਗੇ ਮੋਟਰਸਾਈਕਲ ਬਿਨਾਂ ਨੰਬਰੀ 'ਤੇ ਸਵਾਰ ਦਲਵਿੰਦਰ ਸਿੰਘ ਉਰਫ ਕਾਕਾ ਪੁੱਤਰ ਸੁਰਜੀਤ ਸਿੰਘ ਵਾਸੀ ਬਿਲੜੋ (ਗੜ੍ਹਸ਼ੰਕਰ) ਨੂੰ ਕਾਬੂ ਕਰਕੇ ਉਸ ਪਾਸੋਂ ਖੁੱਲ੍ਹੇ ਨਸ਼ੀਲੇ ਟੀਕੇ ਕੁੱਲ 19 ਨਸ਼ੀਲੇ ਟੀਕੇ ਮਾਰਕ ਤੇ 23 ਗ੍ਰਾਮ ਹੈਰੋਇਨ ਸਮੇਤ ਕਾਬੂ ਕਰਕੇ ਥਾਣਾ ਮਾਹਿਲਪੁਰ ਦੀ ਪੁਲਸ ਨੇ ਦੋਹਾਂ 'ਤੇ ਨਸ਼ਾ ਵਿਰੋਧੀ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਦੋਸ਼ੀਆਂ ਤੋਂ ਪੁੱਛਗਿੱਛ ਜਾਰੀ ਹੈ।

## ਬਿਊਟੀ ਪਾਰਲਰ ਮੈਨੇਜਮੈਂਟ ਦਾ ਮੁਫ਼ਤ ਕੋਰਸ 5 ਤੋਂ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਪ੍ਰੀਸ਼ਦ ਕੰਪਲੈਕਸ, ਸਿਵਲ ਲਾਈਨਜ਼, ਹੁਸ਼ਿਆਰਪੁਰ ਵਿਖੇ ਸਥਿਤ ਪੀ.ਐਨ. ਬੀ. ਆਰ. ਸੇਟੀ (ਪੇਂਡੂ ਸਵੈ ਰੋਜ਼ਗਾਰ ਸਿਖਲਾਈ ਸੰਸਥਾ) ਵੱਲੋਂ ਇਕ ਮਹੀਨੇ ਦਾ ਬਿਊਟੀ ਪਾਰਲਰ ਮੈਨੇਜਮੈਂਟ ਦਾ ਮੁਫ਼ਤ ਸਿਖਲਾਈ ਕੋਰਸ 5 ਅਗਸਤ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਸੰਸਥਾ ਦੇ ਡਾਇਰੈਕਟਰ ਰਜਿੰਦਰ ਕੁਮਾਰ ਭਾਟੀਆ ਨੇ ਦੱਸਿਆ ਕਿ ਚਾਹਵਾਨ ਉਮੀਦਵਾਰ ਅਧਾਰ ਕਾਰਡ ਦੀ ਕਾਪੀ, 2 ਪਾਸਪੋਰਟ ਸਾਈਜ਼ ਫੋਟੋ, ਵਿੱਦਿਅਕ ਯੋਗਤਾ ਸਰਟੀਫਿਕੇਟਾਂ ਦੀਆਂ ਕਾਪੀਆਂ ਅਤੇ ਐਸ.ਸੀ/ ਬੀ.ਪੀ.ਐਲ ਸਰਟੀਫਿਕੇਟ, ਜੇਕਰ ਕੋਈ ਹੋਵੇ ਤਾਂ 5 ਅਗਸਤ ਤੱਕ ਇੰਸਟੀਚਿਊਟ ਵਿਖੇ ਆ ਕੇ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਉਨ੍ਹਾ ਦੱਸਿਆ ਕਿ ਇਹ ਸਿਖਲਾਈ ਬਿਲਕੁਲ ਮੁਫ਼ਤ ਹੈ ਤੇ ਇੰਸਟੀਚਿਊਟ 'ਚ ਬਿਨਾਂ ਕਿਸੇ ਫੀਸ ਦੇ ਦੁਪਹਿਰ ਦਾ ਖਾਣਾ ਅਤੇ ਚਾਹ ਦਿੱਤੀ ਜਾਂਦੀ ਹੈ। ਸਿਖਲਾਈ ਤੋਂ ਬਾਅਦ ਸਿਖਿਆਰਥੀਆਂ ਨੂੰ ਇਕ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ ਅਤੇ ਸਿਖਿਆਰਥੀਆਂ ਨੂੰ ਕਰਜ਼ੇ ਦੀ ਸਹੂਲਤ ਮੁਹੱਈਆ ਕਰਵਾਉਣ ਲਈ ਹਰ ਸੰਭਵ ਮਦਦ ਦਿੱਤੀ ਜਾਂਦੀ ਹੈ। ਵਧੇਰੇ ਜਾਣਕਾਰੀ ਲਈ ਟੈਲੀਫੋਨ 01882-295880 ਜਾਂ 9872759614, 9463284447, 8968-846446 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਜਾਅਲੀ ਸਰਟੀਫੀਕੇਟਾਂ ਦੀ ਅਧੂਰੀ ਜਾਂਚ ਆਪ ਇੱਕ ਜਾਅਲਸਾਜ਼ੀ

**ਮੋਹਾਲੀ (ਗੁਰਜੀਤ ਬਿੱਲਾ)**-ਜਾਅਲੀ ਡਿਗਰੀਆਂ ਵਿੱਚੋਂ ਕੇਵਲ ਇੱਕ ਮਾਮਲਾ, ਕੇਵਲ ਇੱਕ ਦੋਸ਼ੀ ਦੀ ਗ੍ਰਿਫਤਾਰੀ ਉਹ ਵੀ ਸ਼ਿਕਾਇਤਕਰਤਾ ਵੱਲੋਂ ਪੰਜਾਬ ਤੇ ਹਰਿਆਣਾ ਹਾਈਕੋਰਟ ਦੀ ਦਖਲਅੰਦਾਜ਼ੀ ਉਪਰੰਤ ਤੋਂ ਸਪੱਸ਼ਟ ਹੈ ਕਿ ਜਾਅਲਸਾਜ਼ੀ ਵਿਰੁੱਧ ਸਰਕਾਰ ਵੱਲੋਂ ਕਰਵਾਈ ਜਾ ਰਹੀ ਜਾਂਚ ਪੜਤਾਲ ਖੁਦ ਅਸਲੀ ਜਾਂਚ ਪੜਤਾਲ ਦੀ ਥਾਂ ਜਾਅਲੀ ਜਾਂਚ ਪੜਤਾਲ ਬਣ ਕੇ ਰਹਿ ਗਈ ਹੈ। ਉਪਰੋਕਤ ਟਿੱਪਣੀ ਜੀ ਟੀ ਯੂ ਅਤੇ ਫੈਡਰੇਸ਼ਨ ਦੇ ਸਾਬਕਾ ਸੂਬਾਈ ਆਗੂਆਂ ਸੁੱਚਾ ਸਿੰਘ ਖੱਟੜਾ ਤੇ ਜੀ ਟੀ ਯੂ ਦੇ ਸਾਬਕਾ ਸੂਬਾਈ ਪ੍ਰੈਸ ਸਕੱਤਰ ਹਰਨੇਕ ਸਿੰਘ ਮਾਵੀ ਨੇ ਪ੍ਰੈਸ ਦੇ ਨਾਂ ਸਾਂਝੇ ਬਿਆਨ 'ਚ ਕੀਤੀ। ਬਿਆਨ 'ਚ ਅੱਗੇ ਕਿਹਾ ਗਿਆ ਹੈ ਕਿ ਜਾਅਲੀ ਯੋਗਤਾਵਾਂ ਅਤੇ ਤਜਰਬਾ ਸਰਟੀਫੀਕੇਟਾਂ ਪਿੱਛੇ ਅੰਤਰ- ਵਿਭਾਗੀ ਅਤੇ ਅੰਤਰਰਾਜੀ ਸੰਗਠਿਤ ਗਰੋਹ ਕੰਮ ਕਰਦੇ ਹਨ। ਆਗੂਆਂ ਨੇ ਪ੍ਰਿੰਸੀਪਲ ਪਰਮਜੀਤ ਕੌਰ ਦੀ ਗ੍ਰਿਫਤਾਰੀ ਉਤੇ ਟਿੱਪਣੀ ਕਰਦਿਆਂ ਕਿਹਾ ਕਿ ਜਦੋਂ ਤੱਕ ਡਿਗਰੀਆਂ ਪ੍ਰਾਪਤ ਕਰਕੇ ਇੱਧਰ ਵੇਚਣ ਵਾਲੇ ਵੀ ਨੱਪੇ ਨਹੀਂ ਜਾਂਦੇ, ਪ੍ਰਿੰਸੀਪਲ ਦੇ ਸਾਫ ਬਰੀ ਹੋਣ ਦਾ ਸਕੋਪ ਹੈ। ਆਗੂਆਂ ਮੰਗ ਕੀਤੀ ਕਿ ਟੈਕਨੀਕਲ ਯੂਨੀਵਰਸਿਟੀਆਂ ਤੋਂ ਵੀ ਜਾਅਲੀ ਡਿਮਲੋਮੇ ਡਿਗਰੀਆਂ ਆਈਆਂ ਅਤੇ ਨਿਯੁਕਤੀਆਂ ਤੱਕ ਜਾਂਚ ਵਧਾਉਣੀ ਚਾਹੀਦੀ ਹੈ। ਆਗੂਆਂ ਨੇ ਕਿਹਾ ਕਿ ਸੈਂਕੜਿਆਂ ਦੀ ਗਿਣਤੀ ਵਿੱਚ ਜਾਅਲੀ ਪ੍ਰਾਈਵੇਟ ਸਕੂਲ ਪੈਡ ਅਤੇ ਮੋਹਰਾਂ ਬਣਵਾ ਕੇ ਪ੍ਰਿੰਸੀਪਲ, ਹੈਡਮਾਸਟਰ ਅਤੇ ਲੈਕਚਰਾਰਾਂ ਦੇ ਤਜਰਬਾ ਸਰਟੀਫਿਕੇਟ ਲਗਾ ਕੇ ਮੈਰਿਟਾਂ ਬਣਾ ਕੇ ਨੌਕਰੀਆਂ ਲੈ ਗਏ। ਮੌਜੂਦਾ ਸਰਕਾਰ ਦੇ ਪੰਜ ਸਾਲ ਤੋਂ ਪਹਿਲਾਂ ਹੀ ਇਸ ਫਰਜੀਵਾੜੇ ਦੀਆਂ ਪੜਤਾਲਾਂ ਦਾ ਲੇਖਾ ਜੋਖਾ ਹੋਣਾ ਸ਼ੁਰੂ ਹੋ ਜਾਵੇਗਾ। ਸਰਕਾਰ ਨੂੰ ਮੁਕੰਮਲ ਗੰਭੀਰਤਾ ਵਿਖਾਉਣੀ ਪਵੇਗੀ।

## ਅਧਿਆਪਕਾਂ ਨੂੰ ਪੱਕਾ ਕਰਨ 'ਤੇ ਖੁਸ਼ੀ ਦੀ ਲਹਿਰ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**:-ਪੰਜਾਬ ਦੀ ਭਗਵੰਤ ਮਾਨ ਸਰਕਾਰ ਵਲੋਂ ਕੱਚੇ ਅਧਿਆਪਕਾਂ ਨੂੰ ਪੱਕਾ ਕੀਤਾ ਗਿਆ। ਇਸ ਫੈਸਲੇ ਨਾਲ ਪੱਕੇ ਹੋਏ ਅਧਿਆਪਕਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਪਿੰਡ ਥੱਪਲ ਦੇ ਸਰਕਾਰੀ ਸਕੂਲ ਵਿੱਚ ਕਈ ਸਾਲਾਂ ਤੋਂ ਕੰਮ ਕਰ ਰਹੀ ਈਜੀਐਸ ਵਲੰਟੀਅਰ ਰੁਪਿੰਦਰ ਕੌਰ ਨੂੰ ਵੀ ਪੰਜਾਬ ਸਰਕਾਰ ਵੱਲੋ ਪੱਕੇ ਕੀਤੇ ਜਾਣ ਤੇ ਸਮੂਹ ਸਟਾਫ ਅਤੇ ਨਿੱਕੀ ਕੁਮਾਰੀ ਸਰਪੰਚ ਤੇ ਪਿੰਡ ਵਾਸੀਆਂ ਵੱਲੋਂ ਮੁਬਾਰਕਬਾਦ ਦਿੱਤੀ ਗਈ। ਇਸ ਮੌਕੇ ਗੱਲ ਕਰਦਿਆਂ ਨਿੱਕੀ ਕੁਮਾਰੀ ਸਰਪੰਚ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦਾ ਧੰਨਵਾਦ ਕੀਤਾ। ਇਸ ਮੌਕੇ ਪਿੰਡ ਪੰਚਾਇਤ ਮੈਂਬਰ ਹਰਜੀਤ ਕੌਰ, ਸੋਮਨਾਥ, ਕੌਰਾ ਦੇਵੀ, ਐੱਚ ਟੀ ਮੈਡਮ ਨੀਲਮ ਕੁਮਾਰੀ, ਮੈਡਮ ਮੀਨਾ ਵਰਮਾ, ਹਰਮਿੰਦਰ ਕੌਰ, ਮੀਨਾਕਸ਼ੀ, ਰਾਜਦੀਪ ਕੁਮਾਰ ਆਦਿ ਹਾਜਰ ਸਨ।

## ਸੈਨਿਕ ਇੰਸਟੀਚਿਊਟ ਦੇ ਮਾਸਟਰ ਡਿਗਰੀ ਦੇ ਚੌਥੇ ਸਮੈਸਟਰ ਦਾ ਨਤੀਜਾ 100 ਫੀਸਦੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਪੰਜਾਬ ਸਰਕਾਰ ਵੱਲੋ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਦੇ ਅੰਦਰ ਚੱਲ ਰਹੇ ਸਰਕਾਰੀ ਕਾਲਜ 'ਸੈਨਿਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨੋਲੋਜੀ , ਹੁਸ਼ਿਆਰਪੁਰ ਕੈਂਪਸ' ਜੋ ਕੇ ਵਿਭਾਗ ਵਲੋਂ ਹੋਰ ਕਈ ਜ਼ਿਲ੍ਹਿਆਂ ਵਿੱਚ ਚਲਾਏ ਜਾ ਰਹੇ ਕਈ ਹੋਰ ਸੈਨਿਕ ਇੰਸਟੀਚਿਊਟਸ ਆਫ ਮੈਨੇਜਮੈਂਟ ਐਂਡ ਟੈਕਨੋਲੋਜੀ ਦਾ ਨੋਡਲ ਆਫਿਸ ਵੀ ਹੈ ਤੇ ਆਈ. ਕੇ . ਜੀ . ਪੰਜਾਬ ਟੈਕਨੀਕਲ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਹੈ, ਵਿਖੇ ਚੱਲ ਰਹੇ ਮਾਸਟਰ ਆਫ ਸਾਇੰਸ ਇਨ ਆਈ.ਟੀ (ਐਲ.ਈ) ਦੇ ਚੌਥੇ ਸਮੈਸਟਰ ਦਾ ਨਤੀਜਾ 100 ਫੀਸਦੀ ਰਿਹਾ। ਕੈਂਪਸ ਡਾਇਰੈਕਟਰ ਕਮ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ ਕਮਾਂਡਰ ਬਲਜਿੰਦਰ ਵਿਰਕ ਨੇ ਦੱਸਿਆ ਕਿ ਐਮ.ਐਸ.ਸੀਆਈ.ਟੀ (ਐਲ.ਈ) ਦੇ ਚੌਥੇ ਸਮੈਸਟਰ ਵਿੱਚ ਸਾਕਸ਼ੀ ਸ਼ਰਮਾ ਨੇ 8.33 ਫੀਸਦੀ ਅੰਕ ਲੈ ਕੇ ਪਹਿਲਾ , ਆਂਚਲ ਰਾਣੀ ਅਤੇ ਗਗਨਦੀਪ ਕੌਰ ਨੇ 8.17 ਫੀਸਦੀ ਅੰਕ ਲੈ ਕੇ ਦੂਜਾ ਅਤੇ ਤਾਨੀਆ ਨੇ 7.83 ਫੀਸਦੀ ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ । ਇਨ੍ਹਾ ਸ਼ਾਨਦਾਰ ਨਤੀਜਿਆਂ ਲਈ ਸੈਨਿਕ ਇੰਸਟੀਚਿਊਟ ਕੈਂਪਸ ਡਾਇਰੈਕਟਰ-ਕਮ-ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ ਕਮਾਂਡਰ ਬਲਜਿੰਦਰ ਵਿਰਕ ਨੇ ਪ੍ਰਿੰਸੀਪਲ ਡਾ : ਪਰਮਿੰਦਰ ਕੌਰ ਸੈਣੀ, ਪ੍ਰੋ. ਰੀਤੂ ਤਿਵਾਰੀ, ਪ੍ਰੋ. ਸੁਖਵਿੰਦਰ ਸਿੰਘ, ਪ੍ਰੋ. ਜਸਵੀਰ ਸਿੰਘ, ਪ੍ਰੋ. ਚਾਂਦਨੀ ਸ਼ਰਮਾ, ਪ੍ਰੋ. ਸੰਦੀਪ ਕੌਰ, ਪ੍ਰੋ. ਸਿਮਰਨਜੋਤ ਸਿੰਘ ਅਤੇ ਪ੍ਰੋ. ਜਸਪ੍ਰੀਤ ਸਿੰਘ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਦੇ ਰੋਸ਼ਨ ਭਵਿੱਖ ਦੀ ਕਾਮਨਾ ਕੀਤੀ ।

# ਪੰਜਾਬ ਸਰਕਾਰ ਕੱਚੇ ਅਧਿਆਪਕਾਂ ਨੂੰ ਸਿਵਲ ਸਰਵਿਸਿਜ਼ ਨਿਯਮਾਂ ਅਧੀਨ ਰੈਗੂਲਰ ਕਰੇ : ਜੀ ਟੀ ਯੂ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਪੰਜਾਬ ਸਰਕਾਰ ਵੱਲੋਂ ਸਮੁੱਚੇ ਪੰਜਾਬ 'ਚ ਕੱਚੇ ਅਧਿਆਪਕਾਂ ਨੂੰ ਅੱਜ ਦਿੱਤੇ ਜਾ ਰਹੇ ਨਿਯੁਕਤੀ ਪੱਤਰ ਮਹਿਜ਼ ਪ੍ਰਾਪੇਗੰਡਾ ਸਟੰਟ ਹੈ ਅਤੇ ਕੱਚੇ ਅਧਿਆਪਕਾਂ ਨਾਲ ਕੀਤਾ ਜਾ ਰਿਹਾ ਕੋਝਾ ਮਜ਼ਾਕ ਹੈ। ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਆਗੂਆਂ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ, ਵਿੱਤ ਸਕੱਤਰ ਅਮਨਦੀਪ ਸ਼ਰਮਾ ਅਤੇ ਪ੍ਰੈਸ ਸਕੱਤਰ ਸੁਰਜੀਤ ਮੋਹਾਲੀ ਨੇ ਇਸ ਪ੍ਰਤੀ ਤਿੱਖੇ ਰੋਹ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਬਗੈਰ ਸਿਵਲ ਸਰਵਿਸ ਨਿਯਮ, ਬਗੈਰ ਪੈਨਸ਼ਨਰੀ ਲਾਭਾਂ ਤੋਂ ਕੇਵਲ ਤਨਖਾਹ ਵਾਧੇ ਨੂੰ ਰੈਗੂਲਰ ਕਹਿਣਾ ਸਰਕਾਰ ਦੇ ਝੂਠ ਦੀ ਫਰੇਬੀ ਨੀਤੀ ਤੋਂ ਵੱਧ ਕੁਝ ਵੀ ਨਹੀਂ। ਆਗੂਆਂ ਕਿਹਾ ਕਿ ਇਸ ਨੀਤੀ ਨਾਲ ਕੱਚੇ ਅਧਿਆਪਕਾਂ ਦੀ ਮਹਿਕਮੇ ਦੇ ਬਾਕੀ ਅਧਿਆਪਕਾਂ ਨਾਲੋਂ ਰੁਤਬਾ ਘਟਾਈ ਕੀਤੀ ਜਾ ਰਹੀ ਹੈ। ਕਿਉਂਕਿ ਇਨ੍ਹਾਂ ਅਧਿਆਪਕਾਂ ਨੂੰ ਮਹਿਕਮੇ ਵਿੱਚ ਪੜ੍ਹਾਉਂਦਿਆਂ 18-20 ਸਾਲ ਹੋ ਗਏ ਹਨ ਤੇ ਜਦੋਂ ਅਧਿਆਪਕ ਦੀ ਰੁਤਬਾ ਘਟਾਈ ਹੋ ਰਹੀ ਹੈ ਤਾਂ ਪੰਜਾਬ ਵਿੱਚ ਸਿੱਖਿਆ ਦਾ ਪੱਧਰ ਉੱਚਾ ਨਹੀਂ ਕੀਤਾ ਜਾ ਸਕਦਾ। ਪੰਜਾਬ ਸਰਕਾਰ ਵੱਲੋਂ ਅਧਿਆਪਕਾਂ ਅਤੇ ਮੁਲਾਜ਼ਮਾਂ ਨੂੰ ਪੂਰੇ ਤਨਖਾਹ ਸਕੇਲਾਂ ਵਿੱਚ ਰੈਗੂਲਰ ਕਰਨ ਦੀ ਰਵਾਇਤ ਨੂੰ ਤੋੜਦਿਆਂ ਇਨ੍ਹਾਂ ਅਧਿਆਪਕਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਜਿਸ ਨਾਲ ਲੋਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਪ੍ਰਭਾਵਿਤ ਹੋਣਗੀਆਂ ਅਤੇ ਸਕੂਲਾਂ ਵਿੱਚ ਸ਼ਾਂਤੀਪੂਰਨ ਵਿੱਦਿਅਕ ਮਾਹੌਲ ਦੀ ਸਿਰਜਣਾ ਨਹੀਂ ਕੀਤੀ ਜਾ ਸਕੇਗੀ। ਆਗੂਆਂ ਅੱਗੇ ਕਿਹਾ ਕਿ ਪਿਛਲੀਆਂ ਸਰਕਾਰਾਂ ਤੋਂ ਇਹ ਅਧਿਆਪਕ ਇਸ ਕਦਰ ਅੱਕ ਚੁੱਕੇ ਸਨ ਕਿ ਇਨ੍ਹਾਂ ਨੇ ਮਜ਼ਬੂਰੀ 'ਚ ਤਨਖਾਹ ਵਾਧੇ ਨੂੰ ਸਵੀਕਾਰ ਕੀਤਾ ਹੈ। ਪਰ ਮੁੱਖ ਮੰਤਰੀ ਸਾਹਿਬ ਨੂੰ ਪਿਛਲੇ ਸਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਤੇ ਆਪਣੇ ਐਲਾਨ 'ਤੇ ਖੜ੍ਹਨਾ ਚਾਹੀਦਾ ਹੈ, ਜਿਸ ਵਿੱਚ ਉਨ੍ਹਾਂ ਗੱਜ-ਵੱਜ ਕੇ ਇਨ੍ਹਾਂ ਅਧਿਆਪਕਾਂ ਨੂੰ ਰੈਗੂਲਰ ਕਰਨ ਦਾ ਐਲਾਨ ਕੀਤਾ ਸੀ। ਆਗੂਆਂ ਨੇ ਅੱਗੇ ਕਿਹਾ ਕਿ ਬਗੈਰ ਤਨਖਾਹ ਸਕੇਲ ਤੋਂ ਪੱਕੇ ਕਰਨ ਦਾ ਕੇਜਰੀਵਾਲ ਮਾਰਕਾ ਢੰਗ ਨਿੱਜੀਕਰਨ ਦੀ ਨਵੀਂ ਕਿਸਮ ਹੈ ਅਤੇ ਪੰਜਾਬ ਅਜਿਹਾ ਕਰਨ ਵਾਲਾ ਪਹਿਲਾ ਸੂਬਾ ਬਣਨ ਜਾ ਰਿਹਾ ਹੈ। ਪੰਜਾਬ ਸਰਕਾਰ ਨੇ ਇਹ ਕੰਮ ਕਰਕੇ ਮੁਲਾਜ਼ਮ ਵਿਰੋਧੀ ਨਵੀਂ ਪਿਰਤ ਪਾਈ ਹੈ। ਆਗੂਆਂ ਨੇ ਵਲੰਟੀਅਰ ਅਧਿਆਪਕਾਂ ਨੂੰ ਵੀ ਅਪੀਲ ਕੀਤੀ ਕਿ ਸਰਕਾਰ ਦੇ ਕਿਸੇ ਵੀ ਗੁੰਮਰਾਹਕੁੰਨ ਪ੍ਰਚਾਰ ਤੋਂ ਪ੍ਰਭਾਵਿਤ ਨਾ ਹੋਣ ਅਤੇ ਤਨਖਾਹ ਵਾਧਾ ਲੈ ਕੇ ਪੂਰੇ ਲਾਭਾਂ ਸਮੇਤ ਰੈਗੂਲਰ ਹੋਣ ਤੱਕ ਸੰਘਰਸ਼ ਦਾ ਰਸਤਾ ਫੜ ਕੇ ਰੱਖਣ। ਇਸ ਸਮੇਂ ਸਹਾਇਕ ਪ੍ਰੈਸ ਸਕੱਤਰ ਕਰਨੈਲ ਫਿਲੌਰ ਸਮੇਤ ਤੀਰਥ ਸਿੰਘ ਬਾਸੀ, ਮਨੋਹਰ ਲਾਲ ਸ਼ਰਮਾ, ਗੁਰਦੀਪ ਬਾਜਵਾ, ਬਲਵਿੰਦਰ ਸਿੰਘ ਭੁੱਟੋ, ਕੁਲਦੀਪ ਸਿੰਘ ਪੂਰੋਵਾਲ, ਗੁਰਪ੍ਰੀਤ ਅੰਮੀਵਾਲ, ਜੱਜਪਾਲ ਬਾਜੇਕੇ, ਹਰਿੰਦਰ ਬਰਨਾਲਾ, ਗੁਰਦਾਸ ਮਾਨਸਾ, ਸੁਭਾਸ਼ ਪਠਾਨਕੋਟ, ਸੁਖਚੈਨ ਕਪੂਰਥਲਾ, ਬੋਧ ਰਾਜ, ਪ੍ਰਭਜੀਤ ਸਿੰਘ ਰਸੂਲਪੁਰ, ਦੇਵੀ ਦਿਆਲ, ਸਤਵੰਤ ਸਿੰਘ, ਪੁਸ਼ਪਿੰਦਰ ਹਰਪਾਲਪੁਰ, ਜਗਜੀਤ ਸਿੰਘ ਮਾਨ, ਸੁੱਚਾ ਸਿੰਘ, ਪਰਮਜੀਤ ਸਿੰਘ ਸ਼ੋਰੇਵਾਲ, ਦਿਲਦਾਰ ਸਿੰਘ ਭੰਡਾਲ, ਮਨਜੀਤ ਬਰਾੜ, ਸਰਬਜੀਤ ਬਰਾੜ, ਰਵਿੰਦਰ ਸਿੰਘ ਪੱਪੀ, ਨਰਿੰਦਰ ਸਿੰਘ, ਦਿਲਬਾਗ ਸਿੰਘ ਆਦਿ ਹਾਜ਼ਰ ਸਨ।

# ਮਨੀਪੁਰ 'ਚ ਵਾਪਰੀਆਂ ਘਟਨਾਵਾਂ ਨੂੰ ਲੈ ਕੇ ਵੱਖ-ਵੱਖ ਥਾਵਾਂ 'ਤੇ ਰੋਸ ਰੈਲੀਆਂ




**ਜਲੰਧਰ (ਸ਼ੈਲੀ ਐਲਬਰਟ)**- ਅਸੀਂ ਮਨੀਪੁਰ ਰਾਜ ਦੀ ਮੰਦਭਾਗੀ ਸਥਿਤੀ ਬਾਰੇ ਬਹੁਤ ਚਿੰਤਾ ਜਤਾਉਂਦੇ ਹਾਂ। ਪਿਛਲੇ ਢਾਈ ਮਹੀਨਿਆਂ ਦੌਰਾਨ ਮਨੀਪੁਰ ਵਿੱਚ ਵੱਡੇ ਪੱਧਰ ਮਾਣਹਾਨੀ ਅਤੇ ਅਰਾਜਕਤਾ ਦੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਗਿਆ ਹੈ । ਖਾਸ ਤੌਰ 'ਤੇ ਘਾਟੀ ਖੇਤਰ ਦੇ ਬਾਹਰੀ ਇਲਾਕਿਆਂ 'ਚ ਹਿੰਸਾ ਲਗਾਤਾਰ ਜਾਰੀ ਹੈ । ਇਕੱਲੇ ਸਰਕਾਰੀ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ 160 ਤੋਂ ਵੱਧ ਵਿਅਕਤੀਆਂ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਹੈ, ਤਰ੍ਹਾਂ ਤਰ੍ਹਾਂ ਦੇ ਹਮਲੇ, ਸਾੜਨ ਜਾਂ ਵਿਗਾੜ ਕੇ ਮਾਰਨ ਦੀਆਂ ਘਟਨਾਵਾਂ ਵਾਪਰੀਆਂ ਹਨ ਅਤੇ ਚਰਚਾ / ਪੂਜਾ ਸਥਾਨਾਂ ਅਤੇ ਸੰਸਥਾਵਾਂ ਦੀ ਵੱਡੇ ਪੱਧਰ 'ਤੇ ਤਬਾਹੀ ਹੋਈ ਹੈ । ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਢਹਿ ਢੇਰੀ ਹੋਈ ਜਾਪਦੀ ਹੈ । ਸ਼ਾਂਤੀ ਲਈ ਪ੍ਰਾਰਥਨਾ ਕਰਨ ਤੋਂ ਇਲਾਵਾ, ਜਲੰਧਰ ਡਾਇਓਸਿਸ ਨੇ ਚਾਰ ਵੱਖ-ਵੱਖ ਥਾਵਾਂ 'ਤੇ ਰੋਸ ਰੈਲੀਆਂ ਆਯੋਜਿਤ ਕਰਨ ਦੀ ਪਹਿਲ ਕੀਤੀ ਹੈ : ਟ੍ਰਿਨਿਟੀ ਕਾਲਜ , ਚੋਗਿਟੀ ਜਲੰਧਰ , ਸੇਂਟ ਜੋਸਫ ਸਕੂਲ , ਫਿਰੋਜ਼ਪੁਰ ਕੈਂਟ ; ਸੇਂਟ ਟੇਰੇਸਾ ਚਰਚ , ਧਾਰੀਵਾਲ, ਗੁਰਦਾਸਪੁਰ ਅਤੇ ਸੇਂਟ ਫਰਾਂਸਿਸ ਸਕੂਲ , ਅੰਮ੍ਰਿਤਸਰ । ਅਸੀਂ ਸਾਰੀਆਂ ਨੇਕ ਇਰਾਦੇ ਵਾਲੇ ਆਦਮੀ ਔਰਤਾਂ ਨੂੰ ਅਪੀਲ ਕਰਦੇ ਹਾਂ ਸ਼ਾਂਤੀ ਰੈਲੀਆਂ ਵਿੱਚ ਸਾਡੇ ਨਾਲ ਸ਼ਾਮਲ ਹੋਣ । ਅਸੀਂ ਭਾਰਤ ਦੇ ਰਾਸ਼ਟਰਪਤੀ, ਪੰਜਾਬ ਦੇ ਰਾਜਪਾਲ, ਰਾਸ਼ਟਰੀ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਅਤੇ ਸਾਰੇ ਜ਼ਿਲ੍ਹਾ ਕੁਲੈਕਟਰਾਂ ਨੂੰ ਇਕ ਮੈਮੋਰੰਡਮ ਭੇਜਣ ਦੀ ਯੋਜਨਾ ਬਣਾ ਰਹੇ ਹਾਂ।

# ਅੱਜ ਦੇਸ਼ ਚਿੰਤਾਜਨਕ ਸਥਿਤੀ 'ਚੋਂ ਗੁਜ਼ਰ ਰਿਹਾ : ਛਾਂਗਾਰਾਏ



**ਜਲੰਧਰ ( ਰਾਜੇਸ਼ ਥਾਪਾ)**- ਨੌਜਵਾਨਾਂ ਨੂੰ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰਦਿਆਂ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾਈ ਜਨਰਲ ਸਕੱਤਰ ਚਰਨਜੀਤ ਸਿੰਘ ਛਾਂਗਾਰਾਏ ਨੇ ਕਿਹਾ ਕਿ ਨੌਜਵਾਨ ਸਭਾ ਦਾ ਆਪਣੇ ਜਨਮ ਤੋਂ ਹੁਣ ਤੱਕ ਪ੍ਰਾਪਤੀਆਂ ਦਾ ਸ਼ਾਨਾਮੱਤਾ ਇਤਿਹਾਸ ਹੈ। ਇਸ ਨੇ ਅਜ਼ਾਦੀ ਤੋਂ ਬਾਅਦ ਦੇਸ਼ ਨੂੰ ਅਸਲੀ ਵਿਕਾਸ ਦੀਆਂ ਲੀਹਾਂ 'ਤੇ ਤੋਰਨ ਲਈ ਸੰਘਰਸ਼ ਕੀਤਾ ਹੈ। ਇਸ ਨੇ ਦੇਸ਼ ਨੂੰ ਉੱਘੇ ਇਮਾਨਦਾਰ ਆਗੂ, ਸਮਾਜ ਸੁਧਾਰਕ, ਸਾਹਿਤਕ ਹਸਤੀਆਂ ਅਤੇ ਕਲਾਕਾਰ ਦਿੱਤੇ ਹਨ। ਜਿਨ੍ਹਾਂ ਮਹਾਨ ਸ਼ਹੀਦਾਂ ਨੇ ਆਪਣੀਆਂ ਕੀਮਤੀ ਜਾਨਾਂ ਕੁਰਬਾਨ ਕਰਕੇ ਦੇਸ਼ ਨੂੰ ਅਜ਼ਾਦ ਕਰਵਾਇਆ ਸੀ, ਸਮੇਂ ਦੀਆਂ ਸਰਕਾਰਾਂ ਨੇ ਉਨ੍ਹਾਂ ਮਹਾਨ ਸਪੂਤਾਂ ਨੂੰ ਭੁੱਲ ਕੇ ਉਨ੍ਹਾਂ ਦੀ ਸੋਚ ਦੇ ਉਲਟ ਲੋਕ ਵਿਰੋਧੀ ਨੀਤੀਆਂ ਲਾਗੂ ਕੀਤੀਆਂ। ਸੂਬਾਈ ਆਗੂ ਨੇ ਅੱਗੇ ਕਿਹਾ ਕਿ ਅੱਜ ਦੇਸ਼ ਜਿਸ ਸਥਿਤੀ ਵਿਚੋਂ ਗੁਜ਼ਰ ਰਿਹਾ ਹੈ ਉਹ ਬਹੁਤ ਚਿੰਤਾਜਨਕ ਹੈ। ਭਾਰਤ ਨੌਜਵਾਨਾਂ ਦਾ ਦੇਸ਼ ਹੈ, ਅਤੇ ਉਨ੍ਹਾਂ ਲਈ ਕੋਈ ਠੋਸ ਰੁਜ਼ਗਾਰ ਦਾ ਪ੍ਰੋਗਰਾਮ ਨਾ ਹੋਣ ਕਾਰਨ ਨੌਜਵਾਨ ਹੀ ਅੱਜ ਇਥੇ ਸਭ ਤੋਂ ਵੱਧ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਸੂਬਾ ਸਕੱਤਰ ਨੇ ਅੱਗੇ ਕਿਹਾ ਕਿ ਸਰਬ ਭਾਰਤ ਨੌਜਵਾਨ ਸਭਾ ਨੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਨਾਲ ਮਿਲ ਕੇ ਪੰਜਾਬ ਵਿੱਚ ਰੁਜ਼ਗਾਰ ਪ੍ਰਾਪਤੀ ਮੁਹਿੰਮ ਚਲਾਈ ਹੈ, ਜੋ ਹਰ ਇਕ ਲਈ ਰੁਜ਼ਗਾਰ ਦੀ ਗਰੰਟੀ ਲਈ ਸੰਘਰਸ਼ ਕਰ ਰਹੀ ਅਤੇ ਬੇਰੁਜ਼ਗਾਰ ਜਵਾਨੀ ਅਤੇ ਉਨ੍ਹਾਂ ਦੇ ਮਾਪਿਆਂ ਅੰਦਰ ਇਕ ਆਸ ਦੀ ਕਿਰਨ ਜਗਾਈ ਹੈ। ਰੁਜ਼ਗਾਰ ਪ੍ਰਾਪਤੀ ਮੁਹਿੰਮ ਦੀ ਲੜੀ ਤਹਿਤ ਹਰ ਇਕ ਲਈ ਰੁਜ਼ਗਾਰ ਦੀ ਗਰੰਟੀ ਕਰਦੇ ਪ੍ਰੋਗਰਾਮ ਬਨੇਗਾ ਭਾਵ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਨੂੰ ਦੇਸ਼ ਦੀ ਪਾਰਲੀਮੈਂਟ ਵਿੱਚੋਂ ਪਾਸ ਕਰਵਾਉਣ ਲਈ ਸੰਘਰਸ਼ ਕੀਤਾ ਜਾ ਰਿਹਾ ਹੈ। ਸੂਬਾਈ ਆਗੂ ਨੇ ਹਾਜ਼ਰ ਨੌਜਵਾਨਾਂ ਨੂੰ ਸੱਦਾ ਦਿੰਦਿਆਂ ਕਿਹਾ ਉਹ ਵੱਧ ਤੋਂ ਵੱਧ ਅਤੇ ਤਨ ਮਨ ਅਤੇ ਧਨ ਨਾਲ ਸਰਬ ਭਾਰਤ ਨੌਜਵਾਨ ਸਭਾ ਦੇ ਮੈਂਬਰ ਬਣਨ ਅਤੇ ਬਨੇਗਾ ਦੀ ਪ੍ਰਾਪਤੀ ਲਈ ਸੰਘਰਸ਼ ਕਰਨ। ਸਰਬ ਭਾਰਤ ਨੌਜਵਾਨ ਸਭਾ ਤੇ ਏ ਆਈ ਐਸ ਐਫ ਵੱਲੋਂ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ 'ਤੇ 28 ਸਤੰਬਰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਬਾਵਰਦੀ ਸੰਮੇਲਨ ਕੀਤਾ ਜਾ ਰਿਹਾ ਹੈ ਜਿਸ ਵਿੱਚ 200 ਤੋਂ ਵਧੇਰੇ ਨੌਜਵਾਨ ਪਹੁੰਚਣਗੇ। ਅੰਤ 11 ਮੈਂਬਰੀ ਕਮੇਟੀ ਨੇ ਪ੍ਰਧਾਨ ਪ੍ਰਿਅੰਕਾ ਸੰਧੂ, ਸਕੱਤਰ ਸੰਦੀਪ ਦੌਲੀਕੇ, ਮੀਤ ਪ੍ਰਧਾਨ ਸੋਮਨਾਥ ਜਲੰਧਰ ਸ਼ਹਿਰ, ਮੀਤ ਸਕੱਤਰ ਕਰਨ ਕਰਤਾਰਪੁਰ ਤੇ ਖਜ਼ਾਨਚੀ ਅਭੀ ਸੰਧੂ ਮਹਿਤਪੁਰ ਚੁਣੇ ਗਏ। ਕਾਨਫਰੰਸ ਨੂੰ ਵਿਸ਼ੇਸ਼ ਤੌਰ 'ਤੇ ਸਰਬ ਭਾਰਤ ਨੌਜਵਾਨ ਸਭਾ ਦੇ ਕੁੱਲ ਹਿੰਦ ਸਾਬਕਾ ਪ੍ਰਧਾਨ ਪਿਰਥੀਪਾਲ ਸਿੰਘ ਮਾੜੀਮੇਘਾ, ਰਜਿੰਦਰ ਮੰਡ ਐਡਵੋਕੇਟ, ਚਰਨਜੀਤ ਸਿੰਘ ਥੰਮੂਵਾਲ, ਰਜੇਸ਼ ਥਾਪਾ, ਅਵਤਾਰ ਸਿੰਘ ਤਾਰੀ, ਗੁਰਮੁਖ ਸਿੰਘ, ਸੌਦਾਗਰ ਸਿੰਘ ਤੇ ਕੁਲਵੰਤ ਸਿੰਘ ਕਾਕਾ ਨੇ ਵੀ ਸੰਬੋਧਨ ਕੀਤਾ।

# ਮਨੀਪੁਰ ਸਰਕਾਰ ਦੀ ਨਲਾਇਕੀ ਕਾਰਨ ਦੇਸ਼ ਦਾ ਸਿਰ ਸ਼ਰਮ ਨਾਲ ਝੁਕਿਆ



**ਕਾਲਾ ਸੰਘਿਆਂ (ਮਨਜੀਤ ਮਾਨ)**-ਮਨੀਪੁਰ ਵਿੱਚ ਨਾਰੀ ਜਾਤੀ ਦੇ ਹੋਏ ਅਪਮਾਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਦੁਆਬਾ ਮੈਡੀਕਲ ਪ੍ਰੈਕਟੀਸਨਰਜ ਐਸੋਸੀਏਸਨ ਦੇ ਜ਼ਿਲ੍ਹਾ ਪ੍ਰਧਾਨ ਡਾਕਟਰ ਰਾਜੀਵ ਸਰਮਾ ਅਤੇ ਉਪ ਪ੍ਰਧਾਨ ਭਗਵਾਨ ਦਾਸ ਲਾਲਕਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਕਰਦਿਆਂ ਜਥੇਬੰਦੀ ਦੇ ਮੁੱਖ ਬੁਲਾਰੇ ਮਨੀਸ ਕੁਮਾਰ ਤੇ ਬਲਾਕ ਵਾਇਸ ਪ੍ਰਧਾਨ ਭਗਵਾਨ ਦਾਸ ਲਾਲਕਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕੇ ਮਨੀਪੁਰ ਵਿੱਚ ਬੀਤੇ ਦਿਨੀਂ ਔਰਤ ਜਾਤੀ ਦਾ ਜੋ ਅਪਮਾਨ ਹੋਇਆ ਹੈ ਉਹ ਸਭ ਕੁਝ ਮਨੀਪੁਰ ਦੀਆਂ ਸਰਕਾਰਾਂ ਦੀ ਨਾਲਾਇਕੀ ਦੇ ਕਰਕੇ ਹੋਇਆ ਹੈ ਉਸ ਤੇ ਸਮੂਹ ਪੰਜਾਬ ਅਤੇ ਸਾਰੇ ਭਾਰਤ ਦੇਸ ਦਾ ਸਿਰ ਸਰਮ ਨਾਲ ਝੁਕ ਗਿਆ ਹੈ । ਜੇਕਰ ਭਾਰਤ ਵਰਗੇ ਨਾਰੀ ਪ੍ਰਧਾਨ ਦੇਸ ਦਾ ਇਹ ਹਾਲ ਹੈ ਤਾਂ ਸਾਨੂੰ ਡੁੱਬ ਕੇ ਮਰ ਜਾਣਾ ਚਾਹੀਦਾ ਹੈ ਅਤੇ ਆਪਣੀਆਂ ਧੀਆਂ ਭੈਣਾਂ ਦੀ ਸੁਰੱਖਿਆ ਲਈ ਕੁਝ ਹੋਰ ਸੋਚਣ ਲਈ ਮਜਬੂਰ ਹੋਣਾ ਚਾਹੀਦਾ ਹੈ ਜਿਸ ਨਾਲ ਉਹ ਸਮਾਜ ਦੇ ਵਿੱਚ ਇੱਜਤ ਮਾਣ ਦੀ ਜ਼ਿੰਦਗੀ ਜੀਅ ਸਕਣ। ਉਨ੍ਹਾਂ ਨੇ ਦੱਸਿਆ ਜਥੇਬੰਦੀ ਦੇ ਆਗੂਆਂ ਨੇ ਇਹ ਫੈਸਲਾ ਕੀਤਾ ਹੈ ਜੇਕਰ ਮਨੀਪੁਰ ਦੇ ਇਸ ਹਿੰਸਕ ਅਤੇ ਨਿੰਦਕ ਘਟਨਾ ਤੇ ਕੇਂਦਰ ਸਰਕਾਰ ਅਗਰ ਸਖਤ ਕਦਮ ਨਹੀਂ ਚੁੱਕੇਗੀ ਤਾਂ ਜਥੇਬੰਦੀ ਆਉਣ ਵਾਲੇ ਦਿਨਾਂ ਦੇ ਵਿੱਚ ਸੜਕਾਂ ਤੇ ਉਤਰੇਗੀ ਡਾਕਟਰ ਰਾਜੀਵ ਸਰਮਾ ਦੇ ਅਨੁਸਾਰ ਅਸੀਂ ਪੂਰਨ ਨਾਰੀ ਜਾਤੀ ਦਾ ਸਤਿਕਾਰ ਕਰਦੇ ਹਾਂ ਅਤੇ ਗੁਰੂ ਨਾਨਕ ਦੇਵ ਜੀ ਦੇ ਵਚਨਾਂ ਦੇ ਅਨੁਸਾਰ ਸੋ ਕਿਉਂ ਮੰਦਾ ਆਖਿਆ ਜਿਤੁ ਜੰਮਹਿ ਰਾਜਾਨ ਸ਼ਬਦਾਂ ਦੀ ਪਾਲਣਾ ਕਰਦੇ ਹਾਂ। ਅਤੇ ਸਮਾਜ ਵਿੱਚ ਔਰਤਾਂ ਉਪਰ ਹੋ ਰਹੇ ਅਤਿਆਚਾਰਾਂ ਦਾ ਵਿਰੋਧ ਕਰਦੇ ਹੋਏ ਭਾਵੇਂ ਉਹ ਭਰੂਣ ਹੱਤਿਆ ਹੋਵੇ ਜਾਂ ਭਰੂਣ ਜਾਂਚ ਹੋਵੇ ਮਨੀਪੁਰ ਦੀ ਘਟਨਾ ਨਾ ਮਾਫੀ ਯੋਗ ਹੈ ਨਾ ਭੁੱਲਣਯੋਗ ਹੈ।ਇਸ ਦੁਖਦਾਈ ਘਟਨਾ ਦਾ ਪੂਰਨ ਤੌਰ ਤੇ ਵਿਰੋਧ ਕਰਦੇ ਮੈਡੀਕਲ ਪ੍ਰੈਕਟੀਸਨਰਜ ਐਸੋਸੀਏਸਨ ਦੇ ਸਾਰੇ ਕਮੇਟੀ ਮੈਂਬਰਾਂ ਨੇ ਇਸ ਦੁਖਦਾਇਕ ਘਟਨਾ ਤੇ ਆਪਣਾ ਰੋਸ ਪ੍ਰਗਟਾਇਆ ਮੌਜੂਦਾ ਸੂਬਾ ਆਪ ਸਰਕਾਰ ਕੋਲੋਂ ਅਪੀਲ ਕਰਦਿਆਂ ਦੋਸੀਆਂ ਨੂੰ ਸਖਤ ਸਜਾਵਾਂ ਦਿੱਤੀਆ ਜਾਣ ਅਤੇ ਨਾਰੀ ਜਾਤੀ ਦਾ ਮਾਣ ਸਤਿਕਾਰ ਵਧਾਇਆ ਜਾਵੇ ਨਹੀ ਤਾਂ ਆਉਣ ਵਾਲੇ ਸਮੇਂ ਵਿੱਚ ਜਥੇਬੰਦੀ ਇਸ ਘਟਨਾ ਦੇ ਵਿਰੋਧ ਦੇ ਵਿੱਚ ਸੰਘਰਸ ਕਰਨ ਲਈ ਮਜਬੂਰ ਹੋ ਜਾਵੇਗੀ। ਇਸ ਮੌਕੇ ਤੇ ਐਸੋਸੀਏਸਨ ਦੇ , ਸਕੱਤਰ ਸੁਰਜੀਤ ਸਿੰਘ , ਪਲਵਿੰਦਰ ਸਿੰਘ ,ਬਲੌਰ ਖਾਨ, ਸਤਪਾਲ , ਸੁਸੀਲ ਵਰਮਾ ,ਹਰਜੀਤ ਸਿੰਘ ਅਤੇ ਸੁਖਜਿੰਦਰ ਮੱਟੂ , ਬਲਬੀਰ ਸਿੰਘ , ਬਲਬੀਰ ਥਾਪਰ ਤੋਂ ਇਲਾਵਾ ਹੋਰ ਆਗੂ ਇਸ ਮੌਕੇ ਹਾਜ਼ਰ ਸਨ।

# ਲਾਇਨਜ਼ ਕਲੱਬ ਵੱਲੋਂ ਬੂਟੇ ਲਗਾਉਣ ਦੀ ਮੁਹਿੰਮ ਸ਼ੁਰੂ



**ਆਦਮਪੁਰ ( ਪਰਮਜੀਤ ਸਿੰਘ )**- ਲਾਇਨਜ਼ ਕਲੱਬ ਇੰਟਰਨੈਸਨਲ ਵੱਲੋਂ ਮਨਾਏ ਜਾ ਰਹੇ ਵਾਤਾਵਰਣ ਹਫਤਾ ਮੁਹਿੰਮ ਅਧੀਨ ਅੱਜ ਲਾਇਨਜ਼ ਕਲੱਬ ਆਦਮਪੁਰ ਦੋਆਬਾ ਵੱਲੋਂ ਪ੍ਰਧਾਨ ਅਕਸਰਦੀਪ ਸ਼ਰਮਾ ਦੀ ਪ੍ਰਧਾਨਗੀ ਅਤੇ ਪ੍ਰੋਜੈਕਟ ਚੇਅਰਮੈਨ ਗੁਰਮੀਤ ਸਿੰਘ ਬੋਪਾਰਾਏ ਅਤੇ ਰਿਸ਼ੀ ਗੁਪਤਾ ਦੀ ਦੇਖ ਰੇਖ ਹੇਠ ਵੱਖ ਵੱਖ ਸਕੂਲਾਂ ਅਤੇ ਪਾਰਕਾਂ ਵਿੱਚ ਕਰੀਬ ਸੱਤਰ ਬੂਟੇ ਲਗਾਏ ਗਏ। ਕਲੱਬ ਸਕੱਤਰ ਜੈਮਿਨੀ ਜੱਗੀ, ਖਜ਼ਾਨਚੀ ਰਾਜੀਵ ਸਿੰਗਲਾ ਅਤੇ ਪੀ.ਆਰ.ਓ ਅੱਗਰਵਾਲ ਨੇ ਦੱਸਿਆ ਕਿ ਵਾਤਾਵਰਣ ਨੂੰ ਸ਼ੁੱਧ ਅਤੇ ਲੋਕਾਂ ਨੂੰ ਇਸ ਸੰਬੰਧੀ ਜਾਗਰੂਕ ਕਰਨ ਦੇ ਉਦੇਸ਼ ਨਾਲ ਖਾਸ ਤੌਰ 'ਤੇ ਇਸ ਮੁਹਿੰਮ ਨੂੰ ਸਕੂਲਾਂ ਵਿੱਚ ਸ਼ੁਰੂ ਕੀਤਾ ਗਿਆ ਹੈ ਜਿੱਥੇ ਅੱਜ ਕਲੱਬ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗਾਜੀਪੁਰ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਡਮੁੰਡਾ ਵਿਖੇ ਬੱਚਿਆਂ ਦੀ ਸ਼ਿਰਕਤ ਨਾਲ ਬੂਟੇ ਲਗਾਏ ਗਏ ਅਤੇ ਇਨ੍ਹਾਂ ਨੂੰ ਪਾਲਣ ਦੀ ਜ਼ਿੰਮੇਵਾਰੀ ਵੀ ਸਕੂਲ ਪ੍ਰਬੰਧਕਾਂ ਦੇ ਸਹਿਯੋਗ ਨਾਲ ਬੱਚਿਆਂ ਨੂੰ ਸੌਂਪੀ ਗਈ। ਇਸ ਦੇ ਨਾਲ ਨਾਲ ਅੱਜ ਕੁਝ ਚੁਣਵੇਂ ਥਾਵਾਂ 'ਤੇ ਜਿੱਥੇ ਕਿਸੇ ਵੀ ਵਿਅਕਤੀ ਵੱਲੋਂ ਉਨ੍ਹਾਂ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਲਈ ਗਈ ਹੈ ਤੇ ਵੀ ਮੈਡੀਕੇਟਡ ਫਲਾਂ ਵਾਲੇ ਬੂਟੇ ਲਗਾਏ ਹਨ। ਇਸ ਮੌਕੇ ਪ੍ਰਧਾਨ ਅਕਸਰਦੀਪ ਸ਼ਰਮਾ ਨੇ ਸਭਨਾਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਕੁਝ ਸਾਲ ਪਹਿਲਾਂ ਉਸ ਸਮੇਂ ਦੇ ਪ੍ਰਧਾਨ ਰਾਜ ਕੁਮਾਰ ਪਾਲ ਵੱਲੋਂ ਅਲਾਵਲਪੁਰ ਰੋਡ 'ਤੇ ਹਰਮੇਸ਼ ਲਾਲ ਦੀ ਦੇਖ ਰੇਖ ਲਗਾਏ ਬੂਟਿਆਂ ਨੂੰ ਉਨ੍ਹਾਂ ਵੱਲੋਂ ਪਾਲਣ ਤੇ ਅੱਜ ਨਿੰਬੂ, ਔਲੇ ਸਮੇਤ ਹੋਰ ਬੂਟੇ ਫਲਾਂ ਨਾਲ ਭਰ ਚੁੱਕੇ ਹਨ ਤੇ ਹਰਮੇਸ਼ ਲਾਲ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਕਲੱਬ ਦੀ ਤਾਜਪੋਸ਼ੀ ਸਮਾਗਮ ਵਿਚ ਵਿਸ਼ੇਸ਼ ਮਹਿਮਾਨ ਵਜੋਂ ਸਨਮਾਨਤ ਕੀਤਾ ਜਾਵੇਗਾ। ਕਲੱਬ ਵੱਲੋਂ ਇਹ ਮੁਹਿੰਮ ਲਗਾਤਾਰ ਜਾਰੀ ਰਹੇਗੀ ਤੇ ਜੀ ਵੀ ਬੂਟੇ ਲਗਵਾ ਪਾਲਣ ਦੀ ਜ਼ਿੰਮੇਵਾਰੀ ਲਵੇਗਾ ਉੱਥੇ ਕਲੱਬ ਵੱਲੋਂ ਬੂਟੇ ਅਗਾਂਹ ਵੀ ਲਗਾਏ ਜਾਣਗੇ। ਇਸ ਮੌਕੇ ਸਕੂਲ ਪ੍ਰਿੰਸੀਪਲ ਰਾਮ ਆਸਰਾ ਅਤੇ ਸੁਬੇਗ ਸਿੰਘ ਨੇ ਕਲੱਬ ਦੇ ਉਦਮ ਦੀ ਸ਼ਲਾਘਾ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਲਾਇਨਜ਼ ਆਈ ਹਸਪਤਾਲ ਦੇ ਚੇਅਰਮੈਨ ਦਸਵਿੰਦਰ ਕੁਮਾਰ, ਰਘੂਵੀਰ ਸਿੰਘ ਵਿਰਦੀ, ਸੁਸ਼ੀਲ ਡੋਗਰਾ, ਖੜਕ ਸਿੰਘ, ਅਮਿਤਾਭ ਕਰਵਲ ਅਤੇ ਹੋਰ ਲਾਇਨ ਮੈਂਬਰ ਹਾਜ਼ਰ ਸਨ।

# ਪੱਤਰਕਾਰ ਫੌਜੀ ਦੇ ਪਿਤਾ ਦੇ ਦੇਹਾਂਤ 'ਤੇ ਜਰਨਲਿਸਟ ਪ੍ਰੈੱਸ ਕਲੱਬ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ



**ਕਪੂਰਥਲਾ (ਪ੍ਰੀਤ ਸੰਗੋਜਲਾ)**- ਜਰਨਲਿਸਟ ਪ੍ਰੈਸ ਕਲੱਬ ਰਜਿ ਪੰਜਾਬ ਦੇ ਜ਼ਿਲ੍ਹਾ ਜੁਆਇੰਟ ਸਕੱਤਰ ਤੇ ਚੜ੍ਹਦੀ ਕਲਾ ਟਾਈਮ ਟੀ ਵੀ, ਸਪੈਸ਼ਲ ਨਿਊਜ਼ ਪੰਜਾਬੀ ਦੇ ਚੀਫ ਐਡੀਟਰ, ਕੇ ਟੀ ਵੀ ਪੰਜਾਬ ਦੇ ਪੱਤਰਕਾਰ ਜਤਿੰਦਰ ਸਿੰਘ ਫੌਜੀ ਨੂੰ ਉਸ ਵਕਤ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਸਤਿਕਾਰਯੋਗ ਪਿਤਾ ਜੀ ਬਾਬਾ ਜਗੀਰ ਸਿੰਘ ਦਾ ਅਚਾਨਕ ਦੇਹਾਂਤ ਹੋ ਗਿਆ। ਬਾਬਾ ਜਗੀਰ ਸਿੰਘ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਕਿਸ਼ਨ ਸਿੰਘ ਵਾਲਾ ਵਿਖੇ ਕਰ ਦਿੱਤਾ ਗਿਆ। ਪਰਵਾਰਕ ਮੈਂਬਰਾਂ ਅਨੁਸਾਰ ਬਾਬਾ ਜਗੀਰ ਸਿੰਘ ਨਮਿਤ ਅੰਤਿਮ ਅਰਦਾਸ ਅਤੇ ਪਾਠ ਦਾ ਭੋਗ 5 ਅਗਸਤ ਨੂੰ ਪਿੰਡ ਕਿਸ਼ਨ ਸਿੰਘ ਵਾਲਾ ਕਪੂਰਥਲਾ ਵਿਖੇ ਹੋਵੇਗਾ। ਇਸ ਮੌਕੇ ਜਨਰਲਿਸਟ ਪ੍ਰੈਸ ਕਲੱਬ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਮਾਨ, ਜ਼ਿਲ੍ਹਾ ਪ੍ਰਧਾਨ ਪ੍ਰੀਤ ਸੰਗੋਜਲਾ, ਜ਼ਿਲ੍ਹਾ ਚੇਅਰਮੈਨ ਜੋਗਿੰਦਰ ਸਿੰਘ ਜਾਤੀਕੇ, ਜਨਰਲ ਸਕੱਤਰ ਸੁਖਵਿੰਦਰ ਸੋਹੀ, ਤਰਲੋਚਨ ਸਿੰਘ ਚਾਹਲ, ਪੱਤਰਕਾਰ ਬਰਿੰਦਰ ਚਾਨਾ, ਪੱਤਰਕਾਰ ਗੌਰਵ ਮੜ੍ਹੀਆਂ, ਸੁਰਜੀਤ ਸਿੰਘ ਗੋਰਾ, ਪੱਤਰਕਾਰ ਰਾਜਿੰਦਰ ਸ਼ਰਮਾ, ਪੱਤਰਕਾਰ ਹਰਪ੍ਰੀਤ ਮੱਟੂ, ਪੱਤਰਕਾਰ ਸੁਰਿੰਦਰ ਸਭਰਵਾਲ, ਪੱਤਰਕਾਰ ਪਵਨ ਕੌਸ਼ਲ , ਚਰਨਜੀਤ ਹੰਸ ਸੀਨੀਅਰ ਕਾਂਗਰਸੀ ਆਗੂ, ਬਲਾਕ ਸੰਮਤੀ ਮੈਂਬਰ ਬੱਬੂ ਖੈੜਾ, ਹਰਸ਼ਦੀਪ ਸਿੰਘ ਟਾਂਡੀ, ਵਰਿੰਦਰ ਸਿੰਘ, ਹੈਪੀ ਖੀਰਾਂਵਾਲੀ, ਸਾਬੀ ਉੱਚਾ, ਪ੍ਰਿੰਸ ਸਟੂਡੀਓ, ਅਤੇ ਨਗਰ ਨਿਵਾਸੀ ਅਤੇ ਇਲਾਕਾ ਨਿਵਾਸੀਆਂ ਨੇ ਜਤਿੰਦਰ ਸਿੰਘ ਫੌਜੀ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

# ਨੈਣੋਵਾਲ ਵੈਦ ਦੇ ਪੁਲ ਤੇ ਟੁੱਟੀ ਸੜਕ ਦੇ ਰਹੀ ਹਾਦਸੇ ਨੂੰ ਸੱਦਾ



**ਅੱਡਾ ਸਰਾਂ (ਜਸਵੀਰ ਕਾਜਲ)**-ਟਾਂਡਾ ਤੋਂ ਹੁਸ਼ਿਆਰਪੁਰ ਨੂੰ ਜਾ ਰਹੀ ਨੈਸ਼ਨਲ ਹਾਈਵੇਜ ਰੋਡ 'ਤੇ ਅੱਡਾ ਸਰਾਂ ਨਜ਼ਦੀਕ ਨੈਣੋਵਾਲ ਵੈਂਦ ਦੇ ਪੁਲ ਤੇ ਸੜਕ ਤੇ ਬਹੁਤ ਡੂੰਘੇ ਖੱਡੇ ਪਏ ਹਨ । ਜਿਸ ਨਾਲ ਕੋਈ ਦੁਰਘਟਨਾ ਵਾਪਰ ਸਕਦੀ ਹੈ । ਜਦੋਂ ਬਾਰਸ਼ ਹੁੰਦੀ ਹੈ ਤਾਂ ਇਨ੍ਹਾਂ ਖਡਿਆਂ ਵਿੱਚ ਪਾਣੀ ਭਰ ਜਾਂਦਾ ਹੈ ਅਤੇ ਖਡਿਆਂ ਦਾ ਪਤਾ ਨਹੀਂ ਰਾਹਗੀਰਾਂ ਨੂੰ ਲੱਗਦਾ ਹੈ ਅਤੇ ਇਸ ਪੁਲ ਤੇ ਰਾਤ ਨੂੰ ਕੋਈ ਲਾਈਟਾਂ ਵੀ ਨਹੀਂ ਲੱਗੀਆ ਹਨ ਅਤੇ ਹਨੇਰੇ ਵਿੱਚ ਰਾਹਗੀਰਾਂ ਨੂੰ ਆਪਣੇ ਵਾਹਨਾਂ ਚਲਾਉਣ ਲਈ ਵੀ ਇਸ ਪੁਲ ਤੋਂ ਲਗਣਾ ਪ੍ਰੇਸ਼ਾਨੀ ਦਾ ਸ਼ਿਕਾਰ ਬਣਨਾ ਪੈਂਦਾ ਹੈ। ਇਲਾਕੇ ਦੇ ਲੋਕਾਂ ਅਤੇ ਰਾਹਗੀਰਾਂ ਸਰਕਾਰ ਤੋਂ ਮੰਗ ਹੈ ਕਿ ਇਸ ਸਮੱਸਿਆ ਵੱਲ ਧਿਆਨ ਦਿੱਤਾ ਜਾਵੇ ਅਤੇ ਰਾਹਗੀਰਾਂ ਨੂੰ ਸਮੱਸਿਆ ਤੋਂ ਨਿਯਾਤ ਮਿਲ ਸਕੇ ਤਾਂ ਜੋ ਕੋਈ ਵੀ ਅਣ ਸੁਖਾਵੀ ਘਟਨਾ ਤੋਂ ਬਚਿਆ ਜਾ ਸਕੇ!

# ਛਿੰਦਾ ਦੀ ਮੌਤ 'ਤੇ ਮਹਾਰਾਜ ਜੱਸਾ ਸਿੰਘ ਰਾਮਗੜ੍ਹੀਆ ਵੈਲਫੇਅਰ ਸੁਸਾਇਟੀ ਵੱਲੋਂ ਦੁੱਖ ਦਾ ਪ੍ਰਗਟਾਵਾ

**ਕਰਤਾਰਪੁਰ (ਹਰਮੇਸ਼ ਦੱਤ)** ਸ਼੍ਰੋਮਣੀ ਲੋਕ ਗਾਇਕ ਸੁਰਿੰਦਰ ਪਾਲ ਧਾਮੀ (ਸੁਰਿੰਦਰ ਛਿੰਦਾ) ਦੇ ਅਕਾਲ ਚਲਾਣਾ ਕਰ ਜਾਣ 'ਤੇ ਮਹਾਰਾਜ ਜੱਸਾ ਸਿੰਘ ਰਾਮਗੜ੍ਹੀਆ ਵੈਲਫੇਅਰ ਸੁਸਾਇਟੀ (ਰਜਿ:) ਕਰਤਾਰਪੁਰ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਸਰਪ੍ਰਸਤ ਸੇਵਾ ਸਿੰਘ ਨੇ ਕਿਹਾ ਕਿ ਸੁਰਿੰਦਰ ਛਿੰਦਾ ਜੋ ਕਿ ਰਾਮਗੜ੍ਹੀਆ ਬਰਾਦਰੀ ਨਾਲ ਸੰਬੰਧਤ ਸੀ, ਨੇ ਆਪਣੀ ਗਾਇਕੀ ਨਾਲ ਜਿੱਥੇ ਸੰਸਾਰ ਦੇ ਹਰ ਕੋਨੇ ਵਿੱਚ ਆਪਣਾ ਨਾਂਅ ਕੀਤਾ ਉੱਥੇ ਹੀ ਰਾਮਗੜ੍ਹੀਆ ਸਮਾਜ ਦੀ ਸ਼ਾਨ ਵੀ ਵਧਾਈ। ਸਭਾ ਦੇ ਪ੍ਰਧਾਨ ਸਤਨਾਮ ਸਿੰਘ ਵਿਰਦੀ ਨੇ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਮਹਾਰਾਜ ਜੱਸਾ ਸਿੰਘ ਰਾਮਗੜ੍ਹੀਆ ਵੈਲਫੇਅਰ ਸੁਸਾਇਟੀ ਸੁਰਿੰਦਰ ਛਿੰਦਾ ਦੇ ਪਰਵਾਰ ਨਾਲ ਖੜ੍ਹੀ ਹੈ। ਸਭਾ ਦੇ ਮੈਂਬਰਾਂ ਵੱਲੋਂ ਸੁਰਿੰਦਰ ਛਿੰਦਾ ਦੀ ਆਤਮਾ ਦੀ ਸ਼ਾਂਤੀ ਲਈ ਪਰਮਾਤਮਾ ਅੱਗੇ ਅਰਦਾਸ ਕੀਤੀ ਗਈ। ਇਸ ਮੌਕੇ ਸੇਵਾ ਸਿੰਘ (ਸਰਪ੍ਰਸਤ), ਸਤਨਾਮ ਸਿੰਘ ਵਿਰਦੀ (ਪ੍ਰਧਾਨ), ਉਂਕਾਰ ਸਿੰਘ ਵਿਲਖੂ (ਸੀ: ਵਾਈਸ ਪ੍ਰਧਾਨ), ਮਾਸਟਰ ਅਮਰੀਕ ਸਿੰਘ (ਸੀ: ਵਾਈਸ ਪ੍ਰਧਾਨ), ਹਰਕੀਰਤ ਸਿੰਘ ਵਿਲਖੂ (ਵਾਈਸ ਪ੍ਰਧਾਨ), ਲਖਬੀਰ ਸਿੰਘ (ਸੈਕਟਰੀ), ਮਨਜੀਤ ਸਿੰਘ (ਸਾਬਕਾ ਕੌਂਸਲਰ), ਜੁਝਾਰ ਸਿੰਘ ਸੱਗੂ (ਪ੍ਰਧਾਨ ਰਾਮਗੜ੍ਹੀਆ ਵਿਸ਼ਵਕਰਮਾ ਭਵਨ), ਜਸਵੀਰ ਸਿੰਘ ਭੁਰਜੀ (ਕੈਸ਼ੀਅਰ), ਜੋਗਿੰਦਰ ਸਿੰਘ, ਮਾਸਟਰ ਜਸਪਾਲ ਸਿੰਘ, ਜੋਗਿੰਦਰ ਸਿੰਘ ਫੁੱਲ, ਹਰਜੀਤ ਸਿੰਘ ਫੁੱਲ, ਰਣਜੀਤ ਸਿੰਘ, ਬਲਦੇਵ ਸਿੰਘ, ਸੁਰਿੰਦਰ ਸਿੰਘ ਹਾਜ਼ਰ ਸਨ।

# ਜਰਨਲਿਸਟ ਪ੍ਰੈਸ ਕਲੱਬ ਵੱਲੋਂ ਮਨੀਪੁਰ 'ਚ ਔਰਤਾਂ ਨਾਲ ਹੋਈ ਬਦਸਲੂਕੀ ਦੇ ਵਿਰੋਧ 'ਚ ਰੋਸ ਪ੍ਰਦਰਸ਼ਨ



**ਫਗਵਾੜਾ (ਰਮਨ ਸ਼ਰਮਾ)**- ਮਨੀਪੁਰ ਵਿਖੇ ਔਰਤਾਂ 'ਤੇ ਹੋ ਰਹੇ ਅਣਮਨੁੱਖੀ ਤਸ਼ੱਦਦ ਵਿਰੁੱਧ ਅਵਾਜ਼ ਬੁਲੰਦ ਕਰਨ ਲਈ ਜਰਨਲਿਸਟ ਪ੍ਰੈਸ ਕਲੱਬ ਰਜਿ ਪੰਜਾਬ ਫਗਵਾੜਾ ਯੂਨਿਟ ਵੱਲੋਂ ਪ੍ਰਧਾਨ ਡਾ. ਰਮਨ ਦੀ ਯੋਗ ਅਗਵਾਈ ਹੇਠ ਫਗਵਾੜਾ ਹੈਲਪਿੰਗ ਹੈਂਡ ਦੇ ਸਹਿਯੋਗ ਨਾਲ ਪੁਲਸ ਚੈਕ ਪੋਸਟ ਸ਼ੂਗਰ ਮਿੱਲ ਪੁਲ ਉੱਪਰ ਹੱਥਾਂ ਵਿੱਚ ਤਖਤੀਆਂ ਫੜ ਰੋਸ ਵਿਅਕਤ ਕੀਤਾ ਗਿਆ। ਇਸ ਮੌਕੇ ਸਮੂਹ ਕਲੱਬ ਨਾਲ ਜੁੜੇ ਪੱਤਰਕਾਰ ਭਾਈਚਾਰੇ ਵੱਲੋਂ ਹੱਥਾਂ ਵਿੱਚ ਫੜੀਆਂ ਤਖਤੀਆਂ ਉੱਪਰ ਮਨੀਪੁਰ ਮਾਮਲੇ 'ਚ ਦੋਸ਼ੀਆਂ ਨੂੰ ਦਿਓ ਸਖਤ ਸਜ਼ਾਵਾਂ, ਮਨੀਪੁਰ 'ਚ ਔਰਤਾਂ 'ਤੇ ਹੋ ਰਿਹਾ ਅੱਤਿਆਚਾਰ ਤੇ ਜ਼ੁਲਮ ਸੱਭਿਅਕ ਸਮਾਜ ਤੇ ਸਾਡੇ ਰਾਸ਼ਟਰ ਦੇ ਮੱਥੇ 'ਤੇ ਕਲੰਕ, ਮਨੀਪੁਰ ਦੀ ਘਟਨਾ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੀ, ਮਨੀਪੁਰ 'ਚ ਔਰਤਾਂ ਨਾਲ ਦੁਰਵਿਹਾਰ ਅਤਿ ਨਿੰਦਣਯੋਗ, ਔਰਤਾਂ 'ਤੇ ਅੱਤਿਆਚਾਰ ਕਰਨ ਵਾਲੇ ਦੋਸ਼ੀਆਂ ਨੂੰ ਤੁਰੰਤ ਫਾਹੇ ਲਾਇਆ ਜਾਵੇ, ਮਨੀਪੁਰ 'ਚ ਔਰਤਾਂ ਨਾਲ ਹੋਈ ਦਰਿੰਦਗੀ ਨਿੰਦਣਯੋਗ ਅਤੇ ਸ਼ਰਮਸਾਰ, ਮਨੀਪੁਰ ਘਟਨਾ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ, ਸਾਡੇ ਦੇਸ਼ ਵਿੱਚ ਔਰਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ ਅਤੇ ਔਰਤਾਂ 'ਤੇ ਅੱਤਿਆਚਾਰ ਕਰਨ ਵਾਲੇ ਲੋਕਾਂ ਤੇ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ , ਅਜਿਹੀ ਘਿਨੌਣੀ ਹਰਕਤ ਕਰਨ ਵਾਲਿਆਂ ਅਤੇ ਇਸ ਨੂੰ ਸ਼ਹਿ ਦੇਣ ਵਾਲਿਆਂ ਨੂੰ ਸਖਤ ਤੋਂ ਸਖਤ ਸਜ਼ਾਵਾਂ ਦਿੱਤੀਆਂ ਜਾਣ ਆਦਿ ਸਲੋਗਨ ਲਿਖ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਪ੍ਰਧਾਨ ਡਾ. ਰਮਨ ਨੇ ਕਿਹਾ ਕਿ ਮਨੀਪੁਰ ਦੀ ਘਟਨਾ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੀ ਹੈ। ਇਸ ਘਟਨਾ ਨਾਲ ਪੂਰਾ ਦੇਸ਼ ਸ਼ਰਮਸਾਰ ਹੋਇਆ ਹੈ ਅਤੇ ਲੋਕਤੰਤਰ ਪ੍ਰਣਾਲੀ 'ਤੇ ਸਵਾਲ ਉੱਠਦਾ ਹੈ। ਉਨ੍ਹਾਂ ਕਿਹਾ ਕਿ ਔਰਤਾਂ ਨੂੰ ਮਰਦਾਂ ਵਾਂਗੂੰ ਸਾਰੇ ਸੰਵਿਧਾਨਕ ਹੱਕ ਪ੍ਰਾਪਤ ਹਨ ਅਤੇ ਔਰਤਾਂ ਦੀ ਅਜ਼ਾਦੀ ਅਤੇ ਮਾਣ ਮਰਿਆਦਾ ਦੀ ਰੱਖਿਆ ਕਰਨਾ ਮਨੀਪੁਰ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਸੀ। ਉੱਥੇ ਘੱਟ ਗਿਣਤੀਆਂ ਸੁਰੱਖਿਅਤ ਨਹੀਂ ਹਨ । ਇਸ ਮੌਕੇ ਡਾ. ਜਸਵੰਤ ਸਿੰਘ ਗਿੱਲ, ਸੁਸ਼ੀਲ ਸ਼ਰਮਾ, ਅਸ਼ੋਕ ਸ਼ਰਮਾ, ਜੀਵਨ ਕੁਮਾਰ ਸੰਘਾ, ਹਰਦਿਆਲ ਸਿੰਘ ਸੰਧੂ, ਅਸੀਸ ਗਾਂਧੀ, ਅਸ਼ੋਕ ਗੋਬਿੰਦਪੁਰੀ, ਪ੍ਰਵੀਨ ਕਨੋਜੀਆ, ਸਤਪ੍ਰਕਾਸ਼ ਸੰਗੂ, ਮੈਡਮ ਮੋਨਿਕਾ ਬੇਦੀ, ਗੁਲਾਮ ਅਲੀ, ਪ੍ਰਿੰਸ, ਕਮਲਦੀਪ ਸਿੰਘ, ਜਸਵੀਰ ਸਿੰਘ ਢੱਡੇ , ਲੰਬੜਦਾਰ ਲਾਲੀ ਅਠੋਲੀ , ਪ੍ਰੋ: ਡਾ. ਮਨਜੀਤ ਸਿੰਘ, ਲਾਇਨ ਕਲੱਬ ਫਗਵਾੜਾ ਵਿਸ਼ਵਾਸ ਪ੍ਰਧਾਨ ਲਾਇਨ ਇੰਦਰਜੀਤ ਸਿੰਘ, ਲਾਇਨ ਚੇਤਨ ਲੇਖੀ ਤੋਂ ਇਲਾਵਾ ਹੋਰ ਮੈਂਬਰ ਮੌਜੂਦ ਸਨ।

# ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਪ੍ਰਭ ਆਸਰਾ ਦੀ ਆਮ ਲੋਕਾਂ ਤੇ ਸਮਾਜ ਸੇਵੀ ਸ਼ਖਸੀਅਤਾਂ ਨੂੰ ਅਪੀਲ

**ਕੁਰਾਲੀ, (ਮੋਹਨ ਅੱਗਰਵਾਲ)**- ਹੜ੍ਹਾਂ ਦੀ ਮਾਰ ਝੱਲ ਰਹੇ ਪੰਜਾਬ ਦੇ ਕਈ ਜ਼ਿਲ੍ਹਿਆਂ ਦੇ ਲੋਕਾਂ ਦੀ ਸੇਵਾ ਲਈ ਸਥਾਨਕ ਪ੍ਰਭ ਆਸਰਾ ਦੀ ਟੀਮ ਹੁਣ ਵੀ ਜੁਟੀ ਹੋਈ ਹੈ।

ਪਿਛਲੇ ਦਿਨੀਂ ਸ਼ਮਸ਼ੇਰ ਸਿੰਘ ਦੀ ਰਹਿਨੁਮਾਈ ਹੇਠ ਪ੍ਰਭ ਆਸਰਾ ਦੀ ਟੀਮ ਜ਼ਰੂਰੀ ਸਾਮਾਨ ਲੈ ਕੇ ਹੜ੍ਹ ਪ੍ਰਭਾਵਿਤ ਸਰਦੂਲਗੜ੍ਹ ਅਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਦੀ ਮਦਦ ਲਈ ਪਹੁੰਚੀ। ਭਾਈ ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਹੜ੍ਹਾਂ ਦੀ ਮਾਰ ਝੱਲ ਰਹੇ ਲੋਕਾਂ ਲਈ ਪਛੇਤੇ ਬੀਜ ਅਤੇ ਪਨੀਰੀ ਦੀ ਬਹੁਤ ਲੋੜ ਹੈ। ਇਸ ਤੋਂ ਇਲਾਵਾ ਪ੍ਰਭ ਆਸਰਾ ਨੇ ਆਪਣੇ ਵੱਲੋਂ ਵੀ ਪਨੀਰੀ ਦਾ ਇੰਤਜ਼ਾਮ ਕੀਤਾ ਹੈ ਪਰ ਹੜ੍ਹਾਂ ਕਾਰਨ ਕਈ ਸੌ ਏਕੜਾਂ ਦੀ ਜ਼ਮੀਨ ਬੰਜਰ ਹੋ ਗਈ ਹੈ, ਜਿਸ ਨੂੰ ਮੁੜ ਸੁਰਜੀਤ ਕਰਨ ਲਈ ਤੇ ਆਮ ਜਨਤਾ ਦਾ ਹੱਥ ਫੜਨ ਦੀ ਲੋੜ ਹੈ। ਇਹ ਪੌਧ ਪ੍ਰਭ ਆਸਰਾ ਦੀ ਟੀਮ ਆਪ ਲੋੜਵੰਦਾਂ ਤੱਕ ਪਹੁੰਚਾਵੇਗੀ। ਜਿਸ ਲਈ ਆਪ ਸਭ ਨੂੰ ਬੇਨਤੀ ਹੈ ਕਿ ਪੌਧ ਅਤੇ ਪੌਧ ਲਗਾਉਣ ਦੌਰਾਨ ਵਰਤੋਂ ਵਿਚ ਆਉਣ ਵਾਲੀਆਂ ਦਵਾਈਆਂ ਆਦਿ ਦਾ ਸਹਿਯੋਗ ਕਰੋ ਜੀ, ਤਾਂ ਜੋ ਉਥੋਂ ਦੇ ਲੋਕਾਂ ਨੂੰ ਕੁਝ ਰਾਹਤ ਮਿਲ ਸਕੇ। ਉਨ੍ਹਾਂ ਕਿਹਾ ਕਿ ਇਸ ਔਖੀ ਘੜੀ ਵਿੱਚ ਸਾਨੂੰ ਸਾਰਿਆਂ ਨੂੰ ਪ੍ਰਭਾਵਿਤ ਖੇਤਰਾਂ ਦੀ ਮਦਦ ਕਰਕੇ ਮਨੁੱਖਤਾ ਦਾ ਫਰਜ਼ ਨਿਭਾਉਣਾ ਚਾਹੀਦਾ ਹੈ।

# ਲਾਇਨਜ਼ ਕਲੱਬ ਆਸਥਾ ਨੇ ਲਗਾਇਆ ਲੰਗਰ



**ਬਿਲਗਾ (ਵਿਜੇ ਕੁਮਾਰ)**-ਅੰਨਪੂਰਨਾ ਮੰਦਰ ਪੱਤੀ ਭਾਲਈ ਬਿਲਗਾ ਵਿਖੇ ਹਰ ਸਾਲ ਦੀ ਤਰ੍ਹਾਂ ਸਾਵਣ ਦੇ ਚਾਲੇ ਨੂੰ ਮੁੱਖ ਰੱਖ ਕੇ ਲਾਇਨਜ਼ ਕਲੱਬ ਬਿਲਗਾ ਆਸਥਾ ਦੇ ਸਹਿਯੋਗ ਨਾਲ ਲੰਗਰ ਲਗਾਇਆ ਗਿਆ। ਮਨੋਜ ਕੁਮਾਰ ਕਾਲਾ ਨੇ ਦੱਸਿਆ ਕਿ ਇਹ ਲੰਗਰ ਹਰ ਸਾਲ ਸਾਵਣ ਦੇ ਚਾਲੇ ਤੋਂ ਪਹਿਲਾਂ ਲਗਾਇਆ ਜਾਂਦਾ ਹੈ ਲੰਗਰ ਤੋਂ ਪਹਿਲਾਂ ਪੱਵਿਤਰ ਮੰਤਰ ਜਾਪ ਕਰਕੇ ਹਵਨ ਯੱਗ ਕਰਨ ਉਪਰੰਤ ਕੰਜਕ ਕਰਕੇ ਲੰਗਰ ਲਗਾਇਆ ਗਿਆ। ਉਨ੍ਹਾਂ ਅੰਨਪੂਰਨਾ ਮਾਤਾ ਮੰਦਰ ਕਮੇਟੀ ਦੇ ਸਮੂਹ ਅਹੁਦੇਦਾਰਾਂ ਦਾ ਤੇ ਮੈਂਬਰਾਂ ਦਾ ਅਤੇ ਲਾਇਨ ਕਲੱਬ ਬਿਲਗਾ ਆਸਥਾ ਦੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਸਾਹਿਬਾਨ ਦਾ ਅਤੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ।

# ਕੰਧਾਲਾ ਸ਼ੇਖਾਂ 'ਚ ਅੱਖਾਂ ਦਾ ਮੁਫ਼ਤ ਜਾਂਚ ਕੈਂਪ



**ਅੱਡਾ ਸਰਾਂ , (ਕਾਜਲ )**- ਵਿਜ਼ਨ ਕੇਅਰ ਵੈੱਲਫੇਅਰ ਸੋਸਾਇਟੀ ਟਾਂਡਾ ਵੱਲੋਂ ਅੱਜ ਪਿੰਡ ਕੰਧਾਲਾ ਸ਼ੇਖਾ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਵਿਚ ਸਮਾਜ ਸੇਵੀ ਸੰਤੋਖ ਸਿੰਘ ਦੀ ਯਾਦ ਵਿਚ ਅੱਖਾਂ ਦਾ ਮੁਫਤ ਆਪ੍ਰੇਸ਼ਨ ਅਤੇ ਜਾਂਚ ਕੈਂਪ ਲਾਇਆ ਗਿਆ। ਸੋਸਾਇਟੀ ਪ੍ਰਧਾਨ ਡਾ. ਕੇਵਲ ਸਿੰਘ, ਡਾ. ਲਵਪ੍ਰੀਤ ਸਿੰਘ ਪਾਬਲਾ, ਮਾਸਟਰ ਅਵਤਾਰ ਸਿੰਘ ਮਸੀਤੀ ਦੀ ਅਗਵਾਈ ਵਿਚ ਸਾਬਕਾ ਸਰਪੰਚ ਸੁਖਵਿੰਦਰ ਸਿੰਘ ਸੋਢੀ, ਪ੍ਰਵਾਸੀ ਪੰਜਾਬੀ ਬਖਸ਼ੀਸ਼ ਸਿੰਘ, ਮਨਪ੍ਰੀਤ ਸਿੰਘ ਅਤੇ ਪ੍ਰਦੀਪ ਸਿੰਘ ਆਦਿ ਦੇ ਸਹਿਯੋਗ ਨਾਲ ਲਾਏ ਗਏ ਇਸ ਕੈਂਪ ਵਿਚ ਇਲਾਕੇ ਦੇ ਵੱਖ ਵੱਖ ਪਿੰਡਾਂ ਤੋਂ ਆਏ ਲੋਕਾਂ ਨੇ ਸੇਵਾਵਾਂ ਹਾਸਲ ਕੀਤੀਆਂ। ਕੈਂਪ ਦੌਰਾਨ ਡਾ.ਕੇਵਲ ਸਿੰਘ ਕਾਜਲ, ਸੀਤਾ ਦੇਵੀ ਮਹਿੰਗਾ ਸਿੰਘ ਮੈਮੋਰੀਅਲ ਵੇਵਜ਼ ਹਸਪਤਾਲ ਦੀ ਟੀਮ ਦਲੀਪ ਕੁਮਾਰ, ਮਨਿੰਦਰ ਕੌਰ, ਗੁਰਪ੍ਰੀਤ ਕੌਰ, ਨਵਜੋਤ ਕੌਰ, ਰਜਿੰਦਰ ਸਿੰਘ ਨੇ ਸੇਵਾਵਾਂ ਦਿੱਤੀਆਂ। ਇਸ ਦੌਰਾਨ ਡਾ.ਕਾਜਲ ਅਤੇ ਡਾ.ਪਾਬਲਾ ਨੇ ਦੱਸਿਆ ਕਿ 30 ਜੁਲਾਈ ਨੂੰ ਅਹੀਆਪੁਰ ਦੇ ਗੁਰੁਘਰ ਵਿਖੇ ਮਰਹੂਮ ਸਾਬਕਾ ਵਿਧਾਇਕ ਹਰੀ ਸਿੰਘ ਦੀ ਯਾਦ ਵਿਚ ਕੈਂਪ ਲਾਇਆ ਜਾਵੇਗਾ। ਉਨ੍ਹਾਂ ਉਨ੍ਹਾਂ ਦੱਸਿਆ ਲਗਾਤਾਰ ਲਾਏ ਗਏ ਇਨ੍ਹਾਂ ਤਿੰਨ ਕੈਂਪਾਂ ਵਿਚ ਚੁਣੇ ਗਏ ਮਰੀਜ਼ਾਂ ਦੀਆਂ ਅੱਖਾਂ ਦੇ ਆਪ੍ਰੇਸ਼ਨ ਵੇਵਜ਼ ਹਸਪਤਾਲ ਵਿਚ ਡਾ. ਪਿਯੂਸ਼ ਸੂਦ ਵੱਲੋਂ ਕੀਤੇ ਜਾਣਗੇ। ਕੈਂਪ ਦੌਰਾਨ ਗੁਰਦੁਆਰਾ ਕਮੇਟੀ, ਪੰਚਾਇਤ, ਸੀਨੀਅਰ ਸਿਟੀਜ਼ਨ ਵੈੱਲਫੇਅਰ ਸੋਸਾਇਟੀ, ਬਾਬਾ ਫਤਿਹ ਸਿੰਘ ਵੈੱਲਫੇਅਰ ਸੋਸਾਇਟੀ ਦੇ ਮੈਂਬਰਾਂ ਨੇ ਸਹਿਯੋਗ ਦਿੱਤਾ। ਇਸ ਮੌਕੇ ਪਰਮਾਨੰਦ ਦਵੇਦੀ, ਕਰਨੈਲ ਸਿੰਘ ਮਾਲਵਾ, ਗੁਲਸ਼ਨ ਅਰੋੜਾ, ਪ੍ਰੀਤਮ ਸਿੰਘ, ਡਾ. ਰਣਜੀਤ ਸਿੰਘ, ਜਗਦੀਪ ਮਾਨ, ਡਾ.ਬਲਬੀਰ ਸਿੰਘ ਮੂਨਕਾ, ਡਾ.ਸੁਰਿੰਦਰ ਸਿੰਘ, ਸਰਪੰਚ ਬਲਬੀਰ ਸਿੰਘ, ਪੰਚ ਬੰਟੀ, ਉਂਕਾਰ ਸਿੰਘ ਰਾਣਾ, ਸਰਪੰਚ ਝਾਂਵਾਂ ਸੁਖਵਿੰਦਰਜੀਤ ਸਿੰਘ ਝਾਵਰ, ਡਾ.ਹਰਜੋਤ ਸਿੰਘ, ਜੋਗ ਰਾਜ, ਹਰਦੇਵ ਸਿੰਘ, ਕਮਲਪ੍ਰੀਤ ਸਿੰਘ ਸਾਬੀ, ਨਵਜੋਤ ਸਿੰਘ, ਮਨਜੋਤ ਸਿੰਘ, ਰਜਿੰਦਰ ਸਿੰਘ ਢਿੱਲੋਂ, ਰਮਨੀਕ ਸਿੰਘ, ਮਨਦੀਪ ਦੀਪਾ, ਐਡਵੋਕੇਟ ਹਰਦੀਪ ਸਿੰਘ, ਡਾ.ਰਾਜਾ ਦਿਆਲ, ਰਾਜਾ ਸਿੰਘ ਆਦਿ ਮੌਜੂਦ ਸਨ।

# ਸਮਰਿਧੀ ਭਾਰਦਵਾਜ ਤੇ ਸਮਰਥ ਭਾਰਦਵਾਜ ਨੇ ਜਿੱਤੇ ਸੋਨ ਤੇ ਕਾਂਸੀ ਦੇ ਤਗਮੇ



**ਕਰਤਰਪੁਰ (ਹਰਮੇਸ਼ ਦੱਤ)**- ਕਰਤਾਰਪੁਰ ਦੀ ਸਮਰਿਧੀ ਭਾਰਦਵਾਜ ਅਤੇ ਸਮਰਥ ਭਾਰਦਵਾਜ ਨੇ ਸਬ-ਜੂਨੀਅਰ ਬੈਡਮਿੰਟਨ ਸਟੇਟ ਚੈਂਪੀਅਨਸ਼ਿਪ ਵਿੱਚ ਬੈਡਮਿੰਟਨ ਵਿੱਚ ਸੋਨ ਅਤੇ ਕਾਂਸੀ ਦੇ ਤਗਮੇ ਜਿੱਤੇ। ਰਿਆਤ ਬੈਡਮਿੰਟਨ ਅਕੈਡਮੀ 'ਚ 24 ਤੋਂ 27 ਜੁਲਾਈ ਤੱਕ ਕਰਵਾਈ ਗਈ, ਜਿਸ ਵਿੱਚ ਅੰਡਰ-17 ਵਿੱਚ ਪੰਜਾਬ ਭਰ ਦੇ 400 ਦੇ ਕਰੀਬ ਖਿਡਾਰੀਆਂ ਨੇ ਭਾਗ ਲਿਆ। ਬੈਡਮਿੰਟਨ ਖੇਡ ਮੁਕਾਬਲੇ 'ਚ ਸਿਹਤ ਮੰਤਰੀ ਡਾ: ਬਲਵੀਰ ਸਿੰਘ ਮੁੱਖ ਮਹਿਮਾਨ ਵਜੋਂ ਅਤੇ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਡਿਪਟੀ ਕਮਿਸ਼ਨਰ ਲੁਧਿਆਣਾ ਸੁਰਭੀ ਮਲਿਕ, ਬਲਵੀਰ ਸਿੰਘ ਰਾਜੇਵਾਲ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ। ਬੈਡਮਿੰਟਨ ਅੰਡਰ-17 (ਲੜਕੀਆਂ) ਅਤੇ ਅੰਡਰ-17 (ਲੜਕੇ) ਸਿੰਗਲ ਅਤੇ ਮਿਕਸਡ ਡਬਲ ਬੈਡਮਿੰਟਨ ਦੇ ਮੈਚ ਕਰਵਾਏ ਗਏ। ਜਿਸ ਵਿੱਚ ਕਰਤਾਰਪੁਰ ਦੀ ਹੋਣਹਾਰ ਧੀ ਸਮਰਿਧੀ ਭਾਰਦਵਾਜ ਨੇ ਸਿੰਗਲ ਅਤੇ ਡਬਲ ਮੈਚਾਂ ਵਿੱਚ ਸੋਨ ਤਗਮਾ ਜਿੱਤਿਆ ਅਤੇ ਸਮਰਥ ਭਾਰਦਵਾਜ ਨੇ ਮਿਕਸਡ ਡਬਲ ਬੈਡਮਿੰਟਨ ਮੈਚਾਂ ਵਿੱਚ ਕਾਂਸੀ ਦਾ ਤਗਮਾ ਜਿੱਤ ਕੇ ਆਪਣੇ ਸ਼ਹਿਰ ਕਰਤਾਰਪੁਰ ਅਤੇ ਜ਼ਿਲ੍ਹਾ ਜਲੰਧਰ ਦਾ ਤੇ ਆਪਣੇ ਮਾਤਾ ਪਿਤਾ ਦਾ ਨਾਂਅ ਰੌਸ਼ਨ ਕੀਤਾ। ਸਮਰਿਧੀ ਭਾਰਦਵਾਜ ਅਤੇ ਸਮਰਥ ਭਾਰਦਵਾਜ, ਜੋ ਕਿ ਪ੍ਰਸਿੱਧ ਉਦਯੋਗਪਤੀ ਸਵਰਗੀ ਪੰਡਿਤ ਹੀਰਾ ਲਾਲ ਦੀਆਂ ਪੜਪੋਤੀਆਂ ਹਨ, ਇਸ ਤੋਂ ਪਹਿਲਾਂ ਪੰਜਾਬ ਸਰਕਾਰ ਵੱਲੋਂ ਕਰਵਾਏ ਗਏ ਖੇਡ ਵਤਨ ਪੰਜਾਬ ਵਿੱਚ ਵੀ ਸੋਨ ਤਗਮੇ ਜਿੱਤ ਚੁੱਕੀਆਂ ਹਨ। ਪੰਡਿਤ ਹੀਰਾ ਲਾਲ ਦੀ ਯਾਦ ਵਿੱਚ ਇੱਕ ਅਕੈਡਮੀ ਵੀ ਖੋਲ੍ਹੀ ਗਈ ਹੈ। ਜਿਸ ਵਿੱਚ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਜਾਗਰੂਕ ਕੀਤਾ ਜਾਂਦਾ ਹੈ ਅਤੇ ਕਈ ਟੂਰਨਾਮੈਂਟ ਵੀ ਕਰਵਾਏ ਜਾਂਦੇ ਹਨ ਜਿਸ ਵਿੱਚ ਨੌਜਵਾਨ ਪੀੜ੍ਹੀ ਅਤੇ ਵਿਦਿਆਰਥੀ ਆਪਣੀਆਂ ਖੇਡਾਂ ਦਾ ਪ੍ਰਦਰਸ਼ਨ ਕਰਦੇ ਹਨ।

# ਨਡਾਲੋਂ ਤੋਂ ਹਜ਼ੂਰ ਸਾਹਿਬ ਜਾਣ ਲਈ ਸੰਗਤਾਂ ਦਾ ਜਥਾ ਰਵਾਨਾ




**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਸੰਤ ਬਾਬਾ ਨਿਧਾਨ ਸਿੰਘ ਜੀ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਦੇ ਬਰਸੀ ਮੌਕੇ ਸਮਾਗਮ ਜੋ 2, 3 ਤੇ 4 ਜੁਲਾਈ ਨੂੰ ਗੁਰਦਵਾਰਾ ਲੰਗਰ ਸਾਹਿਬ ਸ੍ਰੀ ਹਜ਼ੂਰ ਸਾਹਿਬ ਵਿਖੇ ਕਰਵਾਏ ਜਾ ਰਹੇ ਹਨ, ਉਹਨਾਂ ਸਮਾਗਮਾਂ ਵਿੱਚ ਸ਼ਿਰਕਤ ਕਰਨ ਲਈ ਇਲਾਕਾ ਨਡਾਲੋਂ, ਮਾਹਿਲਪੁਰ, ਗੜ੍ਹਸੰਕਰ, ਚੱਬੇਵਾਲ, ਕੋਟ ਫਤੂਹੀ ਆਦਿ ਦੀਆਂ ਸੰਗਤਾਂ ਦਾ ਵੱਡਾ ਜਥਾ ਅੱਜ ਗੁਰਦਵਾਰਾ ਜਨਮ ਅਸਥਾਨ ਸੰਤ ਬਾਬਾ ਨਿਧਾਨ ਸਿੰਘ ਜੀ ਪਿੰਡ ਨਡਾਲੋਂ ਤੋਂ ਅਰਦਾਸ ਉਪਰੰਤ ਇੱਕ ਬੱਸ ਤੇ ਤਿੰਨ ਕਾਰਾਂ ਰਾਹੀਂ ਜੈਕਾਰਿਆਂ ਦੀ ਗੂੰਜ 'ਚ ਬਾਬਾ ਬਲਵੀਰ ਸਿੰਘ ਟਿੱਬਾ ਸਾਹਿਬ, ਜਥੇਦਾਰ ਇਕਬਾਲ ਸਿੰਘ ਖੇੜਾ, ਬਾਬਾ ਜਸਪਾਲ ਸਿੰਘ ਨੈਕੀ ਵਾਲੇ ਤੇ ਸਾਬਕਾ ਸਰਪੰਚ ਜਸਬੀਰ ਸਿੰਘ ਭੱਟੀ ਦੀ ਅਗਵਾਈ 'ਚ ਰਵਾਨਾ ਹੋਇਆ ਇਸ ਮੌਕੇ ਰਵਾਨਗੀ ਦੀ ਅਰਦਾਸ ਸੰਤ ਬਾਬਾ ਬਲਵੀਰ ਸਿੰਘ ਟਿੱਬਾ ਸਾਹਿਬ ਤੇ ਰਵਾਨਾ ਸੰਤ ਬਾਬਾ ਕਰਮਜੀਤ ਸਿੰਘ ਟਿੱਬਾ ਸਾਹਿਬ ਵਾਲਿਆਂ ਨੇ ਕੀਤਾ ਜਥੇਦਾਰ ਇਕਬਾਲ ਸਿੰਘ ਖੇੜਾ ਨੇ ਦੱਸਿਆ ਕਿ ਸਾਡਾ ਜਥਾ ਅੱਜ ਰਾਤ ਗੁਰਦਵਾਰਾ ਗੁਰੂ ਕਾ ਤਾਲ ਆਗਰਾ ਵਿਖੇ ਵਿਸਰਾਮ ਲਈ ਰੁਕੇਗਾ ਤੇ ਸਵੇਰੇ ਅਗਲੇ ਪੜਾਅ ਲਈ ਚਾਲੇ ਪਾਏ ਜਾਣਗੇ ਇਸ ਮੌਕੇ ਅਮਰਜੀਤ ਸਿੰਘ ਰਾਜਾ ਜਾਂਗਣੀਵਾਲ, ਬਾਬਾ ਜਰਨੈਲ ਸਿੰਘ ਨਡਾਲੋਂ, ਧਰਮਿੰਦਰ ਸਿੰਘ ਸੋਨੂੰ, ਲਖਵਿੰਦਰ ਸਿੰਘ ਵਿੰਦਾ, ਬਲਜਿੰਦਰ ਸਿੰਘ ਪੰਜੋੜ, ਕਿਰਪਾਲ ਸਿੰਘ ਪਾਲਾ ਅਜਨੋਹਾ, ਕੁਲਦੀਪ ਸਿੰਘ ਅਜਨੋਹਾ, ਨਿਰਮਲ ਸਿੰਘ ਭੀਲੋਵਾਲ, ਮੇਜਰ ਸਿੰਘ ਲਹਿਲੀ, ਨਿਰਮਲ ਸਿੰਘ ਬੋੜਾ, ਜਗਮੋਹਣ ਸਿੰਘ ਹਵੇਲੀ, ਲੱਖਾ ਸਿੰਘ ਪਾਲਦੀ, ਪ੍ਰਮੀਲਾ ਦੇਵੀ ਜਾਂਗਣੀਵਾਲ, ਹਰਬੰਸ ਸਿੰਘ ਜੱਲੋਵਾਲ, ਸਲਿੰਦਰ ਸਿੰਘ ਕੰਡੀ, ਹਰਜੀਤ ਸਿੰਘ ਪੰਜੋੜ, ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਡਾ. ਸੁਰਿੰਦਰ ਸਿੰਘ ਈਸਪੁਰ ਆਦਿ ਹਾਜ਼ਰ ਸਨ ।

# ਮਨੀਪੁਰ ਹਿੰਸਾ ਵਿਰੁੱਧ ਇਸਾਈ ਭਾਈਚਾਰੇ ਵੱਲੋਂ ਜ਼ਬਰਦਸਤ ਰੋਸ ਮਾਰਚ




**ਖਰੜ (ਹਰਨਾਮ ਸਿੰਘ ਡੱਲਾ)** ਈਸਾਈ ਕਰਈਸਟ ਚਰਚ ਸੀ.ਐੱਨ.ਆਈ. ਖਰੜ ਦੀ ਰਾਹਨੁਮਾਈ ਵਿੱਚ ਮਨੀਪੁਰ ਰਾਜ ਵਿੱਚ ਹੋ ਰਹੀ ਹਿੰਸਾ, ਕਤਲੋਗਾਰਦ, ਔਰਤਾਂ ਉੱਤੇ ਅੱਤਿਆਚਾਰ, ਨੌਜਵਾਨਾਂ ਅਤੇ ਬੱਚਿਆਂ ਉੱਤੇ ਅਣਮਨੁੱਖੀ ਤਸ਼ੱਦਦ ਅਤੇ ਅੱਗਜਨੀ ਦੇ ਵਿਰੋਧ ਵਿੱਚ ਇੱਕ ਵਿਸ਼ਾਲ ਸ਼ਾਂਤਮਈ ਰੋਸ ਮਾਰਚ ਕੱਢਿਆ ਗਿਆ। ਜੋ ਕਿ ਚਰਚ ਤੋਂ ਸ਼ੁਰੂ ਹੋ ਕੇ ਹੈਂਡਰਸਨ ਜੁਬਲੀ ਸਕੂਲ ਖਰੜ ਵਿਖੇ ਸਮਾਪਤ ਹੋਇਆ। ਇਸ ਮੌਕੇ ਡਾਇਓਸਿਸ ਆਫ ਚੰਡੀਗੜ੍ਹ ਦੇ ਬਿਸ਼ਪ ਡੇਂਜਲ ਪੀਪਲ,ਪਾਦਰੀ ਫਿਲਪ ਰਾਕੇਸ, ਪਾਦਰੀ ਮੱਖਣ ਮਸੀਹ,ਪਾਦਰੀ ਰਜੀਵ ਮਸੀਹ,ਪਾਦਰੀ ਰਮੇਸ ਮਸੀਹ,ਪਾਦਰੀ ਨੀਤੂ ਮਸੀਹ ਅਤੇ ਖਰੜ ਦਾ ਇਸਾਈ ਭਾਈਚਾਰਾ ਵੀ ਸ਼ਾਮਲ ਹੋਇਆ। ਰੋਸ ਪ੍ਰਦਰਸ਼ਨ ਵਿੱਚ ਖਰੜ ਦੀ ਸਮਾਜਿਕ ਜਥੇਬੰਦੀਆਂ ਸ੍ਰੀ ਗੁਰੂ ਰਵਿਦਾਸ ਸਭਾ ਰਜਿ ਖਰੜ ਦੇ ਪ੍ਰਧਾਨ ਸ੍ਰੀ ਹਰਕਾਦਾਸ, ਸੀਨੀਅਰ ਮੀਤ ਪ੍ਰਧਾਨ ਮਦਨ ਲਾਲ ਜਨਾਗਲ,ਚਰਨ ਸਿੰਘ ਕੰਗ, ਜਗਪਾਲ ਸਿੰਘ, ਮੇਵਾ ਸਿੰਘ ਪੁਰਖਾਲੀ,ਬਚਨ ਸਿੰਘ ਅਤੇ ਜੰਗ ਸਿੰਘ, ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨ ਦੇ ਜ਼ਿਲ੍ਹਾ ਮੋਹਾਲੀ ਦੇ ਸਕੱਤਰ ਕਾਮਰੇਡ ਦਿਨੇਸ ਪ੍ਰਸਾਦਿ, ਸੀ ਪੀ ਐੱਮ ਵਲੋਂ ਐਡਵੋਕੇਟ ਸਹਿਨਾਜ ਗੋਰਚੀ, ਕਾਮਰੇਡ ਨਾਗਿੰਦਰ ਕੁਮਾਰ, ਲੇਖਕ ਮੋਹਣ ਲਾਲ ਰਾਹੀ, ਸਥਾਨਕ ਪੈਂਸਨਰਜ ਐਸੋਸੀਏਸਨ ਦੇ ਪ੍ਰਧਾਨ ਰਾਮ ਕਿਸਨ ਧੁਨਕੀਆ, ਭਾਰਤ ਮਿਸਤਰੀ ਮਜਦੂਰ ਯੂਨੀਅਨ (ਸੀਟੂ) ਖਰੜ ਦੇ ਪ੍ਰਧਾਨ ਸੁਰਿੰਦਰ ਸਿੰਘ ਬਡਾਲਾ, ਨਿਰਮਲ ਸਿੰਘ ਕਸੁੰਬੜੀ, ਸੇਵਾ ਸਿੰਘ ਖਾਨਪੁਰ ਅਤੇ ਅਮਰਜੀਤ ਸਿੰਘ ਭਾਗੋਮਾਜਰਾ ਨੇ ਵੀ ਸਮੂਲੀਅਤ ਕੀਤੀ। ਇਸ ਸਮੇਂ ਵੱਖ-ਵੱਖ ਬੁਲਾਰਿਆਂ ਨੇ ਕੇਂਦਰ ਦੀ ਬੀ ਜੇ ਪੀ ਸਰਕਾਰ ਅਤੇ ਆਰ ਐੱਸ ਐੱਸ ਦੀਆਂ ਘੱਟ ਗਿਣਤੀਆਂ ਖਿਲਾਫ ਕੀਤੇ ਜਾ ਰਹੇ ਅੱਤਿਆਚਾਰਾਂ ਖਿਲਾਫ ਆਪੋ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਪਿਛਲੇ ਨੌਂ ਸਾਲਾਂ ਤੋਂ ਨਰਿੰਦਰ ਮੋਦੀ ਨੇ ਆਰ ਐੱਸ ਐੱਸ ਦੇ ਧਾਰਮਿਕ ਏਜੰਡੇ ਨੂੰ ਲਾਗੂ ਕਰਵਾਉਣ ਲਈ ਘੱਟ ਗਿਣਤੀਆਂ, ਦਲਿਤਾਂ, ਬੁੱਧੀਜੀਵੀਆਂ, ਲੇਖਕਾਂ ਅਤੇ ਸਮਾਜਿਕ ਕਾਰਕੁੰਨਾ ਉੱਤੇ ਜੁਲਮ ਕੀਤੇ ਜਾ ਰਹੇ ਹਨ। ਇਸ ਸਰਕਾਰ ਨੇ ਘੱਟ ਗਿਣਤੀਆਂ ਅਤੇ ਦਲਿਤਾਂ ਦੀਆਂ ਔਰਤਾਂ ਉੱਤੇ ਜੁਲਮ ਜਾਰੀ ਰੱਖੇ ਹੋਏ ਹਨ। ਜਿਸ ਦੇ ਚੱਲਦਿਆਂ ਮਨੀਪੁਰ ਵਿੱਚ ਕੁੱਕੀ ਭਾਈਚਾਰੇ ਵਿਰੁੱਧ ਦੰਗੇ ਅਤੇ ਔਰਤਾਂ ਨੂੰ ਨੰਗੇ ਕਰ ਕੇ ਘੁਮਾਇਆ ਜਾ ਰਿਹਾ ਹੈ। ਜਿਸ ਨੂੰ ਰੋਕਣ ਲਈ ਮਨੀਪੁਰ ਸਰਕਾਰ ਦੀ ਬੀ ਜੇ ਪੀ ਸਰਕਾਰ ਫੇਲ੍ਹ ਹੋਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਬੇਟੀ ਬਚਾਓ ਬੇਟੀ ਪੜ੍ਹਾਓ ਦਾ ਨਾਹਰਾ ਵੀ ਅਰਥਹੀਣ ਹੋ ਗਿਆ ਹੈ। ਇਸ ਸਮੇਂ ਵੱਖ-ਵੱਖ ਬੁਲਾਰਿਆਂ ਨੇ ਮਨੀਪੁਰ ਦੀਆਂ ਘਟਨਾਵਾਂ ਦੀ ਨਿੰਦਾ ਕਰਦਿਆਂ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਸਜ਼ਾਵਾਂ ਦੇਣ ਅਤੇ ਮਨੀਪੁਰ ਵਿੱਚ ਸ਼ਾਂਤੀ ਬਹਾਲ ਕਰਨ ਦੀ ਵੀ ਮੰਗ ਕੀਤੀ ਹੈ।

# ਸੰਵਿਧਾਨ ਬਚਾਉਣ ਲਈ 2024 'ਚ ਮੋਦੀ ਸਰਕਾਰ ਨੂੰ ਹਰਾਉਣਾ ਜ਼ਰੂਰੀ : ਮਨੀਸ਼ ਤਿਵਾੜੀ



**ਬਹਿਰਾਮ (ਅਵਤਾਰ ਕਲੇਰ)**- ਜਦੋਂ ਦੀ ਕੇਂਦਰ ਵਿੱਚ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਸੱਤਾ 'ਚ ਆਈ ਹੈ ਘੱਟ ਗਿਣਤੀਆਂ 'ਤੇ ਅੱਤਿਆਚਾਰ, ਔਰਤਾਂ 'ਤੇ ਜ਼ੁਲਮ ਵਧੇ ਅਤੇ ਲੋਕ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਭਾਰਤੀ ਸੰਵਿਧਾਨ ਨੂੰ ਬਦਲਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਸੰਵਿਧਾਨ ਨੂੰ ਬਚਾਉਣ ਲਈ 2024 ਦੀਆਂ ਚੋਣਾਂ 'ਚ ਮੋਦੀ ਸਰਕਾਰ ਨੂੰ ਹਰਾਉਣਾ ਜ਼ਰੂਰੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬੰਗਾ ਹਲਕੇ ਦੇ ਪਿੰਡ ਬਹੂਆ ਵਿਖੇ ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰੀ ਅਨੰਦਪੁਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਮਨੀਸ਼ ਤਿਵਾੜੀ ਨੇ ਕੀਤਾ। ਉਨ੍ਹਾਂ ਕਿਹਾ ਕਿ ਪਿਛਲੇ ਤਿੰਨ ਸਾਲਾਂ ਤੋਂ ਚੀਨ ਦੀ ਫੌਜ ਸਾਡੀ ਜ਼ਮੀਨ 'ਤੇ ਬੈਠੀ ਹੈ ਅਤੇ ਮੋਦੀ ਸਰਕਾਰ ਕੋਈ ਠੋਸ ਕਦਮ ਨਹੀਂ ਚੁੱਕ ਰਹੀ। ਰੋਜ਼ਾਨਾ ਖਾਣ ਪੀਣ ਵਾਲੀਆਂ ਵਸਤੂਆਂ ਦੀਆਂ ਕੀਮਤਾਂ 'ਚ ਬੇਸ਼ੁਮਾਰ ਵਾਧਾ ਹੋ ਰਿਹਾ ਹੈ । ਸਰਕਾਰ ਵੱਲੋਂ ਪੈਟਰੋਲ - ਡੀਜ਼ਲ 'ਤੇ ਵਾਧੂ ਟੈਕਸ ਲਾ ਕੇ ਲੋਕਾਂ 'ਤੇ ਬੋਝ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਸਮੇਂ ਪੰਜਾਬੀਆਂ ਨੇ ਸੰਘਰਸ਼ ਕਰਕੇ ਜਿੱਤ ਪ੍ਰਾਪਤ ਕੀਤੀ ਅਤੇ ਮੋਦੀ ਸਰਕਾਰ ਨੂੰ ਨੱਥ ਪਾਈ। 2024 'ਚ ਭਾਜਪਾ ਨੂੰ ਹਰਾਉਣ ਲਈ ਜਮਹੂਰੀਅਤ ਪਸੰਦ ਲੋਕਾਂ ਦਾ ਸਾਂਝਾ ਮੋਰਚਾ ਬਣਾਇਆ ਹੈ, ਇਸ ਮੋਰਚੇ ਦੀ ਸਾਰਿਆਂ ਨੂੰ ਹਮਾਇਤ ਕਰਨੀ ਚਾਹੀਦੀ ਤਾਂ ਜੋ ਆਉਣ ਵਾਲੇ ਸਮੇਂ 'ਚ ਕੇਂਦਰ ਵਿੱਚ ਚੰਗੀ ਸਰਕਾਰ ਬਣ ਸਕੇ । ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਬਦਲਾਅ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ। ਭਗਵੰਤ ਮਾਨ ਸਰਕਾਰ ਲੋਕਾਂ ਦੀਆਂ ਆਸਾਂ ਤੇ ਉਮੀਦਾਂ 'ਤੇ ਪਾਣੀ ਫੇਰ ਦਿੱਤਾ। ਪੰਜਾਬ ਵਿੱਚ ਹੜ੍ਹਾਂ ਨਾਲ ਲੋਕਾਂ ਦਾ, ਪਸ਼ੂਆਂ ਦਾ ਅਤੇ ਫਸਲ ਦਾ ਬਹੁਤ ਨੁਕਸਾਨ ਹੋਇਆ। ਸਰਕਾਰ ਹੜ੍ਹਾਂ ਤੋਂ ਬਚਾਅ ਲਈ ਅਗਾਊਂ ਪ੍ਰਬੰਧ ਕਰਨ 'ਚ ਨਾਕਾਮ ਰਹੀ । ਉਨ੍ਹਾਂ ਪਿੰਡ ਦੇ ਵਿਕਾਸ ਲਈ ਢਾਈ ਲੱਖ ਰੁਪਏ ਦਾ ਚੈੱਕ ਪੰਚਾਇਤ ਨੂੰ ਸੌਂਪਿਆ। ਇਸ ਮੌਕੇ ਸਤਵੀਰ ਸਿੰਘ ਪੱਲੀਝਿੱਕੀ, ਦਰਵਜੀਤ ਸਿੰਘ ਪੂਨੀਆ, ਡਾ. ਹਰਪ੍ਰੀਤ ਸਿੰਘ ਕੈਂਥ ਨੇ ਵੀ ਸੰਬੋਧਨ ਕੀਤਾ । ਸਰਪੰਚ ਪਰਵਿੰਦਰ ਸਿੰਘ ਬਿੱਟੂ ਨੇ ਸਾਰਿਆਂ ਦਾ ਧੰਨਵਾਦ ਕੀਤਾ । ਇਸ ਮੌਕੇ ਪਵਨ ਦੀਵਾਨ, ਮੱਖਣ ਸਿੰਘ, ਅਜੀਤ ਸਿੰਘ, ਸੁਖਵੀਰ ਸਿੰਘ, ਅਮਰੀਕ ਸਿੰਘ, ਮੋਹਣ ਸਿੰਘ, ਮੁਖਤਿਆਰ ਸਿੰਘ, ਗੁਰਦੀਪ ਸਿੰਘ, ਜਸਪ੍ਰੀਤ ਸਿੰਘ, ਸੁਖਦੀਪ ਸਿੰਘ, ਜਸਪਾਲ ਸਿੰਘ, ਕਸਮੀਰ ਚੰਦ ਪੰਚ, ਪਰਮਿੰਦਰ ਕੌਰ ਸਾਬਕਾ ਸਰਪੰਚ, ਬਲਵੀਰ ਕੌਰ, ਰੇਸ਼ਮ ਕੌਰ, ਕੁਲਦੀਪ ਕੌਰ, ਰਾਜਵਿੰਦਰ ਕੌਰ, ਬਲਜੀਤ ਕੌਰ, ਪਮਦੀਪ ਕੌਰ ਤੋਂ ਇਲਾਵਾ ਸੰਗਤਾਂ ਹਾਜ਼ਰ ਸਨ ।

# ਮਾਤਾ ਜਸਵੰਤ ਕੌਰ ਰਘਬੋਤਰਾ ਨਮਿਤ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਅੱਜ



**ਫਗਵਾੜਾ ( ਜਸਵਿੰਦਰ ਸਿੰਘ ਢੱਡਾ )**- ਨਗਰ ਕੌਂਸਲ ਫਗਵਾੜਾ ਦੇ ਸਾਬਕਾ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੀ ਮਾਤਾ ਬੀਬੀ ਜਸਵੰਤ ਕੌਰ (85) ਜੋ ਮਿਤੀ 24 ਜੁਲਾਈ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ 'ਚ ਜਾ ਬਿਰਾਜੇ ਹਨ, ਉਨ੍ਹਾਂ ਦੇ ਨਮਿਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ 30 ਜੁਲਾਈ ਦਿਨ ਐਤਵਾਰ ਨੂੰ ਗੁਰਦੁਆਰਾ ਸਿੰਘ ਸਭਾ ਮਾਡਲ ਟਾਊਨ ਫਗਵਾੜਾ ਵਿਖੇ ਦੁਪਿਹਰ 12 ਵਜੇ ਤੋਂ 2 ਵਜੇ ਤੱਕ ਹੋਵੇਗੀ।


ਸੁਨਹਿਰੀ ਤਾਰਾ
ਆਖਰੀ ਸਫ਼ੇ 'ਤੇ

ਨਵਾਂ ਜ਼ਮਾਨਾ ਐਤਵਾਰਤਾ

ਲਾਹ ਦਿੱਤੇ ਸਭ ਖ਼ੌਫ਼ ਸਫ਼ੀਨਾ
ਅੱਧ ਵਿਚਕਾਰੇ ਡੁੱਬਣ ਦੇ
ਲੋਕਾਂ ਕੋਲ ਖ਼ੁਦਾ ਹੋਵੇਗਾ
ਸਾਡੇ ਕੋਲ ਮਲਾਹ ਤਾਂ ਹੈ।
- ਜਗਵਿੰਦਰ ਜੋਧਾ

Regd. No : Pb/JL-123/2021-2023, (R.N.I.)-00068/57
ਜਲੰਧਰ : ਐਤਵਾਰ, 30 ਜੁਲਾਈ 2023
www.nawanzamana.in
ਕੀਮਤ 5.00 ਰੁਪਏ

ਵਿਲੱਖਣ ਵਿਅਕਤਿਤਵ

ਅਵਤਾਰ ਸਿੰਘ

# ਪਿਆਰਾ ਤੇ ਨਿਆਰਾ ਕਾਮਰੇਡ, ਪ੍ਰੀਤਮ ਸਿੰਘ ਆਜ਼ਾਦ

ਭੂਰੀ ਗੁਰਗਾਬੀ, ਡੱਬੀਆਂ ਜੁਰਾਬਾਂ, ਚੈੱਕ ਪੈਂਟ, ਚਿੱਟੀ ਕਮੀਜ਼, ਚਿੱਟੀ ਪੱਗ, ਚਿੱਟਾ ਰੁਮਾਲ, ਚਾਬੀ ਵਾਲੀ ਘੜੀ, ਨਿੱਬ ਵਾਲਾ ਪੈੱਨ, ਐਟਲਸ ਸਾਈਕਲ, ਲੈਨਿਨ ਜਿੰਨੀ ਦਾਹੜੀ, ਓਨੀਆਂ ਈ ਮੁੱਛਾਂ, ਕੱਕੀ ਅੱਖ ਤੇ ਸੋਹਣਾ ਨੱਕ, ਦਿਲ ਦਰੁਸਤ, ਦੇਹੀ ਚੁਸਤ, ਸਦਾ ਕਾਇਮ, ਤੁਰਤ-ਫੁਰਤ, ਹੁਸ਼ਿਆਰ, ਸਦਾ ਤਿਆਰ ਤੇ ਵਿਲੱਖਣ ਅੰਦਾਜ਼। ਉਹ ਪ੍ਰੀਤਮ ਸਿੰਘ ਆਜ਼ਾਦ ਹੈ ਤੇ ਉਹ ਆਪਣੀ ਕਿਸਮ ਦਾ ਪਿਆਰਾ ਅਤੇ ਨਿਆਰਾ ਇੱਕੋ-ਇੱਕ ਕਾਮਰੇਡ ਹੈ।

ਉਹ ਰੱਬ ਨੂੰ ਨਹੀਂ ਮੰਨਦਾ। ਸੱਚ ਪੁੱਛੋ ਤਾਂ ਉਹ ਕਿਸੇ ਨੂੰ ਵੀ ਨਹੀਂ ਮੰਨਦਾ। ਉਹ ਵੱਡੀਆਂ-ਵੱਡੀਆਂ ਕਿਤਾਬਾਂ, ਵੱਡੇ-ਵੱਡੇ ਸਿਧਾਂਤ ਤੇ ਵੱਡੇ-ਵੱਡੇ ਬੰਦੇ ਰੱਦ ਕਰ ਦਿੰਦਾ ਹੈ। ਉਹ ਸਿਰਫ ਮਨੁੱਖਤਾ ਦਾ ਪੁਜਾਰੀ ਹੈ ਤੇ ਜਿੱਥੇ ਕਿਤੇ ਵੀ ਉਹਨੂੰ ਮਨੁੱਖਤਾ ਦਾ ਅੰਸ਼ ਨਜ਼ਰ ਆਵੇ, ਉੱਥੇ ਸਿਰ ਝੁਕਾ ਦਿੰਦਾ ਹੈ। ਮਨੁੱਖਤਾ ਦੇ ਬਗੈਰ ਨਾ ਉਹਦਾ ਕੋਈ ਗੁਰੂ ਹੈ, ਨਾ ਪੀਰ, ਨਾ ਉਸਤਾਦ, ਨਾ ਸ਼ਗਿਰਦ ਤੇ ਨਾ ਕੋਈ ਰਿਸ਼ਤੇਦਾਰ। ਉਹਨੂੰ ਤਾਂ ਇਹ ਵੀ ਲੱਗਦਾ, ਜਿਵੇਂ ਸਿਰਫ ਉਹੀ ਅਸਲ ਮਨੁੱਖ ਹੋਵੇ ਤੇ ਬਾਕੀ ਸਭ ਬੇਕਾਰ। ਜਿਨ੍ਹਾਂ ਆਪਣੇ ਸਿਰ ਉੱਤੇ ਗਿਆਨਮਈ ਅਤੇ ਸੰਵੇਦਨਸ਼ੀਲ ਮਨੁੱਖਤਾ ਦੇ ਬਗੈਰ ਵਾਧੂ ਬੋਝ ਚੁੱਕੇ ਹੋਣ, ਉਨ੍ਹਾਂ ਨੂੰ ਉਹ ਮਨੁੱਖ ਹੀ ਨਹੀਂ ਮੰਨਦਾ। ਅਜਿਹੇ ਵਾਧੂ ਅਤੇ ਬੇਲੋੜੇ ਬੋਝ ਨਾਲ ਥੱਕੇ, ਟੁੱਟੇ ਤੇ ਹਾਰੇ ਹੋਏ ਲੋਕਾਂ ਨੂੰ ਉਹ ਅਸਲੋਂ ਹੀ ਗਏ-ਗੁਜ਼ਰੇ ਸਮਝਦਾ ਹੈ। ਉਹਦੇ ਭਾਣੇ ਅਸਲ ਮਨੁੱਖ ਉਹੀ ਹੈ, ਜਿਹੜਾ ਪੜ੍ਹਦਾ, ਲਿਖਦਾ, ਜੂਝਦਾ, ਲੜਦਾ ਅਤੇ ਖੜ੍ਹਦਾ ਹੈ, ਕਿਉਂਕਿ ਉਹ ਖੁਦ ਜੂਝਦਾ, ਲੜਦਾ ਅਤੇ ਖੜ੍ਹਦਾ ਰਿਹਾ ਹੈ। ਉਹ ਕਦੇ ਬੇਵਜ੍ਹਾ ਨਹੀਂ ਲੜਿਆ, ਬਲਕਿ ਲੋਕਾਂ ਦੇ ਪੈਦਾ ਕੀਤੇ ਜਾਂ ਬਣਾਏ ਹਾਲਾਤ ਨਾਲ ਲੜਿਆ ਹੈ। ਚਾਹੇ ਕੋਈ ਖੱਬੀਖਾਨ ਹੋਵੇ, ਚਾਹੇ ਛੱਬੀਖਾਨ, ਉਹ ਕਿਸੇ ਤੋਂ ਕਦੀ ਨਹੀਂ ਡਰਿਆ। ਅੱਜ ਉਹ ਸ਼ਾਇਦ ਨੱਬੇ ਦਾ ਹੋ ਗਿਆ ਹੈ ਤੇ ਉਹਦੀ ਦੇਹੀ ਦੇ ਸਮੇਤ ਅੱਖਾਂ ਅਤੇ ਕੰਨ ਕਮਜ਼ੋਰ ਪੈ ਚੁੱਕੇ ਹਨ, ਪਰ ਉਹਦਾ ਦਿਲ ਅੱਜ ਵੀ ਤਰੋਤਾਜ਼ਾ ਅਤੇ ਨੌਜਵਾਨ ਹੈ ਤੇ ਉਹਦੀ ਸੁੱਧ-ਬੁੱਧ ਦੇ ਤਾਂ ਕਿਆ ਕਹਿਣੇ। ਉਹ ਅੱਜ ਵੀ ਪੜ੍ਹਦਾ, ਲਿਖਦਾ ਹੈ ਤੇ ਆਏ-ਗਏ ਨੂੰ ਬੜੇ ਜੋਸ਼ ਵਿੱਚ ਆਪਣੀ ਕਵਿਤਾ ਨਾਲ ਨਿਹਾਲ ਕਰਦਾ ਹੈ।

ਉਹ ਜਦ ਵੀ ਕਿਸੇ ਵੱਲ ਦੇਖਦਾ ਹੈ ਤਾਂ ਉਹਦੇ ਮੁੱਖ 'ਤੇ ਪਹਿਲਾਂ ਮੁਸਕਰਾਹਟ ਆਉਂਦੀ ਹੈ ਤੇ ਉਹਦੀਆਂ ਅੱਖਾਂ ਸਾਹਮਣੇ ਵਾਲੇ ਵਿੱਚੋਂ ਕੁਝ ਨਾ ਕੁਝ ਤਾੜਨ ਲੱਗ ਜਾਂਦੀਆਂ ਹਨ। ਫਿਰ ਉਹ ਅਜਿਹੀ ਗੱਲ ਕਰਦਾ ਹੈ, ਜਿਹੜੀ ਸਾਹਮਣੇ ਵਾਲੇ ਨਾਲ ਹੀ ਸੰਬੰਧਤ ਹੁੰਦੀ ਹੈ, ਬੇਸ਼ੱਕ ਸਾਹਮਣੇ ਵਾਲੇ ਨੂੰ ਭੁੱਲ ਚੁੱਕੀ ਹੋਵੇ। ਜਦ ਉਹ ਬੋਲਦਾ ਹੈ ਤਾਂ ਇਵੇਂ ਲੱਗਦਾ, ਜਿਵੇਂ ਉਹਦੇ ਲਾਲ ਸੁਰਖ ਸ਼ਬਦ ਕਿਤਾਬ ਦੀ ਬਜਾਏ ਭੱਠੀ ਵਿਚੋਂ ਨਿਕਲੇ ਹੋਣ। ਉਹਨੂੰ ਆਪਣੀ ਯਾਦਾਸ਼ਤ 'ਤੇ ਏਨਾ ਭਰੋਸਾ ਹੈ ਕਿ ਉਹ ਆਪਣੀ ਕਿਸੇ ਵੀ ਗੱਲ ਨਾਲ ਸ਼ਾਇਦ ਨਹੀਂ ਲਗਾਉਂਦਾ। ਉਹ ਆਪਣੀ ਅੱਸੀ ਸਾਲ ਪੁਰਾਣੀ ਗੱਲ ਵੀ ਇਵੇਂ ਦੱਸਦਾ, ਜਿਵੇਂ ਕੱਲ੍ਹ ਹੋਈ ਹੋਵੇ। ਉਹਦੇ ਚਿਹਰੇ ਦੇ ਰੰਗ-ਢੰਗ ਤੇ ਹਾਵ-ਭਾਵ ਵੀ ਉਸੇ ਤਰ੍ਹਾਂ ਦੇ ਹੋ ਜਾਂਦੇ ਹਨ, ਜਿਵੇਂ ਉਹ ਹਾਲੇ ਵੀ ਉਸੇ ਅੱਸੀ ਸਾਲ ਪੁਰਾਣੇ ਸਮੇਂ ਅਤੇ ਅਹਿਸਾਸ ਵਿੱਚ ਜੀ ਰਿਹਾ ਹੋਵੇ।

ਉਹ ਆਪਣੇ ਜ਼ਮਾਨੇ ਵਿੱਚ ਆਪ ਨੂੰ ਮਹਾਂਰਥੀ ਸਮਝਣ ਵਾਲੇ ਲੋਕਾਂ ਨੂੰ ਖੂਬ ਸਬਕ ਸਿਖਾਉਂਦਾ ਰਿਹਾ ਹੈ ਤੇ ਉਨ੍ਹਾਂ ਦੀ ਕਮ-ਅਕਲੀ ਦੀਆਂ ਬਦਸੂਰੀਆਂ ਗੱਲਾਂ ਦੱਸਣ ਤੋਂ ਪਹਿਲਾਂ ਆਪਣਾ ਮੂੰਹ ਬੰਦ ਕਰ ਲੈਂਦਾ ਹੈ ਤੇ ਉਹਦੀ ਦੇਹ ਹੱਸਣ ਲੱਗ ਪੈਂਦੀ ਹੈ, ਜਿਵੇਂ ਉਹਨੂੰ ਕਾਂਬਾ ਛਿੜ ਪਿਆ ਹੋਵੇ। ਚਿਰ ਬਾਅਦ ਉਹਦਾ ਮੂੰਹ ਖੁੱਲ੍ਹਦਾ ਹੈ ਤੇ ਉਹਦੇ ਹਾਸੇ ਦੀ ਆਵਾਜ਼ ਸੁਣਦੀ ਹੈ, ਜਿਹਨੂੰ ਦੱਸਣ ਲਈ ਕੋਈ ਵੀ ਤਸਬੀਹ ਫਿੱਟ ਨਹੀਂ ਬੈਠਦੀ। ਕਹਿ ਸਕਦੇ ਹਾਂ ਕਿ ਉਹ ਇਸ ਤਰ੍ਹਾਂ ਹੱਸਦਾ ਹੈ, ਜਿਵੇਂ ਸਿਰਫ ਉਹੀ ਹੱਸਦਾ ਹੈ।

ਗਰਮੀਆਂ ਵਿੱਚ ਉਹ ਆਪਣੇ ਘਰੇ ਬਹੁਤ ਘੱਟ ਕੱਪੜੇ ਪਾ ਕੇ ਰੱਖਦਾ ਹੈ। ਚਿੱਟਾ ਪਜਾਮਾ, ਬੁਨੈਣ, ਸਿਰੋਂ ਨੰਗਾ ਤੇ ਬੱਸ। ਸਿਰ ਦੇ ਸਾਬਤ ਸਬੂਤੇ ਅਤੇ ਭਰਵੇਂ ਜੂੜੇ ਤੋਂ ਉਹ ਕੋਈ ਰਿਸ਼ੀ ਲੱਗਦਾ ਹੈ। ਸਰਦੀ ਹੋਵੇ ਤਾਂ ਉਹਨੇ ਪੈਰਾਂ ਤੋਂ ਲੈ ਕੇ ਸਿਰ ਤੱਕ ਦੋਹਰੇ-ਦੋਹਰੇ, ਤਿਹਰੇ-ਤਿਹਰੇ ਕੱਪੜੇ ਪਾਏ ਹੁੰਦੇ ਹਨ, ਜਿਵੇਂ ਸਾਰੇ ਜਹਾਨ ਦੀ ਠੰਢ ਸਿਰਫ ਉਸੇ ਨੂੰ ਲੱਗਦੀ ਹੋਵੇ। ਜੋ ਵੀ ਹੋਵੇ, ਹਰ ਪਹਿਰਾਵੇ ਵਿੱਚ ਉਹ ਕੁਝ ਖਾਸ ਹੁੰਦਾ ਹੈ, ਜਿਹੋ ਜਿਹਾ ਕੋਈ ਹੋਰ ਨਹੀਂ ਹੁੰਦਾ।

ਉਹ ਇਕੱਲਾ ਹੈ ਤੇ ਡਬਲ ਬੈੱਡ 'ਤੇ ਸੌਂਦਾ ਹੈ। ਇੱਕ ਬੈੱਡ 'ਤੇ ਕਿਤਾਬਾਂ ਰੱਖਦਾ ਹੈ ਤੇ ਦੂਜੇ ਉੱਤੇ ਬਹਿੰਦਾ ਅਤੇ ਸੌਂਦਾ ਹੈ। ਉਹਦੇ ਬੈੱਡ 'ਤੇ ਕਿਤਾਬਾਂ ਦੀਆਂ ਕੋੜੀਆਂ ਲੱਗੀਆਂ ਰਹਿੰਦੀਆਂ ਹਨ ਤੇ ਉਹ ਇੱਕੋ ਸਮੇਂ ਕਈ ਕਿਤਾਬਾਂ ਪੜ੍ਹਦਾ ਹੈ। ਸਵੇਰੇ ਹੋਰ, ਦੁਪਹਿਰੇ ਹੋਰ, ਸ਼ਾਮੀਂ ਹੋਰ ਤੇ ਰਾਤੀਂ ਹੋਰ। ਉਹ ਕਿਤਾਬਾਂ ਵਿਚ ਨਿਸ਼ਾਨੀ ਨਹੀਂ ਰੱਖਦਾ, ਮੂਧੀ ਮਾਰ ਦਿੰਦਾ ਹੈ ਤੇ ਜਦ ਜੀ ਕਰਦਾ ਹੈ, ਉੱਥੋਂ ਹੀ ਪੜ੍ਹਨੀ ਸ਼ੁਰੂ ਕਰ ਦਿੰਦਾ ਹੈ। ਉਹਦੇ ਆਸ-ਪਾਸ ਪਈਆਂ ਮੂਧੀਆਂ ਕਿਤਾਬਾਂ ਇਵੇਂ ਲੱਗਦੀਆਂ ਹਨ, ਜਿਵੇਂ ਗਿਆਨ ਦੀਆਂ ਨਿੱਕੀਆਂ-ਨਿੱਕੀਆਂ ਝੌਂਪੜੀਆਂ ਹੋਣ ਤੇ ਜਿਨ੍ਹਾਂ ਵਿੱਚ ਸਿਰਫ ਉਸੇ ਦੀ ਰੂਹ ਰਹਿੰਦੀ ਹੋਵੇ। ਉਹਦੇ ਆਸਪਾਸ ਪਈਆਂ ਕਿਤਾਬਾਂ ਕਦੇ-ਕਦੇ ਉਹਦੇ ਤਬੇਲੇ 'ਚ ਬੰਨ੍ਹੀਆਂ ਉਡਾਰੂ ਘੋੜੀਆਂ ਲੱਗਦੀਆਂ ਹਨ, ਜਿਨ੍ਹਾਂ ਦਾ ਬਸ ਉਹੀ ਸ਼ਾਹਅਸਵਾਰ ਹੋਵੇ ਤੇ ਜਿਨ੍ਹਾਂ 'ਤੇ ਚੜ੍ਹ ਕੇ ਉਹ ਧਰਤੀ ਅਤੇ ਅਕਾਸ਼ ਦਰਮਿਆਨ ਸੈਰ ਕਰਨ ਜਾਂਦਾ ਹੋਵੇ।

ਮੈਂ ਉਹਦੇ ਕੋਲ ਜਦ ਵੀ ਜਾਂਦਾ ਹਾਂ ਤਾਂ ਉਹਦੇ ਨਾਲੋਂ ਵੱਧ, ਉਹਦੀਆਂ ਕਿਤਾਬਾਂ ਨੂੰ ਨਿਹਾਰਦਾ ਰਹਿੰਦਾ ਹਾਂ। ਇਸ ਵਾਰੀ ਤਾਂ ਮੈਨੂੰ ਇਵੇਂ ਲੱਗਿਆ, ਜਿਵੇਂ ਇਹ ਕਿਤਾਬਾਂ ਉਹਦੀਆਂ ਗੋਪੀਆਂ ਹੋਣ ਤੇ ਉਹ ਗੋਪੀਆਂ ਦਾ ਕਾਨ੍ਹ ਹੋਵੇ। ਸ਼ਾਇਦ ਇਸੇ ਲਈ ਕਿਤਾਬਾਂ ਉਹਦੇ ਸਾਹਮਣੇ ਖੁੱਲ੍ਹਣ ਲਈ ਸਦਾ ਤਿਆਰ ਰਹਿੰਦੀਆਂ ਹਨ, ਬਲਕਿ ਖੁੱਲ੍ਹੀਆਂ ਹੀ ਰਹਿੰਦੀਆਂ ਹਨ। ਉਹਦੀ ਹਰ ਕਿਤਾਬ ਉਹਦੇ ਪੜ੍ਹੇ ਹੋਣ ਦਾ ਸਬੂਤ ਦਿੰਦੀ ਹੈ। ਉਹਦੇ ਕੋਲ ਪਈ ਕਿਸੇ ਵੀ ਕਿਤਾਬ ਦਾ ਕੋਈ ਹੀ ਪੰਨਾ ਬਚਦਾ ਹੈ, ਜਿੱਥੇ ਉਹਨੇ ਅੰਡਰ-ਲਾਈਨ ਨਾ ਕੀਤਾ ਹੋਵੇ ਤੇ ਜਿੱਥੇ ਉਹਨੇ ਕੁਝ ਨਾ ਕੁਝ ਲਿਖਿਆ ਨਾ ਹੋਵੇ। ਉਹ ਕਿਤਾਬ ਨਾਲ ਜ਼ਿਹਨੀ ਕੁਸ਼ਤੀ ਕਰਦਾ ਹੈ ਤੇ ਉਹਦੇ ਵਿਚ ਲਿਖੀ ਹਰ ਇਬਾਰਤ ਨੂੰ ਗੁੰਨ੍ਹ ਕੇ ਅਤੇ ਤੁੰਨ ਕੇ ਰੱਖ ਦਿੰਦਾ ਹੈ।

ਉਹਦੇ ਮੰਜੇ 'ਤੇ ਅੰਗਰੇਜ਼ੀ ਟ੍ਰਿਬਿਊਨ ਤੇ 'ਨਵਾਂ ਜ਼ਮਾਨਾ' ਇਸ ਤਰ੍ਹਾਂ ਪਈਆਂ ਹੁੰਦੀਆਂ ਹਨ, ਜਿਵੇਂ ਉਹਨੇ ਆਪਣੇ ਕੱਪੜੇ ਉਤਾਰ ਕੇ ਰੱਖੇ ਹੋਣ। ਦੋਵੇਂ ਅਖਬਾਰਾਂ ਉਹਨੇ ਕਿਸੇ ਖੋਜੀ ਵਿਦਵਾਨ ਦੀ ਤਰ੍ਹਾਂ ਅੰਡਰਲਾਈਨ ਕਰ-ਕਰ ਭਰੀਆਂ ਹੁੰਦੀਆਂ ਹਨ। ਕੁਝ ਵੀ ਪੜ੍ਹਨ ਲੱਗੇ, ਉਹ ਆਪਣੇ ਨੇੜੇ ਆਕਸਫੋਰਡ ਇੰਗਲਿਸ਼ ਡਿਕਸ਼ਨਰੀ ਜ਼ਰੂਰ ਰੱਖਦਾ ਹੈ ਤੇ ਉਹਦਾ ਪੜ੍ਹਿਆ ਕੋਈ ਵੀ ਸ਼ਬਦ, ਅਜਿਹਾ ਨਹੀਂ ਹੁੰਦਾ, ਜਿਹਦਾ ਉਹਨੂੰ ਅਰਥ ਨਾ ਪਤਾ ਹੋਵੇ। ਉਹ ਹਰ ਗੱਲ ਇਸ ਤਰ੍ਹਾਂ ਪੜ੍ਹਦਾ ਹੈ, ਜਿਸ ਤਰ੍ਹਾਂ ਕੋਈ ਵੀ ਨਹੀਂ ਪੜ੍ਹਦਾ। ਉਹਦੀ ਪੜ੍ਹੀ ਹੋਈ ਕਿਤਾਬ ਫੋਕੀ-ਫੋਕੀ ਲੱਗਣ ਲੱਗ ਜਾਂਦੀ ਹੈ, ਜਿਵੇਂ ਉਹਦੇ ਵਿੱਚੋਂ ਉਹਨੇ ਗਿਰੀ ਕੱਢ ਲਈ ਹੋਵੇ ਜਾਂ ਸਾਰਾ ਅਰਕ ਨਿਚੋੜ ਲਿਆ ਹੋਵੇ।

ਉਹਦੀਆਂ ਕਿਤਾਬਾਂ ਦੇਖ ਕੇ ਕਦੇ-ਕਦੇ ਹੈਰਾਨੀ ਹੁੰਦੀ ਹੈ ਕਿ ਉਹ ਸੱਚਮੁੱਚ ਕਾਮਰੇਡ ਹੈ ਵੀ? ਉਹ ਹਰ ਤਰ੍ਹਾਂ ਦਾ ਸਾਹਿਤ ਪੜ੍ਹਦਾ ਹੈ। ਕਿਹੜੀ ਕਿਤਾਬ ਤੇ ਕਿਹੜਾ ਸਾਹਿਤਕਾਰ ਹੈ, ਜਿਹਨੂੰ ਉਹ ਨਹੀਂ ਪੜ੍ਹਦਾ? ਉਹਨੇ ਗੀਤਾ ਪੜ੍ਹੀ ਹੈ, ਰਮਾਇਣ ਪੜ੍ਹੀ ਹੈ ਤੇ ਮਹਾਂਭਾਰਤ ਦਾ ਤਾਂ ਉਹ ਮਦਾਹ ਹੈ। ਉਹਦਾ ਮੰਨਣਾ ਹੈ ਕਿ ਦੁਨੀਆ ਦਾ ਕੋਈ ਵੀ ਸਾਹਿਤ ਹਾਲੇ ਤੱਕ ਮਹਾਂਭਾਰਤ ਤੱਕ ਨਹੀਂ ਪੁੱਜ ਸਕਿਆ।

ਉਹ ਬੜਾ ਬੇਲਿਹਾਜ਼ ਗੱਲਕਾਰ ਹੈ। ਉਹ ਵੱਡੇ-ਛੋਟੇ ਦਾ ਬਸ ਏਨਾ ਹੀ ਖਿਆਲ ਰੱਖਦਾ ਹੈ ਕਿ ਉਹਦੀ ਗੱਲ, ਕਿਸੇ ਦੇ ਗਿੱਟੇ-ਗੋਡੇ ਨਾ ਭੰਨੇ, ਪਰ ਉਹ ਗੱਲ ਕਹਿ ਕੇ ਜਾਂ ਕਰਕੇ ਆਪਣੇ ਵੱਲੋਂ ਕੋਈ ਕਮੀਂ ਨਹੀਂ ਰਹਿਣ ਦਿੰਦਾ। ਨਾ ਉਹਨੂੰ ਕੋਈ ਗੱਲ ਭੁੱਲਦੀ ਹੈ ਤੇ ਨਾ ਉਹ ਕੋਈ ਗੱਲ ਅੱਧ-ਵਿਚਕਾਰ ਛੱਡਦਾ ਹੈ। ਹਰ ਗੱਲ ਨੂੰ ਸਿਰੇ ਲਾਉਣਾ, ਜਿਵੇਂ ਉਹਦਾ ਧਰਮ ਹੋਵੇ। ਗੱਲ ਕਰਦਿਆਂ ਉਹਨੂੰ ਕਿਸੇ ਤਰ੍ਹਾਂ ਦੀ ਕਾਹਲ ਨਹੀਂ ਹੁੰਦੀ ਤੇ ਨਾ ਹੀ ਉਹ ਕਿਸੇ ਨੂੰ ਗੱਲ ਸੁਣੇ ਬਗੈਰ ਹਿੱਲਣ ਦਿੰਦਾ ਹੈ। ਉਹਦੇ ਜਿੰਨਾ ਵਿਹਲਾ ਗੱਲਕਾਰ ਸ਼ਾਇਦ ਹੀ ਕੋਈ ਹੋਵੇ। ਜਿਵੇਂ ਪ੍ਰਿੰਸੀਪਲ ਤੇਜਾ ਸਿੰਘ ਨੇ ਉਹਨੂੰ ਦੇਖ ਕੇ ਹੀ 'ਵਿਹਲੀਆਂ ਗੱਲਾਂ' ਲੇਖ ਲਿਖਿਆ ਹੋਵੇ। ਸੱਚ ਪੁੱਛੋ ਤਾਂ ਹੁਣ ਉਹ ਲੇਖ ਪੜ੍ਹਦਿਆਂ ਵਿੱਚੋਂ ਆਜ਼ਾਦ ਦਿਖਣ ਲੱਗ ਪੈਂਦਾ ਹੈ।

ਉਹਦਾ ਜਨਮ ਨਨਕਾਣਾ ਸਾਹਿਬ ਹੋਇਆ। ਉਹਦੇ ਪਿਤਾ ਜੀ ਨਨਕਾਣਾ ਸਾਹਿਬ ਦੇ ਗ੍ਰੰਥੀ ਸਨ ਤੇ ਸੰਤਾਲੀ ਤੋਂ ਬਾਅਦ ਉਹ ਇੱਧਰ ਆ ਗਏ ਤੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਗ੍ਰੰਥੀ ਲੱਗ ਗਏ। ਪ੍ਰੀਤਮ ਸਿੰਘ ਨੂੰ ਆਪਣੇ ਬਾਪ ਦੀ ਧਾਰਮਿਕ ਆਸਥਾ ਦੀ ਮਜਬੂਰੀ ਦਾ ਪਤਾ ਸੀ, ਜਿਹਦਾ ਉਹਦੇ ਕੋਲ ਕੋਈ ਹੱਲ ਨਹੀਂ ਸੀ। ਜਦ ਕਿਸੇ ਦੀ ਧਾਰਮਕ ਆਸਥਾ ਮਜਬੂਰੀ ਤੋਂ ਵੀ ਅੱਗੇ ਮਜ਼ਦੂਰੀ ਬਣ ਜਾਵੇ ਤਾਂ ਉਹਦੇ ਪੜ੍ਹੇ-ਲਿਖੇ ਤੇ ਇਮਾਨਦਾਰ ਬੱਚੇ ਆਜ਼ਾਦ ਹੋ ਜਾਂਦੇ ਹਨ। ਉਹ ਵੀ ਇਵੇਂ ਹੀ ਆਜ਼ਾਦ ਹੋ ਗਿਆ ਸੀ ਤੇ ਉਹਦੀ ਜੁਆਨੀ ਕੀ, ਸਾਰੀ ਜ਼ਿੰਦਗੀ ਹੀ ਉਸ ਆਜ਼ਾਦੀ ਦਾ ਐਲਾਨਨਾਮਾ ਹੋ ਗਈ।

ਬੇਸ਼ੱਕ ਉਹਦਾ ਬਾਪ ਕਿਸੇ ਦਾ ਗੁਲਾਮ ਨਹੀਂ ਸੀ, ਪਰ ਕਮੇਟੀਆਂ ਦੇ ਅਹੁਦੇਦਾਰ ਏਨੇ ਬੇਲਿਹਾਜ਼ ਅਤੇ ਬੇਲੱਜ ਹੁੰਦੇ ਹਨ ਕਿ ਆਪਣੀਆਂ ਮਨਮਾਨੀਆਂ ਤੇ ਆਪਹੁਦਰੀਆਂ 'ਤੇ ਉੱਤਰ ਆਉਂਦੇ ਹਨ। ਉਹ ਗੁਰੂ ਕੇ ਵਜ਼ੀਰ ਕਹੇ ਜਾਂਦੇ ਗ੍ਰੰਥੀਆਂ ਨੂੰ ਏਨੇ ਹੀਣੇ ਤੇ ਨਿਤਾਣੇ ਬਣਾ ਦਿੰਦੇ ਹਨ ਕਿ ਵਿਚਾਰੇ ਗ੍ਰੰਥੀ ਉਨ੍ਹਾਂ ਅਹੁਦੇਦਾਰਾਂ ਦੇ ਮਖੌਟੇ ਵਾਲੇ ਧਰਮ ਤੋਂ ਦੂਰ ਹੋ ਜਾਂਦੇ ਹਨ। ਜੇ ਕਿਸੇ ਨੇ ਬਿਨਾਂ ਗ੍ਰੰਥੀ ਬਣੇ ਗ੍ਰੰਥੀ ਦੀ ਦੁਰਦਸ਼ਾ ਤੇ ਮਨੋਦਸ਼ਾ ਦੇਖਣੀ ਹੋਵੇ ਤਾਂ ਉਰਦੂ ਦੇ ਕਹਾਣੀਕਾਰ ਬਲਵੰਤ ਸਿੰਘ ਦੀ ਕਹਾਣੀ 'ਗ੍ਰੰਥੀ' ਪੜ੍ਹ ਲਵੇ। ਗ੍ਰੰਥੀ ਬਾਪ ਦੀ ਮਨੋਦਸ਼ਾ ਨੇ ਪ੍ਰੀਤਮ


ਪ੍ਰੀਤਮ ਸਿੰਘ ਆਜ਼ਾਦ ਆਪਣੇ ਵਿਲੱਖਣ ਅੰਦਾਜ਼ 'ਚ

ਸਿੰਘ ਦੇ ਰਗੋ-ਰੇਸ਼ੇ ਨੂੰ ਆਜ਼ਾਦ ਕਰ ਦਿੱਤਾ, ਜਿਹਨੂੰ ਉਹਨੇ ਆਪਣਾ ਤਖੱਲਸ ਬਣਾ ਲਿਆ ਤੇ ਉਹ ਪ੍ਰੀਤਮ ਸਿੰਘ ਆਜ਼ਾਦ ਹੋ ਗਿਆ।

ਪੇਸ਼ੇ ਵਜੋਂ ਉਹ ਸਕੂਲ ਅਧਿਆਪਕ ਬਣਿਆ, ਉਹ ਵੀ ਗਿਆਨੀ ਤੇ ਉਰਦੂ ਦਾ ਮਾਹਰ। ਉਰਦੂ ਦਾ ਉਹ ਏਨਾ ਖਿਆਲ ਰੱਖਦਾ ਹੈ ਕਿ ਉਹਦੇ ਮੂੰਹੋਂ ਕਦੇ ਵੀ ਅਤੇ ਕਿਸੇ ਵੀ ਸ਼ਬਦ ਦਾ ਗਲਤ ਉਚਾਰਨ ਨਹੀਂ ਸੁਣਿਆ। ਸਾਰੀ ਦੁਨੀਆ ਉਹਨੂੰ ਐੜੇ ਨੂੰ ਕੰਨੇ ਤੋਂ ਬਿਨਾਂ 'ਅਜ਼ਾਦ' ਕਹਿੰਦੀ ਹੈ, ਪਰ ਉਹਨੇ ਕਦੇ ਵੀ ਆਪਣੇ ਮੂੰਹੋਂ ਅਜ਼ਾਦ ਨਹੀਂ ਬੋਲਿਆ। ਉਹ ਹਮੇਸ਼ਾ ਐੜੇ ਨੂੰ ਕੰਨਾ ਲਾ ਕੇ 'ਆਜ਼ਾਦ' ਕਹਿੰਦਾ ਹੈ।

ਉਹਦੇ ਪੜ੍ਹਾਏ ਵਿਦਿਆਰਥੀ ਫਗਵਾੜਾ ਦੀਆਂ ਪ੍ਰਸਿੱਧ ਹਸਤੀਆਂ ਹਨ, ਪਰ ਉਹਦੇ ਸਾਹਮਣੇ ਆਉਂਦੇ ਹੀ ਉਨ੍ਹਾਂ ਦੀ ਪ੍ਰਸਿੱਧੀ ਅਤੇ ਹਸਤੀ ਖੰਭ ਲਾ ਕੇ ਉਡ ਜਾਂਦੀ ਹੈ ਤੇ ਉਹ ਧੜੰਮ ਕਰਕੇ ਆਪਣੇ ਉਸਤਾਦ ਦੇ ਪੈਰਾਂ 'ਚ ਡਿਗਦੇ ਹਨ। ਉਸ ਵੇਲੇ ਉਹਦੇ ਚਿਹਰੇ ਉੱਤੇ ਏਨੀ ਰੌਣਕ ਹੁੰਦੀ ਹੈ ਕਿ ਉਹਦਾ ਗੌਰਵ ਅਸਮਾਨ ਤੱਕ ਪੁੱਜ ਜਾਂਦਾ ਹੈ। ਉਹਦੇ ਹੋਣਹਾਰ ਵਿਦਿਆਰਥੀ ਬੜੇ ਫਖਰ ਨਾਲ ਦੱਸਦੇ ਹਨ, 'ਮਾਸਟਰ ਜੀ, ਨੇ ਸਾਨੂੰ ਰੰਬੇ ਵਾਂਗ ਚੰਡਿਆ ਹੈ।' ਉਹਦੇ ਵਿਦਿਆਰਥੀ ਬੜੀ ਟੌਹਰ ਨਾਲ ਦੱਸਦੇ ਹਨ, "ਮਾਸਟਰ ਜੀ, ਅੱਗੇ ਕਿਸੇ ਵੀ ਹੈੱਡਮਾਸਟਰ ਦੀ ਕੁਸਕਣ ਦੀ ਹਿੰਮਤ ਨਹੀਂ ਸੀ ਹੁੰਦੀ। ਅਗਰ ਕੋਈ ਅਣਜਾਣ ਕੁਸਕਦਾ ਵੀ ਸੀ ਤਾਂ ਮਾਸਟਰ ਜੀ ਉਸ ਦੀ ਗੱਲ ਦਾ ਜਵਾਬ ਹਥੌੜੇ ਵਰਗਾ ਦਿੰਦੇ ਸਨ, ਜਿਹਦੇ ਵਿੱਚ ਦਾਤੀ ਵਰਗੀ ਦਲੀਲ ਹੁੰਦੀ ਤੇ ਤਾਰੇ ਵਰਗਾ ਸੱਚ।'

ਪੰਜਾਬ ਦੀ ਕੋਈ ਅਜਿਹੀ ਯੂਨੀਅਨ ਨਹੀਂ ਹੋਣੀ, ਜਿਹਦੇ ਚਲਦੇ ਸੰਘਰਸ਼ ਵਿੱਚ ਉਹਨੇ ਹਿੱਸਾ ਨਾ ਲਿਆ ਹੋਵੇ। ਸੰਘਰਸ਼ ਮਘਾਉਣ ਲਈ ਲੋਕ ਅਕਸਰ ਉਹਦੇ ਭਾਸ਼ਣ ਕਰਾਉਂਦੇ ਤੇ ਉਹ ਸੱਚਮੁੱਚ ਹੀ ਸੰਘਰਸ਼ ਨੂੰ ਮਘਾ ਕੇ ਜਿੱਤ ਤੱਕ ਲੈ ਜਾਂਦਾ। ਉਹਦੇ ਕੋਲ ਜਿੱਤੇ ਹੋਏ ਸੰਘਰਸ਼ਾਂ ਦੇ ਦਰਜਨਾਂ ਕਿੱਸੇ ਹਨ, ਜਿਨ੍ਹਾਂ ਨੂੰ ਉਹ ਅਕਸਰ ਚਟਕਾਰੇ ਲੈ-ਲੈ ਸੁਣਾਉਂਦਾ ਹੈ ਤੇ ਉਸ ਵਿੱਚ ਕਿਸੇ ਅਫਸਰ ਨਾਲ ਹੋਈ ਗੱਲਬਾਤ ਸੁਣਾਉਂਦਿਆਂ ਆਜ਼ਾਦ ਅਸਲੋਂ ਹੀ ਉਸੇ ਸਮੇਂ ਪੁੱਜ ਜਾਂਦਾ ਹੈ, ਜਿਵੇਂ ਉਹ ਅਫਸਰ ਹਾਲੇ ਵੀ ਉਹਦੇ ਸਾਹਮਣੇ ਹੱਥ ਜੋੜ ਕੇ ਖੜ੍ਹਾ ਹੋਵੇ। ਉਹ ਜਦ ਆਪਣੇ ਲੜੇ ਸੰਘਰਸ਼ਾਂ ਦੀਆਂ ਕਹਾਣੀਆਂ ਸੁਣਾਉਂਦਾ ਹੈ ਤਾਂ ਉਨ੍ਹਾਂ ਵਿੱਚ ਛਿੜੀਆਂ ਬਹਿਸਾਂ ਵੀ ਸੁਣਾਉਂਦਾ ਹੈ, ਜਿਨ੍ਹਾਂ ਵਿੱਚ ਸਭ ਵੇਰਵੇ ਹੁੰਦੇ ਹਨ : ਕੌਣ ਡਰ ਗਿਆ, ਕੌਣ ਡਿੱਗ ਪਿਆ, ਕੌਣ ਵਿਕ ਗਿਆ, ਕੌਣ ਲੜ ਪਿਆ ਤੇ ਕੌਣ ਝੜ ਗਿਆ। ਉਹਨੂੰ ਸੁਣਦਿਆਂ ਕਈ ਵਾਰੀ ਤਾਂ ਲੱਗਦਾ ਹੈ, ਜਿਵੇਂ ਅਸੀਂ ਕੋਈ ਫਿਲਮ ਦੇਖ ਰਹੇ ਹੋਈਏ, ਜਿਹਦੇ ਡਾਇਲਾਗ ਉਹਨੇ ਖੁਦ ਲਿਖੇ ਹੋਣ।

ਸੱਤਪਾਲ ਡਾਂਗ ਤੋਂ ਲੈ ਕੇ ਹਰਕਿਸ਼ਨ ਸਿੰਘ ਸੁਰਜੀਤ ਤੱਕ ਉਹਦੇ ਘਰ ਰਾਤਾਂ ਕੱਟਦੇ ਰਹੇ। ਮਾਸਟਰ ਭਗਤ ਰਾਮ ਤਾਂ ਉਹਦਾ ਜਿਵੇਂ ਚੇਲਾ-ਬਾਲਕਾ ਹੋਵੇ। 'ਨਵਾਂ ਜ਼ਮਾਨਾ' ਵਾਲਾ ਜਗਜੀਤ ਸਿੰਘ ਅਨੰਦ ਉਹਦੀ ਬੇਹੱਦ ਕਦਰ ਕਰਦਾ ਸੀ ਤੇ ਇਕੱਠੀ ਹੋਈ ਮਲੱਖ ਵਿੱਚੋਂ ਉਹਨੂੰ ਲੱਭ ਕੇ ਚੁੱਪ-ਚਾਪ ਉਹਦੇ ਮੋਢੇ 'ਤੇ ਹੱਥ ਰੱਖ ਕੇ ਪੁੱਛਦਾ ਸੀ, 'ਆਜ਼ਾਦ ਕੀ ਹਾਲ ਐ?'

ਉਹ ਦੱਸਦਾ ਹੈ ਕਿ ਆਨੰਦ ਨੇ ਜਿੰਨੀ ਵਾਰੀ ਵੀ ਉਹਨੂੰ ਲੱਭਿਆ, ਉਹ ਕਿਤਾਬਾਂ ਖਰੀਦ ਰਿਹਾ ਹੁੰਦਾ ਸੀ ਤੇ ਆਨੰਦ ਨੂੰ ਪਤਾ ਹੁੰਦਾ ਸੀ ਕਿ ਆਜ਼ਾਦ ਕਿੱਥੇ ਲੱਭ ਸਕਦਾ ਹੈ। ਆਨੰਦ ਦੀ ਏਨੀ ਅਪਣੱਤ ਆਜ਼ਾਦ ਨੂੰ ਏਨਾ ਅਨੰਦ ਦਿੰਦੀ ਸੀ ਕਿ ਬਾਗੋ-ਬਾਗ ਹੋਏ ਆਜ਼ਾਦ ਦਾ ਰੰਗ ਏਨਾ ਲਾਲ ਹੋ ਜਾਂਦਾ ਸੀ, ਜਿਵੇਂ ਕੋਈ ਸਫੈਦ ਕਲੀ ਖਿੜ ਕੇ ਲਾਲ ਹੋ ਗਈ ਹੋਵੇ ਤੇ ਖਿੜਿਆ ਹੋਇਆ ਆਜ਼ਾਦ ਆਪਣੇ ਆਪ ਨੂੰ ਉਸ ਭੀੜ ਦਾ ਲਾੜਾ ਸਮਝਣ ਲੱਗ ਪੈਂਦਾ ਸੀ।

ਕਈ ਹਾਰੇ ਹੋਏ ਐੱਮ ਪੀ ਤੇ ਐੱਮ ਐੱਲ ਏ ਤਾਂ ਹੁਣ ਤੱਕ ਉਹਦਾ ਪਾਣੀ ਭਰਦੇ ਹਨ ਤੇ ਆਪਣੇ ਨਿਕੰਮੇਪਣ ਕਾਰਨ ਖਿੜੇ ਮੱਥੇ ਉਹਦੀ ਡਾਂਟ ਸਹਿ ਲੈਂਦੇ ਹਨ। ਸੱਤਪਾਲ ਡਾਂਗ, ਜਗਜੀਤ ਸਿੰਘ ਆਨੰਦ ਤੇ ਸੁਰਜੀਤ ਦੇ ਬਾਅਦ ਵੀ ਜੇ ਕਿਸੇ ਕੋਲੋਂ ਕੋਈ ਭੈਅ ਖਾਂਦਾ ਹੈ ਜਾਂ ਸ਼ਰਮ ਮਹਿਸੂਸ ਕਰਦਾ ਹੈ ਤਾਂ ਉਹ ਪ੍ਰੀਤਮ ਸਿੰਘ ਆਜ਼ਾਦ ਹੈ। ਸ਼ਾਇਦ ਇਸੇ ਕਰਕੇ ਹੁਣ ਕੋਈ ਉਹਨੂੰ ਮਿਲਣ ਨਹੀਂ ਆਉਂਦਾ ਤੇ ਨਾ ਹੀ ਕਿਸੇ ਨੂੰ ਉਹਦੀ ਕੋਈ ਖਬਰ ਹੈ। ਲੋਕ ਡਰਦੇ ਹਨ ਕਿ ਅਗਰ ਉਹਨੇ ਕੋਈ ਅਜਿਹੀ ਗੱਲ ਛੇੜ ਲਈ, ਜਿਹਦੇ ਵਿੱਚ ਉਨ੍ਹਾਂ ਨੂੰ ਸ਼ਰਮਸਾਰ ਹੋਣਾ ਪਵੇ ਤਾਂ ਉਹ ਉਹਦੇ ਸਾਹਮਣੇ ਅੱਖ ਕਿਵੇਂ ਚੁੱਕਣਗੇ? ਅਗਰ ਚੁੱਕ ਵੀ ਲਈ ਤਾਂ ਉਹਦੀ ਅੱਖ ਵਿੱਚ ਅੱਖ ਪਾ ਕੇ ਕਿਵੇਂ ਤੱਕਣਗੇ?

ਕੋਈ ਕੀ ਜਾਣੇ ਕਿ ਉਹਨੇ ਕਿਹਦਾ-ਕਿਹਦਾ, ਕਿੰਨਾ ਦਰਦ ਹੰਢਾਇਆ ਤੇ ਉਹਦੇ ਖੱਬੇ ਹੋਣ ਦੀ ਉਹਦੇ ਪਰਵਾਰ ਨੇ ਕਿੰਨੀ ਕੀਮਤ ਚੁਕਾਈ, ਜਿਹੜੀ ਮੁੜ ਕੇ ਖੁਦ ਉਹਨੇ ਆਪ ਹੀ ਭੁਗਤੀ ਤੇ ਆਪ ਹੀ ਚੁਕਾਈ ਹੈ। ਉਹ ਵੀ ਸਮਾਂ ਆਇਆ, ਜਦ ਉਹ ਇਕੱਲਾ ਰਹਿ ਗਿਆ ਸੀ। ਉਦੋਂ ਵੀ ਉਹ ਕਿਤਾਬਾਂ ਦੇ ਸਿਰ 'ਤੇ ਜਿਉਂਦਾ ਰਿਹਾ ਤੇ ਕਿਤਾਬਾਂ ਦੇ ਸਹਾਰੇ ਹਰ ਗਮ ਨੂੰ ਗਲਤ ਕਰਦਾ ਰਿਹਾ। ਉਹਨੇ ਕਦੇ ਵੀ ਆਪਣੇ ਜ਼ਖਮ ਨੂੰ ਨਾਸੂਰ ਨਹੀਂ ਬਣਨ ਦਿੱਤਾ, ਬਲਕਿ ਉਹ ਆਪਣੇ ਹਰ ਜ਼ਖਮ ਵਿੱਚੋਂ ਸੂਰਜ ਦੇਖਣ ਦੀ ਕੋਸ਼ਿਸ਼ ਕਰਦਾ ਰਿਹਾ। ਉਹ ਏਨਾ ਸਿਦਕਵਾਨ ਹੈ ਕਿ ਉਹਦੇ ਜਿੰਨਾ ਸਿਦਕ ਕਿਸੇ ਹੋਰ ਵਿਚ ਨਹੀਂ ਹੋਣਾ। ਉਹ ਏਨਾ ਸਿਰੜੀ ਹੈ ਕਿ ਉਹਦੇ ਸਿਰੜ ਨੇ ਹੀ ਉਹਨੂੰ ਨਾਨਕਸ਼ਾਹੀ ਇੱਟ ਵਰਗਾ ਮਜ਼ਬੂਤ ਕਰ ਦਿੱਤਾ। ਸ਼ਾਇਦ ਇਹ ਨਨਕਾਣਾ ਸਾਹਿਬ ਦੀ ਹੀ ਉਸ ਉੱਤੇ ਕਿਰਪਾ ਹੋਈ ਹੋਵੇ, ਜਿਹਨੂੰ ਉਹ ਨਹੀਂ ਮੰਨਦਾ।

ਉਹ ਕਵਿਤਾ ਲਿਖਦਾ ਰਿਹਾ, ਪਰ ਉਹ ਕਵੀ ਨਾ ਅਖਵਾ ਸਕਿਆ। ਉਹਨੇ ਸੇਖੋਂ ਸਾਹਮਣੇ ਕਵਿਤਾ ਪੜ੍ਹੀ, ਸ਼ਿਵ ਕੁਮਾਰ ਨਾਲ ਸਟੇਜ ਸਾਂਝੀ ਕੀਤੀ, ਉਦਾਸੀ ਨਾਲ ਉਦਾਸੀ ਸਾਂਝੀ ਕੀਤੀ ਤੇ ਪਾਸ਼ ਨਾਲ ਗਲਾਸੀ, ਮੀਸ਼ੇ ਨਾਲ ਦਿਲ ਦੀਆਂ ਗੱਲਾਂ ਕੀਤੀਆਂ, ਕਈਆਂ ਨਾਲ ਬਹਿਸ-ਮੁਬਾਹਸੇ ਕੀਤੇ ਤੇ ਪ੍ਰੋ. ਮੋਹਨ ਸਿੰਘ ਨੂੰ ਆਪਣੀ ਕਵਿਤਾ ਸੁਣਾਈ, ਫਿਰ ਵੀ ਉਹ ਕਵੀਆਂ ਵਿੱਚ ਨਾ ਗਿਣਿਆ ਗਿਆ, ਕਿਉਂਕਿ ਉਹਦੀ ਕਵਿਤਾ ਉਹਨੂੰ ਕਦੇ ਵੀ ਅੰਮ੍ਰਿਤਾ ਦੇ ਦਰ 'ਤੇ ਨਾ ਲਿਜਾ ਸਕੀ। ਜਿਹੜਾ ਖੁਦ ਪ੍ਰੀਤਮ ਸੀ, ਉਹਨੂੰ ਅੰਮ੍ਰਿਤਾ ਕੋਲ ਜਾਣ ਦੀ ਕੀ ਲੋੜ ਸੀ। ਉਹ ਰੁਮਾਂਸ ਨੂੰ ਕਿਸੇ ਹੋਰ ਜ਼ਮਾਨੇ ਦੀ ਸ਼ੈਅ ਸਮਝਦਾ ਰਿਹਾ ਤੇ ਥੋਥੀ ਬੜ੍ਹਕ ਨੂੰ ਕਦੇ ਵੀ ਅਪਣਾ ਨਾ ਸਕਿਆ। ਸ਼ਾਇਦ ਇਸੇ ਕਰਕੇ ਉਹਦੀ ਕਵਿਤਾ ਨੂੰ ਸੰਘਰਸ਼ਾਂ ਦੇ ਚੂਹੇ ਕੁਤਰਦੇ ਰਹੇ ਤੇ ਉਹ ਕਵੀ ਨਾ ਅਖਵਾ ਸਕਿਆ।

ਉਹ ਆਪਣੇ ਜ਼ਮਾਨੇ ਦੇ ਕਾਮਰੇਡਾਂ ਜਿਹਾ ਤੰਗ-ਦਿਲ ਜਾਂ ਤੰਗ-ਦਸਤ ਨਹੀਂ। ਉਹ ਨਹਿਰੂ ਦਾ ਪ੍ਰਸ਼ੰਸਕ ਹੈ ਤੇ ਉਹਤੋਂ ਵੀ ਵੱਧ ਗਾਂਧੀ ਜੀ ਦਾ ਉਪਾਸ਼ਕ ਹੈ। ਇੱਥੋਂ ਤੱਕ ਕਿ ਉਹਦੇ ਨੈਣ—ਨਕਸ਼ਾਂ ਵਿੱਚੋਂ ਕਦੇ ਗਾਂਧੀ ਦਾ ਭੁਲੇਖਾ ਪੈਂਦਾ ਹੈ ਤੇ ਕਦੇ ਲੈਨਿਨ ਦਾ। ਉਹ ਦੱਸਦਾ ਹੈ ਕਿ ਗਾਂਧੀ ਦੇ ਕਤਲ ਦੀ ਖਬਰ ਨੇ ਉਹਨੂੰ ਏਨਾ ਝੰਜੋੜ ਦਿੱਤਾ ਸੀ ਕਿ ਉਹ ਅਕਾਲ ਤਖਤ ਸਾਹਿਬ ਦੀ ਛੱਤ 'ਤੇ ਚੜ੍ਹ ਗਿਆ ਸੀ ਤੇ ਉੱਥੇ ਬੈਠ ਕੇ ਉਹਨੇ ਗਾਂਧੀ ਜੀ 'ਤੇ ਕਵਿਤਾ ਲਿਖੀ ਸੀ, ਜੋ ਅਗਲੇ ਹੀ ਦਿਨ ਅੰਮ੍ਰਿਤਸਰ ਦੇ ਕਿਸੇ ਲੋਕਲ ਅਖਬਾਰ ਵਿੱਚ ਛਪੀ ਸੀ। ਗਾਂਧੀ ਜੀ ਦੇ ਕਤਲ ਦੀ ਪਹਿਲੀ ਕਵਿਤਾ ਦੇ ਅਕਾਲ ਤਖਤ ਸਾਹਿਬ ਦੀ ਛੱਤ ਉੱਤੇ ਲਿਖੇ ਜਾਣ ਦੀ ਗੱਲ ਸੁਣਨ, ਸਮਝਣ ਅਤੇ ਸਹਿਣ ਕਰਨ ਲਈ ਤਕੜੇ ਜਿਗਰ ਅਤੇ ਸਮਝ ਦੀ ਲੋੜ ਹੈ, ਜਿਹੜੀ ਸ਼ਾਇਦ ਹਾਲੇ ਸਾਡੇ ਕੋਲ ਨਹੀਂ।

ਉਹ ਬੜਾ ਹੈਰਾਨ ਹੋਇਆ ਸੀ, ਜਿਸ ਵੇਲੇ ਰੇਡੀਓ 'ਤੇ ਗਾਂਧੀ ਜੀ ਦੇ ਕਤਲ ਦੀ ਖਬਰ ਆ ਰਹੀ ਤਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਪਿਛਲੇ ਪਾਸੇ ਕੋਈ ਪਾਪੜ-ਵੜੀਆਂ ਵਾਲਾ ਦੁਕਾਨਦਾਰ ਪਾਪੜ ਤੋਲ ਰਿਹਾ ਸੀ ਤੇ ਉਹਦੇ ਚਿਹਰੇ 'ਤੇ ਗਾਂਧੀ ਜੀ ਦੇ ਕਤਲ ਦੀ ਖਬਰ ਦਾ ਕੋਈ ਅਸਰ ਨਹੀਂ ਸੀ। ਇਹੋ ਜਿਹੀ ਬਦਇਨਸਾਨੀ ਉਹਨੂੰ ਏਨਾ ਖਫਾ ਕਰ ਦਿੰਦੀ ਹੈ ਕਿ ਉਹ ਕਦੀ-ਕਦੀ ਆਪੇ ਤੋਂ ਬਾਹਰ ਹੋ ਜਾਂਦਾ ਹੈ ਤੇ ਭੁੱਲ ਜਾਂਦਾ ਹੈ ਕਿ ਉਹਦੇ ਸਾਹਮਣੇ ਕੌਣ ਬੈਠਾ ਹੈ। ਅਜਿਹੇ ਸਮੇਂ ਉਹਦੀ ਬੇਪਰਵਾਹੀ ਦੇਖਣ ਵਾਲੀ ਹੁੰਦੀ ਹੈ।

ਗੱਲ ਅਧੂਰੀ ਰਹੇਗੀ ਜੇ ਉਹਦੀ ਕਿਤਾਬ ਦੀ ਗੱਲ ਨਾ ਕੀਤੀ ਗਈ। ਉਹਨੇ ਆਪਣੀਆਂ ਚੋਣਵੀਆਂ ਕਵਿਤਾਵਾਂ ਨੂੰ ਕਿਤਾਬ ਦਾ ਜਾਮਾ ਪਹਿਨਾਇਆ, ਜਿਹਦਾ ਨਾਂਅ ਰੱਖਿਆ 'ਸੂਰਮਿਆਂ ਦੀ ਗਾਥਾ' ਤੇ ਜਿਹਦੇ ਕਵਰ ਉੱਤੇ ਮਜ਼ਬੂਤ ਹੱਥ ਵਿੱਚ ਲਾਲ ਝੰਡਾ ਫੜਾਇਆ, ਜਿਹਦੇ ਉੱਤੇ ਲਿਖਿਆ 'ਜੈ ਘੋਸ਼'। ਇਸ ਕਿਤਾਬ ਦੀ ਪਹਿਲੀ ਕਵਿਤਾ ਲੈਨਿਨ ਦੀ ਵਾਰ ਹੈ, ਦੂਜੀ ਜਵਾਹਰ ਲਾਲ ਨਹਿਰੂ, ਪੰਜਵੀਂ ਮਹਾਤਮਾ ਗਾਂਧੀ, ਇੱਕੀਵੀਂ ਮਾਰਕਸੀ ਸ਼ਾਸਤਰ, ਪੱਚੀਵੀਂ ਸਾਹਿਬਜ਼ਾਦਾ ਅਜੀਤ ਸਿੰਘ, ਤੀਹਵੀਂ ਸਿਰਫ ਇਕ ਲਾਈਨ ਦੇ ਵਾਧੇ ਨਾਲ ਫਿਰ ਮਾਰਕਸੀ ਸ਼ਾਸਤਰ ਤੇ ਤੇਤੀਵੀਂ ਗੁਰੂ ਨਾਨਕ। ਉਸ ਦੀ ਜ਼ਿੰਦਗੀ ਦੇ ਫਲਸਫੇ ਨੂੰ ਸਮਝਣ ਲਈ ਇਸ ਕਿਤਾਬ ਵਿੱਚ ਅਚੇਤ ਗਲਤੀ ਨਾਲ,ਦੋ ਵਾਰੀ ਛਪੀ ਕਵਿਤਾ 'ਮਾਰਕਸੀ ਸ਼ਾਸਤਰ' ਦੇ ਸਿਰਫ ਇਕ ਲਾਈਨ ਦੇ ਵਾਧੇ ਨੂੰ ਪੜ੍ਹਿਆ ਜਾ ਸਕਦਾ ਹੈ : ਜੱਗ ਦੀ ਹੰਢਾਈ ਪੀੜਾ, ਹਾਰਦਿਕ ਉਹ ਧਾਰਮਕ। ਉਹਦੀ ਕਵਿਤਾ ਬਾਰੇ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਉਹਦੇ ਵਿੱਚ ਇਕ ਵੀ ਸ਼ਬਦ, ਤੁਕਾਂਤ-ਮੇਲ ਦੀ ਮਜਬੂਰੀ ਵਿੱਚ ਨਹੀਂ ਲਿਖਿਆ ਗਿਆ। ਉਹਦਾ ਹਰ ਸ਼ਬਦ ਅਰਥ ਪੱਖੋਂ ਕਾਮਰੇਡ ਹੈ, ਸੁਹਜ ਪੱਖੋਂ ਬੌਧਿਕ ਤੇ ਸਿਹਤ ਪੱਖੋਂ ਸਾਹਿਤਕ ਹੈ।

ਮੈਂ ਆਪਣੇ ਦੋਸਤ ਕੋਲ ਉਹਦਾ ਨਾਂਅ ਲਿਆ ਤਾਂ ਉਹ ਕਹਿਣ ਲੱਗਾ, 'ਉਹ ਹਾਲੇ ਹੈਗੇ?' ਮੈਂ ਉਹਦੇ ਅਜੀਬ ਸਵਾਲ ਤੋਂ ਹੈਰਾਨ ਹੋਇਆ ਤੇ ਉਹਨੂੰ ਦੱਸਿਆ ਕਿ ਜੇ ਉਹ ਨੌ-ਬਰ-ਨੌ ਨਹੀਂ ਤਾਂ ਅੱਠੋ-ਅੱਠ ਜ਼ਰੂਰ ਹਨ, ਪਰ ਮੈਂ ਸੋਚਣ ਲੱਗ ਪਿਆ ਕਿ ਜ਼ਮਾਨੇ ਨੇ ਇਹੋ ਜਿਹੇ ਇਨਸਾਨ ਕਿਉਂ ਏਨੇ ਇਕਾਂਤਵਾਸ ਵਿੱਚ ਧੱਕ ਦਿੱਤੇ ਹਨ ਕਿ ਉਨ੍ਹਾਂ ਦੀ ਕਿਸੇ ਨੂੰ ਸੁੱਧ-ਬੁੱਧ ਹੀ ਨਾ ਹੋਵੇ। ਕੀ ਕਾਰਨ ਹੋਵੇਗਾ ਕਿ ਉਹ ਚੰਗਾ ਭਲਾ ਹੁੰਦਾ ਹੋਇਆ ਵੀ ਏਨਾ ਗੁੰਮਨਾਮ ਹੈ ਕਿ ਉਹਨੂੰ 'ਹੈ' ਲਿਖਿਆਂ ਵੀ 'ਸੀ' ਦਾ ਭੁਲੇਖਾ ਪੈਂਦਾ?

ਅਸਲ ਵਿੱਚ ਅਸੀਂ ਹੁਣ ਏਨੇ ਅਵੇਸਲੇ ਅਤੇ ਖੁਦਗਰਜ ਹੋ ਗਏ ਹਾਂ ਕਿ ਸਾਨੂੰ ਆਪਣੇ ਬਜ਼ੁਰਗਾਂ ਦੇ ਹੋਣ ਜਾਂ ਨਾ ਹੋਣ ਦਾ ਵੀ ਪਤਾ ਨਹੀਂ ਰਿਹਾ। ਮੇਰੀ ਸਮਝ ਵਿੱਚ ਲਹਿਰਾਂ ਦੇ ਫੇਲ੍ਹ ਹੋਣ ਦੇ ਵੱਡੇ ਕਾਰਨ ਨਹੀਂ ਹੁੰਦੇ, ਇਹੋ ਜਿਹੇ ਹੀ ਛੋਟੇ-ਛੋਟੇ ਕਾਰਨ ਹੁੰਦੇ ਹਨ, ਜਿਨ੍ਹਾਂ ਕਰਕੇ ਵੱਡੀਆਂ-ਵੱਡੀਆਂ ਲਹਿਰਾਂ ਵੀ 'ਹੈ' ਤੋਂ 'ਸੀ' ਹੋ ਜਾਂਦੀਆਂ ਹਨ।

ਮੇਰੀ ਜਾਚੇ ਪ੍ਰੀਤਮ ਸਿੰਘ ਆਜ਼ਾਦ ਆਪਣੀ ਕਿਸਮ ਦਾ ਇੱਕੋ-ਇੱਕ ਕਾਮਰੇਡ ਹੈ, ਜਿਹਨੇ ਜੀ-ਜਾਨ ਨਾਲ ਆਪਣਾ ਧਰਮ ਕਮਾਇਆ ਅਤੇ ਹੰਢਾਇਆ ਹੈ। ਉਹਦੇ ਜਿਹਾ ਹੋਰ ਕਾਮਰੇਡ ਹੋਣਾ ਤੇ ਲੱਭਣਾ ਮੁਸ਼ਕਲ ਹੈ। ਕੋਈ ਉਹਨੂੰ ਮਿਲਣਾ ਚਾਹੇ ਤਾਂ ਮਿਲ ਸਕਦਾ ਹੈ। ਫਿਰ ਨਾ ਕਹੇ ਦੱਸਿਆ ਨਹੀਂ। ਇਹੋ ਜਿਹੇ ਇਨਸਾਨ ਵਾਰ-ਵਾਰ ਨਹੀਂ ਜੰਮਦੇ। ਵੈਸੇ ਤਾਂ ਕਾਮਰੇਡ ਕਿਸੇ ਤੀਰਥ ਅਸਥਾਨ ਨੂੰ ਨਹੀਂ ਮੰਨਦੇ, ਫਿਰ ਵੀ ਕਿਸੇ ਕਾਮਰੇਡ ਦਾ ਤੀਰਥ ਅਸਥਾਨ 'ਤੇ ਜਾਣ ਨੂੰ ਜੀ ਕਰੇ ਤਾਂ ਉਹ ਇੱਕੋ-ਇੱਕ ਜਾਂ ਕਹਿ ਲਓ ਆਖਰੀ ਕਾਮਰੇਡ ਪ੍ਰੀਤਮ ਸਿੰਘ ਆਜ਼ਾਦ ਹੈ, ਜਿਹਨੂੰ ਪੂਜਿਆ ਜਾ ਸਕਦਾ ਹੈ, ਜਿਹਨੂੰ ਮੱਥਾ ਟੇਕਿਆ ਜਾ ਸਕਦਾ ਹੈ, ਜਿਹਨੂੰ ਦੇਖਣਾ ਪੁੰਨ ਹੈ ਤੇ ਜਿਹਨੂੰ ਮਿਲਣਾ ਜਿਆਰਤ ਹੈ। ਚਲੋ, ਲੈਲਤੁਲ ਕਦਰ ਦੀ ਕਰੋ ਜਿਆਰਤ, ਵਾਰਿਸ ਸਾਹ ਇਹ ਕੰਮ ਸਵਾਬ ਦਾ ਜੀ।

ਸੰਪਰਕ : 94175-18384

ਪਰਵਾਸ ਅਤੇ ਪੰਜਾਬੀ-3

ਗੁਰਬਚਨ ਸਿੰਘ ਭੁੱਲਰ

# ਗੰਗਾ ਗਏ ਫੁੱਲਾਂ ਵਾਂਗ ਪਰਵਾਸੀ ਬਣੇ ਪੰਜਾਬੀ ਵੀ ਮੁੜਦੇ ਕਿਉਂ ਨਹੀਂ

ਜਿਹੜੇ ਪੰਜਾਬੀ ਪੜ੍ਹਾਈ, ਰਿਸ਼ਤੇਦਾਰੀ ਜਾਂ ਹੋਰ ਕਿਸੇ ਵੀ ਬਹਾਨੇ ਪਰਦੇਸ ਚਲੇ ਜਾਂਦੇ ਹਨ, ਉਹਨਾਂ ਵਿਚੋਂ ਬਿਗਾਨੀ ਧਰਤੀ ਨੂੰ ਮੱਥਾ ਟੇਕ ਕੇ ਵਤਨ ਪਰਤਣ ਵਾਲਾ ਕੋਈ ਵਿਰਲਾ-ਟਾਂਵਾਂ ਹੀ ਭਾਵੇਂ ਹੋਵੇ। ਸਗੋਂ ਪਰਦੇਸ ਪਹੁੰਚ ਚੁੱਕੇ ਜਾਂ ਜਾਣ ਦੀ ਕੋਸ਼ਿਸ਼ ਕਰ ਰਹੇ ਪੰਜਾਬੀ ਨੌਜਵਾਨਾਂ ਦੇ ਜਿਨ੍ਹਾਂ ਮਾਪਿਆਂ ਨਾਲ ਮੇਰੀ ਗੱਲਬਾਤ ਹੁੰਦੀ ਹੈ, ਉਹ ਵੀ ਮੌਕਾ ਬਣੇ ਤੋਂ ਪਿੱਛੋ-ਪਿੱਛੇ ਜਾਣ ਲਈ ਔਲਾਦ ਤੋਂ ਵੱਧ ਉਤਾਵਲੇ ਹੁੰਦੇ ਹਨ। ਬਹੁਤ ਘੱਟ ਸੂਰਤਾਂ ਵਿਚ ਇਹ ਸੁਣਨ ਨੂੰ ਮਿਲਦਾ ਹੈ ਕਿ ਬੱਚੇ ਜਾਣ ਜੀ ਜਿਥੇ ਜਾਂਦੇ ਨੇ, ਅਸੀਂ ਤਾਂ ਇਥੇ ਹੀ ਰਹਾਂਗੇ। ਵਤਨ ਛੱਡਣਾ ਔਖਾ ਹੋਣ ਦੇ ਬਾਵਜੂਦ ਪਰਦੇਸਾਂ ਦੀ ਇਸ ਖਿੱਚ ਦੇ ਇਕ ਨਹੀਂ, ਕਈ ਕਾਰਨ ਹਨ।

ਸਭ ਤੋਂ ਪਹਿਲਾਂ ਕਮਾਈ ਦੀ ਗੱਲ ਕਰੀਏ। ਪਰਦੇਸ ਪਹੁੰਚਣ ਵਾਲੇ ਹਰ ਕਿਸੇ ਨੂੰ ਕੰਮ ਮਿਲ ਹੀ ਜਾਂਦਾ ਹੈ, ਭਾਵੇਂ ਕੁਛ ਸੂਰਤਾਂ ਵਿਚ ਉਹ ਉਹਨਾਂ ਦੀ ਇੱਛਾ ਤੇ ਆਸ ਤੋਂ ਛੋਟਾ ਹੀ ਹੋਵੇ। ਇਥੋਂ ਤੱਕ ਕਿ ਜਿਹੜੇ ਬੰਦੇ ਟੇਢੇ-ਵਿੰਗੇ ਢੰਗਾਂ ਨਾਲ ਜਾਂਦੇ ਹਨ ਅਤੇ ਕੰਮ ਕਰਨ ਦੇ ਕਾਨੂੰਨੀ ਹੱਕਦਾਰ ਨਹੀਂ ਹੁੰਦੇ, ਉਹਨਾਂ ਨੂੰ ਵੀ, ਖਾਸ ਕਰ ਕੇ ਆਪਣੇ ਦੇਸੀ ਕਾਰੋਬਾਰੀ ਘੱਟ ਦਿਹਾੜੀ ਨਾਲ ਰੱਖ ਲੈਂਦੇ ਹਨ। ਦੋਵਾਂ ਧਿਰਾਂ ਨੂੰ ਫ਼ਾਇਦਾ। ਨਵੇਂ ਪੰਛੀ ਨੂੰ ਆਖ਼ਰ ਰੋਟੀ ਤੇ ਰਿਹਾਇਸ਼ ਤਾਂ ਚਾਹੀਦੀ ਹੀ ਹੈ ਜਿਸ ਕਰਕੇ ਉਹ ਘੱਟ ਮਜ਼ਦੂਰੀ ਨਾਲ ਹੀ ਬਾਗੋਬਾਗ ਹੋ ਜਾਂਦਾ ਹੈ। ਅਜਿਹੇ ਬੰਦਿਆਂ ਤੋਂ ਕੰਮ ਕਰਵਾਉਣ ਵਾਲੇ ਪੈਸੇ ਬਚਦੇ ਹੋਣ ਕਰਕੇ ਸੰਤੁਸ਼ਟ ਰਹਿੰਦੇ ਹਨ।

ਕੰਮ ਦਾ ਇਕ ਹੈਰਾਨ ਕਰਨ ਵਾਲਾ ਪੱਖ ਕਿਰਤ ਨੂੰ ਲੁੱਟਣ ਵਾਲੇ ਪੂੰਜੀਵਾਦੀ ਪ੍ਰਬੰਧ ਦੇ ਬਾਵਜੂਦ ਕਿਰਤ ਦੀ ਕਦਰ ਹੈ। ਫ਼ਰੈਜ਼ਨੋ ਵਿਚ ਮੈਂ ਤੇ ਮੇਰੀ ਭੂਆ ਦਾ ਪੁੱਤਰ ਭਰਾ ਉਹਦੇ ਘਰ ਦੇ ਬਾਹਰ ਖਲੋਤੇ ਗੱਲਾਂ ਕਰ ਰਹੇ ਸੀ। ਉਸ ਪੂਰੀ ਵਸੋਂ ਦੇ ਘਰ ਚਾਰ-ਦੀਵਾਰੀ ਤੋਂ ਮੁਕਤ ਸਨ। ਸੜਕ ਦੇ ਨਾਲ ਘਾਹ-ਬੂਟੇ ਸਨ ਤੇ ਉਸ ਤੋਂ ਅੱਗੇ ਮਕਾਨ ਸਨ। ਗੁਆਂਢੀ ਮਕਾਨ ਦਾ ਬੂਹਾ ਖੁੱਲ੍ਹਿਆਂ ਅੰਦਰ ਝਾਤ ਪੈ ਜਾਂਦੀ ਸੀ। ਗੁਆਂਢੀ ਘਰ ਵਿਚੋਂ ਨਿੱਕਲ ਕੇ ਕ੍ਰਿਕਟੀ ਟੋਪੀ ਤੇ ਟੀਸ਼ਰਟ-ਨਿੱਕਰ ਵਾਲੇ ਗੋਰੇ ਨੇ ਬਾਹਰੋਂ ਗੈਰਜ ਖੋਲ੍ਹਿਆ ਤੇ ਕਾਰ ਕੱਢ ਕੇ ਬਾਹਰ ਖੜ੍ਹੀ ਕਰ ਦਿੱਤੀ। ਅੰਦਰੋਂ ਕੰਧਾਂ ਨਾਲ ਟੰਗੇ ਨਾਲ਼ੀਆਂ-ਔਜ਼ਾਰਾਂ ਵਿਚੋਂ ਉਹਨੇ ਕਾਰ ਵਿਚ ਰੱਖਣੇ ਸ਼ੁਰੂ ਕਰ ਦਿੱਤੇ। ਮੈਂ ਪੁੱਛਿਆ, "ਇਹ ਇਹਨਾਂ ਦਾ ਡਰਾਈਵਰ ਹੈ ਕਿ ਕਿਰਾਏਦਾਰ ਪਲੰਬਰ?" ਉਹ ਹੱਸ ਕੇ ਕਹਿੰਦਾ, "ਇਹ ਇਸ ਕੋਠੀ ਦਾ ਮਾਲਕ ਹੈ ਤੇ ਇਹਦੇ ਕਈ ਐਪਾਰਟਮੈਂਟ ਕਿਰਾਏ ਉੱਤੇ ਚਾੜ੍ਹੇ ਹੋਏ ਹਨ। ਇਹ ਡਾਲਰਾਂ ਵਿਚ ਕਰੋੜਪਤੀ ਹੈ। ਜਦੋਂ ਕਿਸੇ ਕਿਰਾਏਦਾਰ ਦਾ ਬਿਜਲੀ ਜਾਂ ਪਾਣੀ ਖ਼ਰਾਬ ਹੋਣ ਦਾ ਫੋਨ ਆਉਂਦਾ ਹੈ, ਇਹ ਆਪ ਜਾ ਕੇ ਠੀਕ ਕਰ ਆਉਂਦਾ ਹੈ।" ਮੈਂ ਹੈਰਾਨ ਹੋ ਕੇ ਕਿਹਾ, "ਜੇ ਇਹ ਆਪਣੇ ਦੇਸ ਵਿਚ ਹੋਵੇ, ਬੂਟਾਂ ਦੇ ਫ਼ੀਤੇ ਵੀ ਨੌਕਰ ਤੋਂ ਬੰਨ੍ਹਾਵੇ!"

ਕੋਈ ਕਿਸੇ ਨੂੰ ਛੋਟੇ ਕੰਮ ਉੱਤੇ ਲੱਗੇ ਹੋਣ ਦਾ ਮਿਹਣਾ ਨਹੀਂ ਮਾਰਦਾ। ਮੇਰੇ ਦੇਖਣ-ਸੁਣਨ ਵਿਚ ਇਕ ਵੀ ਮੌਕਾ ਅਜਿਹਾ ਨਹੀਂ ਸੀ ਆਇਆ ਜਦੋਂ ਕਿਸੇ ਪੰਜਾਬੀ ਨੇ ਸਫ਼ਾਈ-ਸੇਵਕ ਜਿਹੇ ਕਿਸੇ ਹੋਰ ਪੰਜਾਬੀ ਬਾਰੇ ਨੱਕ ਚਾੜ੍ਹ ਕੇ ਟਿੱਪਣੀ ਕੀਤੀ ਹੋਵੇ। ਇਸ ਮਾਹੌਲ ਦਾ ਇਕ ਸਲਾਹੁਣਜੋਗ ਨਤੀਜਾ ਇਹ ਹੋਇਆ ਹੈ ਕਿ ਸਾਧਾਰਨ ਛੋਟੇ ਕੰਮਾਂ ਉੱਤੇ ਲੱਗੇ ਹੋਏ ਪੰਜਾਬੀ ਵੀ ਆਪਣੇ ਕੰਮ ਦੀ ਸੰਗ-ਸ਼ਰਮ ਨਹੀਂ ਮੰਨਦੇ। ਅਸੀਂ ਸਾਨ ਫ਼ਰਾਂਸਿਸਕੋ ਦੇ ਇਕ ਪੰਜਾਬੀ ਰੈਸਟੋਰੈਂਟ ਦੇ ਪਿਛਲੇ ਵਿਹੜੇ ਵਿਚ ਬੈਠੇ ਸੀ। ਕੁਛ ਚਿਰ ਮਗਰੋਂ ਪੰਜਾਬੀ ਦਿਸਦੇ ਇਕ ਨੌਜਵਾਨ ਨੇ ਆ ਕੇ ਬੁਰਸ਼ਾਂ, ਬੋਤਲਾਂ ਤੇ ਪੋਚਿਆਂ ਵਾਲੀ ਰੇੜ੍ਹੀ ਖੜ੍ਹੀ ਕੀਤੀ ਤੇ ਫ਼ਰਸ਼ ਉੱਤੇ ਡਾਂਗਦਾਰ ਪੋਚਾ ਮਾਰਨ ਲੱਗ ਪਿਆ। ਮੇਰੇ ਬੁਲਾਇਆਂ ਉਹ ਬੇਝਿਜਕ ਆਇਆ ਅਤੇ ਆਪਣਾ ਨਾਂ-ਥਾਂ ਦੱਸ ਕੇ ਬੋਲਿਆ, "ਮੈਨੂੰ ਆਏ ਨੂੰ ਕੁਛ ਹੀ ਮਹੀਨੇ ਹੋਏ ਨੇ। ਪਹਿਲਾਂ ਦੇ ਆਏ ਹੋਏ ਆਪਣੇ ਬੰਦਿਆਂ ਦੀ ਮਦਦ ਨਾਲ ਐਹ ਕੰਮ ਮਿਲ ਗਿਆ। ਗੁਜ਼ਾਰੇ ਜੋਗੇ ਵਧੀਆ ਪੈਸੇ ਮਿਲ ਜਾਂਦੇ ਨੇ।"

ਪਰਦੇਸੀ ਸਕੂਨ ਦਾ ਇਕ ਹੋਰ ਕਾਰਨ ਆਮ ਨਾਗਰਿਕ ਦੇ ਜੀਵਨ ਵਿਚ ਸਰਕਾਰੀ ਦਖ਼ਲ ਦੀ ਅਣਹੋਂਦ ਹੈ ਜੋ ਸਾਡੇ ਦੇਸ ਦੀ ਹਾਲਤ ਦੇ ਮੁਕਾਬਲੇ ਉਥੇ ਰਹਿਣ ਨੂੰ ਬਹੁਤ ਸਹਿਜ ਬਣਾ ਦਿੰਦੀ ਹੈ। ਇਕ ਸੱਜਨ ਨੇ ਮੇਰੇ ਨਾਲ ਗੱਲਾਂ ਕਰਦਿਆਂ ਕਿਹਾ, "ਬੰਦਾ ਕੋਈ ਕਾਨੂੰਨ ਨਾ ਤੋੜੇ, ਉਹਦਾ ਕਿਸੇ ਸਰਕਾਰੀ ਮਹਿਕਮੇ ਨਾਲ ਸਾਰੀ ਉਮਰ ਕੋਈ ਵਾਹ ਨਹੀਂ ਪੈਂਦਾ।" ਜੇ ਕੋਈ ਵਾਹ ਪੈ ਹੀ ਜਾਵੇ, ਸਾਡੀ ਕਲਰਕਸ਼ਾਹੀ ਵਾਲੀਆਂ ਮੁਸ਼ਕਲਾਂ ਬਿਲਕੁਲ ਨਹੀਂ ਆਉਂਦੀਆਂ। ਉਥੇ ਫ਼ਾਈਲ ਨੂੰ ਹੱਥ ਲਾਉਣ ਤੋਂ ਪਹਿਲਾਂ 'ਚਾਹ-ਪਾਣੀ' ਦੀ ਮੰਗ ਕਰਨ ਵਾਲੇ ਬਾਬੂ ਹੁੰਦੇ ਹੀ ਨਹੀਂ। ਇਸ ਤੋਂ ਵੀ ਵਧ ਕੇ ਹਰ ਕੋਈ ਮਦਦ ਲੋੜਦੇ ਬੰਦੇ ਦੀ ਮਦਦ ਲਈ ਤਿਆਰ ਰਹਿੰਦਾ ਹੈ। ਉਥੋਂ ਦੀਆਂ ਸਰਕਾਰੀ ਤੇ ਗ਼ੈਰ-ਸਰਕਾਰੀ ਸੰਸਥਾਵਾਂ ਦਾ ਰਵਈਆ ਸਾਡੀਆਂ ਸੰਸਥਾਵਾਂ ਨਾਲੋਂ ਬਿਲਕੁਲ ਉਲਟ ਹੁੰਦਾ ਹੈ। ਮੈਂ ਆਪਣੇ ਵਾਹ ਦੇ ਆਧਾਰ ਉੱਤੇ ਕਹਿ ਸਕਦਾ ਹਾਂ ਕਿ ਆਪਣੇ ਦੇਸ ਵਿਚ ਉਹੋ ਜਿਹੇ ਵਿਹਾਰ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਮੈਨੂੰ ਵੀਜ਼ਾ ਵਧਾਉਣ ਦੀ ਲੋੜ ਪਈ। ਕੰਪਿਊਟਰ ਤੋਂ ਸੰਬੰਧਿਤ ਦਫ਼ਤਰ ਲੱਭਿਆ ਤਾਂ ਮੇਰੀ ਅੱਧੀ ਤਸੱਲੀ ਤਾਂ ਉਹਨਾਂ ਦੀਆਂ ਹਦਾਇਤਾਂ ਪੜ੍ਹ ਕੇ ਹੀ ਹੋ ਗਈ। ਲਿਖਿਆ ਹੋਇਆ ਸੀ: "ਤੁਸੀਂ ਸਾਡੇ ਦਫ਼ਤਰ ਨਹੀਂ ਆਉਣਾ ਹੋਵੇਗਾ; ਵੀਜ਼ਾ ਵਧਵਾਉਣ ਦਾ ਕਾਰਨ ਘੱਟ ਤੋਂ ਘੱਟ ਸ਼ਬਦਾਂ ਵਿਚ ਈਮੇਲ ਰਾਹੀਂ ਭੇਜ ਦਿਓ; ਉਸ ਪਿੱਛੋਂ ਸਾਨੂੰ ਕੋਈ ਚਿੱਠੀ-ਪੱਤਰ ਨਾ ਭੇਜਣਾ; ਸਾਡਾ ਹਾਂ-ਨਾਂਹ ਦਾ ਫ਼ੈਸਲਾ ਪਹਿਲੇ ਵੀਜ਼ੇ ਦੀ ਮੁਨਿਆਦ ਮੁੱਕਣ ਤੋਂ ਪਹਿਲਾਂ ਤੁਹਾਨੂੰ ਮਿਲ ਜਾਵੇਗਾ।" ਮੈਂ ਕਾਰਨ ਲਿਖਿਆ, "ਮੈਂ ਆਪਣੀ ਭਾਸ਼ਾ ਦਾ ਜਾਣਿਆ-ਪਛਾਣਿਆ ਲੇਖਕ ਹਾਂ ਜਿਸ ਨੂੰ ਇਸੇ ਸਾਲ ਭਾਰਤ ਦਾ ਸਭ ਤੋਂ ਵੱਡਾ ਰਾਜਕੀ ਪੁਰਸਕਾਰ ਦਿੱਤਾ ਗਿਆ ਹੈ। ਮੈਂ ਸੋਚਿਆ ਸੀ ਕਿ ਜੋ ਕੁਛ ਮੈਂ ਦੇਖਣਾ ਹੈ, ਏਨੇ ਕੁ ਸਮੇਂ ਵਿਚ ਦੇਖ ਲਵਾਂਗਾ, ਪਰ ਇਥੇ ਮਿਊਜ਼ੀਅਮਾਂ, ਯੂਨੀਵਰਸਿਟੀਆਂ, ਆਰਟ ਗੈਲਰੀਆਂ, ਹੋਰ ਵੰਨਸੁਵੰਨੀਆਂ ਦੇਖਣਜੋਗ ਥਾਂਵਾਂ, ਕੁਦਰਤੀ ਦ੍ਰਿਸ਼ਾਂ, ਆਦਿ ਦੇ ਰੂਪ ਵਿਚ ਏਨਾ ਕੁਛ ਦੇਖਣ ਵਾਲਾ ਹੈ ਕਿ ਮੈਂ ਤਾਂ ਅਜੇ ਕੁਛ ਵੀ ਦੇਖ ਨਹੀਂ ਸਕਿਆ।" ਵਧਿਆ ਹੋਇਆ ਵੀਜ਼ਾ ਸਮੇਂ-ਸਿਰ ਮੇਰੇ ਕੰਪਿਊਟਰ ਵਿਚ ਆ ਪਹੁੰਚਿਆ।

ਇਹ ਤਾਂ ਰਹੀ ਸਰਕਾਰੀ ਸੰਸਥਾ ਦੀ ਗੱਲ, ਹੁਣ ਇਕ ਕਿੱਸਾ ਗ਼ੈਰ-ਸਰਕਾਰੀ ਸੰਸਥਾ ਦਾ ਵੀ ਸੁਣ ਲਵੋ। ਅਸੀਂ ਸਲੀਨਸ ਦਾ ਜ਼ਰਾਇਤੀ ਮਿਊਜ਼ੀਅਮ ਦੇਖਣ ਗਏ। ਸ਼ੁਰੂ ਵਿਚ ਹੀ ਇਕ ਫੱਟੇ ਉੱਤੇ ਗੋਲ ਚੱਕਰ ਵਿਚ ਟੋਪੀਆਂ-ਟੋਪ ਟੰਗੇ ਹੋਏ ਸਨ। ਮੈਨੂੰ ਲਗਿਆ, ਸਭ ਤੋਂ ਉਤਲੀ ਕਿੱਲੀ ਉੱਤੇ ਤਾਂ ਆਪਣੀ ਦਸਤਾਰ ਹੈ! ਵਿਚਕਾਰ ਲਿਖੇ ਵੇਰਵੇ ਵਿਚ ਦੱਸਿਆ ਹੋਇਆ ਸੀ ਕਿ ਇਹ ਵੀਹਵੀਂ ਸਦੀ ਦੇ ਸ਼ੁਰੂ ਵਿਚ ਇਥੋਂ ਦੀਆਂ ਨਵੀਆਂ ਜ਼ਮੀਨਾਂ ਨੂੰ ਵਾਹੀਜੋਗ ਬਣਾਉਣ ਵਿਚ ਵੱਡਾ ਹਿੱਸਾ ਪਾਉਣ ਵਾਲੇ ਪੰਜਾਬੀ ਸਿੱਖਾਂ ਦੀ ਨਿਸ਼ਾਨੀ ਦਸਤਾਰ ਹੈ। ਮੈਂ ਮੋਬਾਈਲ ਵਿਚ ਇਸ ਲਿਖਤ ਦੀ ਤਸਵੀਰ ਸਾਂਭ ਲਈ। ਅਗਲੇ ਦਿਨ ਮੈਂ ਉਹ ਲਿਖਤ ਕਾਗ਼ਜ਼ ਉੱਤੇ ਉਤਾਰਨੀ ਚਾਹੀ ਤਾਂ ਫਿੱਕੀ ਹੋਣ ਕਾਰਨ ਪੜ੍ਹੀ ਨਾ ਜਾ ਸਕੀ। ਮੇਰੀ ਬੇਟੀ ਕਹਿੰਦੀ ਮੈਂ ਮੇਲ ਕਰਦੀ ਹਾਂ। ਮੈਂ ਕਿਹਾ, ਮੇਰਾ ਲੇਖਕ ਹੋਣਾ ਵਧਾ-ਚੜ੍ਹਾ ਕੇ ਲਿਖ, ਉਹਨਾਂ ਉੱਤੇ ਰੁਅਬ ਪਵੇ। ਉਹ ਕਹਿੰਦੀ, ਮੈਂ ਬਿਲਕੁਲ ਸਾਧਾਰਨ ਮੇਲ ਕਰਦੀ ਹਾਂ, ਤੁਸੀਂ ਜਵਾਬ ਉਡੀਕੋ।

ਉਹਨੇ ਡਾਇਰੈਕਟਰ ਨੂੰ ਸਿਰਫ਼ ਏਨਾ ਲਿਖਿਆ, "ਅਸੀਂ ਕੱਲ੍ਹ ਟੋਪ-ਟੋਪੀਆਂ ਵਾਲੇ ਫੱਟੇ ਦੀ ਲਿਖਤ ਦੀ ਤਸਵੀਰ ਲੈ ਗਏ ਸੀ। ਉਹ ਪੜ੍ਹੀ ਨਹੀਂ ਜਾ ਸਕੀ। ਕੀ ਤੁਸੀਂ ਉਹ ਲਿਖਤ ਭੇਜਣ ਦੀ ਖੇਚਲ ਕਰੋਗੇ?" ਕੁਛ ਹੀ ਮਿੰਟਾਂ ਵਿਚ ਜਵਾਬ ਆਇਆ, "ਸਾਡੇ ਇਥੇ ਸੈਮੀਨਾਰ ਚੱਲ ਰਿਹਾ ਹੈ ਜਿਸ ਕਰਕੇ ਸਮਾਂ ਲੱਗ ਸਕਦਾ ਹੈ। ਮੈਂ ਮਾਫ਼ੀ ਚਾਹੁੰਦੀ ਹਾਂ।" ਮੈਂ ਕਿਹਾ, "ਆਪਾਂ ਨੂੰ ਕਿਹੜੀ ਏਨੀ ਕਾਹਲ ਹੈ, ਸੈਮੀਨਾਰ ਦੋ ਦਿਨ ਦਾ ਹੋਊ, ਤਿੰਨ ਦਾ ਹੋਊ!" ਬੇਟੀ ਬੋਲੀ, "ਨਹੀਂ ਪਿਤਾ ਜੀ, ਇਥੇ ਸਮਾਂ ਲੱਗਣ ਦਾ ਭਾਵ ਦਿਨਾਂ ਤੋਂ ਨਹੀਂ ਹੁੰਦਾ, ਮਿੰਟਾਂ-ਘੰਟਿਆਂ ਤੋਂ ਹੁੰਦਾ ਹੈ। ਇਥੇ ਦਿਨ ਦਾ ਕੋਈ ਕੰਮ ਦਫ਼ਤਰ ਤੋਂ ਜਾਣ ਸਮੇਂ ਅਣਕੀਤਾ ਛੱਡਣ ਦਾ ਰਿਵਾਜ ਨਹੀਂ।" ਠੀਕ ਹੀ ਅੱਧੇ ਘੰਟੇ ਮਗਰੋਂ ਮੇਲ ਆ ਗਈ, "ਮੈਨੂੰ ਸਾਡੀ ਡਾਇਰੈਕਟਰ ਨੇ ਇਹ ਲਿਖਤ ਤੁਹਾਨੂੰ ਭੇਜਣ ਲਈ ਕਿਹਾ ਹੈ। ਅਸੀਂ ਦੇਰ ਲਈ ਮਾਫ਼ੀ ਚਾਹੁੰਦੇ ਹਾਂ।"

ਇਥੇ ਸਾਡੀਆਂ ਸੰਸਥਾਵਾਂ ਉੱਤੇ ਇਕ ਝਾਤ ਪਾ ਲੈਣਾ ਵੀ ਠੀਕ ਰਹੇਗਾ। ਲਾਸ ਏਂਜਲਜ਼ ਦੇ ਜਗਤ-ਪ੍ਰਸਿੱਧ ਗੈਟੀ ਮਿਊਜ਼ੀਅਮ ਵਿਚੋਂ ਮੈਂ ਕੁਛ ਚਿੱਤਰਾਂ ਦਾ ਵੇਰਵਾ ਲਿਖ ਲਿਆਇਆ। ਉਹਨਾਂ ਵਿਚੋਂ ਕੁਛ ਨਾਂ ਫ਼ਰਾਂਸੀਸੀ ਸਨ। ਮੈਂ ਦੇਸ ਪਰਤ ਕੇ ਯਾਤਰਾਨਾਮਾ ਲਿਖਣ ਲਗਿਆਂ ਸੋਚਿਆ, ਜਿਸ ਫ਼ਰਾਂਸੀਸੀ ਬੁੱਤਕਾਰ ਨੂੰ ਅਸੀਂ ਮੈਡਮ ਤੂਸਾਦ ਕਹਿੰਦੇ ਹਾਂ, ਉਥੋਂ ਦੇ ਉਹਦੇ ਮਿਊਜ਼ੀਅਮ ਵਿਚ ਜਾ ਕੇ ਉਹਦਾ ਨਾਂ ਟੂਸਾਓ ਹੋਣ ਦਾ ਪਤਾ ਲਗਿਆ ਸੀ, ਇਹਨਾਂ ਫ਼ਰਾਂਸੀਸੀ ਚਿੱਤਰਕਾਰਾਂ ਦੇ ਨਾਂਵਾਂ ਦਾ ਉਚਾਰਨ ਵੀ ਪਤਾ ਕਰ ਲੈਣਾ ਚਾਹੀਦਾ ਹੈ। ਮੈਂ ਭਾਰਤੀ ਲਲਿਤ ਅਕਾਦਮੀ, ਦਿੱਲੀ ਆਰਟ ਕਾਲਜ ਅਤੇ ਫ਼ਰਾਂਸੀਸੀ ਦੇ ਜਾਣਕਾਰ ਇਕ ਪੰਜਾਬੀ ਪ੍ਰੋਫ਼ੈਸਰ ਨੂੰ ਸਾਰਾ ਮਾਜਰਾ ਦੱਸ ਕੇ ਉਹ ਪੰਜ-ਛੇ ਨਾਂ ਭੇਜ ਦਿੱਤੇ। ਮੇਰੀਆਂ ਤਿੰਨਾਂ ਚਿੱਠੀਆਂ ਵਿਚੋਂ ਕਿਸੇ ਇਕ ਦਾ ਵੀ ਕੋਈ ਜਵਾਬ ਨਹੀਂ ਆਇਆ; ਮੁਕੰਮਲ ਚੁੱਪ!

ਸਾਡੇ ਦੇਸ ਵਿਚ ਹਰ ਸ਼ਰੀਫ਼ ਆਦਮੀ ਅਮਾਨਵੀ ਪੁਲਸ ਨਾਲ ਵਾਹ ਤੋਂ ਬਚੇ ਰਹਿਣਾ ਚਾਹੁੰਦਾ ਹੈ। ਉਥੋਂ ਦੀ ਪੁਲਸ ਦੀ ਸਾਡੀ ਪੁਲਸ ਨਾਲ ਕੋਈ ਵੀ ਗੱਲ ਸਾਂਝੀ ਨਹੀਂ। ਪੰਜਾਬੀ ਯੂਨੀਵਰਸਿਟੀ ਦਾ ਪੜ੍ਹਿਆ ਸਿਆਸਤ ਸਿੰਘ ਪਹਿਲੀ ਵਾਰ ਅਮਰੀਕਾ ਮਿਲ ਕੇ ਮੇਰਾ ਮਿੱਤਰ ਬਣ ਗਿਆ। ਇਕ ਦਿਨ ਉਹ ਮੈਨੂੰ ਸਾਨ ਫ਼ਰਾਂਸਿਸਕੋ ਦਿਖਾਉਣ ਲੈ ਗਿਆ। ਕਹਾਣੀਕਾਰ ਅਜਮੇਰ ਸਿੱਧੂ ਵੀ ਉਥੇ ਗਿਆ ਹੋਇਆ ਸੀ, ਮੈਂ ਉਹਨੂੰ ਵੀ ਬੁਲਾ ਲਿਆ। ਸ਼ਹਿਰ ਵਿਚ ਹੀ ਇਕ ਥਾਂ ਜਾ ਕੇ ਸਿਆਸਤ ਰਾਹ ਭੁੱਲ ਗਿਆ। ਉਹਨੇ ਕਾਰ ਸੜਕ ਦੇ ਕਿਨਾਰੇ ਠੀਕ ਥਾਂ ਲਾਈ ਤੇ ਕਿਸੇ ਰਾਹ ਦੱਸਣ ਵਾਲੇ ਨੂੰ ਉਡੀਕਣ ਲਗਿਆ। ਏਨੇ ਨੂੰ ਸੜਕ ਦੇ ਦੂਜੇ ਪਾਸੇ ਇਕ ਪੁਲਸੀਆ ਆਪਣੀ ਗਡੀਰੀ ਜਿਹੀ ਕਾਰ ਵਿਚ ਆ ਗਿਆ। ਸਿਆਸਤ ਨੇ ਕੁਛ ਵੀ ਬੋਲੇ ਬਿਨਾਂ ਉਂਗਲ ਖੜ੍ਹੀ ਕਰ ਦਿੱਤੀ। ਉਹ ਦੇਖ ਕੇ ਲੰਘ ਗਿਆ। ਮੈਂ ਹੱਸਿਆ, "ਉਹ ਤਾਂ ਔਹ ਗਿਆ ਤੇਰੀ ਖੜ੍ਹੀ ਉਂਗਲ ਦੀ ਪਰਵਾਹ ਕੀਤੇ ਬਿਨਾਂ!" ਸਿਆਸਤ ਨੇ ਭਰੋਸੇ ਨਾਲ ਕਿਹਾ, "ਉਹ ਜ਼ਰੂਰ ਆਊਗਾ। ਇਥੇ ਪੁਲਸ ਵਾਲੇ ਵੀ ਨੇਮ ਤੋੜਨ ਦੀ ਖੁੱਲ੍ਹ ਨਹੀਂ ਲੈਂਦੇ। ਉਹ ਅਗਲੇ ਯੂ-ਟਰਨ ਤੋਂ ਮੁੜ ਕੇ ਆਊਗਾ।" ਉਹਨੇ ਕੁਛ ਹੀ ਪਲਾਂ ਵਿਚ ਆ ਕੇ ਦੁਆ-ਸਲਾਮ ਕੀਤੀ ਤੇ ਸਮੱਸਿਆ ਪੁੱਛੀ। ਰਾਹ ਚੰਗੀ ਤਰ੍ਹਾਂ ਸਮਝਾ ਕੇ ਤੇ ਸਿਆਸਤ ਦੇ ਸਮਝ ਗਏ ਹੋਣ ਦੀ ਤਸੱਲੀ ਕਰ ਕੇ ਉਹ ਮੁਸਕਰਾਹਟ ਵੰਡਦਾ ਆਪਣੀ ਗਡੀਰੀ ਵਿਚ ਜਾ ਚੜ੍ਹਿਆ।

ਕਾਰ ਵਿਚ ਬੈਠ ਕੇ ਮੈਂ ਕਿਹਾ, "ਸਿਆਸਤ, ਕੁਛ ਨਹੀਂ ਤੇਰੀ ਅਮਰੀਕੀ ਪੁਲਸ, ਲੋਗੜ ਦੀ ਬਣੀ ਹੋਈ!... ਹੁੰਦਾ ਸਾਡਾ ਸ਼ੇਰ ਪੰਜਾਬੀ ਪੁਲਸੀਆ। ਪਹਿਲਾਂ ਤਾਂ ਉਹਨੇ ਕਿਸੇ ਯੂਟਰਨ ਤੱਕ ਜਾਏ ਬਿਨਾਂ ਸੜਕ ਐਥੇ ਹੀ ਸਿੱਧੀ ਲੰਘਣੀ ਸੀ ਕਿਉਂਕਿ ਸਾਡੇ ਪੁਲਸ ਲਈ ਕੋਈ ਨੇਮ-ਕਾਨੂੰਨ ਮੰਨਣਾ ਜ਼ਰੂਰੀ ਨਹੀਂ। ਆ ਕੇ ਉਹਨੇ ਪੁੱਛਣਾ ਸੀ, ਉਂਗਲ ਖੜ੍ਹੀ ਕਰ ਦਿੱਤੀ ਮੈਨੂੰ, ਮੈਂ ਤੇਰੇ ਪਿਓ ਦਾ ਨੌਕਰ ਹਾਂ ਉਇ? ਤੇ ਫੇਰ ਠੀਕ ਥਾਂ ਖੜ੍ਹਾਈ ਹੋਣ ਦੇ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਵਿਸ਼ਵ ਗੁਰੂ ਬਣਨ ਦੇ ਸੁਫਨੇ ਲੈਂਦੇ ਦੇਸ਼ ਨੂੰ ਦੁਨੀਆ ਦੀਆਂ ਨਜ਼ਰਾਂ ਦੇ ਹਾਣ ਦਾ ਸਾਬਤ ਹੋਣਾ ਪਵੇਗਾ

## ਦ੍ਰਿਸ਼ਟੀਕੋਣ

### ਜਤਿੰਦਰ ਪਨੂੰ

ਅਜੇ ਬਹੁਤੇ ਸਾਲ ਨਹੀਂ ਹੋਏ ਹੋਣੇ, ਜਦੋਂ ਇੱਕ ਪੰਜਾਬੀ ਗਾਇਕ ਦਾ ਗਾਇਆ ਗੀਤ 'ਮੇਲਾ ਵੇਖਦੀਏ ਮੁਟਿਆਰੇ, ਮੇਲਾ ਤੈਨੂੰ ਵੇਖਦਾ' ਸੁਣਿਆ ਸੀ। ਉਹ ਗੱਲ ਪਿੱਛੇ ਰਹਿ ਗਈ, ਅੱਜ ਦੀ ਘੜੀ ਇਹੋ ਗੱਲ ਉਸ ਭਾਰਤ ਦੇਸ਼ ਬਾਰੇ ਕਹਿਣ ਵਿੱਚ ਝਿਜਕ ਨਹੀਂ ਲੱਗਦੀ, ਜਿਸ ਦਾ ਪ੍ਰਧਾਨ ਮੰਤਰੀ ਆਏ ਦਿਨ ਆਪਣੇ ਲੋਕਾਂ ਨੂੰ ਸੁਫਨਾ ਵਿਖਾਉਂਦਾ ਹੈ ਕਿ ਦੇਸ਼ ਛੇਤੀ ਹੀ 'ਵਿਸ਼ਵ ਗੁਰੂ' ਹੋਣ ਦਾ ਮਾਣ ਹਾਸਲ ਕਰ ਲਵੇਗਾ। ਪ੍ਰਧਾਨ ਮੰਤਰੀ ਨੇ ਦੇਸ਼ ਦੇ ਵਿਕਾਸ ਵਾਲੇ ਸੁਫਨੇ ਵੀ ਵਿਖਾਏ ਹਨ ਤੇ ਇਸ ਦੇ ਨਾਲ ਦੇਸ਼ ਦੀ ਆਰਥਿਕਤਾ ਨੂੰ ਸੰਸਾਰ ਦੀ ਤੀਸਰੀ ਸਭ ਤੋਂ ਵੱਡੀ ਆਰਥਿਕਤਾ ਬਣਾਉਣ ਵਰਗੇ ਸੁਫਨੇ ਨਾਲ ਅਗਲੇ ਸਾਲ ਦੀਆਂ ਲੋਕ ਸਭਾ ਚੋਣਾਂ ਮੌਕੇ ਵੋਟਾਂ ਦੇਣ ਲਈ ਸੱਦਾ ਵੀ ਦੇ ਦਿੱਤਾ ਹੈ। ਉਨ੍ਹਾਂ ਕੋਲ ਸਮੱਰਥਕਾਂ ਤੇ ਪ੍ਰਸ਼ੰਸਕਾਂ ਵਾਲੀ ਇੱਕ ਵੱਡੀ ਫੌਜ ਹੈ, ਜਿਹੜੀ ਕਦੀ ਫੌਜ ਵਾਂਗ ਕੰਮ ਕਰਦੀ ਜਾਪਦੀ ਹੈ, ਕਦੀ ਕਿਸੇ ਧਾੜ ਵਾਂਗ ਅਗੇਤੀ ਉਲੀਕੀ ਹੋਈ ਸਰਗਰਮੀ ਦੇ ਰਾਹ ਉੱਤੇ ਚੱਲਦੀ ਜਾਪਦੀ ਹੈ। ਇਹ ਫੌਜ ਹਰ ਵੇਲੇ ਆਪਣੇ ਆਗੂ ਦੇ ਇਸ਼ਾਰੇ ਉੱਤੇ ਹਰ ਹੱਦ ਤੱਕ ਜਾਣ ਨੂੰ ਤਿਆਰ ਜਾਪਦੀ ਹੈ ਤੇ ਉਸ ਫੌਜ ਦਾ ਨਿਸ਼ਾਨਾ ਇੱਕੋ ਨਜ਼ਰ ਆਉਂਦਾ ਹੈ ਕਿ ਜਿਹੜੀ ਗੱਲ ਆਗੂ ਨੇ ਮੂੰਹੋਂ ਕੱਢੀ ਹੈ, ਕਿਸੇ ਵੀ ਸੂਰਤ ਵਿੱਚ ਉਹ ਆਮ ਲੋਕਾਂ ਦੇ ਪੱਧਰ ਉੱਤੇ ਅਮਲ ਵਿੱਚ ਵੀ ਲਾਗੂ ਹੋਣੀ ਚਾਹੀਦੀ ਹੈ।

ਇਹ ਹਕੀਕੀ ਸਥਿਤੀ ਦਾ ਪਹਿਲਾ ਪੱਖ ਹੈ ਕਿ ਭਾਰਤ ਦੇਸ਼ ਇਸ ਵਕਤ ਵਿਸ਼ਵ ਗੁਰੂ ਬਣ ਕੇ ਮੇਲਾ ਲੁੱਟਣ ਵਾਲੇ ਸੁਫਨੇ ਵੇਖਦਾ ਹੈ। ਦੂਸਰਾ ਪੱਖ ਇਹ ਹੈ ਕਿ ਜਦੋਂ ਵਿਸ਼ਵ ਦਾ ਗੁਰੂ ਬਣਨ ਦੇ ਸੁਫਨੇ ਵੇਖੇ ਜਾ ਰਹੇ ਹਨ, ਮੂਹਰੇ ਵਿਸ਼ਵ ਵੀ ਇਸ ਦੇਸ਼ ਵੱਲ ਅਤੇ ਇਸ ਵਿੱਚ ਵਾਪਰਦੇ ਹਰ ਚੰਗੇ-ਮੰਦੇ ਵੱਲ ਵੇਖਦਾ ਅਤੇ ਆਪਣੇ ਪ੍ਰਤੀਕਰਮ ਕਦੀ ਸਿੱਧੇ ਬੋਲਾਂ ਵਿੱਚ ਅਤੇ ਕਦੀ ਵਲ-ਵਲਾਵਾਂ ਪਾ ਕੇ ਪੇਸ਼ ਕਰਦਾ ਹੈ। ਉਸ ਦੇ ਵਲ-ਵਲਾਵੇਂ ਵਾਲੇ ਪ੍ਰਤੀਕਰਮ ਦਾ ਭਾਰਤ ਵਿੱਚ ਰਾਜ ਕਰਦੀ ਧਿਰ ਦੇ ਲੋਕ ਬਹੁਤਾ ਬੁਰਾ ਨਹੀਂ ਮਨਾਉਂਦੇ ਅਤੇ ਉਸ ਨੂੰ ਅਣਗੌਲਿਆ ਕਰਨ ਦਾ ਯਤਨ ਕਰਦੇ ਹਨ, ਪਰ ਜਦੋਂ ਕਦੀ ਇਸ ਦੇਸ਼ ਬਾਰੇ ਕਿਸੇ ਪਾਸਿਉਂ ਕੋਈ ਸਿੱਧਾ ਅਤੇ ਕੁਝ ਕੌੜਾ-ਕੁਸੈਲਾ ਪ੍ਰਤੀਕਰਮ ਆਉਂਦਾ ਹੈ, ਸੰਸਾਰ ਭਾਈਚਾਰੇ ਦੇ ਹਰ ਨਿਯਮ ਤੇ ਹਰ ਅਸੂਲ ਨੂੰ ਅੱਖੋਂ-ਪਰੋਖਾ ਕਰ ਕੇ ਮਿਹਣੇ ਤੇ ਛਿੱਬੀਆਂ ਦੇਣ ਵਾਂਗ ਮੋੜਵਾਂ ਪ੍ਰਤੀਕਰਮ ਦਿੱਤਾ ਜਾਂਦਾ ਹੈ। ਭਾਰਤ ਦੇ ਲੋਕਾਂ ਨੂੰ ਦੂਸਰਿਆਂ ਦੇ ਹਰ ਪ੍ਰਤੀਕਰਮ ਦੀ ਸਿੱਧੀ-ਗੁੱਝੀ ਰਮਜ਼ ਪੱਲੇ ਪੈਂਦੀ ਹੈ ਤਾਂ ਸਾਡੇ ਲੋਕਾਂ ਵੱਲੋਂ ਦਿੱਤੇ ਗਏ ਹਰ ਪ੍ਰਤੀਕਰਮ, ਜਿਹੜਾ ਆਮ ਕਰ ਕੇ ਗੁੱਝਾ ਹੋਣ ਦੀ ਬਜਾਏ ਸਿੱਧਾ ਵਾਰ ਕਰਨ ਵਾਂਗ ਹੁੰਦਾ ਹੈ, ਦੀ ਸਾਰੀ ਸਮਝ ਅਗਲਿਆਂ ਨੂੰ ਵੀ ਖੜੇ ਪੈਰ ਲੱਗ ਜਾਂਦੀ ਹੈ। ਇਸ ਨਾਲ ਪ੍ਰਤੀਕਰਮਾਂ ਦੇ ਵਟਾਂਦਰੇ ਦਾ ਸਿਲਸਿਲਾ ਚੱਲ ਪੈਂਦਾ ਹੈ।

ਸੰਸਾਰ ਕੂਟਨੀਤੀ ਵਿੱਚ ਇੱਕ ਸਮਾਂ ਉਹ ਵੀ ਸੀ, ਜਦੋਂ ਦੋ ਵੱਡੀਆਂ ਧਿਰਾਂ: ਅਮਰੀਕਾ ਦੀ ਅਗਵਾਈ ਹੇਠਲਾ ਨਾਟੋ ਬਲਾਕ ਤੇ ਰੂਸ ਦੀ ਅਗਵਾਈ ਵਾਲਾ ਕਮਿਊਨਿਸਟ ਧੜਾ ਹਰ ਗੱਲ ਵਿੱਚ ਆਹਮੋ-ਸਾਹਮਣੇ ਹੋਣ ਨੂੰ ਤਿਆਰ ਹੁੰਦੇ ਸਨ। ਅੱਜ ਇਹੋ ਜਿਹੀ ਕੋਈ ਸਥਿਤੀ ਨਹੀਂ। ਉਸ ਦੁਵੱਲੀ ਖਿੱਚੋਤਾਣ ਦੀ ਸਥਿਤੀ ਵਿੱਚ ਜਦੋਂ ਇੱਕ ਵਾਰ ਗੁੱਟ ਨਿਰਪੱਖ ਦੇਸ਼ਾਂ ਦਾ ਧੜਾ ਉੱਭਰਿਆ ਤਾਂ ਭਾਰਤ ਉਸ ਦੇ ਮੋਹਰੀ ਤਿੰਨ ਦੇਸ਼ਾਂ ਵਿੱਚੋਂ ਇੱਕ ਸੀ ਤੇ ਉਸ ਦੌਰ ਵਿੱਚ ਇਸ ਦੀ ਇੱਜ਼ਤ ਸੰਸਾਰ ਦੇ ਦੇਸ਼ਾਂ ਵਿੱਚ ਏਨੀ ਵੱਡੀ ਸੀ ਕਿ ਵਿਸ਼ਵ-ਗੁਰੂ ਹੋਣ ਦਾ ਦਾਅਵਾ ਕੀਤੇ ਬਗੈਰ ਵੀ ਦੁਨੀਆ ਭਰ ਦੇ ਦੇਸ਼ ਲਗਭਗ ਹਰ ਗੱਲ ਵਿੱਚ ਇਸ ਦੀ ਰਾਏ ਆਉਣ ਬਾਰੇ ਉਡੀਕ ਕਰਦੇ ਹੁੰਦੇ ਸਨ। ਹਾਲਾਤ ਬਦਲ ਗਏ ਤਾਂ ਰੂਸ ਦੀ ਸਰਦਾਰੀ ਵਾਲਾ ਕਮਿਊਨਿਸਟ ਬਲਾਕ ਨਾ ਰਹਿ ਜਾਣ ਦੇ ਬਾਅਦ ਅਮਰੀਕਾ ਨੇ ਸੰਸਾਰ ਰਾਜਨੀਤੀ ਦੀ ਇਕਲੌਤੀ ਮਹਾਂ-ਸ਼ਕਤੀ ਹੋਣ ਦਾ ਏਦਾਂ ਵਿਖਾਲਾ ਕਰਨ ਦਾ ਰਾਹ ਫੜਿਆ ਕਿ ਉਸ ਦੇ ਸਾਥੀ ਦੇਸ਼ ਵੀ ਉਸ ਦੀ ਵੱਡ-ਤਾਕਤੀ ਧੌਂਸ ਤੋਂ ਤ੍ਰਹਿਕਦੇ ਸਨ, ਪਰ ਉਹ ਉਸ ਅੱਗੇ ਸਿਰ ਚੁੱਕਣ ਜੋਗੇ ਨਹੀਂ ਸਨ ਰਹਿ ਗਏ। ਐਨ ਉਸ ਮੌਕੇ ਇੱਕ ਵਾਰ ਫਿਰ ਰੂਸ ਉੱਭਰਿਆ ਅਤੇ ਉਸ ਨੇ ਅਮਰੀਕਾ ਦੇ ਇਕਲੌਤੀ ਮਹਾਂ-ਸ਼ਕਤੀ ਦੇ ਭਰਮ ਨੂੰ ਚੁਣੌਤੀ ਦੇਣੀ ਸ਼ੁਰੂ ਕਰ ਦਿੱਤੀ ਸੀ। ਇਹ ਅਸਲ ਵਿੱਚ ਭਾਰਤ ਲਈ ਢੁਕਵਾਂ ਮੌਕਾ ਸੀ ਕਿ ਉਹ ਇੱਕ ਵਾਰ ਫਿਰ ਦੋ ਵੱਡੀਆਂ ਧਿਰਾਂ ਦੇ ਮੁਕਾਬਲੇ ਤੀਸਰੇ ਗੁੱਟ-ਨਿਰਪੱਖਤਾ ਦੇ ਪੈਂਤੜੇ ਉੱਤੇ ਆ ਜਾਂਦਾ ਅਤੇ ਸੰਸਾਰ ਦੇ ਮੱਧ-ਮਾਰਗੀ ਦੇਸ਼ ਇਸ ਨਾਲ ਜੁੜ ਸਕਦੇ ਸਨ, ਪਰ ਭਾਰਤ ਖੁੰਝ ਗਿਆ।

ਪਹਿਲਾਂ ਭਾਜਪਾ ਦੀ ਅਟਲ ਬਿਹਾਰੀ ਵਾਜਪਾਈ ਸਰਕਾਰ ਸਮੇਂ ਨੂੰ ਸਮਝਣ ਅਤੇ ਵਰਤਣ ਤੋਂ ਖੁੰਝ ਕੇ ਅਮਰੀਕਾ ਨਾਲ ਜੁੜਨ ਦੀ ਕਾਹਲੀ ਵਿਖਾਉਣ ਲੱਗ ਪਈ। ਇਹੋ ਸਮਾਂ ਸੀ, ਜਦੋਂ ਅਫਗਾਨਿਸਤਾਨ ਦੀ ਜੰਗ ਲੜਨ ਨੂੰ ਨਿਕਲ ਚੁੱਕੇ ਅਮਰੀਕਾ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਵਾਜਪਾਈ ਨੇ ਹਰ ਤਰ੍ਹਾਂ ਦੀ ਮਦਦ ਦੀ ਅਣਮੰਗੀ ਪੇਸ਼ਕਸ਼ ਕਰ ਕੇ ਕਿਹਾ ਸੀ ਕਿ 'ਭਾਰਤ ਦਾ ਬੱਚਾ-ਬੱਚਾ ਤੁਹਾਡੇ ਨਾਲ ਹੈ।' ਅੱਗੋਂ ਅਮਰੀਕੀਆਂ ਨੇ ਭਾਰਤ ਦੀ ਇਹ ਪੇਸ਼ਕਸ਼ ਠੁਕਰਾ ਕੇ ਪਾਕਿਸਤਾਨ ਦੇ ਫੌਜੀ ਰਾਸ਼ਟਰਪਤੀ ਜਨਰਲ ਪਰਵੇਜ਼ ਮੁਸ਼ੱਰਫ ਨੂੰ ਆਪਣਾ ਪਿਛਲੱਗ ਬਣਾਇਆ ਤੇ ਉਸ ਦੇਸ਼ ਦੀਆਂ ਫੌਜੀ ਛਾਉਣੀਆਂ ਅਤੇ ਫੌਜੀ ਹਵਾਈ ਅੱਡੇ ਆਪਣੀ ਫੌਜ ਲਈ ਵਰਤਣ ਦਾ ਹੱਕ ਲੈ ਲਿਆ ਅਤੇ ਵਾਜਪਾਈ ਸਾਹਿਬ ਦੇ ਪੱਲੇ ਨਿਰਾਸ਼ਾ ਪਈ ਸੀ। ਦੂਸਰਾ ਮੌਕਾ ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਵੇਲੇ ਸੀ, ਜਦੋਂ ਅਮਰੀਕੀ ਰਾਸ਼ਟਰਪਤੀ ਜਾਰਜ ਬੁੱਸ਼ ਦੂਸਰੇ ਨੂੰ ਇਹ ਕਹਿਣ ਵਿੱਚ ਵੀ ਮਨਮੋਹਨ ਸਿੰਘ ਨੇ ਢਿੱਲ ਨਹੀਂ ਸੀ ਕੀਤੀ ਕਿ 'ਸਾਰੇ ਭਾਰਤ ਦੇ ਲੋਕ ਤੁਹਾਡਾ ਸਤਿਕਾਰ ਕਰਦੇ ਹਨ।' ਭਾਰਤ ਨੇ ਐਟਮੀ ਸਮਝੌਤਾ ਕਰਨਾ ਸੀ, ਕਰ ਲਿਆ, ਹੋਰ ਅੱਗੇ ਵਧਣ ਅਤੇ ਅਮਰੀਕਾ ਮੂਹਰੇ ਲਿਫਦੇ ਜਾਣ ਦੀ ਲੋੜ ਨਹੀਂ ਸੀ, ਪਰ ਉਹ ਲਿਫਦੇ ਗਏ ਅਤੇ ਹੌਲੀ-ਹੌਲੀ ਅਮਰੀਕੀ ਦਬਾਅ ਹੇਠ ਦੋ ਵੱਡੀਆਂ ਸ਼ਕਤੀਆਂ ਅਮਰੀਕਾ ਅਤੇ ਰੂਸ ਵਿਚਾਲੇ ਸੰਤੁਲਨ ਬਣਾਉਣ ਦੀ ਬਜਾਏ ਅਮਰੀਕੀ ਪਾਸੇ ਵੱਲ ਝੁਕ ਗਏ। ਇਸ ਤਰ੍ਹਾਂ ਝੁਕਦੇ ਜਾਣ ਦਾ ਹੋਰ ਧਿਰਾਂ ਨੇ ਤਾਂ ਵਿਰੋਧ ਕਰਨਾ ਸੀ, ਆਪਣੇ ਜਨਮ ਤੋਂ ਇੰਗਲੈਂਡ ਤੇ ਅਮਰੀਕਾ ਵੱਲ ਨਰਮੀ ਰੱਖਦੇ ਰਹੇ ਆਰ ਐੱਸ ਐੱਸ ਵਾਲਿਆਂ ਨੇ ਵੀ ਇਹ ਕਹਿਣ ਵਿੱਚ ਵਕਤ ਨਹੀਂ ਸੀ ਗੁਆਇਆ ਕਿ ਸੰਬੰਧ ਜਿੱਦਾਂ ਦੇ ਵੀ ਸਰਕਾਰ ਰੱਖ ਲਵੇ, ਪਰ ਦੇਸ਼ ਦੇ ਸਵੈ-ਮਾਣ ਦਾ ਖਿਆਲ ਜ਼ਰੂਰ ਰੱਖ ਲੈਣਾ ਚਾਹੀਦਾ ਹੈ। ਉਸ ਮੌਕੇ ਵੀ ਭਾਰਤ ਵਕਤੋਂ ਖੁੰਝ ਗਿਆ ਸੀ।

ਨਰਿੰਦਰ ਮੋਦੀ ਸਾਹਿਬ ਦੇ ਪ੍ਰਧਾਨ ਮੰਤਰੀ ਬਣਨ ਮਗਰੋਂ ਭਾਰਤ ਨੇ ਬੇਸ਼ੱਕ ਕੁਝ ਮੌਕਿਆਂ ਉੱਤੇ, ਜਿਵੇਂ ਯੂਕਰੇਨ ਦੀ ਜੰਗ ਦੇ ਸਵਾਲ ਉੱਤੇ ਅਮਰੀਕਾ ਨਾਲ ਖੁੱਲ੍ਹ ਕੇ ਖੜੋਣ ਤੋਂ ਝਿਜਕ ਵਿਖਾਈ ਅਤੇ ਫਾਸਲਾ ਰੱਖਿਆ ਹੈ, ਪਰ ਹਥਿਆਰ ਸੌਦਿਆਂ ਦੇ ਚੱਕਰ ਵਿੱਚ ਉਹ ਵੀ ਸੰਤੁਲਨ ਦਾ ਚੇਤਾ ਨਹੀਂ ਰੱਖ ਸਕੇ। ਫਰਾਂਸ ਦੇ ਰਾਸ਼ਟਰਪਤੀ ਇਮੈਨੂੰਅਲ ਮੈਕਰੋਂ ਦਾ ਭਾਰਤ ਨੂੰ ਨਾਟੋ ਦੇ ਬਹੁਤ ਨੇੜੇ ਦਾ ਦੇਸ਼ ਦੱਸਣ ਦਾ ਹੌਸਲਾ ਇਸ ਲਈ ਪੈ ਗਿਆ ਕਿ ਭਾਰਤ ਸਰਕਾਰ ਨੇ ਪਿਛਲੇ ਸਮੇਂ ਵਿੱਚ ਅਮਰੀਕਾ ਨਾਲ ਹੋਰ ਕਈ ਗੱਲਾਂ ਦੇ ਨਾਲ ਫੌਜੀ ਪੱਖੋਂ ਚੋਖਾ ਨੇੜ ਕਰ ਲਿਆ ਹੈ। ਦੋਵਾਂ ਧਿਰਾਂ ਨੇ ਆਪਸੀ ਸਮਝੌਤੇ ਕੁਝ ਏਦਾਂ ਦੇ ਕੀਤੇ ਹਨ ਕਿ ਕੁਝ ਲੋਕ ਪੰਜਾਹ ਕੁ ਸਾਲ ਪਹਿਲਾਂ ਭਾਰਤ ਤੇ ਕਮਿਊਨਿਸਟ ਰੂਸ ਦੀ ਸਰਕਾਰ ਵਿੱਚ ਹੋਏ ਸਮਝੌਤਿਆਂ ਨਾਲ ਬਰਾਬਰ ਤੋਲਣ ਜਾਂ ਉਸ ਤੋਂ ਵੱਧ ਵਜ਼ਨਦਾਰ ਦੱਸਣ ਲੱਗੇ ਹਨ। ਕੁਝ ਹੱਦ ਤੱਕ ਇਹ ਗੱਲ ਸੱਚੀ ਕਹੀ ਜਾ ਸਕਦੀ ਹੈ, ਪਰ ਭਾਰਤ ਲਈ ਉਹ ਮੋੜ ਅਜੇ ਨਹੀਂ ਆਇਆ, ਜਿੱਥੋਂ ਮੋੜਾ ਕੱਟਣ ਦੀ ਗੁੰਜਾਇਸ਼ ਨਾ ਰਹਿ ਜਾਵੇ।

ਤੀਸਰਾ ਪੱਖ ਇਹ ਹੈ ਕਿ ਭਾਰਤ ਵਿੱਚ ਲੋਕਤੰਤਰੀ ਰਵਾਇਤਾਂ ਤੇ ਅਮਨ-ਕਾਨੂੰਨ ਦੀ ਸਥਿਤੀ ਨੂੰ ਰਾਜਸੀ ਲੋੜਾਂ ਵੇਖ ਕੇ ਸੰਭਾਲਣ ਜਾਂ ਅਣਗੌਲੇ ਕਰਨ ਦੀ ਚਰਚਾ ਸੰਸਾਰ ਭਰ ਵਿੱਚ ਛਿੜੀ ਪਈ ਹੈ। ਯੂਰਪੀ ਦੇਸ਼ਾਂ ਦੀ ਸਾਂਝੀ ਪਾਰਲੀਮੈਂਟ ਵਿੱਚ ਇਸ ਦੀ ਚਰਚਾ ਹੁੰਦੀ ਹੈ, ਯੂਰਪ ਦੇ ਕਈ ਦੇਸ਼ਾਂ ਦੇ ਚੁਣੇ ਅਦਾਰਿਆਂ ਵਿਚ ਭਾਰਤ ਅੰਦਰ ਬਣੇ ਹਾਲਾਤ, ਖਾਸ ਕਰ ਕੇ ਮਨੀਪੁਰ ਮੁੱਦੇ ਉੱਤੇ ਟਿੱਪਣੀਆਂ ਹੋਈ ਜਾਂਦੀਆਂ ਹਨ। ਅਸੀਂ ਮਨੀਪੁਰ ਜਾਂ ਇਹੋ ਜਿਹੇ ਕਿਸੇ ਹੋਰ ਰਾਜ ਦੇ ਹਾਲਾਤ ਦੀ ਨਮੋਸ਼ੀ ਤੋਂ ਗਵਾਂਢੀ ਪਾਕਿਸਤਾਨ ਅੰਦਰਲੇ ਹਾਲਾਤ ਤੇ ਅੱਤਵਾਦ ਬਾਰੇ ਚਰਚਾ ਕਰ ਕੇ ਖਹਿੜਾ ਨਹੀਂ ਛੁਡਾ ਸਕਦੇ। ਉਨ੍ਹਾਂ ਦੇਸ਼ਾਂ ਬਾਰੇ ਅਤੇ ਖਾਸ ਕਰ ਕੇ ਪਾਕਿਸਤਾਨ ਦੀਆਂ ਭਾਰਤ ਵਿਰੋਧੀ ਚਾਲਾਂ ਬਾਰੇ ਸੰਸਾਰ ਦੇ ਹਰ ਮੰਚ ਉੱਤੇ ਖੁੱਲ੍ਹ ਕੇ ਗੱਲ ਕਰਨੀ ਅਤੇ ਉਸ ਨੂੰ ਠਿੱਠ ਕਰਨਾ ਆਪਣੀ ਥਾਂ ਜਾਇਜ਼ ਹੈ ਤੇ ਇਸ ਕੰਮ ਵਿੱਚ ਕੋਈ ਕਸਰ ਨਹੀਂ ਰਹਿਣੀ ਚਾਹੀਦੀ, ਪਰ ਆਪਣੇ ਕਿਸੇ ਮਨੀਪੁਰ ਵਰਗੇ ਰਾਜ ਦੇ ਹਾਲਾਤ ਏਨੇ ਵਿਗੜ ਜਾਣ ਕਿ ਪ੍ਰਧਾਨ ਮੰਤਰੀ ਮੋਦੀ ਦੀ ਇਸ ਬਾਰੇ ਖਾਮੋਸ਼ੀ ਸੌ ਮੁੱਦਿਆਂ ਦਾ ਮੁੱਦਾ ਬਣੀ ਨਜ਼ਰ ਆਉਣ ਲੱਗ ਪਵੇ, ਇਸ ਨਾਲ ਭਾਰਤ ਦੀ ਦਿੱਖ ਵਿਗੜਦੀ ਹੈ। ਭਾਰਤ ਸਰਕਾਰ ਆਪਣੇ ਲੋਕਾਂ ਨੂੰ ਇਹ ਦੱਸ ਕੇ ਖੁਸ਼ ਹੋ ਸਕਦੀ ਹੈ ਕਿ ਅਮਰੀਕਾ ਅਤੇ ਹੋਰ ਏਨੇ ਦੇਸ਼ਾਂ ਨੇ ਮਨੀਪੁਰ ਦੇ ਹਾਲਾਤ ਸੰਭਾਲਣ ਲਈ ਭਾਰਤ ਸਰਕਾਰ ਦੀ ਭੂਮਿਕਾ ਉੱਤੇ ਤਸੱਲੀ ਪ੍ਰਗਟ ਕੀਤੀ ਹੈ, ਪਰ ਇਹ ਵੇਖਣਾ ਪਊਗਾ ਕਿ ਏਨੇ ਹੋਰਨਾਂ ਦੇਸ਼ਾਂ ਨੇ ਇਸ ਦੀ ਭੂਮਿਕਾ ਉੱਤੇ ਤਸੱਲੀ ਪ੍ਰਗਟ ਨਹੀਂ ਵੀ ਕੀਤੀ, ਸਗੋਂ ਕਈ ਦੇਸ਼ ਇਸ ਦੀ ਨੁਕਤਾਚੀਨੀ ਕਰਦੇ ਪਏ ਹਨ। ਜਦੋਂ ਭਾਰਤ ਸੰਸਾਰ ਦੇ ਦੇਸ਼ਾਂ ਨੂੰ ਵੇਖਦਾ ਹੈ ਤਾਂ ਸਾਰਾ ਸੰਸਾਰ 'ਮੇਲਾ ਵੇਖਦੀਏ ਮੁਟਿਆਰੇ, ਮੇਲਾ ਤੈਨੂੰ ਵੇਖਦਾ' ਦੇ ਗੀਤ ਦੀ ਤੱਕਣੀ ਨਾਲ ਉਸ ਦੇਸ਼ ਵੱਲ ਵੇਖਦਾ ਹੈ, ਜਿਹੜਾ ਸੰਸਾਰ ਮੂਹਰੇ ਅਗਲੇ ਸਮਿਆਂ ਵਿੱਚ 'ਵਿਸ਼ਵ-ਗੁਰੂ' ਦੇ ਰੂਪ ਵਿੱਚ ਇੱਕ ਨਵੀਂ ਭੂਮਿਕਾ ਦੇ ਸੁਫਨੇ ਲੈ ਰਿਹਾ ਹੈ। ਸੁਫਨੇ ਲੈਣੇ ਹਨ ਤਾਂ ਉਨ੍ਹਾਂ ਸੁਫਨਿਆਂ ਦੇ ਹਾਣ ਦਾ ਬਣਨਾ ਹੋਵੇਗਾ। ਦੇਸ਼ ਦੇ ਕਿਸੇ ਇੱਕ ਵੀ ਰਾਜ ਵਿੱਚ ਲੋਕ ਰੋਂਦੇ ਹੋਣ ਤਾਂ ਵਿਸ਼ਵ-ਗੁਰੂ ਬਣਨ ਦੇ ਸੁਫਨੇ ਮਜ਼ਾਕ ਬਣ ਕੇ ਰਹਿ ਜਾਣਗੇ ਅਤੇ ਉਹ ਮਜ਼ਾਕੀਆ ਵਕਤ ਸਿਰਫ ਇਸ ਦੇਸ਼ ਦੇ ਹਾਕਮਾਂ ਲਈ ਨਹੀਂ, ਸਾਰੇ ਦੇਸ਼ ਵਾਸੀਆਂ ਲਈ ਸੁਖਾਵਾਂ ਨਹੀਂ ਹੋਵੇਗਾ।

# ਮਨੀਪੁਰ ਦੀ ਦਰੋਪਤੀ ਦੇ ਚੀਰ ਹਰਨ ਸਮੇਂ ਵੀ ਰਾਜਾ ਅੰਨ੍ਹਾ, ਬੋਲਾ ਅਤੇ ਗੂੰਗਾ ਨਿਕਲਿਆ

## ਸੁਲਘਦੇ ਸਵਾਲ

### ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਜਿਸ ਮਨੀਪੁਰ ਸੂਬੇ ਦੀ ਅੱਜਕੱਲ੍ਹ ਭਾਰਤ ਤੋਂ ਇਲਾਵਾ ਵਿਸ਼ਵ ਭਰ ਵਿੱਚ ਵੱਖ-ਵੱਖ ਦੇਸ਼ਾਂ ਵਿੱਚ ਨਿੰਦਿਆ ਚਰਚਾ ਹੋ ਰਹੀ ਹੈ। ਇਸ ਸੂਬੇ ਦਾ 1949 ਵਿੱਚ ਭਾਰਤੀ ਸੰਘ 'ਚ ਰਲੇਵਾਂ ਹੋਇਆ। ਉਸ ਸਮੇਂ ਹਿੰਦੂਆਂ ਨਾਲ ਸੰਬੰਧਤ ਮੈਤੇਈ ਭਾਈਚਾਰਾ ਜੋ ਬਹੁਗਿਣਤੀ ਸੀ, ਉਥੇ ਵਸਿਆ ਹੋਇਆ ਸੀ ਅਤੇ ਦੂਸਰਾ ਭਾਈਚਾਰਾ "ਕੁੱਕੀ ਨਾਗਾ" ਜਨਜਾਤੀ ਭਾਈਚਾਰਾ ਸੀ ਜੋ ਮੁੱਖ ਤੌਰ 'ਤੇ ਈਸਾਈ ਸੀ ਅਤੇ ਹੈ। ਪਹਿਲਿਆਂ ਵਿੱਚ ਦੋਵੇਂ ਫਿਰਕੇ ਮਿਲ ਕੇ ਰਹਿੰਦੇ ਸਨ। ਮੌਕੇ ਦੀਆਂ ਹਕੂਮਤਾਂ ਨੇ ਵੱਖ-ਵੱਖ ਮੁੱਦਿਆਂ 'ਤੇ ਇਨ੍ਹਾਂ ਵਿੱਚ ਇਨ੍ਹਾਂ 'ਚ ਮੱਤਭੇਦ ਸ਼ੁਰੂ ਕਰ ਦਿੱਤੇ। ਸਮੇਂ-ਸਮੇਂ ਵੱਖ-ਵੱਖ ਸਰਕਾਰਾਂ ਦਾ ਇਨ੍ਹਾਂ ਪ੍ਰਤੀ ਨਜ਼ਰੀਆ ਬਦਲਦਾ ਰਿਹਾ, ਜਿਸ ਨੇ ਇਨ੍ਹਾਂ ਦੇ ਮਤਭੇਦਾਂ ਨੂੰ ਹੋਰ ਬੜ੍ਹਾਵਾ ਦਿੱਤਾ। ਅਮਨ-ਕਾਨੂੰਨ ਨੂੰ ਕੰਟਰੋਲ ਰੱਖਣਾ ਮੌਕੇ ਦੀਆਂ ਸਰਕਾਰਾਂ ਦਾ ਫ਼ਰਜ਼ ਬਣਦਾ ਹੈ। ਜਿਸ ਨੂੰ ਮੌਕੇ ਦੀ ਸਰਕਾਰ ਨੇ ਠੀਕ ਤਰ੍ਹਾਂ ਨਾਲ ਨਾ ਸੰਭਾਲਿਆ। ਜਿਸ ਕਰਕੇ ਅੱਜ ਦੇ ਦਿਨ ਦੇਸ਼ ਨੂੰ ਸੰਸਾਰ ਭਰ ਦੇ ਦੇਸ਼ਾਂ ਵਿੱਚ ਸ਼ਰਮਸਾਰ ਹੋਣਾ ਪੈ ਰਿਹਾ ਹੈ। ਜਿਸ ਦੀਆਂ ਸਫ਼ਾਈਆਂ ਪੇਸ਼ ਕੀਤੀਆਂ ਜਾ ਰਹੀਆਂ ਹਨ।

ਅੱਜ ਤੱਕ ਤਕਰੀਬਨ ਤਿੰਨ ਮਹੀਨੇ ਹੋ ਚੱਲੇ ਹਨ। ਅਜੇ 2/3 ਦਿਨ ਪਹਿਲਾਂ ਮਹੀਨਿਆਂ ਤੋਂ ਬੰਦ ਪਿਆ ਇੰਟਰਨੈੱਟ ਕੁਝ ਹੱਦ ਤੱਕ ਮੁੜ ਚਾਲੂ ਕੀਤਾ ਗਿਆ ਹੈ।

ਪਿਛਲੇ ਲੰਬੇ ਸਮੇਂ ਤੋਂ ਸਮੁੱਚਾ ਮਨੀਪੁਰ ਸੜ ਰਿਹਾ ਹੈ। ਕਤਲ, ਲੁੱਟਾਂ-ਖੋਹਾਂ, ਮਾਰ-ਕੁਟਾਈਆਂ ਆਮ ਹੋ ਰਹੀਆਂ ਹਨ। ਔਰਤਾਂ ਸਰੇਆਮ ਰੇਪ ਦਾ ਸ਼ਿਕਾਰ ਹੋ ਰਹੀਆਂ ਹਨ, ਸਾਰੇ ਤਰ੍ਹਾਂ ਦੇ ਅੱਤਿਆਚਾਰ ਦਾ ਆਮ ਰੌਲਾ ਹੈ। ਪਰ ਮੁੱਖ ਮੰਤਰੀ, ਜਿਹੜਾ ਰਾਜ ਕਰਦੀ ਭਾਜਪਾ ਦਾ ਲਾਡਲਾ ਬਣਿਆ ਹੋਇਆ ਹੈ, ਉਹ ਨਾ ਕੰਟਰੋਲ ਕਰ ਰਿਹਾ ਅਤੇ ਨਾ ਹੀ ਲਾਂਭੇ ਹੋ ਰਿਹਾ। ਭਾਜਪਾ ਪਾਰਟੀ ਤੋਂ ਬਗੈਰ ਕਿਹੜੀ ਪਾਰਟੀ ਹੈ ਜਿਸ ਨੇ ਮੁੱਖ ਮੰਤਰੀ ਅਤੇ ਪ੍ਰਧਾਨ ਮੰਤਰੀ ਦੇ ਅਸਤੀਫ਼ੇ ਦੀ ਮੰਗ ਨਾ ਕੀਤੀ ਹੋਵੇ। ਸੁਪਰੀਮ ਕੋਰਟ ਨੇ ਦਖ਼ਲ ਦੇਣ ਤੋਂ ਮਨਾਹੀ ਕੀਤੀ ਹੈ ਪਰ ਲਾਅ ਐਂਡ ਆਰਡਰ ਨੂੰ ਬਹਾਲ ਕਰਨ ਨੂੰ ਕਿਹਾ ਹੈ।

ਜਿਵੇਂ ਗੁੰਡਿਆਂ ਨੇ ਜੋੜੇ ਔਰਤਾਂ ਨੂੰ ਨੰਗਾ ਕਰਕੇ ਘੁਮਾਇਆ ਹੈ, ਉਨ੍ਹਾਂ ਦਾ ਜਲੂਸ ਕੱਢਿਆ ਹੈ। ਜਿਸ ਨੇ ਮਨੀਪੁਰ ਨੂੰ ਭਾਰਤ ਅਤੇ ਸੰਸਾਰ ਵਿੱਚ ਸ਼ਰਮਸਾਰ ਕੀਤਾ ਹੈ। ਪਰ ਗੁੰਡੇ ਅੱਜ ਦੇ ਦਿਨ ਵੀ ਪੂਰੇ ਪਕੜੇ ਨਹੀਂ ਗਏ। ਜਿਨ੍ਹਾਂ ਲਈ ਆਮ ਜਨਤਾ ਫਾਂਸੀ ਦੀ ਮੰਗ ਕਰ ਰਹੀ ਹੈ। "ਜਿਸ ਤਨ ਲਾਗੇ ਸੋ ਤਨ ਜਾਵੇ" ਮੁਤਾਬਕ ਕਈ ਵਾਰ ਤਾਂ ਉਨ੍ਹਾਂ ਦੋਸ਼ੀ ਭੇੜੀਆਂ ਲਈ ਫਾਂਸੀ ਦੀ ਸਜ਼ਾ ਵੀ ਘੱਟ ਲਗਦੀ ਹੈ।

ਸੰਸਾਰ ਦੇ ਬਹੁਤ ਦੇਸ਼ਾਂ ਵਿੱਚ ਸਮੇਤ ਭਾਰਤ ਦੇ ਵੱਖ-ਵੱਖ ਸੂਬਿਆਂ ਵਿੱਚ ਦਰੋਪਤੀਆਂ ਦਾ ਚੀਰਹਰਨ ਹੁੰਦਾ ਰਹਿੰਦਾ ਹੈ। ਪਰ ਦੇ ਮਨੀਪੁਰ ਸੂਬੇ ਦੇ ਅੱਤਿਆਚਾਰ ਨੇ ਸੁਰਖੀਆਂ ਮੱਲੀਆਂ ਹਨ। ਉਹ ਆਪਣੇ ਆਪ 'ਚ ਇਹ ਮਹਾਨ ਮਿਸਾਲ ਹੈ। ਅਸੀਂ ਤੁਸੀਂ ਰੋਜ਼ਾਨਾ ਦੇਖ ਰਹੇ ਹਾਂ ਕਿ ਤਕਰੀਬਨ ਸਿਵਾਏ ਸੂਬੇ ਦੇ ਅਤੇ ਕੇਂਦਰ 'ਚ ਰਾਜ ਕਰਦੀਆਂ ਪਾਰਟੀਆਂ ਦੇ, ਬਾਕੀ ਸਭ ਛੋਟੀਆਂ-ਵੱਡੀਆਂ ਪਾਰਟੀਆਂ ਨੇ ਮਨੀਪੁਰ 'ਚ ਹੋਏ ਔਰਤਾਂ ਦੇ ਨਿਰਾਦਰ ਅਤੇ ਅੱਤਿਆਚਾਰ 'ਚ ਆਪਣਾ ਬਣਦਾ ਹਿੱਸਾ ਨਾ ਪਾਇਆ ਹੋਵੇ।

ਜੋੜੇ 'ਤੇ ਕੀਤੇ ਨਿਰਾਦਰ 'ਚੋਂ ਇੱਕ ਔਰਤ ਦੇ ਸਾਬਕਾ ਫੌਜੀ ਸੂਬੇਦਾਰ ਦੀ ਦਰਦਭਰੀ ਅਵਾਜ਼ ਵੱਲ ਧਿਆਨ ਦਿਉ। ਤੁਸੀਂ ਸੁਣਦੇ ਹੀ ਧੁਰ ਅੰਦਰ ਤੱਕ ਹਿਲ ਜਾਉਗੇ। "ਮੈਂ ਸਾਬਕਾ ਸੂਬੇਦਾਰ ਆਪਣੀ ਸਰਵਿਸ ਦੌਰਾਨ ਕਾਰਗਿਲ ਜੰਗ ਦੌਰਾਨ ਦੇਸ਼ ਦੀ ਇੱਜ਼ਤ ਬਚਾਉਣ 'ਚ ਕਾਮਯਾਬ ਰਿਹਾ, ਪਰ ਰਿਟਾਇਰਡ ਹੋਣ ਤੋਂ ਬਾਅਦ ਮੈਂ ਆਪਣੀ ਘਰਵਾਲੀ ਦੀ ਇੱਜ਼ਤ ਨਹੀਂ ਬਚਾ ਸਕਿਆ।" ਆਖ਼ਰੀ ਦਮ ਤੱਕ ਮੈਨੂੰ ਇਸ ਗੱਲ ਦਾ ਪਛਤਾਵਾ ਰਹੇਗਾ। ਪਰ ਸਾਡੇ ਰਾਜਾ ਚਾਹੇ ਉਹ ਸੂਬੇ ਦਾ ਹੋਵੇ, ਚਾਹੇ ਦੇਸ਼ ਦਾ ਹੋਵੇ, ਦੋਵੇਂ ਅਮਲ 'ਚ ਅੰਨ੍ਹੇ ਨਿਕਲੇ। ਜਿਨ੍ਹਾਂ ਦੇ ਹੁੰਦਿਆਂ ਮਨੀਪੁਰ ਦੀਆਂ ਦਰੋਪਤੀਆਂ ਦਾ ਚੀਰਹਰਨ ਹੋਇਆ ਪਰ ਉਨ੍ਹਾਂ ਦੋਵਾਂ ਨੂੰ ਨਾ ਸੁਣਾਈ ਦਿੱਤਾ, ਨਾ ਹੀ ਦਿਖਾਈ ਦਿੱਤਾ। ਜਿਸ ਕਰਕੇ ਹੁਣ ਦਰੋਪਤੀ ਜੋ ਹਸਤਿਨਾਪੁਰ ਛੱਡ ਤੁਰਦੀ ਤੁਰਦੀ ਮਨੀਪੁਰ ਪਹੁੰਚੀ ਸੀ, ਹੁਣ ਵਾਪਸ ਮੁੜਨ ਦੀ ਤਿਆਰੀ 'ਚ ਹੋਵੇਗੀ ਜਦ ਉਹ ਜਾਣ ਚੁੱਕੀ ਹੈ ਕਿ ਇਥੇ ਦਾ ਰਾਜਾ ਅੰਨ੍ਹਾ ਵੀ ਹੈ, ਬੋਲਾ ਵੀ ਹੈ ਅਤੇ ਗੂੰਗਾ ਵੀ ਹੈ।

ਹੁਣ ਤੱਕ ਸਭ ਜਾਣ ਚੁੱਕੇ ਹਨ ਕਿ ਵਿਸ਼ਵ ਅਖੌਤੀ ਗੁਰੂ ਮਨੀਪੁਰ ਘਟਨਾ ਵਾਰੇ ਬਿਆਨ ਦੇਣ ਲਈ ਦੰਦਲ ਕਿਉਂ ਪਈ ਹੋਈ ਹੈ। ਦੋ ਜਾਤੀਆਂ ਦੀ 'ਚ ਆਪਸੀ ਨਫ਼ਰਤ ਦੱਸ ਕੇ 2024 ਦੀ ਤਿਆਰੀ 'ਚ ਇਹ ਸਭ ਕੁਝ ਹੋ ਰਿਹਾ ਹੈ। ਤੁਸੀਂ ਸੰਯੋਗ ਦੇਖੋ ਜਦ ਜਦ ਹੋਮ ਮਨਿਸਟਰ ਅਮਿਤ ਸ਼ਾਹ ਨੇ ਮਨੀਪੁਰ ਦਾ ਦੌਰਾ ਕੀਤਾ, ਉਵੇਂ ਉਵੇਂ ਹੀ ਹਰ ਤਰ੍ਹਾਂ ਦੇ ਹਮਲੇ ਤੇਜ਼ ਹੁੰਦੇ ਗਏ। ਅੱਗ ਹੋਰ ਭੜਕਦੀ ਰਹੀ। ਅੱਜਕੱਲ੍ਹ ਗੋਦੀ ਮੀਡੀਆ ਮਨੀਪੁਰ ਅੱਗ ਬੁਝਾਉਣ ਦੀ ਬਜਾਏ ਪਾਕਿਸਤਾਨ ਆਈ ਅਤੇ ਪਾਕਿਸਤਾਨ ਗਈ ਭਾਰਤੀ ਔਰਤ ਦੀਆਂ ਨਕਲੀ ਕਹਾਣੀਆਂ ਇਸ ਤਰ੍ਹਾਂ ਪੇਸ਼ ਕਰ ਰਿਹਾ ਹੈ, ਜਿਵੇਂ ਪਾਕਿਸਤਾਨੀ ਆਈ ਬੱਚਿਆਂ ਦੀ ਮਾਂ ਆਪਣੇ ਨਾਲ ਸਾਰੀ ਆਈ ਐਸ ਆਈ ਨਾਲ ਲੈ ਆਈ ਹੋਵੇ ਅਤੇ ਭਾਰਤ 'ਚੋਂ ਗਈ ਵਿਆਹੀ ਔਰਤ ਭਾਰਤ ਦੇ ਸਾਰੇ ਭੇਤਾਂ ਦੀ ਪੰਡ ਨਾਲ ਲੈ ਗਈ ਹੋਵੇ।

ਅਸਲ ਵਿੱਚ ਮਨੀਪੁਰ ਦੇ ਮੌਜੂਦਾ ਸੰਕਟ ਨੂੰ ਦੋ ਜਾਤੀਆਂ ਦਾ ਸੰਘਰਸ਼ ਬਣਾਇਆ ਜਾ ਰਿਹਾ। ਜਦ ਕਿ ਇਹ ਸੱਚ ਨਹੀਂ। ਸੱਚ ਇਹ ਹੈ ਕਿ ਕਸ਼ਮੀਰ ਤੋਂ ਬਾਅਦ ਖਣਿਜ ਪਦਾਰਥਾਂ ਨਾਲ ਭਰਪੂਰ ਮਨੀਪੁਰ ਸੂਬਾ ਹੈ। ਜਿਸ 'ਤੇ ਤਕਰੀਬਨ ਆਦਿਵਾਸੀ ਆਪਣਾ ਹੱਕ ਸਮਝਦੇ ਹਨ। ਇਸ ਕਰਕੇ ਉਨ੍ਹਾਂ ਖਣਿਜ ਪਾਦਰਥਾਂ ਦੀ ਰਾਖੀ ਜਨ-ਜਾਤੀਆਂ ਕਰ ਰਹੀਆਂ ਹਨ। ਖਾਸ ਕਰ ਕੁੱਕੀ ਜਾਤੀ ਜਿਹੜੀ ਜ਼ਿਆਦਾ ਪਹਾੜੀ ਇਲਾਕੇ ਵੱਲ ਹੈ। ਜਿਵੇਂ ਸਭ ਜਾਣਦੇ ਹਨ ਕਿ ਜਿਵੇਂ ਇਸ ਵਾਲੇ ਭਾਰਤ ਵਿੱਚ ਦੋ ਵੇਚਣ ਵਾਲੇ ਅਤੇ ਦੋ ਖਰੀਦਣ ਵਾਲੇ ਮੌਜੂਦ ਹਨ। ਦੋ ਵੇਚਣ ਵਾਲੇ ਉਨ੍ਹਾਂ ਖਣਿਜ ਪਦਾਰਥਾਂ ਨੂੰ ਹਥਿਆਉਣ ਲਈ ਜਾਣਬੁੱਝ ਕੇ ਸਭ ਕੁਝ ਕਰਵਾ ਰਹੇ ਹਨ। ਗੁੰਡਿਆਂ ਨੂੰ ਖੁੱਲ੍ਹੀ ਛੁੱਟੀ ਦੇ ਰਹੀ ਹੈ ਤਾਂ ਕਿ ਮਨੀਪੁਰ ਦਾ ਅਸਲੀ ਖ਼ਜ਼ਾਨਾ ਹਥਿਆ ਕੇ ਦੋ ਖਰੀਦਣ ਵਾਲਿਆਂ ਦੇ ਹਵਾਲੇ ਕੀਤਾ ਜਾ ਸਕੇ। ਆਉਣ ਵਾਲੇ ਸਮੇਂ ਵਿੱਚ ਤੁਸੀਂ ਸਭ ਦੇਖੋਗੇ ਕਿ ਆਪਣਿਆਂ ਨੂੰ ਹੋਰ ਭਰਾਉਣ ਲਈ ਤੁਸੀਂ ਜਲਦੀ ਹੀ "ਮਨੀਪੁਰ ਫਾਈਲ" ਵੀ ਮਾਰਕਿਟ ਵਿੱਚ ਵੇਖੋਗੇ। ਜਿਸ ਵਿੱਚ ਆਪਣੇ ਕਾਰਿਆਂ ਨੂੰ ਸਹੀ ਠਹਿਰਾਉਣ ਦੀ ਕੋਸ਼ਿਸ਼ ਕਰਨਗੇ। ਦਰੋਪਤੀਆਂ ਪਹਿਲਾਂ ਵਾਂਗ ਹੀ ਆਪਣੇ ਆਪ ਨੂੰ ਕੋਸਦੀਆਂ ਰਹਿਣਗੀਆਂ।

ਸੰਪਰਕ : 98721-65741

# 'ਏਹੁ ਹਮਾਰਾ ਜੀਵਣਾ...'

## ਲੋਕਾਂ ਦੀ ਗੱਲ

### ਹਰਜਿੰਦਰ ਸਿੰਘ ਅਟਵਾਲ (ਡਾ.)

ਪੰਜਾਬੀ ਦੇ ਆਦਿ ਕਵੀ ਸ਼ੇਖ ਬਾਬਾ ਫਰੀਦ ਨੇ ਕਿਸੇ ਹੋਰ ਪ੍ਰਸੰਗ ਵਿੱਚ ਇਹ ਸ਼ਬਦ ਲਿਖੇ ਸਨ, ਪਰ ਪੰਜਾਬੀ ਦੀ ਨਾਵਲਕਾਰਾ ਡਾ. ਦਲੀਪ ਕੌਰ ਟਿਵਾਣਾ ਨੇ ਇਸ ਹੀ ਨਾਂਅ ਦਾ ਨਾਵਲ ਲਿਖਿਆ ਅਤੇ ਟਿਵਾਣਾ ਜੀ ਦੀ ਪਛਾਣ ਇਸ ਨਾਵਲ ਨਾਲ ਜੁੜ ਗਈ, ਬਾਅਦ ਵਿੱਚ ਭਾਵੇਂ ਡਾ. ਟਿਵਾਣਾ ਨੇ ਕਈ ਕਹਾਣੀਆਂ ਅਤੇ ਨਾਵਲਾਂ ਵਿੱਚ ਔਰਤ ਦੀ ਤ੍ਰਾਸਦਿਕ ਸਥਿਤੀ ਨੂੰ ਬਿਆਨ ਕੀਤਾ, ਪਰ ਪਾਠਕਾਂ ਦੇ ਚੇਤਿਆਂ ਵਿੱਚ 'ਏਹੁ ਹਮਾਰਾ ਜੀਵਣਾ...' ਦੀ ਭਾਨੋ ਹੀ ਵਸੀ ਰਹੀ ਅਤੇ ਉਹ ਡਾ. ਟਿਵਾਣਾ ਦੇ ਅਜਿਹੇ ਹਰ ਪਾਤਰ ਨੂੰ ਭਾਨੋ ਵਿੱਚੋਂ ਹੀ ਦੇਖਦੇ ਰਹੇ। ਜਦੋਂ ਦੇਸ਼ ਆਜ਼ਾਦ ਹੋਇਆ ਤਾਂ ਭਾਰਤ ਦਾ ਬਹੁਤ ਵੱਡਾ ਹਿੱਸਾ ਆਜ਼ਾਦੀ ਦੇ ਜਸ਼ਨਾਂ ਵਿੱਚ ਡੁੱਬਿਆ ਹੋਇਆ ਸੀ, ਪਰ ਪੰਜਾਬ ਦਾ ਇਹ ਖਿੱਤਾ (ਲਹਿੰਦੇ ਅਤੇ ਚੜ੍ਹਦੇ ਦਾ) ਇੱਕ ਡੂੰਘੇ ਸੰਤਾਪ ਵਿੱਚੀਂ ਲੰਘ ਰਿਹਾ ਸੀ। ਉਸ ਸੰਤਾਪ ਨਾਲ ਜੁੜੇ ਸਾਹਿਤ ਦੀ ਸੂਚੀ ਬਹੁਤ ਲੰਮੀ ਹੈ, ਪਰ ਜੋ ਅੰਮ੍ਰਿਤਾ ਪ੍ਰੀਤਮ ਦੀ ਨਜ਼ਮ 'ਅੱਜ ਆਖਾਂ ਵਾਰਸ ਸ਼ਾਹ ਨੂੰ...' ਅਤੇ 'ਪਿੰਜਰ' ਦੀ 'ਪੂਰੋ' ਰਾਹੀਂ ਬਿਰਤਾਂਤ ਸਿਰਜਿਆ ਗਿਆ ਹੈ। ਉਹ ਸਮੇਂ ਦੀ ਧੂੜ ਵਿੱਚੋਂ ਅੱਜ ਵੀ ਉੱਭਰਵੇਂ ਰੂਪ 'ਚ ਉਜਾਗਰ ਹੁੰਦਾ ਹੈ। ਵਾਰਿਸ ਦੇ ਮਹਾਂ-ਕਾਵਿ ਹੀਰ ਬਾਰੇ ਬਹੁਤ ਕੁਝ ਕਿਹਾ ਜਾਂਦਾ ਹੈ ਅਤੇ ਕਿਹਾ ਜਾ ਸਕਦਾ ਹੈ ਪਰ ਜਿਸ ਤਰ੍ਹਾਂ ਅੰਮ੍ਰਿਤਾ ਪ੍ਰੀਤਮ ਨੇ ਆਪਣੀ ਉਸ ਯਾਦਗਾਰੀ ਨਜ਼ਮ ਵਿੱਚ ਇੱਕ ਔਰਤ ਦੇ ਨਜ਼ਰੀਏ ਤੋਂ ਦੇਖਿਆ ਅਤੇ ਪੇਸ਼ ਕੀਤਾ ਹੈ, ਉਹ ਮਿਸਾਲ ਆਪ ਹੀ ਹੈ। ਪੰਜਾਬੀ ਸਾਹਿਤ ਵਿੱਚ ਔਰਤ ਦੀ ਪੀੜਾ ਦੀ ਅਜਿਹੀ ਵੇਦਨਾ ਸਮੇਂ-ਸਮੇਂ ਪੇਸ਼ ਹੁੰਦੀ ਆ ਰਹੀ ਹੈ, ਭਾਵੇਂ ਸਥਿਤੀ ਅੱਜ ਤੱਕ ਵੀ ਜਿਵੇਂ ਦੀ ਤਿਵੇਂ ਹੀ ਹੈ।

ਪਿਛਲੇ ਲੱਗਭੱਗ ਤਿੰਨ ਮਹੀਨਿਆਂ ਤੋਂ ਅਸੀਂ ਪੜ੍ਹਦੇ-ਸੁਣਦੇ ਆ ਰਹੇ ਹਾਂ ਕਿ ਭਾਰਤ ਦੇ ਉੱਤਰ-ਪੂਰਬੀ ਹਿੱਸੇ ਦੇ ਇੱਕ ਸੂਬੇ ਵਿੱਚ ਅਸ਼ਾਂਤੀ ਫੈਲੀ ਹੋਈ ਹੈ ਜਾਂ ਫੈਲਾਉਣ ਦਾ ਯਤਨ ਹੋ ਰਿਹਾ ਹੈ। ਸੂਬੇ ਵਿੱਚ ਮਸਲਾ ਬਹੁ-ਗਿਣਤੀ ਵੱਲੋਂ ਘੱਟ-ਗਿਣਤੀ ਦੇ ਲੋਕਾਂ, ਆਸਥਾ ਵਾਲੀਆਂ ਥਾਵਾਂ, ਜਾਇਦਾਦ ਆਦਿ ਨੂੰ ਨਿਸ਼ਾਨਾ ਬਣਾ ਕੇ ਹਮਲੇ ਹੋ ਰਹੇ ਹਨ। ਇੰਟਰਨੈੱਟ ਸੇਵਾਵਾਂ ਉੱਥੇ ਲੰਮੇ ਸਮੇਂ ਤੋਂ ਬੰਦ ਪਈਆਂ ਹੋਣ ਕਰਕੇ ਸਥਿਤੀ ਦੀ ਜ਼ਮੀਨੀ ਹਕੀਕਤ ਦੀ ਸਹੀ ਜਾਣਕਾਰੀ ਨਹੀਂ ਪਹੁੰਚ ਰਹੀ। ਸਰਕਾਰੀ ਮੀਡੀਆ ਰਾਹੀਂ ਪੁਣ-ਛਾਣ ਕੇ ਆ ਰਹੀ ਜਾਣਕਾਰੀ 'ਤੇ ਆਮ ਬੰਦੇ ਨੂੰ ਯਕੀਨ ਨਹੀਂ ਰਿਹਾ, ਪਰ ਅਚਾਨਕ ਪਿਛਲੇ ਦਿਨੀਂ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਜਨਤਕ ਹੁੰਦੀ ਹੈ, ਜਿਸ ਵਿੱਚ ਉਸ ਸੂਬੇ ਦੀ ਬਹੁ-ਗਿਣਤੀ ਵਾਲੇ ਲੋਕ ਦੋ ਔਰਤਾਂ ਨੂੰ ਨਿਰ-ਵਸਤਰ ਕਰਕੇ ਅਤੇ ਉਹਨਾਂ ਨਾਲ ਜਿਸਮਾਨੀ ਭੱਦੀਆਂ ਹਰਕਤਾਂ ਕਰਦੇ ਨਜ਼ਰ ਆਉਂਦੇ ਹਨ। ਔਰਤਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਸੂਬੇ ਦੇ ਘੱਟ-ਗਿਣਤੀ ਭਾਈਚਾਰੇ ਤੇ ਭਾਰਤ ਵਿਚਲੇ ਘੱਟ-ਗਿਣਤੀ ਧਾਰਮਿਕ ਫਿਰਕੇ ਨਾਲ ਸੰਬੰਧਤ ਹਨ। ਇਸ ਅਣਮਨੁੱਖੀ ਕਾਰੇ ਨੂੰ ਸਿਰਫ 'ਮੰਦਭਾਗਾ' ਕਹਿ ਕੇ ਹਉ ਪਰੇ ਨਹੀਂ ਕੀਤਾ ਜਾ ਸਕਦਾ, ਸਗੋਂ ਇੱਕ ਮਨੁੱਖ ਸਮੂਹ ਵੱਲੋਂ 'ਔਰਤ' ਉੱਪਰ ਹੋ ਰਹੇ ਜ਼ੁਲਮ/ਤਸ਼ੱਦਦ ਦੀ ਕਰੂਰ ਤਸਵੀਰ ਹੈ, ਜਿਸ ਵਿੱਚ ਦੋਸ਼ੀਆਂ ਨੂੰ ਇਬਰਾਤਨਾਕ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। ਉਹ ਔਰਤ ਜਿਸ ਦੇ ਪਤੀ ਨੇ ਦੇਸ਼ ਲਈ ਲੜਦਿਆਂ ਕਾਰਗਿਲ ਦੀ ਜੰਗ ਤਾਂ ਜਿੱਤ ਲਈ, ਪਰ ਮਹਾਨ ਭਾਰਤ ਵਿੱਚ ਆਪਣੀ ਪਤਨੀ ਦੀ 'ਇੱਜ਼ਤ' ਨਹੀਂ ਬਚਾ ਸਕਿਆ। ਦੂਜੀ ਲੜਕੀ ਜਿਸ ਦੀ ਉਮਰ ਵੀਹ ਸਾਲ ਦੱਸੀ ਜਾ ਰਹੀ ਹੈ, ਉਹ ਆਪਣੇ ਭਵਿੱਖੀ ਜੀਵਨ ਵਿੱਚ ਇਹ ਸੰਤਾਪ ਲੈ ਕੇ ਕਿਵੇਂ ਵਿਚਰੇਗੀ, ਇਹ ਸੋਚ ਹੀ ਹਰ ਹਸਾਸ ਵਿਅਕਤੀ ਨੂੰ ਧੁਰ-ਅੰਦਰ ਤੱਕ ਕੰਬਾਅ ਕੇ ਰੱਖ ਦਿੰਦੀ ਹੈ। ਅਜਿਹਾ ਨਹੀਂ ਹੈ ਕਿ ਇਹ ਪਹਿਲੀ ਘਟਨਾ ਹੈ, ਆਜ਼ਾਦ ਭਾਰਤ ਵਿੱਚ ਦੇਸ਼ ਵੰਡ ਸਮੇਂ ਧਰਮਾਂ ਦੀ ਉਸ ਲੜਾਈ ਵਿੱਚ ਵੀ ਔਰਤ ਦੀ ਆਬਰੂ ਤਾਰ-ਤਾਰ ਹੁੰਦੀ ਹੈ। ਹਜ਼ਾਰਾਂ ਕਿੱਸੇ, ਕਹਾਣੀਆਂ ਅਸੀਂ ਪੜ੍ਹਦੇ/ਸੁਣਦੇ ਆ ਰਹੇ ਹਾਂ। ਅੱਜ ਵੀ ਉਸ ਸਮੇਂ ਦੇ ਵਿੱਛੜੇ ਜਾਂ ਜਬਰੀ ਵਿਛੋੜ ਦਿੱਤੇ ਗਏ ਲੋਕ ਮਿਲਦੇ ਹਨ ਤਾਂ ਉਹਨਾਂ ਦੇ ਮਨ ਵਿੱਚ ਉਸ ਸਮੇਂ ਨਾਲ ਜੁੜੀ ਟੀਸ ਉੱਭਰ ਆਉਂਦੀ ਹੈ। ਔਰਤ ਦੀ ਅਜ਼ਮਤ ਚੌਰਾਸੀ ਦੇ ਦਿੱਲੀ ਕਤਲੇਆਮ, ਗੋਧਰਾ ਕਾਂਡ, ਤੰਦੂਰ ਕਾਂਡ, ਨਿਰਭਇਆ ਅਤੇ ਹੋਰ ਅਨੇਕਾਂ ਉਦਾਹਰਣਾਂ ਮਿਲ ਜਾਣਗੀਆਂ। ਨਵੇਂ ਸਮਾਜਿਕ ਵਰਤਾਰੇ ਵਿੱਚ ਪਨਪ ਰਹੇ ਨਵੇਂ ਰਿਸ਼ਤਿਆਂ ਵਿੱਚ ਔਰਤ ਪ੍ਰਤੀ ਹਿੰਸਾ ਬਹੁਤ ਹੀ ਵਿਕਰਾਲ ਰੂਪ ਧਾਰਨ ਕਰਦੀ ਜਾ ਰਹੀ ਹੈ। ਪਿਛਲੇ ਹੀ ਦਿਨੀਂ ਲਗਾਤਾਰ ਖਬਰਾਂ ਆਉਂਦੀਆਂ ਰਹੀਆਂ ਕਿ ਮਰਦ ਮਿੱਤਰ ਵੱਲੋਂ ਹੀ ਔਰਤ ਨੂੰ ਕਤਲ ਕਰਕੇ ਉਸ ਦੇ ਮਰੇ ਹੋਏ ਵਜੂਦ ਨਾਲ ਵੀ ਦਰਿੰਦਗੀ ਕੀਤੀ ਜਾਂਦੀ ਰਹੀ। ਅਜਿਹੀਆਂ ਹਜ਼ਾਰਾਂ ਘਟਨਾਵਾਂ ਵਾਪਰ ਰਹੀਆਂ ਹਨ, ਜਿਨ੍ਹਾਂ ਦੀ ਯਾਦ ਸਾਨੂੰ ਇੱਕ ਵਾਰ ਫੇਰ 'ਮਨੀਪੁਰ' ਵਿੱਚ ਵਾਪਰੀ ਘਟਨਾ ਦੀ ਵੀਡੀਓ ਨੇ ਯਾਦ ਕਰਵਾ ਦਿੱਤੀ।

ਇਹ ਤੱਥ ਸਿਰਫ ਕਾਗਜ਼ਾਂ ਵਿੱਚ ਹੀ ਹੈ ਕਿ ਅਸੀਂ ਭਾਰਤੀ ਸੰਵਿਧਾਨ ਅਨੁਸਾਰ ਦੇਸ਼ ਨੂੰ ਚਲਾ ਰਹੇ ਹਾਂ, ਜਿਸ ਵਿੱਚ ਹਰ ਮਨੁੱਖ ਨੂੰ ਬਿਨਾਂ ਕਿਸੇ ਲਿੰਗ-ਭੇਦ, ਧਰਮ-ਭੇਦ, ਵਰਣ-ਭੇਦ, ਭੂਗੋਲਿਕ, ਪਹਿਰਾਵੇ ਆਦਿ ਦੇ ਭਿੰਨ-ਭੇਦ ਦੇ ਬਰਾਬਰ ਅਧਿਕਾਰ ਦੇਣ ਦੀ ਗੱਲ ਕੀਤੀ ਗਈ ਹੈ, ਜਦ ਕਿ ਜ਼ਮੀਨੀ ਹਕੀਕਤ ਇਹ ਹੈ ਕਿ ਅਸੀਂ ਆਪਣੇ ਘਰ, ਕੰਮਕਾਜੀ ਥਾਵਾਂ, ਧਾਰਮਿਕ ਕੰਮਕਾਜ, ਸਮਾਜਿਕ ਕੰਮਕਾਜ ਵਿੱਚੋਂ ਕਿਸੇ ਇੱਕ ਵਿੱਚ ਵੀ ਔਰਤ ਨੂੰ ਮਰਦ ਦੀ ਬਰਾਬਰੀ ਦਾ ਅਧਿਕਾਰ ਪੂਰਨ ਰੂਪ ਵਿੱਚ ਨਹੀਂ ਦੇ ਸਕੇ। ਇਹ ਮਰਦਾਵੀਂ ਮਾਨਸਿਕਤਾ ਹੀ ਹੈ ਕਿ ਜਦੋਂ ਦੋ ਮਰਦ ਆਪਸ ਵਿੱਚ ਲੜਦੇ ਹਨ ਤਾਂ ਗਾਲੀ-ਗਲੋਚ ਵਿੱਚ ਦੋਨਾਂ ਧਿਰਾਂ ਦੀ 'ਮਾਂ-ਭੈਣ-ਧੀ' ਹੀ ਹਾਜ਼ਰ ਰਹਿੰਦੀ ਹੈ। ਇਸੇ ਮਾਨਸਿਕਤਾ ਅਧੀਨ ਹੀ ਜਦੋਂ ਦੋ ਫਿਰਕੇ ਆਪਸ ਵਿੱਚ ਖੂਨੀ ਸੰਘਰਸ਼ ਵਿੱਚ ਪੈਂਦੇ ਹਨ ਤਾਂ ਦੋਵੇਂ ਹੀ ਇੱਕ-ਦੂਜੇ ਦੀ ਧਿਰ ਦੀਆਂ ਔਰਤਾਂ ਦੀ ਬੇਹੁਰਮਤੀ ਕਰਕੇ ਆਪਣੇ-ਆਪ ਨੂੰ 'ਸੂਰਮੇ' ਸਮਝਦੇ ਹਨ। ਮਨੀਪੁਰ ਦੀ ਉਸ ਘਟਨਾ ਵਿੱਚ ਵੀ ਇੱਕ ਤਾਂ ਅਜਿਹੀ ਮਰਦਾਵੀਂ ਹਉਂ ਕੰਮ ਕਰਦੀ ਨਜ਼ਰ ਆਉਂਦੀ ਹੈ, ਪਰ ਨਾਲ ਹੀ ਉਹ ਮਰਦਾਵੀਂ ਧਿਰ ਦੀ ਕਿਤੇ ਨਾ ਕਿਤੇ ਰਾਜਸੀ ਅਤੇ ਧਾਰਮਿਕ ਬਚਾਅ ਕਰਦੀ ਵੀ ਨਜ਼ਰ ਆਉਂਦੀ ਹੈ। ਖਾਸ ਕਰਕੇ ਉਹ ਰਾਜਸੀ ਧਿਰ ਜੋ ਹਾਕਮ ਧਿਰ ਵੀ ਹੋਵੇ। ਅਜਿਹੇ ਮਨੀਪੁਰ ਸਮੇਤ ਦੇਸ਼ ਦੇ ਬਹੁਤ ਸਾਰੇ ਸੂਬਿਆਂ ਵਿੱਚ ਵਾਪਰ ਰਿਹਾ ਹੈ ਅਤੇ ਦੇਸ਼ ਦੀਆਂ ਹਾਕਮ ਅਤੇ ਵਿਰੋਧੀ ਧਿਰਾਂ ਸਿਰੇ ਦੀ ਬੇਸ਼ਰਮੀ ਨਾਲ ਇੱਕ-ਦੂਜੇ 'ਤੇ ਦੋਸ਼ ਸਿੱਧ ਕਰਨ ਵਿੱਚ ਹੀ ਲੱਗੀਆਂ ਨਜ਼ਰ ਆਉਂਦੀਆਂ ਹਨ। ਈਮਾਨਦਾਰੀ ਨਾਲ ਇਸ ਮਸਲੇ 'ਤੇ ਉਸ ਗੰਭੀਰਤਾ ਨਾਲ ਨਿੱਠ ਕੇ ਗੱਲ ਨਹੀਂ ਕਰ ਰਹੀਆਂ, ਜਿਸ ਗੰਭੀਰਤਾ ਦੀ ਮੰਗ ਇਹ ਅਤੇ ਅਜਿਹੇ ਹੋਰ ਮਸਲੇ ਮੰਗ ਕਰਦੇ ਹਨ, ਜਿਸ ਨਾਲ ਔਰਤ ਸਾਡੇ ਭਾਰਤ ਮਹਾਨ ਵਿੱਚ ਬਰਾਬਰੀ ਦੇ ਅਹਿਸਾਸ ਨਾਲ ਜੀਅ ਸਕੇ। ਅਜੇ ਤੱਕ ਡਾ. ਟਿਵਾਣਾ ਦੀ ਭਾਨੋ ਅਤੇ ਅੰਮ੍ਰਿਤਾ ਦੀ ਪੂਰੋ ਦਾ ਬਾਬਾ ਫਰੀਦ ਅਨੁਸਾਰ 'ਏਹੁ ਹਮਾਰਾ ਜੀਵਣਾ...' ਵਾਲੀ ਸਥਿਤੀ ਹੀ ਬਣੀ ਹੋਈ ਹੈ ਅਤੇ ਹਰ ਹਸਾਸ ਵਿਅਕਤੀ ਸ਼ਰਮਸਾਰ ਵੀ ਹੈ, ਖੌਫਜ਼ਦਾ ਵੀ।

ਸੰਪਰਕ : 98721-73475

# ਪ੍ਰੇਮ ਨਾ ਬਾਗੀ ਉਪਜੇ ਪ੍ਰੇਮ ਨਾ ਹਾਟ ਬਿਕਾਏ

## ਜ਼ਿੰਦਗੀ ਵੱਲ ਖੁੱਲ੍ਹਦੀ ਖਿੜਕੀ

### ਡਾ. ਸ਼ਿਆਮ ਸੁੰਦਰ ਦੀਪਤੀ

ਅੰਤਰਰਾਸ਼ਟਰੀ ਸਪੈਸ਼ਲ ਖੇਡਾਂ, ਜਰਮਨੀ ਦੇ ਸ਼ਹਿਰ ਬਰਲਿਨ ਵਿਚ ਹੋਈਆਂ ਤੇ ਖੁਸ਼ੀ ਦੀ ਖਬਰ ਆਈ ਕਿ ਪਿੰਗਲਵਾੜੇ ਦੇ ਤਿੰਨ ਬੱਚਿਆਂ ਨੇ ਚਾਰ ਤਗਮੇ ਜਿੱਤੇ ਹਨ। ਮੁਹੰਮਦ ਨਿਜ਼ਾਰ ਨੇ ਜਿੱਤਿਆ ਸੋਨ ਤਗਮਾ ਤੇ ਦੋ ਕੁੜੀਆਂ ਹੇਨੂ ਅਤੇ ਸੀਤਾ ਨੇ ਜਿੱਤੇ ਤਿੰਨ ਕਾਂਸੇ ਦੇ ਤਗਮੇ।

ਖੁਸ਼ੀ ਬੇਇੰਤਹਾ, ਬਿਆਨ ਕਰਨ ਦੀ ਕਾਬਲੀਅਤ ਤੋਂ ਵੱਧ। ਮੈਂ ਵੀ ਇਸ ਖੁਸ਼ੀ ਦਾ ਹਿੱਸਾ। ਇਹ ਪਿੰਗਲਵਾੜਾ ਪਰਵਾਰ ਦੀ ਖੁਸ਼ੀ ਦਾ ਮੌਕਾ ਹੈ। ਅੰਤਰਰਾਸ਼ਟਰੀ ਪੱਧਰ 'ਤੇ ਪਹੁੰਚੇ, ਪਿੰਗਲਵਾੜੇ ਦੇ ਬੱਚੇ, ਜੋ ਲਵਾਰਿਸ ਸਮਝੇ ਗਏ ਤੇ ਇਸ ਸੰਸਥਾ ਕੋਲ ਪਹੁੰਚੇ/ਪਹੁੰਚਾਏ, ਸਾਂਭ-ਸੰਭਾਲ ਲਈ। ਸਪੈਸ਼ਲ ਬੱਚੇ ਹਨ, ਆਮ ਬੱਚੇ ਨਹੀਂ ਹਨ, ਜੋ ਸਾਡੇ ਆਪਣੇ ਪਰਵਾਰਾਂ ਵਿਚ ਦਿਖਦੇ-ਮਿਲਦੇ ਹਨ। ਊਣੇ-ਹੀਣੇ, ਕਮਜ਼ੋਰ, ਘਾਟਾਂ-ਤਰੁੱਟੀਆਂ ਵਾਲੇ ਹਨ।

ਸਪੈਸ਼ਲ ਹੋਣ ਦਾ ਖਿਤਾਬ ਵੀ ਤਾਂ ਮਿਲਿਆ ਕਿ ਇਨ੍ਹਾਂ ਬੱਚਿਆਂ, ਅਜਿਹੇ ਹੋਰ ਵਿਅਕਤੀਆਂ ਨੇ ਸਿੱਧ ਕੀਤਾ। ਅਜਿਹਾ ਕੁਝ ਕਰਕੇ ਦਿਖਾਇਆ ਕਿ 'ਹਾਂ ਅਸੀਂ ਵੀ ਕੁਝ'। ਹਨ ਵੀ ਪਰ ਇਹ ਸਮਰੱਥਾ ਪਛਾਣਨ ਦਾ ਹੁਨਰ ਸਭ ਕੋਲ ਨਹੀਂ ਹੁੰਦਾ। ਮੈਂ ਆਪਣੇ ਵਿਸ਼ੇ ਕਮਿਊਨਿਟੀ ਮੈਡੀਸਨ ਦੇ ਪੱਖ ਤੋਂ ਇਨ੍ਹਾਂ ਬਾਰੇ ਗੱਲ ਕਰਦੇ, ਤੀਸਰੇ ਪੱਧਰ ਦੀ ਸਾਂਭ-ਸੰਭਾਲ ਬਾਰੇ ਪੜ੍ਹਾਉਂਦਿਆਂ ਦੱਸਦਾ ਕਿ ਇਹ ਪਹਿਲਾਂ ਅਪਾਹਿਜ ਕਹੇ ਗਏ, ਨਕਾਰੇ ਗਏ, ਦੁਤਕਾਰੇ ਗਏ। ਅੱਜ ਵੀ ਬਹੁਤਿਆਂ ਦੀ ਨਜ਼ਰ ਵਿਚ ਅਪਾਹਜ ਹੀ ਹਨ, ਪਰ ਇਨ੍ਹਾਂ ਨੇ ਸਿੱਧ ਕੀਤਾ ਕਿ ਨਹੀਂ, ਸਾਡੇ ਸਰੀਰ ਵਿਚ ਨੁਕਸ ਜ਼ਰੂਰ ਹੈ, ਪਰ ਅਸੀਂ ਸਮਰੱਥ ਹੈ। ਫਿਰ ਇਨ੍ਹਾਂ ਨੂੰ ਚੁਣੌਤੀਆਂ ਭਰਪੂਰ ਸ਼ਖਸ ਰਿਹਾ ਗਿਆ। ਇੰਨਾ ਨੇ ਫਿਰ ਸਾਬਤ ਕੀਤਾ, ਅਸੀਂ ਚੁਣੌਤੀਆਂ ਕਬੂਲਣ ਅਤੇ ਉਨ੍ਹਾਂ ਨੂੰ ਵੰਗਾਰਨ ਵਾਲੇ ਹਾਂ। ਸਾਨੂੰ ਮੌਕਾ ਦਿਓ। ਅੱਜ ਇਨ੍ਹਾਂ ਲੋਕਾਂ ਲਈ ਜੋ ਭਾਵ ਵਰਤਿਆ ਜਾਂਦਾ ਹੈ, ਉਹ ਹੈ ਵੱਖਰੀ ਸਮਰੱਥਾ ਵਾਲੇ ਸ਼ਖਸ। ਇਹ ਵੱਖਰੀ ਸਮਰੱਥਾ ਦਾ ਹੀ ਪ੍ਰਗਟਾਵਾ ਹੈ ਕਿ ਸਪੈਸ਼ਲ ਖੇਡਾਂ ਵਿਚ ਇਹ ਬੱਚੇ, ਇਸ ਮੁਕਾਮ ਦੇ ਪਹੁੰਚੇ ਤੇ ਆਪਣੀ ਕਾਬਲੀਅਤ ਦਰਸਾਈ। 'ਹਾਂ ਅਸੀਂ ਵੀ ਕੁਝ।'

ਸ਼ਹਿਰ ਵਿਚ ਇਨ੍ਹਾਂ ਨੂੰ ਘੁਮਾਉਣ ਦਾ ਬੰਦੋਬਸਤ ਕੀਤਾ ਗਿਆ ਤਾਂ ਕਿ ਲੋਕ ਜਾਣ ਸਕਣ ਕਿ ਵਿਅਕਤੀ ਦੀ ਸਮਰੱਥਾ ਕੀ ਹੁੰਦੀ ਹੈ ਤੇ ਉਹ ਕਿਵੇਂ ਬਾਹਰ ਲਿਆਈ ਜਾ ਸਕਦੀ ਹੈ। ਇਕ ਵੱਡੇ ਮਾਲ, 'ਅਲਫਾ' ਵਿਖੇ ਇਨ੍ਹਾਂ ਦਾ ਸਵਾਗਤੀ ਠਹਿਰਾਅ ਸੀ, ਫਿਰ ਸ਼ਹਿਰ ਦੇ ਮੁੱਖ ਚੌਂਕ ਭੰਡਾਰੀ ਪੁਲ 'ਤੇ ਕੁਝ ਚਿਰ ਰੁਕ ਕੇ ਵਾਪਸ ਮੁੱਖ ਬ੍ਰਾਂਚ, ਬੱਸ ਸਟੈਂਡ ਦੇ ਸਾਹਮਣੇ, ਸੰਸਥਾ ਵੱਲੋਂ ਇਨ੍ਹਾਂ ਬੱਚਿਆਂ ਦਾ ਸਨਮਾਨ ਕਰਨਾ ਸੀ।

ਬੱਚੇ ਜਿੱਥੇ ਕਿਤੇ ਵੀ ਰੁਕਦੇ, ਉੱਥੇ ਹੀ ਫੁੱਲਾਂ ਦੇ ਹਾਰਾਂ ਨਾਲ ਲੱਦੇ ਜਾਂਦੇ। ਉਹ ਭਾਵ ਉਨ੍ਹਾਂ ਦੇ ਚਿਹਰਿਆਂ ਤੋਂ ਵੱਧ ਉਨ੍ਹਾਂ ਦੇ ਹਾਵਾਂ-ਭਾਵਾਂ ਵਿਚ ਨਜ਼ਰ ਆਉਂਦਾ। ਪਿੰਗਲਵਾੜਾ ਸੰਸਥਾ ਦਾ ਪੂਰਾ ਪਰਵਾਰ ਉਨ੍ਹਾਂ ਦੇ ਨਾਲ-ਨਾਲ ਸੀ, ਜੋ ਵੱਧ ਉਤਸ਼ਾਹਿਤ ਸੀ ਤੇ ਖੁਸ਼ ਵੀ। ਉਨ੍ਹਾਂ ਦੀ ਕਾਰਗੁਜ਼ਾਰੀ, ਸਾਂਭ-ਸੰਭਾਲ ਰੰਗ ਲਿਆਈ ਸੀ। ਆਪਣੇ ਕੰਮ-ਕਾਜ 'ਤੇ ਯਕੀਨ ਵਧਿਆ ਸੀ।

ਰੁਕ-ਰੁਕ ਕੇ ਸ਼ਹਿਰੀ ਲੋਕਾਂ ਨੂੰ ਦੱਸਿਆ ਜਾ ਰਿਹਾ ਸੀ ਕਿ ਇਹ ਕਿਵੇਂ ਸੰਭਵ ਹੋਇਆ। ਚੰਗੇ ਰੱਜੇ-ਪੁੱਜੇ, ਸਿਹਤਮੰਦ ਘਰਾਂ-ਸਕੂਲਾਂ ਦੇ ਬੱਚੇ ਵੀ ਜਿੱਥੇ ਨਹੀਂ ਪਹੁੰਚ ਸਕਦੇ, ਇਹ ਪ੍ਰਾਪਤੀਆਂ ਇਨ੍ਹਾਂ ਦੇ ਹਿੱਸੇ ਆਈਆਂ। ਤੁਸੀਂ ਵੀ ਜਾਨਣ ਦੇ ਇਛੁੱਕ ਹੋ ਤਾਂ ਸੁਣੋ।

ਪਹਿਲੀ ਗੱਲ ਹੈ ਕਿ ਇਹ ਬੱਚੇ ਲਵਾਰਿਸ ਹਨ, ਮਾਂ-ਪਿਉ ਵੱਲੋਂ ਕਿਸੇ ਦਬਾਅ ਜਾਂ ਮਜਬੂਰੀ ਤਹਿਤ ਤਿਆਗੇ ਤੇ ਫਿਰ ਇਸ ਸੰਸਥਾ ਕੋਲ ਪਹੁੰਚੇ ਹਨ, ਜੋ ਭਗਤ ਪੂਰਨ ਸਿੰਘ ਜੀ ਨੇ ਸ਼ੁਰੂ ਕੀਤੀ। ਭਗਤ ਪੂਰਨ ਸਿੰਘ ਜੋ ਹਰ ਜੀਵ ਵਿਚ ਹੀ ਰੱਬ ਨੂੰ ਦੇਖਦੇ, ਫਿਰ ਕਿਉਂ ਨਾ ਉਨ੍ਹਾਂ ਨੂੰ ਹਰ ਜੀਵ ਨਾਲ ਪਿਆਰ ਹੁੰਦਾ। ਪਹਿਲਾ ਬੱਚਾ, ਜੋ ਭਗਤ ਜੀ ਦੀ ਝੋਲੀ ਪਿਆ, ਉਸ ਦਾ ਨਾਂਅ ਪਿਆਰਾ ਸੀ।

ਬੱਚੇ ਅੰਤਰਰਾਸ਼ਟਰੀ ਖੇਡਾਂ ਵਿਚ ਹਿੱਸਾ ਲੈਣ ਜਰਮਨੀ ਪਹੁੰਚੇ ਕਿਵੇਂ? ਨਿਸ਼ਚਿਤ ਹੀ ਪਾਸਪੋਰਟ ਬਗੈਰ ਤਾਂ ਕੋਈ ਦੇਸ਼ ਆਪਣੇ ਮੁਲਕ ਆਉਣ ਨਹੀਂ ਦਿੰਦਾ। ਤੁਸੀਂ ਸੋਚਦੇ ਹੋਵੋਗੇ, ਪਾਸਪੋਰਟ ਬਣ ਗਏ ਹੋਣਗੇ। ਏਨਾ ਆਸਾਨ ਜਾਪਦਾ ਹੈ ਤੁਹਾਨੂੰ ਉਹ ਵੀ ਸਾਡੇ ਵਰਗੇ ਮੁਲਕ 'ਚ? ਕਿਸੇ ਨਾਂਅ ਦੇ ਅੱਖਰ ਵਿਚ ਇਕ ਸ਼ਬਦ ਵੀ, ਪਾਸਪੋਰਟ ਵਾਲਿਆਂ ਨੂੰ ਓਪਰਾ ਲੱਗੇ, ਭਕਾ ਕੇ ਮਾਰਦੇ ਨੇ ਸਾਰਾ ਕੇਸ, ਜੋ ਉਨ੍ਹਾਂ ਦੀ ਮਨਸ਼ਾ ਨੂੰ ਦਰਸਾਉਂਦਾ ਹੈ।

ਰਹਿਣ ਦਾ ਪਤਾ ਤਾਂ ਸੀ, ਸੰਸਥਾ ਦਾ ਪੂਰਾ, ਪੱਕਾ ਠਿਕਾਣਾ ਸੀ, ਪਰ ਪਿਉ ਕੌਣ ਤੇ ਮਾਂ ਕੌਣ। ਨਾਜਿਰ ਤਾਂ ਜਦੋਂ ਮਿਲਿਆ ਚਾਰ ਸਾਲ ਦਾ ਸੀ। ਉਸ ਨੂੰ ਕੁਝ ਯਾਦ ਸੀ, ਪਰ ਪੂਜਾ ਤੇ ਰੇਨੂ ਤਾਂ ਬਹੁਤ ਛੋਟੀਆਂ ਸੀ। ਕੁੜੀਆਂ ਦਾ ਸਾਨੂੰ ਪਤਾ ਹੈ ਕਿ ਸਾਡਾ ਸਮਾਜ ਕਿਵੇਂ ਉਨ੍ਹਾਂ ਦਾ ਸਵਾਗਤ ਕਰਦਾ ਹੈ, ਪਰ ਇਹ ਸੰਸਥਾ ਜਾਣਦੀ ਹੈ ਕਿ ਕਿਵੇਂ ਕਿਸੇ ਜੀਅ ਨੂੰ ਸਵੀਕਾਰਨਾ ਹੈ।

ਭਗਤ ਪੂਰਨ ਸਿੰਘ ਜੀ ਦੇ ਬੱਚੇ ਸਾਰੇ, ਉਹ ਪਿਤਾ ਤੇ ਬੀਬੀ ਇੰਦਰਜੀਤ ਕੌਰ ਤਾਂ ਮਾਂ ਤੋਂ ਵੀ ਵੱਧ ਪਿਆਰ ਕਰਦੇ। ਦੋਹਾਂ ਦਾ ਨਾਂਅ ਲਿਖ ਕੇ ਪਾਸਪੋਰਟ ਫਾਰਮ ਭਰੇ, ਪਰ ਸਬੂਤ ਕਿਹੜੇ ਲਗਾਏ ਜਾਣ। ਬੀਬੀ ਇੰਦਰਜੀਤ ਕੌਰ ਜਿੰਨੀ ਸਮਰਪਣ ਭਾਵਨਾ ਵਾਲਾ ਹੀ ਹੈ ਪੂਰਾ ਪਰਵਾਰ, ਚਾਹੇ ਕਰਨਲ ਦਰਸ਼ਨ ਸਿੰਘ ਬਾਵਾ ਹੋਣ ਤੇ ਚਾਹੇ ਰਾਜਬੀਰ। ਪਾਸਪੋਰਟ ਤਾਂ ਕੀ, ਹਰ ਦਸਤਾਵੇਜ਼ ਬਣ ਜਾਂਦਾ ਹੈ ਸਾਡੇ ਦੇਸ਼ ਵਿਚ, ਪਰ ਕੰਮ ਪੂਰੀ ਇਮਾਨਦਾਰੀ ਨਾਲ, ਤਨਦੇਹੀ ਨਾਲ, ਸਮਝਾ ਕੇ, ਮਨਾ ਕੇ ਸੰਸਥਾ ਦੇ ਟੀਚੇ, ਸੰਕਲਪ ਅਤੇ ਉਦੇਸ਼ ਦੱਸ ਕੇ ਬਣੇ ਪਾਸਪੋਰਟ।

ਬਸ ਕੀ ਇੰਨਾ ਹੀ ਕਾਫੀ ਸੀ? ਲੱਖਾਂ-ਕਰੋੜਾਂ ਲੋਕਾਂ ਕੋਲ ਪਾਸਪੋਰਟ। ਅਨੇਕਾਂ ਹੀ ਲੋਕਾਂ ਕੋਲ ਸਹੂਲਤਾਂ, ਚੰਗੇ ਸਕੂਲ, ਟਰੇਨਿੰਗ ਸੈਂਟਰ, ਵਧੀਆ ਖਾਣ-ਪੀਣ। ਸਾਰਾ ਮਿਲ ਕੇ ਕਹਾਉਂਦਾ 'ਪਾਲਣ-ਪੋਸ਼ਣ।' ਇਨ੍ਹਾਂ ਬੱਚਿਆਂ ਕੋਲ ਪਾਲਣ-ਪੋਸ਼ਣ ਦੌਰਾਨ ਇਕ ਅੰਸ਼ ਹੋਰ ਵੱਧ ਸੀ, ਵੱਖਰਾ-ਨਿਵੇਕਲਾ। ਬਹੁਤ ਘੱਟ ਮਿਲਦਾ ਹੈ। ਉਹ ਸੀ ਪਿਆਰ-ਦੁਲਾਰ।

ਭਗਤ ਕਬੀਰ ਜੀ ਦਾ ਦੋਹਾ ਹੈ-

ਪ੍ਰੇਮ ਨਾ ਬਾਗੀ ਉਪਜੇ ਪ੍ਰੇਮ ਨਾ ਹਾਟ ਬਿਕਾਏ<br>
ਰਾਜਾ ਧਰਜਾ ਜੋ ਹੀ ਰੁਚੇ ਸਿਰ ਦੇ ਹੀ ਲੇ ਜਾਏ।

ਇਹ ਤਪੱਸਿਆ ਨਾਲ ਆਉਂਦਾ ਹੈ, ਮਿਲਦਾ ਨਹੀਂ ਹੈ ਕਿਤਿਓਂ। ਭਗਤ ਪੂਰਨ ਸਿੰਘ ਜੀ ਦੀ ਸੋਚ ਤੋਂ ਇਹ ਬੀਬੀ ਇੰਦਰਜੀਤ ਤੱਕ ਪਹੁੰਚਿਆ ਤੇ ਫਿਰ ਇਹ ਫੈਲਦਾ-ਫੈਲਦਾ ਵੰਡਿਆ ਗਿਆ, ਅਜੇ ਵੀ ਵੰਡਿਆ ਜਾ ਰਿਹਾ ਹੈ। ਬੇਇੰਤਹਾ, ਨਾ ਮੁੱਕਣ ਵਾਲੀ ਸ਼ੈਅ ਹੈ ਪਿਆਰ। ਇਕ ਖਾਸੀਅਤ ਹੈ ਕਿ ਜਿੰਨਾ ਵੰਡੋ, ਓਨਾ ਵਧਦਾ ਹੈ। ਹੈ ਨਾ ਨਿਵੇਕਲਾ ਗੁਣ।

ਸੰਸਥਾ ਦਾ ਨਾਂਅ ਜੋ ਮਰਜ਼ੀ ਹੈ, ਪਰ ਕਾਰਜ ਵਿਆਪਕ ਨੇ। ਮੈਂ ਇਕ ਵਾਰ ਜੁੜਿਆ ਤੇ ਫਿਰ ਇਸ ਤੋਂ ਪਰੇ ਨਹੀਂ ਹੋ ਸਕਿਆ। ਹੋ ਹੀ ਨਹੀਂ ਸਕਦਾ। ਅਸੀਂ ਹਰ ਸਾਲ ਆਪਣਾ ਇਕ ਅੰਤਰਰਾਜੀ ਸਮਾਗਮ ਇਸ ਸੰਸਥਾ ਵਿਚ ਪਿਛਲੇ ਤਿੰਨ ਸਾਲ ਤੋਂ ਕਰਵਾ ਰਹੇ ਹਾਂ। ਜੋ ਇਕ ਵਾਰ ਸ਼ਾਮਲ ਹੋ ਗਿਆ, ਉਹ ਵਾਰ-ਵਾਰ ਆਉਣ ਦੀ ਇੱਛਾ ਪ੍ਰਗਟਾਉਂਦਾ ਹੈ। ਜਿੱਥੇ ਰਹਿੰਦਾ ਹੈ, ਉੱਥੇ ਯਾਦ ਕਰਦਾ ਰਹਿੰਦਾ ਹੈ। ਹੋਰਾਂ ਨੂੰ ਪ੍ਰੇਰਿਤ ਕਰਦਾ ਹੈ। ਪੂਰੀ ਵਿਵਸਥਾ ਨੂੰ ਇਕ ਸਾਹਿਤਕ ਰਚਨਾ ਦੇ ਰੂਪ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਫਰਨਾਮਾ ਸ਼ੈਲੀ ਵਿਚ ਹੈ।

ਗੱਡੀ ਵਿਚ ਬੈਠਦਿਆਂ ਹੀ ਕਾਮਨੀ ਦੇ ਬੋਲ ਚੇਤੇ ਆਏ, 'ਅੰਮ੍ਰਿਤਸਰ ਚੱਲਿਆ ਹੈ ਤਾਂ ਵੀਰੇ, ਪਿੰਗਲਵਾੜੇ ਜ਼ਰੂਰ ਹੋ ਕੇ ਆਈਂ।' ਪੁੱਛਣ 'ਤੇ ਜਵਾਬ ਸੀ, 'ਦੱਸਣ ਦੀ ਨਹੀਂ, ਦੇਖਣ ਦੀ ਥਾਂ ਹੈ, ਬਸ।'

'ਪਿੰਗਲਵਾੜਾ-ਪਿੰਗਲਿਆਂ ਦੇ ਰਹਿਣ ਦੀ ਥਾਂ, ਠੀਕ ਹੈ, ਸੇਵਾ ਦਾ ਕੰਮ ਹੈ, ਅਪਾਹਿਜਾਂ, ਲੂਲੇ-ਲੰਗੜਿਆਂ, ਪਿੰਗਲਿਆਂ ਨੂੰ ਸਾਂਭਣਾ, ਪਿੰਗਲਿਆਂ ਦਾ ਰੈਣ-ਬਸੇਰਾ। ਦੇਖਣਾ ਕੀ ਹੈ? ਚਲੋ ਕੁਝ ਮਦਦ ਕਰ ਆਵਾਂਗਾ।' ਮਨਬਚਨੀ ਚਲਦੀ ਰਹੀ ਸੀ। ਫਿਰ ਖਿਆਲ ਆਇਆ। ਏਨਾ ਕੁ ਹੀ ਨਹੀਂ ਹੋਣਾ। ਕਾਮਨੀ ਦੇ ਕਹਿਣ ਦਾ ਤਰੀਕਾ ਹੀ ਹੋਰ ਸੀ। ਕੁਝ ਤਾਂ ਹੋਵੇਗਾ, ਖਾਸ। ਖੈਰ! ਇਹ ਵੀ ਚੇਤੇ ਆਇਆ, ਜੋ ਉਸ ਕਿਹਾ ਸੀ, 'ਦੱਸਣ ਵਾਲੀ ਨਹੀਂ ਅਹਿਸਾਸ ਵਾਲੀ, ਮਹਿਸੂਸ ਕਰਨ ਵਾਲੀ ਥਾਂ।'

ਗੱਡੀ ਮੇਨ ਗੇਟ 'ਤੇ ਪਹੁੰਚੀ ਤਾਂ ਗੇਟ ਖੋਲ੍ਹਣ ਵਾਲੇ ਨੇ ਕਿਹਾ, "ਸਾਈਡ 'ਤੇ ਪਾਰਕਿੰਗ ਹੈ, ਉਥੇ ਲਾ ਦਿਓ, ਅੰਦਰ ਪੈਦਲ ਜਾਣਾ ਹੈ।"

ਗੱਡੀ ਵਿੱਚੋਂ ਉੱਤਰ ਬਾਹਰ ਆਏ ਤਾਂ ਇੰਜ ਜਾਪਿਆ ਜਿਵੇਂ ਕਿ ਕਿਸੇ ਪਾਰਕ ਵਿਚ ਆ ਗਏ ਹੋਈਏ ਜਾਂ ਸਹੀ ਕਹਾਂ ਤਾਂ ਕਿਸੇ ਛੋਟੇ ਜਿਹੇ ਜੰਗਲ ਵਿਚ। ਹਰੇ-ਹਰੇ ਦਰੱਖਤ, ਹਰੀ-ਹਰੀ ਘਾਹ ਦਾ ਮੈਦਾਨ। ਵਿਚ ਵਿਚਕਾਰ ਫੁੱਲਾਂ ਦੀਆਂ ਕਿਆਰੀਆਂ। ਇਕ ਬਸਤੀ ਵਸੀ ਹੋਵੇ, ਸੜਕ ਦੇ ਧੂੰਏਂ ਤੋਂ ਦੂਰ। ਸ਼ੋਰ ਤੋਂ ਬੇਖਬਰ। ਕਿਸੇ ਤਰ੍ਹਾਂ ਦਾ ਕੋਈ ਸਕੂਟਰ ਜਾਂ ਅਜਿਹਾ ਕੋਈ ਹੋਰ ਵਾਹਨ ਵੀ ਨਹੀਂ।

ਥੋੜ੍ਹੀ ਦੂਰ ਗਏ ਤਾਂ ਸੜਕਾਂ 'ਤੇ ਵ੍ਹੀਲ ਚੇਅਰ 'ਤੇ ਤੁਰਦੇ-ਫਿਰਦੇ ਲੋਕ ਦਿਸੇ, ਫੌੜ੍ਹੀਆਂ ਤੇ ਵੀ। ਵ੍ਹੀਲ ਚੇਅਰ 'ਤੇ ਬੈਠੇ ਵਿਅਕਤੀ, ਜਿਸ ਤਰੀਕੇ ਨਾਲ ਚਲਾ ਰਹੇ ਸਨ, ਜਿਵੇਂ ਆਪਸ ਵਿਚ ਰੇਸ ਲਾ ਰਹੇ ਹੋਣ। ਇਕ ਦੂਸਰੇ ਤੋਂ ਅੱਗੇ ਨਿਕਲਣ ਦਾ ਭਾਵ ਸਾਫ਼ ਉਨ੍ਹਾਂ ਦੇ ਚਿਹਰਿਆਂ ਤੋਂ ਝਲਕਦਾ ਸੀ। ਇਕ-ਦੂਸਰੇ ਤੋਂ ਅੱਗੇ ਹੋ ਪਿਛਲੇ ਵਾਲੇ ਨੂੰ 'ਆ ਜਾ... ਲਾ ਜ਼ੋਰ' ਕਹਿੰਦੇ ਤੇ ਨਾਲ ਹੀ ਹੱਸਦੇ ਵੀ।

ਦੇਖਿਆ ਕਿ ਇਕ ਵ੍ਹੀਲ ਚੇਅਰ ਵਾਲਾ ਲੜਕਾ ਉਲਟ ਗਿਆ। ਮੈਂ ਕੁਝ ਤੇਜ਼ ਤੁਰਨ ਦੀ ਕੋਸ਼ਿਸ਼ ਕੀਤੀ ਤਾਂ ਦੂਰੋਂ ਕੋਈ ਬਹੁਤ ਹੀ ਤੇਜ਼ ਰਫ਼ਤਾਰ ਨਾਲ ਭੱਜਦਾ ਹੋਇਆ ਆਇਆ। ਕਿਤੇ ਲੁਕਿਆ ਨਿਗਰਾਨੀ ਕਰ ਰਿਹਾ ਸੀ। ਨਾਲ ਦਾ ਸਾਥੀ ਪਹਿਲਾਂ ਹੀ ਰੁਕ ਕੇ ਕੋਲ ਆ ਗਿਆ ਸੀ। ਵ੍ਹੀਲ ਚੇਅਰ 'ਤੇ ਬੈਠਿਆਂ ਹੀ, ਹੱਥ ਵਧਾ ਕੇ ਉਠਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।

ਦੂਰੋਂ ਆਏ ਨੌਜਵਾਨ ਨੇ ਉਸ ਨੂੰ ਉਠਾਇਆ, ਵ੍ਹੀਲ ਚੇਅਰ ਸਿੱਧੀ ਕੀਤੀ ਤੇ ਫਿਰ ਤੋਂ ਬਿਠਾਇਆ। ਉਸ ਨੇ ਫਿਰ ਤੋਂ ਉਸੇ ਤਰ੍ਹਾਂ ਹੀ ਤੁਰੰਤ ਮੁਸਕਰਾ ਕੇ, ਆਪਣੇ ਸਾਥੀ ਅਤੇ ਸੇਵਾਦਾਰ ਵੱਲ ਸ਼ੁਕਰਾਨੇ ਦੇ ਲਹਿਜੇ ਵਿਚ ਦੇਖਿਆ ਤੇ ਆਪਣੀ ਸਹਿਜ ਹਾਲਤ ਵਿਚ ਮੁੜ ਆਇਆ।

ਵ੍ਹੀਲ ਚੇਅਰ 'ਤੇ ਸੀ। ਸੋਚ ਸਕਦੇ ਹੋ ਕਿ ਵ੍ਹੀਲ ਚੇਅਰ 'ਤੇ ਕਿਉਂ ਸੀ? ਪਰ ਪੂਰੀ ਤਰ੍ਹਾਂ ਜ਼ਿੰਦਗੀ ਮਾਣ ਰਹੇ ਸੀ, ਆਨੰਦ ਲੈ ਰਹੇ ਸੀ। ਹੋਰ ਕੀ ਚਾਹੀਦਾ ਹੁੰਦਾ ਹੈ, ਹਾਸਾ-ਖੇੜਾ, ਸੰਤੁਸ਼ਟੀ। ਇਕੋਦਮ ਖਿਆਲ ਵਿਚ ਇਹ ਅਹਿਸਾਸ ਪ੍ਰਗਟ ਹੋਇਆ।

ਅਸੀਂ ਤੁਰਦੇ ਗਏ। ਅੱਗੋਂ ਇਕ ਬਿਲਡਿੰਗ ਅੰਦਰ ਕੁਝ ਬੱਚੇ ਵਾਲੀਬਾਲ ਖੇਡ ਰਹੇ ਸੀ। ਇਕ-ਦੂਸਰੇ ਨੂੰ ਇਸ਼ਰਿਆਂ ਨਾਲ ਗੱਲਬਾਤ ਸਮਝਾ ਰਹੇ ਸੀ। ਉਹ ਗੂੰਗੇ-ਬੋਲਿਆਂ ਦੀ ਆਪਣੀ ਹੀ ਦੁਨੀਆ ਸੀ। ਉਥੋਂ ਦੇ ਸੇਵਾਦਾਰ ਭਾਵੇਂ ਉਨ੍ਹਾਂ ਦੀ ਭਾਸ਼ਾ ਵਿਚ ਸਮਝ-ਸਮਝਾ ਰਹੇ ਸੀ।

ਅਸੀਂ ਦੇਖਿਆ, ਇੱਕ ਨੌਜਵਾਨ ਨੇ ਜ਼ੋਰਦਾਰ ਠਹਾਕਾ ਲਾਇਆ ਤਾਂ ਸੰਸਥਾ ਦਾ ਚੱਕਰ ਲਗਵਾ ਰਹੇ ਦਿਖਾ-ਦੱਸ ਰਹੇ ਸੇਵਾਦਾਰ ਨੇ ਕਿਹਾ, "ਉਸ ਨੇ ਚੁਟਕਲਾ ਸੁਣਾਇਆ ਸੀ, ਜਿਸ 'ਤੇ ਇਹ ਲੋਟ-ਪੋਟ ਹੋਇਆ ਹੈ।"

ਕੀ ਬੋਲ ਰਹੇ ਸੀ ਸਾਨੂੰ ਸਮਝ ਨਹੀਂ ਆ ਰਿਹਾ ਸੀ, ਪਰ ਬੋਲ, ਸ਼ਬਦ, ... ਇਕਦਮ ਆਪਣੀ ਦੁਨੀਆ ਨਜ਼ਰ ਆਈ ਕਿ ਸਾਡੇ ਕੋਲ ਬੋਲਣ ਦੀ ਸਮਰੱਥਾ ਹੈ, ਪਰ ਸ਼ਬਦਾਂ ਵਿਚ ਕਿੰਨਾ ਨੁਕਸ ਹੈ ਕਿ ਤਲਵਾਰਾਂ-ਬੰਦੂਕਾਂ ਚੱਲ ਜਾਂਦੀਆਂ ਨੇ।

ਇਸੇ ਤਰ੍ਹਾਂ ਬੱਚਿਆਂ, ਬਜ਼ੁਰਗਾਂ, ਔਰਤਾਂ ਦੇ ਵਾਰਡ, ਜਿਸ 'ਤੇ ਲਿਖਿਆ ਸੀ 'ਆਪਣਾ ਘਰ' ਤਾਂ ਸਾਰੇ ਹੀ ਅੱਗੇ ਹੋ ਕੇ ਮਿਲਦੇ, ਸਸਰੀਕਾਲ ਬੁਲਾਉਂਦੇ। ਜਿਸ ਦਾ ਵੀ ਹੱਥ ਫੜਦੇ, ਉਹ ਕਲਾਵੇ ਵਿਚ ਹੀ ਲੈ ਲੈਂਦਾ। ਬਾਹਰ ਦੀ ਦੁਨੀਆ ਤੋਂ ਇਕੋਦਮ ਬੇਖਬਰ। ਕਾਮਨੀ ਦੀ ਕਹੀ ਗੱਲ ਚੇਤੇ ਆ ਰਹੀ ਸੀ, ਮਹਿਸੂਸ ਕਰਨ ਵਾਲੀ ਥਾਂ।

ਵਾਪਸ ਪਰਤ ਰਹੇ ਹਾਂ। ਗੱਡੀ ਤੱਕ ਪਹੁੰਚਣ ਨੂੰ ਹੋਏ। ਗੇਟ ਤੋਂ ਬਾਹਰ ਨਿਕਲਦਿਆਂ ਇਕ ਸਵਾਲ ਲੈ ਕੇ ਜਾ ਰਹੇ ਹਾਂ। ਕੀ ਆਪਸ ਵਿਚ ਮੇਲ-ਮਿਲਾਪ ਨਾਲ, ਪਿਆਰ ਨਾਲ, ਸਹਿਹੋਂਦ ਨਾਲ ਰਹਿਣ ਲਈ, ਗੂੰਗੇ-ਬੋਲੇ, ਪਿੰਗਲੇ ਹੋਣਾ ਪੈਂਦਾ ਹੈ?

ਬਾਬਾ ਬੁੱਲ੍ਹੇ ਸ਼ਾਹ ਦੇ ਬੋਲ ਚੇਤੇ ਆਏ-'ਚੱਲ ਬੁਲ੍ਹਿਆ ਚੱਲ ਚਲ ਓਥੇ ਚਲੀਏ, ਜਿਥੇ ਵੱਸਣ ਗੂੰਗੇ-ਅੰਨ੍ਹੇ, ਨਾ ਕੋਈ ਸਾਡੀ ਜਾਤ ਪਛਾਣੇ ਨਾ ਕੋਈ ਸਾਨੂੰ ਮੰਨੇ।'

ਇਹ ਪਿੰਗਲੇ ਲਵਾਰਿਸ ਨਹੀਂ। ਇਕ-ਦੂਸਰੇ ਦੇ ਵਾਰਿਸ ਹਨ। ਇਨ੍ਹਾਂ ਦਾ ਕੋਈ ਅਜਿਹਾ ਵਾਰਿਸ ਹੈ, ਜੋ ਇਨ੍ਹਾਂ ਨੂੰ ਇਸ ਕੁਦਰਤ ਤੋਂ ਮਿਲੀ ਕਮੀ ਨੂੰ, ਘਾਟ ਨੂੰ ਮਹਿਸੂਸ ਹੀ ਨਹੀਂ ਹੋਣ ਦਿੰਦਾ। ਇਹ ਲਵਾਰਿਸ ਨਹੀਂ? ਬਾਵਰਿਸ ਹਨ। ਇਹ ਖਿਆਲ ਆਇਆ ਹੈ ਤੇ ਗੱਡੀ ਸੜਕ 'ਤੇ ਚੜ੍ਹ ਗਈ ਹੈ।

ਪਿੰਗਲਵਾੜਾ ਪਰਵਾਰ, ਆਪਣਾ-ਆਪਣਾ ਲੱਗਦਾ ਹੈ ਜਦੋਂ ਕਿ ਆਪਣੇ ਪਰਵਾਰ ਓਪਰੇ ਹੋਣ ਦਾ ਦੌਰ ਹੈ। ਉਸ ਦੀ ਬੁਨਿਆਦ ਕਿੱਥੇ ਹੈ? ਉਹ ਹੈ ਸੰਵੇਦਨਸ਼ੀਲਤਾ ਵਿਚ, ਦੂਸਰੇ ਦੇ ਦੁੱਖ ਵਿਚ ਆਪਣੇ-ਆਪ ਨੂੰ ਮਹਿਸੂਸ ਕਰਨ ਵਿਚ। ਇਹ ਰਹਿਮ ਤੋਂ ਵੱਖਰੀ ਹਾਲਤ ਹੈ। ਇਸ ਦਾ ਹਿੰਦੀ ਵਿਚ ਸ਼ਬਦ ਹੈ ਸਹਿ-ਅਨੁਭੂਤੀ (ਇਕੋ ਜਿਹੀ ਹਾਲਤ), ਅੰਗਰੇਜ਼ੀ ਵਿਚ ਹੈ ਐਮਪੈਥੀ, ਸਿੰਮਪੈਥੀ (ਰਹਿਮ) ਤੋਂ ਅਲੱਗ ਅਸੀਂ ਦਇਆਵਾਨ ਕਹੇ ਜਾਂਦੇ ਹਾਂ, ਪਰ ਲੋੜ ਹੈ ਦੂਸਰੇ ਦੇ ਦਰਦ ਨੂੰ ਆਪਣੇ 'ਤੇ ਲੈ ਕੇ ਦੇਖਣ ਦੀ। ਇਹ ਮਨੁੱਖੀ ਕਾਬਲੀਅਤ ਸਭ ਵਿਚ ਹੁੰਦੀ ਹੈ, ਪਰ ਇਸ ਨੂੰ ਪਛਾਣਦਾ ਕੋਈ-ਕੋਈ ਹੈ ਤੇ ਲਾਗੂ ਤਾਂ ਕੋਈ ਨਿਵੇਕਲਾ ਹੀ ਕਰਦਾ ਹੈ, ਜਿਵੇਂ ਭਗਤ ਪੂਰਨ ਸਿੰਘ ਜੀ ਨੇ ਕੀਤਾ!

ਸੰਪਰਕ 98156-08506

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri

ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਦੋ ਵਿਭਿੰਨ ਵਿਸ਼ਿਆਂ ਨੂੰ ਜੁਗਤ ਪੂਰਨ ਬਿਰਤਾਂਤ ਵਿੱਚ ਖ਼ੂਬਸੂਰਤੀ ਨਾਲ ਨਿਭਾਉਂਦੇ ਦੋ ਨਾਵਲਿਟ

ਕਿਤਾਬ ਦੀ ਪਰਖ ਪੜਚੋਲ

**ਡਾ. ਗੁਲਜ਼ਾਰ ਸਿੰਘ ਪੰਧੇਰ**

## ਚੌਦ੍ਹਾਂ ਨੰਬਰ ਗੰਨ ਤੇ ਗੱਡੀਆਂ ਵਾਲੀ

(ਦੋ ਨਾਵਲਿਟ)
ਦਿਓਲ
ਸਫੇ : 144, ਮੁੱਲ : 350 ਰੁਪਏ
ਸ਼ਿਲਾਲੇਖ ਪਬਲੀਸ਼ਰਜ਼, ਨਵੀਂ ਦਿੱਲੀ

ਬਹੁਵਿਧਾਈ ਸਾਹਿਤਕਾਰ ਬਖ਼ਤਾਵਰ ਸਿੰਘ ਦਿਓਲ ਜਿਹੜੇ ਕਲਮੀ ਨਾਂਅ 'ਦਿਓਲ' ਹੇਠ ਲਿਖਦੇ ਰਹੇ। ਪੰਜਾਬੀ ਸੱਭਿਆਚਾਰ ਦੀਆਂ ਪ੍ਰਗਤੀਸ਼ੀਲ ਕਦਰਾਂ-ਕੀਮਤਾਂ ਪ੍ਰਤੀ ਪ੍ਰਤੀਬੱਧ ਹੋ ਕੇ ਸਾਹਿਤ ਰਚਨਾ ਕਰਦੇ ਰਹੇ, ਲੁਧਿਆਣਾ ਜ਼ਿਲ੍ਹੇ ਦੇ ਜਗਰਾਉਂ ਨੇੜਲੇ ਪਿੰਡ ਸੇਖ਼ਦੌਲਤ ਵਿੱਚ ਜੰਮੇ ਸੀ। ਪਿੰਡੋਂ ਬਾਹਰ ਉਨ੍ਹਾਂ ਦੀ ਫ਼ੌਜ ਦੀ ਨੌਕਰੀ ਇੱਕ ਜਾਗਰੂਕ ਲੇਖਕ ਵਜੋਂ ਉਨ੍ਹਾਂ ਦਾ ਮੁੱਲਵਾਨ ਤਜਰਬਾ ਬਣੀ ਤੇ ਜਦੋਂ ਸਾਹਿਤ ਇੱਕ ਸ਼ਖ਼ਸੀਅਤ ਉਸਾਰੀ ਦਾ ਸਾਧਨ ਬਣਦਾ ਹੈ ਤਾਂ ਫ਼ੌਜੀ ਅਨੁਭਵ ਦਾ ਆਪਣਾ ਮਹੱਤਵ ਬਣਦਾ ਹੈ, ਕਿਉਂਕਿ ਦਿਓਲ ਜੀ ਇੱਕ ਪ੍ਰਤੀਬੱਧ ਸਾਹਿਤਕਾਰ ਸਨ, ਇਸ ਲਈ ਪੰਜਾਬ ਸੰਕਟ ਦੇ ਕਾਲੇ ਦਿਨ ਉਨ੍ਹਾਂ ਨੂੰ ਵੀ ਪ੍ਰਵਾਸ ਕਰਕੇ ਭੋਗਣੇ ਪਏ। ਉਹ ਆਰਸੀ, ਪ੍ਰੀਤ ਲੜੀ, ਪੰਜ ਦਰਿਆ, ਨਾਗਮਣੀ ਸਮੇਤ ਨਵਾਂ ਜ਼ਮਾਨਾ, ਪੰਜਾਬੀ ਟ੍ਰਿਬਿਊਨ ਤੇ ਹੋਰ ਅਖ਼ਬਾਰਾਂ ਵਿੱਚ ਸ਼ਾਨ ਨਾਲ ਛਪਦੇ ਰਹੇ। ਪੰਜਾਬ ਸੰਕਟ ਸਮੇਂ ਕਾਮਰੇਡ ਜਗਜੀਤ ਸਿੰਘ ਆਨੰਦ ਦੀ ਭੂਮਿਕਾ ਕਿਸੇ ਤੋਂ ਭੁੱਲੀ ਨਹੀਂ ਕਿ ਕਿਵੇਂ ਜ਼ਿੰਦਗੀ ਦਾ ਜੋਖਮ ਉਠਾ ਕੇ ਲਿਖਦੇ ਰਹੇ ਤੇ ਦਿਓਲ ਵਰਗੇ ਨਿਧੜਕ ਲੇਖਕਾਂ ਨੂੰ ਛਾਪਦੇ ਰਹੇ। ਉਨ੍ਹਾਂ ਦਿਨਾਂ ਵਿੱਚ ਰੋਸ਼ਨ ਦਿਮਾਗ ਸ਼ਖ਼ਸੀਅਤ ਡਾ. ਰਵਿੰਦਰ ਰਵੀ ਦੇ ਕਤਲ ਤੋਂ ਬਾਅਦ ਦਿਓਲ ਜੀ ਨੇ ਨਵਾਂ ਜ਼ਮਾਨਾ ਵਿੱਚ ਦੋ ਝੰਜੋੜ ਦੇਣ ਵਾਲੀਆਂ ਚਿੱਠੀਆਂ ਲਿਖੀਆਂ ਸਨ। ਫ਼ੌਜੀ ਨੌਕਰੀ ਸਮੇਂ ਹੀ 'ਚੌਦਾਂ ਨੰਬਰ ਗੰਨ' ਨਾਲ ਉਨ੍ਹਾਂ ਦਾ ਮੋਹ ਜੁੜ ਗਿਆ ਸੀ। ਉਹ ਇਸ ਗੰਨ ਨੂੰ ਗੁਰੂ ਗ੍ਰੰਥ ਸਾਹਿਬ ਦੀ ਤਲਵਾਰ ਦੀ ਤਰ੍ਹਾਂ ਗ਼ਰੀਬ ਤੇ ਮਜ਼ਦੂਰ ਦੇ ਖ਼ਿਲਾਫ਼ ਨਹੀਂ ਵਰਤਣਾ ਚਾਹੁੰਦੇ ਸਨ।

ਅਸੀਂ ਅੱਜ ਗੱਲ ਕਰਨੀ ਹੈ ਦਿਓਲ ਜੀ ਦੇ ਦੋ ਨਾਵਲੈਟਾਂ ਦੀ ਜਿਹੜੇ ਦਿਓਲ ਸਾਹਿਬ ਦੇ ਪੁੱਤਰ ਮਨਧੀਰ ਸਿੰਘ ਦਿਓਲ ਨੇ ਉਨ੍ਹਾਂ ਦੇ 1991 ਵਿੱਚ ਜਹਾਨੋਂ ਕੂਚ ਕਰਨ ਮਗਰੋਂ ਛਪਵਾਏ ਹਨ। ਦੋ ਲੰਬੀਆਂ ਕਹਾਣੀਆਂ ਜਾਂ ਨਾਵਲੈੱਟ ਹਨ 'ਚੌਦਾਂ ਨੰਬਰ ਗੰਨ' ਤੇ 'ਗੱਡੀਆਂ ਵਾਲੀ'। ਜਿਸ ਤਰ੍ਹਾਂ 1947 ਤੇ 1984 ਦੇ ਜ਼ਖ਼ਮ ਪੰਜਾਬੀ ਬੰਦੇ ਦੇ ਤੋਂ ਉੱਤਰਦੇ ਨਹੀਂ ਤੇ ਜਦੋਂ ਵੀ ਇਨ੍ਹਾਂ ਬਾਰੇ ਗੰਭੀਰ ਗੱਲ ਚੱਲਦੀ ਹੈ ਤਾਂ ਹੋਰ ਸਬਕ ਮਿਲਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਇਹ ਇਸ ਤਰ੍ਹਾਂ ਦੇ ਜ਼ਖ਼ਮ ਹਨ, ਜਿਨ੍ਹਾਂ ਬਾਰੇ ਉੱਘਾ ਗੀਤਕਾਰ ਸੁਖਮਿੰਦਰ ਰਾਮਪੁਰੀ ਆਪਣੇ ਇੱਕ ਗੀਤ ਵਿੱਚ ਗਾਉਂਦਾ ਹੈ :

ਇਹਨਾਂ ਜ਼ਖ਼ਮਾਂ ਦਾ ਕੀ ਕਹਿਣਾ,
ਇਹਨਾ ਰੋਜ਼ ਹਰੇ ਰਹਿਣਾ





ਚੌਦਾਂ ਨੰਬਰ ਗੰਨ ਦੀ ਬਿਰਤਾਂਤਕ ਕਥਾ ਕਿਤਾਬ ਦੇ ਪਹਿਲੇ 78 ਸਫ਼ਿਆਂ ਉੱਤੇ ਫੈਲੀ ਹੋਈ ਹੈ। ਇਸ ਦੀ ਘਟਨਾ ਲੜੀ ਦਾ ਸੰਬੰਧ 1984 ਦੇ ਨੀਲਾ ਤਾਰਾ ਅਪਰੇਸ਼ਨ ਨਾਲ ਹੈ। ਕਥਾਕਾਰ ਘਟਨਾ ਦਾ ਸਥਲ ਸ੍ਰੀ ਹਰਿਮੰਦਰ ਸਾਹਿਬ ਦੇ ਨਾਲ ਵਸੇ ਇਕ ਘਰ ਨੂੰ ਬਣਾਉਂਦਾ ਹੈ। ਘਰ ਵਿੱਚ ਤਿੰਨ ਜੀਆਂ ਦਾ ਪਰਵਾਰ ਰਹਿੰਦਾ ਹੈ-ਬਲਕਾਰ ਸਿੰਘ, ਉਸ ਦੀ ਪਤਨੀ ਤੇ ਧੀ ਪਾਸ਼ੋ। ਸ੍ਰੀ ਹਰਿਮੰਦਰ ਸਾਹਿਬ ਦੇ ਹਮਲੇ ਸਮੇਂ ਬਲਕਾਰ ਸਿੰਘ ਦੀ ਪਤਨੀ ਰੋਕਣ ਦੇ ਬਾਵਜੂਦ ਸ਼ਰਧਾਵੱਸ ਹਰਿਮੰਦਰ ਸਾਹਿਬ ਚਲੀ ਜਾਂਦੀ ਹੈ। ਬਲਕਾਰ ਸਿੰਘ ਖ਼ੁਦ ਇੱਕ ਸੇਵਾਮੁਕਤ ਫ਼ੌਜੀ ਹੈ। ਉਹ ਸਖ਼ਤ ਬਿਮਾਰ ਹੈ। ਪਤਨੀ ਹਰਿਮੰਦਰ ਸਾਹਿਬ ਤੋਂ ਵਾਪਸ ਨਹੀਂ ਆਈ। ਕਰਫਿਊ ਕਾਰਨ ਘਰ ਵਿੱਚ ਪਾਣੀ ਤੱਕ ਖਤਮ ਹੈ ਤੇ ਬਲਕਾਰ ਦੀ ਧੀ ਪਾਸ਼ੋ ਬੇਵੱਸ ਪਿਤਾ ਦੀ ਸੇਵਾ-ਸੰਭਾਲ ਵਿੱਚ ਉਸ ਦੇ ਕੋਲ ਹੀ ਹੈ। ਗੋਲੀਬਾਰੀ ਦੀਆਂ ਆਵਾਜ਼ਾਂ ਦੇ ਨਾਲ ਕਈ ਵਾਰ ਬ੍ਰਸਟ ਖਿੜਕੀ ਰਾਹੀਂ ਅੰਦਰ ਵੀ ਆ ਜਾਂਦਾ ਹੈ। ਬ੍ਰਸਟ ਦੀ ਗੋਲੀ ਪਰਵਾਰ ਦੇ ਕਿੱਲੀ ਉੱਤੇ ਟੰਗੇ ਕੱਪੜਿਆਂ ਉੱਤੇ ਆ ਵੱਜਦੀ ਹੈ। ਜਦੋਂ ਕਥਾਕਾਰ ਗੋਲੀ ਬਲਕਾਰ ਦੀ ਪਤਨੀ ਦੀ ਟੰਗੀ ਹੋਈ ਸਲਵਾਰ ਦੇ ਨੇਫ਼ੇ ਤੋਂ ਚਾਰ ਉਂਗਲਾਂ ਹੇਠਾਂ ਕਰਕੇ ਵਿੱਚੋਂ ਲੰਘਦੀ ਦਿਖਾਉਂਦਾ ਹੈ ਤਾਂ ਇਹ ਸਾਹਿਤਕ ਮੋਟਿਫ਼ ਦੇ ਅਰਥ ਫੈਲ ਜਾਂਦੇ ਹਨ-ਫ਼ੌਜੀ ਵੀ ਆਮ ਸਮਾਜਿਕ ਜਵਾਨਾਂ ਵਰਗੇ ਜਵਾਨ ਵਰਗੇ ਹੁੰਦੇ ਹਨ। ਇਸੇ ਤਰ੍ਹਾਂ ਉੱਥੇ ਧਰਮ ਯੁੱਧ ਵਾਲੇ ਜਵਾਨ ਅਤੇ ਉਹਨਾਂ ਅੰਦਰ ਵੀ ਨਾਂਹਦਰੂ ਤੇ ਹਾਂਦਰੂ ਸ਼ਖ਼ਸੀਅਤ ਦੀਆਂ ਪ੍ਰਵਿਰਤੀਆਂ ਹੋਣਾ ਸੁਭਾਵਿਕ ਹੈ। ਫ਼ੌਜੀ ਜ਼ਿੰਦਗੀ ਦੀ ਤਸਵੀਰ ਵਿਖਾਉਣ ਲਈ ਕਥਾਕਾਰ ਬਲਕਾਰ ਦੇ ਮੂੰਹੋਂ ਇਕ ਹੋਰ ਫ਼ੌਜੀ ਦੋਸਤ 'ਸ਼ਮਸ਼ੇਰ' ਤੇ ਵਿਧਵਾ ਔਰਤ 'ਆਮਨਾ' ਦੀ ਕਥਾ ਸੁਣਾਉਂਦਾ ਹੈ। ਨਿਸ਼ਾਨੇਬਾਜ਼ੀ ਲਈ ਜਾ ਰਹੇ ਸ਼ਮਸ਼ੇਰ ਤੇ ਬਲਕਾਰ ਬਰਫ਼ੀਲੇ ਤੂਫ਼ਾਨ ਵਿੱਚ ਘਿਰ ਜਾਂਦੇ ਹਨ। ਸ਼ਮਸ਼ੇਰ ਤੇ ਆਮਨਾ ਵਿੱਚ ਹੋਈ ਮੁਹੱਬਤ ਸੀਮਾਵਾਂ ਪਾਰ ਕਰ ਜਾਂਦੀ ਵਿਖਾਈ ਗਈ ਹੈ। ਸੋ ਆਪਣੇ ਲੋਕਾਂ 'ਤੇ ਫ਼ੌਜੀ ਹਮਲੇ ਕਦੇ ਵੀ ਜਾਇਜ਼ ਨਹੀਂ ਹੋ ਸਕਦੇ। ਇਸ ਦੇ ਨਾਲ ਹੀ ਇਕ ਹੋਰ ਮੈਟਾਫਰ ਵੀ ਕਥਾ ਵਿੱਚ ਸ਼ਾਮਲ ਹੁੰਦਾ ਹੈ, ਜਦੋਂ ਇੱਕ ਚਿੱਟੇ ਕੁੜਤੇ-ਪਜਾਮੇ ਤੇ ਕੇਸਰੀ ਪੱਗ ਵਾਲਾ ਇੱਕ ਨੌਜਵਾਨ ਬਲਕਾਰ ਦੇ ਘਰ ਅੰਦਰ ਆਉਂਦਾ ਹੈ, ਜਲਦੀ ਨਾਲ ਭੇਸ ਬਦਲਣ ਲਈ ਪੈਂਟ-ਕਮੀਜ਼ ਮੰਗਦਾ ਹੈ। ਬਲਕਾਰ ਆਪਣੀ ਧੀ ਪਾਸ਼ੋ ਨੂੰ ਦੂਜੇ ਕਮਰੇ ਵਿੱਚ ਪੈਂਟ-ਕਮੀਜ਼ ਦੇ ਕੇ ਭੇਜਦਾ ਹੈ, ਜਿੱਥੇ ਨੌਜਵਾਨ ਕੱਪੜੇ ਬਦਲ ਕੇ ਚਲਾ ਜਾਂਦਾ ਹੈ। ਸਾਬਕਾ ਫ਼ੌਜੀ ਬਲਕਾਰ ਆਪਣੀ ਧੀ ਨੂੰ ਇਹ ਵੀ ਆਖਦਾ ਹੈ ਕਿ ਉਸ ਨੌਜਵਾਨ ਨੂੰ ਚੁੰਮੀ ਦੇ ਕੇ ਭੇਜੇ। ਅਜਿਹਾ ਲਾਮ ਨੂੰ ਜਾਂਦੇ ਨੌਜਵਾਨਾਂ ਲਈ ਕਰੀਦਾ ਹੈ। ਸਲਵਾਰ ਵਿੱਚੋਂ ਪਾਰ ਹੋਈ ਗੋਲੀ ਇਨ੍ਹਾਂ ਨੌਜਵਾਨਾਂ ਦੀ ਹੋ ਸਕਦੀ ਹੈ।

ਬਲਕਾਰ ਬਿਮਾਰੀ ਤੋਂ ਬੁਰੀ ਤਰ੍ਹਾਂ ਪੀੜਤ ਆਪਮੁਹਾਰੇ ਕਈ ਕੁੱਝ ਬੋਲਦਾ ਹੈ। ਸ਼ਮਸ਼ੇਰ ਤੇ ਆਮਨਾ ਦੀ ਕਥਾ ਸੁਣਾਉਂਦਿਆਂ ਕਥਾ ਨੂੰ ਬੜੀਆਂ ਦਿਲਚਸਪ ਕਥਾ ਸਿਰਜਕ ਜੁਗਤਾਂ/ਛੋਹਾਂ ਨਾਲ ਅੱਗੇ ਤੋਰਦਾ ਹੈ ਤੇ ਜਦੋਂ ਦੋ ਵਜੇ ਤੋਂ ਲੈ ਕੇ ਪੌਣੇ ਛੇ ਵਜੇ ਤੱਕ ਉਹ ਫ਼ੌਜੀਆਂ ਤੇ ਉਸ ਸਮੇਂ ਬਾਗੀ ਹੋਏ ਨੌਜਵਾਨਾਂ ਬਾਰੇ ਆਪਮੁਹਾਰੇ ਗੱਲਾਂ ਕਰਦਾ ਹੈ। ਜਦੋਂ ਆਖ਼ਰੀ ਸਮੇਂ 'ਤੇ ਉਸ ਦੀ ਨਜ਼ਰ ਚਿੱਟੇ ਕੁੜਤੇ-ਪਜਾਮੇ ਤੇ ਕੇਸਰੀ ਪੱਗ 'ਤੇ ਜਾ ਪੈਂਦੀ ਹੈ। ਉਹ ਨੌਜਵਾਨ ਦੀ ਦਿਸ਼ਾ ਬਾਰੇ ਬੋਲਦਾ ਹੈ। ਫ਼ੌਜੀ ਬਲਕਾਰ ਅੰਦਰੋਂ ਇਕ ਸੱਚਾ ਸੱਭਿਆਚਾਰਕ ਸਿੱਖ ਬੋਲਦਾ ਹੈ। ਉਹ ਸਿੱਖ ਫਲਸਫ਼ੇ ਨੂੰ ਯਾਦ ਕਰਦਾ ਆਪਣੀ ਧੀ ਪਾਸ਼ੋ ਨੂੰ ਕਹਿੰਦਾ ਹੈ, 'ਬਾਜ਼ਾਂ ਵਾਲੇ ਨੇ ਕਿਹਾ ਸੀ ਗਊ ਗ਼ਰੀਬ ਦੀ ਰੱਖਿਆ ਕਰਨੀ, ਮਸੂਮਾਂ ਨੂੰ ਗਲੇ ਲਾਉਣਾ ਤੇ ਅਬਲਾਵਾਂ ਨੂੰ ਕੋਈ ਹਾਨੀ ਨਾ ਪਹੁੰਚੇ, ਇਹੋ ਤੁਹਾਡਾ ਧਰਮ ਹੈ ਤੇ ਧਰਮ ਯੁੱਧ' ਉਹ ਅੱਗੇ ਆਖਦਾ ਹੈ, 'ਯਾਦ ਰੱਖਿਓ ਮੁਨਾਫ਼ਿਆਂ ਉੱਤੇ ਟਿਕਿਆ ਪ੍ਰਬੰਧ, ਲੁੱਟ ਦਾ ਪ੍ਰਬੰਧ ਹੁੰਦਾ ਹੈ। ਲੁੱਟ ਦੇ ਇਸ ਪ੍ਰਬੰਧ ਨੂੰ ਬਦਲਣ ਲਈ ਜੂਝਣਾ ਹੀ ਤੁਹਾਡਾ ਧਰਮ ਹੈ' ਇਉਂ ਗੁਰੂ ਦੇ ਫਲਸਫ਼ੇ ਦੇ ਪ੍ਰਸੰਗ ਰਾਹੀਂ ਉਹ ਨੌਜਵਾਨਾਂ ਦੇ ਗੁੰਮਰਾਹ ਹੋ ਕੇ ਦਿਸ਼ਾਹੀਣ ਹੋਣ 'ਤੇ ਡੂੰਘਾ ਦੁੱਖ ਮਹਿਸੂਸਦਾ ਹੈ। ਇਹ ਕਥਾ ਦੋ ਵਜੇ ਤੋਂ 6 ਵਜੇ ਤੱਕ ਚਲਦੀ ਹੈ। ਚਾਰ ਘੰਟੇ ਦੀ ਕਥਾ 78 ਸਫ਼ਿਆਂ 'ਤੇ ਫੈਲੀ ਹੋਈ ਹੈ, ਪਰ ਅਕਾਊ ਨਹੀਂ ਬਣਦੀ। ਪੜ੍ਹਨ ਲੱਗਿਆਂ ਆਪਣੀ ਕਿਸਮ ਦਾ ਰੋਮਾਂਸ ਸਿਰਜ ਲੈਂਦੀ ਹੈ। ਪੜ੍ਹਨੋਂ ਹਟਣ ਨੂੰ ਜੀਅ ਨਹੀਂ ਕਰਦਾ।

ਦੂਜੀ ਕਹਾਣੀ 'ਗੱਡੀਆਂ ਵਾਲੀ' ਵੱਖਰੇ ਵਿਸ਼ੇ ਵਾਲੀ ਹੈ। ਗੱਡੀਆਂ ਵਾਲੇ ਇੱਕ ਚੱਲਦਾ-ਫਿਰਦਾ ਕਬੀਲਾ ਹੈ, ਜੋ ਰਾਜਪੂਤਾਨੇ ਤੋਂ ਚੱਲ ਕੇ ਆਪਣੀਆਂ ਲੱਕੜ ਦੀਆਂ ਮੀਨਾਕਾਰੀ ਵਾਲੀਆਂ ਬੈਲ-ਗੱਡੀਆਂ ਨਾਲ ਇੱਕ ਥਾਂ ਤੋਂ ਦੂਜੀ ਥਾਂ ਘੁੰਮਦੇ ਹਨ। ਗੱਡੀਆਂ ਵਿੱਚ ਡੇਰੇ ਦੇ ਰੂਪ ਵਿੱਚ ਕਿਸੇ ਖਾਲੀ ਥਾਂ ਵਿੱਚ ਪਿੰਡਾਂ/ਸ਼ਹਿਰਾਂ ਵਿੱਚ ਰਿਹਾਇਸ਼ ਕਰ ਲੈਂਦੇ ਹਨ। ਇਸ ਕਹਾਣੀ ਵਿੱਚ ਜੈਲਦਾਰ ਸੁੱਚਾ ਸਿੰਘ ਦਾ ਨੌਜਵਾਨ ਪੜ੍ਹਿਆ-ਲਿਖਿਆ ਪੁੱਤਰ ਕਰਤਾਰ ਨਾਇਕ ਹੈ ਤੇ ਗੱਡੀਆਂ ਵਾਲੇ ਨੰਦਾ ਦੀ ਮਾਂ-ਬਾਹਰੀ ਮੁਟਿਆਰ ਉਮਰੀ ਨਾਇਕਾ ਹੈ। ਕਹਾਣੀ ਵਿੱਚ ਖਲਨਾਇਕ ਦੀ ਭੂਮਿਕਾ ਲਫੰਗਾ ਕਬੂਤਰਬਾਜ਼ ਜੱਸਾ ਨਿਭਾਉਂਦਾ ਹੈ। ਜੈਲਦਾਰ ਗੁਰਸਿੱਖ ਹੋਣ ਦੇ ਬਾਵਜੂਦ ਹੈਂਕੜਬਾਜ਼ ਸਰਦਾਰ ਹੈ, ਜਿਹੜਾ ਉਮਰੀ ਤੇ ਕਰਤਾਰ ਦੀ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਕਿਤਾਬਾਂ ਦੇ ਅੰਗ-ਸੰਗ

**ਹਰਜਿੰਦਰ ਸਿੰਘ ਅਟਵਾਲ (ਡਾ.) ਸੰਪਰਕ : 98721-73475**

## ਤਲਵਾਰ ਦੀ ਧਾਰ 'ਤੇ

(ਨਾਵਲ)
ਗ ਸ ਨਕਸ਼ਦੀਪ ਪੰਜਕੋਹਾ
ਪੰਨੇ : 112, ਮੁੱਲ : 175 ਰੁਪਏ
ਔਟਮ ਆਰਟ, ਪਟਿਆਲਾ

ਨਕਸ਼ਦੀਪ ਇਸ ਤੋਂ ਪਹਿਲਾਂ ਅੱਧੀ ਦਰਜਨ ਤੋਂ ਵੱਧ ਨਾਵਲ ਲਿਖ ਚੁੱਕਿਆ ਹੈ। ਉਸ ਦੀ ਨਾਵਲ ਸਿਰਜਣਾ ਪਿਛਲੇ ਸਾਢੇ ਤਿੰਨ ਦਹਾਕਿਆਂ ਤੋਂ ਨਿਰੰਤਰ ਜਾਰੀ ਹੈ। ਉਸ ਦੇ ਲੱਗਭੱਗ ਸਾਰੇ ਨਾਵਲਾਂ ਵਿੱਚ ਹੀ ਵਸਤੂ ਨੂੰ ਬੱਝਵੇਂ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ। ਉਸ ਦਾ ਨਾਵਲੀ ਬਿਰਤਾਂਤ ਕਿਸੇ ਇੱਕ ਮਹੱਤਵਪੂਰਨ ਮਸਲੇ ਦੇ ਦੁਆਲੇ ਉਸਰਦਾ ਹੈ। ਉਹ ਆਪਣੇ ਬਿਰਤਾਂਤ ਨੂੰ ਟੈਕਸਟ ਵਿੱਚ ਸੰਜਮੀ ਵਿਧੀ ਨਾਲ ਉਸਾਰਦਾ ਹੈ, ਜਿਸ ਨਾਲ ਟੈਕਸਟ ਵਿੱਚ ਪੜ੍ਹਨਯੋਗਤਾ ਬਣੀ ਰਹਿੰਦੀ ਹੈ। ਪਾਠਕ ਪਹਿਲਾ ਕਾਂਡ ਪੜ੍ਹ ਕੇ ਅਗਲੇ ਕਾਂਡ ਵਿੱਚ ਵਾਪਰਨ ਵਾਲੀ ਘਟਨਾ ਬਾਰੇ ਉਤਸੁਕ ਹੋਇਆ ਰਹਿੰਦਾ ਹੈ, ਗਲਪ ਦਾ ਇਹ ਮੀਰੀ ਗੁਣ ਹੁੰਦਾ ਹੈ, ਜਿਸ ਨੂੰ ਨਕਸ਼ਦੀਪ ਨਿਭਾਉਂਦਾ ਆ ਰਿਹਾ ਹੈ। ਇਸ ਨਾਵਲ ਵਿੱਚ ਵੀ ਅਜਿਹਾ ਹੀ ਵਾਪਰਦਾ ਹੈ।

ਉਸ ਦੇ ਪਹਿਲੇ ਨਾਵਲਾਂ ਵਾਂਗ ਇਸ ਨਾਵਲ ਦਾ ਆਕਾਰ ਵੀ ਸੀਮਤ ਹੀ ਰਹਿੰਦਾ ਹੈ। ਨਾਵਲ ਦੀ ਸਾਰੀ ਕਹਾਣੀ ਕੁਲਦੀਪ, ਅੰਬਰ ਅਤੇ ਉਹਨਾਂ ਦੇ ਬੱਚਿਆਂ ਮਿਹਰ ਅਤੇ ਨਵਦੀਪ ਦੇ ਦੁਆਲੇ ਹੀ ਉਸਾਰੀ ਗਈ ਹੈ। ਕੁਲਦੀਪ ਦਾ ਪਿਛੋਕੜ ਪਿੰਡ ਦੇ ਇੱਕ ਦਲਿਤ ਪਰਵਾਰ ਨਾਲ ਸੰਬੰਧਤ ਹੈ। ਭਾਰਤੀ ਸੰਸਕ੍ਰਿਤੀ ਵਿਚਲੇ ਮਨੂੰਵਾਦੀ ਵਿਚਾਰਾਂ ਵਾਲੇ ਸਮਾਜ ਵਿੱਚ ਦਲਿਤ ਹੋਣਾ ਇੱਕ ਮਿਹਣੇ ਵਾਂਗ ਸਮਝਿਆ ਜਾਂਦਾ ਹੈ। ਦਲਿਤ ਪਰਵਾਰ ਦਾ ਮੈਂਬਰ ਭਾਵੇਂ ਕਿੰਨਾ ਵੀ ਮਰਜ਼ੀ ਤਰੱਕੀ ਕਰ ਲਵੇ, ਦਲਿਤ ਹੋਣ ਦਾ ਧੱਬਾ ਉਸ ਸਮਾਜ-ਪ੍ਰਬੰਧ ਨੂੰ ਮੰਨਣ ਵਾਲੇ ਲੋਕਾਂ ਦੇ ਮਨਾਂ ਵਿੱਚੋਂ ਜਾਂਦਾ ਨਹੀਂ। ਭਾਵੇਂ ਕੁਲਦੀਪ ਦਾ ਪਿਤਾ ਅਮਰ ਸਿੰਘ ਜੋ ਕਿ ਧਰਮ ਵਜੋਂ ਸਿੱਖ ਹੈ ਅਤੇ ਸਿੱਖੀ ਦਿੱਖ ਹੀ ਨਹੀਂ ਕਾਇਮ ਰੱਖਦਾ, ਸਗੋਂ ਸਿੱਖੀ ਸਿਧਾਂਤਾਂ ਅਨੁਸਾਰ ਜ਼ਿੰਦਗੀ ਬਤੀਤ ਕਰਦਾ ਹੋਇਆ ਆਪਣੇ ਬੱਚਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਦਾ ਯਤਨ ਕਰਦਾ ਹੈ। ਭਾਵੇਂ ਛੋਟੇ ਪੁੱਤਰ ਸੰਤੋਖ ਨੂੰ ਇਸ ਕਾਰਨ ਪੜ੍ਹਾਈ ਛੱਡਣੀ ਪਈ, ਕਿਉਂ ਜੋ ਉਹ ਸਰੀਰਕ ਘਾਟ ਕਰਕੇ ਇਸ ਨੂੰ ਜਾਰੀ ਨਹੀਂ ਸੀ ਰੱਖ ਸਕਦਾ। ਕੁਲਦੀਪ ਅਤੇ ਉਸ ਦਾ ਵੱਡਾ ਭਰਾ ਅਮਰੀਕਾ ਵਿਖੇ ਆਪੋ-ਆਪਣਾ ਕੰਮਕਾਰ ਕਰਦੇ ਹਨ। ਕੁਲਦੀਪ ਦਾ ਭਰਾ ਆਪਣੀ ਪਤਨੀ ਦੇ ਸੱਦੇ 'ਤੇ ਅਮਰੀਕਾ ਗਿਆ ਹੋਣ ਕਰਕੇ ਪਤਨੀ ਵੱਲੋਂ ਗੱਲ-ਗੱਲ 'ਤੇ ਇਸ ਦਾ ਅਹਿਸਾਸ ਕਰਾਇਆ ਜਾਣਾ ਕਿ ਜੇ 'ਮੈਂ' ਨਾ ਸੱਦਦੀ ਤਾਂ ਤੁਸੀਂ ਪੰਜਾਬ 'ਚ ਰੁਲਦੇ ਹੋਣਾ ਸੀ। ਇਸ ਸਾਰੇ ਕੁਝ ਤੋਂ ਸਤਿਆ ਕੁਲਦੀਪ ਭਰਾ-ਭਰਜਾਈ ਦਾ ਘਰ ਛੱਡਦਾ ਹੈ। ਇਹ ਵਰਤਾਰਾ ਕੁਲਦੀਪ ਦੇ ਭਰਾ ਵਾਂਗ ਪਤਨੀ ਦੀ ਬਾਂਹ ਫੜ ਕੇ ਵਿਦੇਸ਼ ਗਏ ਮੁੰਡਿਆਂ ਨੂੰ ਅੱਜ ਵੀ ਭੋਗਣਾ ਪੈ ਰਿਹਾ ਹੈ, ਹਰ ਪਲ ਉਹਨਾ ਦੇ ਸਵੈ-ਮਾਣ ਨੂੰ ਲਿਤਾੜਿਆ ਜਾਂਦਾ ਹੈ। ਮੁੱਖ ਮਸਲੇ ਦੇ ਨਾਲ-ਨਾਲ ਨਕਸ਼ਦੀਪ ਅਜਿਹੇ ਲਘੂ ਬਿਰਤਾਂਤ ਵੀ ਉਸਾਰਦਾ ਜਾਂਦਾ ਹੈ। ਉਂਜ ਮੁੱਖ ਬਿਰਤਾਂਤ ਕੁਲਦੀਪ ਅਤੇ ਅੰਬਰ ਦੀ ਪ੍ਰੇਮ ਕਹਾਣੀ ਹੈ, ਜੋ ਪਹਿਲੀ ਨਜ਼ਰੇ ਪਿਆਰ ਵਰਗ ਥੋੜ੍ਹਾ ਫਿਲਮੀ ਕਿਸਮ ਦਾ ਵੀ ਜਾਪਦਾ ਹੈ। ਨਾਇਕਾ ਦਾ ਸੰਕਟ 'ਚ ਹੋਣਾ ਅਤੇ ਨਾਇਕ ਦਾ ਆ ਜਾਣਾ। ਅਜਿਹਾ ਇਸ ਵਿੱਚ ਵੀ ਵਾਪਰਦਾ ਹੈ। ਅੰਬਰ ਦਾ ਸੈਂਡਲ (ਉੱਚੀ ਅੱਡੀ ਵਾਲਾ) ਇਹਨਾਂ ਦੇ ਮੇਲ ਦਾ ਸਬੱਬ ਬਣਦਾ ਹੈ। ਅੰਬਰ ਮੁਸਲਮਾਨਾਂ ਦੀ ਧੀ ਹੋਣ ਕਰਕੇ ਉਸ ਦਾ ਬਾਪ ਅਤੇ ਭਰਾ ਇਸਲਾਮ ਨੂੰ ਕੱਟੜਤਾ ਦੀ ਹੱਦ ਤੱਕ ਮੰਨਦੇ ਹਨ, ਪਰ ਮਾਂ ਦਾ ਸੰਬੰਧ ਗੁਰੂ ਨਾਨਕ ਦੀ ਜੰਮਣ ਭੋਇੰ ਨਨਕਾਣਾ ਸਾਹਿਬ ਨਾਲ ਹੋਣ ਕਰਕੇ ਸਿੱਖਾਂ ਪ੍ਰਤੀ ਮੋਹ ਹੈ। ਪਿਉ/ਭਰਾ ਬਾਹਰੀ ਹੋ ਕੇ ਅੰਬਰ ਕੁਲਦੀਪ ਨਾਲ ਜਾ ਜੁੜਦੀ ਹੈ। ਭਾਵੇਂ ਜਨੂੰਨੀ ਵੇਗ ਵਿੱਚ ਆ ਕੇ ਅੰਬਰ ਦਾ ਭਰਾ ਭੈਣ 'ਤੇ ਗੋਲੀ ਚਲਾ ਕੇ ਉਸ ਨੂੰ ਲੱਤ ਤੋਂ ਆਰੀ ਕਰ ਦਿੰਦਾ ਹੈ। ਇੱਥੇ ਤੱਕ ਪਹੁੰਚਦਿਆਂ ਧਾਰਮਿਕ ਕੱਟੜਤਾ ਸਿਰਫ ਇਸਲਾਮ ਧਰਮ ਨਾਲ ਜੁੜੇ ਲੋਕਾਂ ਵਿੱਚ ਹੀ ਜਾਪਦੀ ਹੈ, ਪਰ ਜਦੋਂ ਕੁਲਦੀਪ ਦੀ ਬੇਟੀ ਨਵਦੀਪ ਕੌਰ ਆਪਣੀ ਪਸੰਦ ਦੇ ਮੁੰਡੇ 'ਰਿਚਰਡ' ਨਾਲ ਜੀਵਨ ਬਤੀਤ ਕਰਨ ਦਾ ਫੈਸਲਾ ਕਰਦੀ ਹੈ ਤਾਂ ਕੁਲਦੀਪ ਦੇ ਮਨ ਵਿੱਚ ਬੈਠਾ ਸਿੱਖ ਹਾਵੀ ਹੋ ਜਾਂਦਾ ਹੈ। ਕੁਲਦੀਪ ਜਿਸ ਦੇ ਵਡੇਰਿਆਂ ਨੇ ਪਹਿਲਾਂ ਵਰਣ ਆਸ਼ਰਮ ਪ੍ਰਧਾਨ ਸਮਾਜ ਵਿੱਚ ਵਿਤਕਰਾ ਜਰਿਆ, ਪਿੰਡ ਛੱਡ ਸ਼ਹਿਰ ਆ ਕੇ ਥੋੜ੍ਹਾ ਸੁਰਖਰੂ ਮਹਿਸੂਸ ਕੀਤਾ। ਕੁਲਦੀਪ ਅਮਰੀਕਾ ਜਾ ਕੇ ਮੁਸਲਮਾਨ ਲੜਕੀ ਅੰਬਰ ਨਾਲ ਕੋਰਟ ਮੈਰਿਜ ਕਰਵਾ ਕੇ ਪੂਰੀ ਤਰ੍ਹਾਂ ਖ਼ੁਸ਼ੀ-ਖ਼ੁਸ਼ੀ ਜੀਵਨ ਬਤੀਤ ਕਰ ਰਿਹਾ ਹੁੰਦਾ ਹੈ ਤਾਂ ਉਸ ਨੂੰ ਆਪਣੀ ਬੇਟੀ ਦੀ ਰਿਚਰਡ ਵਾਲੀ ਪਸੰਦ ਰੜਕਦੀ ਹੈ, ਕਿਉਂ ਜੋ ਉਸ ਦੀ 'ਨਸਲ' ਹੋਰ ਹੈ। ਰਿਚਰਡ ਦਾ ਕਿੱਤਾ, ਉਸ ਦਾ ਸਮਾਜ ਅਤੇ ਉਸ ਨਾਲ ਜੁੜੀਆਂ ਹੋਈਆਂ ਹੋਰ ਗੱਲਾਂ ਕੁਲਦੀਪ ਨੂੰ ਇਸ ਕਰਕੇ ਪਸੰਦ ਨਹੀਂ ਕਿ ਉਹ 'ਸਿੱਖ' ਨਹੀਂ ਹੈ। ਕੁਲਦੀਪ ਸਿੱਖ ਹੁੰਦਿਆਂ ਆਪਣੀ ਲਾਡਲੀ ਧੀ ਲਈ ਅਜਿਹਾ ਰਵੱਈਆ ਕਿਉਂ ਰੱਖ ਰਿਹਾ ਹੈ, ਨਾਵਲ 'ਚ ਅਜਿਹਾ ਲੋਜਿਕ ਨਾਵਲਕਾਰ ਸਿਰਜ ਨਹੀਂ ਸਕਿਆ। ਉਹ ਤਾਂ ਦੂਜੇ ਭਾਰਤੀ (ਪੰਜਾਬੀ) ਮਾਪਿਆਂ ਵਾਂਗ ਬੇਟੀ ਨੂੰ ਪੰਜਾਬ ਲਿਆ ਕੇ ਹਰਮਿਲਾਪ ਸਿੰਘ ਨਾਲ ਵਿਆਹ ਤੱਕ ਦੀਆਂ ਤਰਕੀਬਾਂ ਵੀ ਬਣਾ ਲੈਂਦਾ ਹੈ। ਇਹ ਪਤਾ ਹੁੰਦਿਆਂ ਵੀ ਨਵਦੀਪ ਰਿਚਰਡ ਤੋਂ ਬਿਨਾਂ ਕਿਸੇ ਹੋਰ ਨਾਲ ਵਿਆਹ ਨਹੀਂ ਕਰਵਾਏਗੀ। ਕੁਲਦੀਪ ਅੰਬਰ ਦੇ ਭਰਾ ਨੂੰ ਲੰਗੜਾ ਕਰਨ ਦੀ ਵਿਉਂਤ ਵੀ ਬਣਾਉਂਦਾ ਹੈ, ਜੋ ਸਿਰੇ ਨਹੀਂ ਚੜ੍ਹ ਸਕਦੀ। ਸੋ ਸਾਰੇ ਨਾਵਲ ਵਿੱਚ ਕੁਲਦੀਪ ਅੰਬਰ ਦਾ ਪ੍ਰੇਮੀ ਤਾਂ ਬਣਦਾ ਹੈ, ਪਰ ਕਿਸੇ ਆਪਣੀ 'ਅੰਬਰ' ਨੂੰ ਉਸ ਦੇ ਪ੍ਰੇਮ-ਪਿਆਰ ਤੋਂ ਵਿਰਣਾ ਰੱਖ ਜੀਵਨ ਜੀਉਣ ਲਈ ਵੀ ਕਿਆਸਦਾ ਹੈ। ਅਮਰੀਕਾ ਵਰਗੇ ਮੁਲਕ ਵਿੱਚ ਰਹਿ ਕੇ ਅਜਿਹੇ ਕੁਲਦੀਪ ਬਾਰੇ ਪੂਰਨ ਰੂਪ ਵਿੱਚ ਸਮਝ ਸਕਣਾ ਪੰਜਾਬੀ ਪਾਠਕ ਲਈ ਔਖਾ ਜਾਪਦਾ ਹੈ। ਧਰਮ ਦੀ ਵੱਖਰਤਾ ਉਸ ਨੂੰ ਸਵੀਕਾਰ ਹੈ, ਪਰ ਨਸਲ ਦੀ ਨਹੀਂ। ਅਜਿਹਾ ਕਿਉਂ ਹੈ ? ਨਾਵਲ ਦੀ ਟੈਕਸਟ ਇਸ ਬਾਰੇ ਚੁੱਪ ਹੈ। ਭਾਵੇਂ ਨਾਵਲ ਦੇ ਅੰਤ 'ਤੇ ਉਹ ਆਪਣੀ ਬੇਟੀ ਨਵਦੀਪ ਜੋ ਕਿ ਸੜਕ ਹਾਦਸੇ ਵਿੱਚ ਗੰਭੀਰ ਜ਼ਖਮੀ ਹਾਲਤ ਵਿੱਚ ਹਸਪਤਾਲ ਪਈ ਹੈ, ਉਸ ਨੂੰ ਮਿਲਣ ਵੀ ਜਾਂਦਾ ਹੈ ਅਤੇ ਉਸ ਦੇ ਹੰਝੂ ਵੀ ਪੂੰਝਦਾ ਹੈ, ਪਰ ਉਸ ਦੇ ਵਿਆਹ 'ਤੇ ਸ਼ਾਮਲ ਨਹੀਂ ਹੁੰਦਾ, ਕਿਉਂ ਜੋ ਉਹ 'ਰਿਚਰਡ' ਨਾਲ ਵਿਆਹ ਕਰਵਾ ਰਹੀ ਹੈ। ਉਂਜ ਕੁਲਦੀਪ ਵਰਗੀ ਸਥਿਤੀ ਦਾ ਬਿਰਤਾਂਤ ਬਹੁਤ ਚਿਰ ਪਹਿਲਾਂ ਸਾਡਾ ਸਮਰੱਥ ਪਰਵਾਸੀ ਪੰਜਾਬੀ ਕਹਾਣੀਕਾਰ ਸਵਰਨ ਚੰਦਨ ਆਪਣੀ ਕਹਾਣੀ 'ਫਰੀ ਸੋਸਾਇਟੀ' ਵਿੱਚ ਕਰਨ ਦਾ ਯਤਨ ਕਰਦਾ ਹੈ, ਭਾਵੇਂ ਆਪਣੇ ਆਖਰੀ ਦਿਨਾਂ ਵਿੱਚ ਉਹ ਸਵੀਕਾਰ ਕਰਦਾ ਹੈ ਕਿ ਉਸ ਕਹਾਣੀ ਵਿਚਲਾ ਮਸਲਾ ਅੱਜ ਕੋਈ ਮਸਲਾ ਹੀ ਨਹੀਂ ਰਹਿ ਗਿਆ। ਕੁਲਦੀਪ ਦਾ ਬੇਟਾ ਮਿਹਰ ਬਾਪ ਦੀ ਮਰਜ਼ੀ ਦੇ ਵਿਆਹ ਨਾਲ ਹੀ ਸੰਤੁਸ਼ਟ ਹੈ। ਹੋ ਸਕਦਾ ਹੈ ਕਿ ਪਾਠਕ ਨੂੰ ਬਿਰਤਾਂਤ ਦਾ ਇਹ ਹਿੱਸਾ ਵੀ ਅਟਪਟਾ ਲੱਗੇ। ਸੋ ਇਹ ਨਾਵਲ ਜੋ ਕੁਝ ਕਹਿਣ ਦਾ ਯਤਨ ਕਰਦਾ ਹੈ, ਉਸ ਵਿੱਚ ਬਹੁਤ ਸਾਰੇ ਸੁਆਲ ਉੱਭਰਦੇ ਹਨ, ਜੋ ਪਾਠਕ ਨੂੰ 'ਬੇਚੈਨ' ਕਰਨਗੇ।



## ਹੰਡੀਂ ਹੰਢਾਏ ਸੱਚ

(ਚਿੰਤਨ)
ਬਲਬੀਰ ਪਰਵਾਨਾ
ਪੰਨੇ : 128, ਮੁੱਲ : 200 ਰੁਪਏ
ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ

ਬਲਬੀਰ ਪਰਵਾਨਾ ਬਹੁ-ਵਿਧਾਵੀ ਲੇਖਕ ਹੈ। ਕਵਿਤਾ, ਮਿੰਨੀ ਕਹਾਣੀ, ਕਹਾਣੀ, ਨਾਵਲੈੱਟ, ਨਾਵਲ, ਸ਼ਬਦ-ਚਿੱਤਰ ਅਤੇ ਹੋਰ ਵਿਧਾਵਾਂ ਦੇ ਨਾਲ-ਨਾਲ ਉਸ ਨੇ ਜ਼ਿਕਰਯੋਗ ਪੁਸਤਕਾਂ ਦੇ ਪੰਜਾਬੀ ਵਿੱਚ ਅਨੁਵਾਦ ਵੀ ਕੀਤੇ ਹਨ। ਭਾਵੇਂ ਸਮਕਾਲੀ ਪਾਠਕ ਹੁਣ ਉਸ ਨੂੰ ਮੁੱਢਲੇ ਰੂਪ ਵਿੱਚ ਗਲਪਕਾਰ ਸਵੀਕਾਰ ਕਰੀ ਬੈਠਾ ਹੈ, ਪਰ ਉਹ ਗੰਭੀਰ ਕਿਸਮ ਦਾ ਸਾਹਿਤ ਪੜ੍ਹਨ ਦੇ ਨਾਲ-ਨਾਲ ਉਸ ਬਾਰੇ ਜਾਂ ਆਪਣੇ ਚਿੰਤਨ ਦੇ ਆਧਾਰ 'ਤੇ ਉਹ ਕੁਝ ਇੱਕ ਅਜਿਹੇ ਸਮਾਜਿਕ ਮਸਲਿਆਂ ਬਾਰੇ ਵੀ ਲਿਖਦਾ ਆ ਰਿਹਾ ਹੈ, ਜੋ ਜ਼ਿੰਦਗੀ ਦੀਆਂ ਕਰੂਰਤਾਵਾਂ ਵਿੱਚੋਂ ਉਪਜਦੇ ਰਹਿੰਦੇ ਹਨ। ਇਸ ਪੁਸਤਕ ਨੂੰ ਉਸ ਨੇ 'ਚਿੰਤਨ' ਵਿਧਾ ਦਾ ਨਾਂਅ ਦਿੱਤਾ ਹੈ, ਜਿਸ ਨੂੰ ਉਸ ਨੇ ਸਾਹਿਤ ਅਨੁਭਵ, ਅਨੁਭਾਵ ਬਿੰਦੂ ਅਤੇ ਮੀਲ ਪੱਥਰ ਦੇ ਉਪ ਸਿਰਲੇਖਾਂ ਹੇਠ ਦਰਜ ਕੀਤਾ ਹੈ। ਸਾਹਿਤ ਦੀ ਭੂਮਿਕਾ ਦੀ ਗੱਲ ਕਰਦਿਆਂ ਉਹ ਸਾਹਿਤ ਦੀ ਸਮਾਜਿਕ ਸਾਰਥਿਕਤਾ ਦੀ ਗੱਲ ਉੱਪਰ ਵਧੇਰੇ ਬੱਲ ਦਿੰਦਾ ਹੋਇਆ ਕਹਿੰਦਾ ਹੈ ਕਿ ਸਾਹਿਤ ਦੀ ਭੂਮਿਕਾ ਕਿਸੇ ਵਿਅਕਤੀ ਨੂੰ ਅਤੇ ਵਿਅਕਤੀ ਸਮੂਹ ਨੂੰ ਸਾਵੀਂ-ਪੱਧਰੀ ਜ਼ਿੰਦਗੀ ਜੀਣ ਦੀ ਰੀਝ ਪ੍ਰਦਾਨ ਕਰਨ ਦੀ ਸੂਝ ਅਤੇ ਸ਼ਕਤੀ ਦੇਣੀ ਹੁੰਦੀ ਹੈ। ਈਲੀਅਰ ਦੇ ਮਹੱਤਵ ਦੀ ਗੱਲ ਕਰਦਿਆਂ ਉਹ ਜਸਵੰਤ ਸਿੰਘ ਕੰਵਲ ਦੇ ਬਹੁ-ਚਰਚਿਤ ਨਾਵਲ 'ਰਾਤ ਬਾਕੀ ਹੈ' ਦਾ ਜ਼ਿਕਰ ਕਰਦਾ ਹੈ। ਇਸ ਨਾਵਲ ਦੇ ਨਾਇਕ 'ਚਰਨ' ਬਾਰੇ ਉਹ ਵਿਸਥਾਰ 'ਚ ਗੱਲ ਕਰਦਾ ਹੋਇਆ ਕਹਿੰਦਾ ਹੈ ਕਿ ਚਰਨ ਇੱਕ ਤਰ੍ਹਾਂ ਨਾਲ ਉਸ ਸਮੇਂ ਨੌਜੁਆਨਾਂ ਦਾ ਰੋਲ ਮਾਡਲ ਬਣਦਾ ਹੈ। ਕੰਵਲ ਦੇ ਇਸ ਨਾਵਲ ਦੀ ਪਿੱਠ ਭੂਮੀ ਵਿੱਚ ਵੀਹਵੀਂ ਸਦੀ ਦੇ ਛੇਵੇਂ ਦਹਾਕੇ ਦੀ ਪੈਪਸੂ ਵਿਚਲੀ ਮੁਜ਼ਾਰਾ ਲਹਿਰ ਕਾਰਜਸ਼ੀਲ ਹੈ। ਉਂਜ ਪਰਵਾਨੇ ਵਾਂਗ ਕਈ ਪਾਠਕਾਂ ਨੇ 'ਚਰਨ' ਦੇ ਆਦਰਸ਼ ਨੂੰ ਹੀ ਆਪਣੇ ਜੀਵਨ ਦਾ ਆਦਰਸ਼ ਮਿੱਥ ਲਿਆ। ਉਦਾਹਰਨਾਂ ਸਹਿਤ ਉਹ ਕੁਝ ਨਾਵਾਂ ਦਾ ਜ਼ਿਕਰ ਵੀ ਕਰਦਾ ਹੈ। ਵਾਰਿਸ ਦੀ ਹੀਰ, ਹਾਸ਼ਮ ਦੀ ਸੱਸੀ, ਪੀਲੂ ਦਾ ਮਿਰਜ਼ਾ ਆਦਿ ਨੂੰ ਵੀ ਸਿਰਜਣਾ ਦੀ ਇਸੇ ਕੋਟੀ ਵਿੱਚ ਰੱਖ ਕੇ ਵੇਖਦਾ ਹੈ। 'ਰਚਨਾ ਦੀਆਂ ਜੜ੍ਹਾਂ' ਲੇਖ ਵਿੱਚ ਆਪਣੇ ਇੱਕ ਨਾਵਲ ਦੀ ਪ੍ਰੇਰਨਾ ਕਿਸੇ ਸਮੇਂ ਅਖਬਾਰਾਂ ਵਿੱਚ ਛਪੀ ਇੱਕ ਰਿਪੋਰਟ ਨੂੰ ਮੰਨਦਾ ਹੈ, ਜੋ ਗੈਰ-ਕਾਨੂੰਨੀ ਖੁਦਾਈ ਬਾਰੇ ਸੀ। ਅਤੇ ਪਰਵਾਨੇ ਦੀ ਜਨਮ/ਕਰਮ ਭੂਮੀ ਦੇ ਆਲੇ-ਦੁਆਲੇ ਸੀ। ਸਿਰਜਣਾ 'ਚ ਸਮਕਾਲ ਵਾਲੇ ਸਿਰਲੇਖ ਵਾਲੇ ਲੇਖ ਵਿੱਚ ਸਿਰਜਣਾ ਦਾ ਕਾਲ ਖੰਡ ਭਾਵੇਂ ਅਤੀਤ ਹੋਵੇ, ਪਰ ਉਸ ਵਿੱਚ ਸਮਕਾਲ ਦਾ ਦਖਲ ਜ਼ਰੂਰੀ ਮੰਨਦਾ ਹੈ। ਇਸ ਦੀ ਉਦਾਹਰਣ ਉਹ ਆਪਣੇ ਦੋ ਨਾਵਲਾਂ ਦੀ ਇਬਾਰਤ ਦਾ ਹਵਾਲਾ ਦੇ ਕੇ ਸਮਕਾਲ ਨਾਲ ਜੋੜਨ ਦਾ ਜ਼ਿਕਰ ਕਰਦਾ ਹੈ, ਉਸ ਦਾ ਇੱਕ ਨਾਵਲ 1983 ਵਿੱਚ ਜਦ ਕਿ ਦੂਜਾ 2020 ਵਿੱਚ ਛਪਿਆ ਸੀ। ਇਸ ਤਰ੍ਹਾਂ ਸ਼ਬਦ ਸਾਧਨਾ ਵਾਲੇ ਲੇਖ ਵਿੱਚ ਵੀ ਇਹ ਸਵੀਕਾਰ ਕਰਦਾ ਹੈ ਕਿ ਕੋਈ ਵੀ ਸਿਰਜਣਾ ਆਪਣੇ ਸਮੇਂ ਦੀ ਕੁਦਰਤ ਦਾ ਅਨੁਭਵ ਹੁੰਦੀ ਹੈ।



ਅਨੁਭਵ ਬਿੰਦੂ ਵਾਲੇ ਭਾਗ ਵਿੱਚ ਉਹ ਆਪਣੀ ਜ਼ਿੰਦਗੀ ਨਾਲ ਜੁੜੀਆਂ ਉਹਨਾ ਯਾਦਾਂ/ਘਟਨਾਵਾਂ ਦਾ ਵੇਰਵਾ ਦਰਜ ਕਰਦਾ ਹੈ, ਜੋ ਉਸ ਦੀ ਜ਼ਿੰਦਗੀ ਦਾ ਨਿੱਜੀ ਹਿੱਸਾ ਹੁੰਦੀਆਂ ਹੋਈਆਂ ਵੀ ਸਮਾਜ ਵਿਚਲੀ ਲੋਕਾਈ ਨਾਲ ਕਿਸੇ ਨਾ ਕਿਸੇ ਤਰ੍ਹਾਂ ਜਾ ਜੁੜਦੀਆਂ ਹਨ। ਇਹ ਸਾਰੇ ਵੇਰਵੇ ਪੰਜਾਬ ਦੀ ਪੇਂਡੂ ਰਹਿਤਲ ਦਾ ਇੱਕ ਤਰ੍ਹਾਂ ਨਾਲ ਇਤਿਹਾਸ ਬਣਦੀਆਂ ਹਨ। ਚਾਹੇ ਉਹ ਦੁਆਬੇ ਦੇ ਅੰਬਾਂ ਦੀ ਹੋਵੇ, ਕੰਢੀ ਖੇਤਰ ਵਿਚਲੀ ਹਰਿਆਵਲ ਦੀ ਹੋਵੇ, ਬਿਜਲੀ/ਸੜਕਾਂ ਦੇ ਪਾਸਾਰ ਤੋਂ ਪਹਿਲੇ ਸਮੇਂ ਦੇ ਪਿੰਡ ਹੋਣ, ਨਵੀਂ ਪੜ੍ਹੀ ਮਹੱਤਵਪੂਰਨ ਕੋਈ ਕਿਤਾਬ ਹੋਵੇ ਜਾਂ ਅਜਿਹੇ ਅਨੇਕਾਂ ਹੋਰ। ਇਹ ਸਾਰੇ ਅਨੁਭਵ ਸਵੈ-ਜੀਵਨੀ ਵਰਗੇ ਜਾਪਦੇ ਹਨ। ਇਸੇ ਕਰਕੇ ਹੀ ਇਹਨਾਂ ਦੀ ਪੜ੍ਹਨਯੋਗਤਾ ਵਧ ਜਾਂਦੀ ਹੈ, ਖਾਸ ਕਰਕੇ ਉਹਨਾਂ ਪਾਠਕਾਂ ਵਿੱਚ ਜੋ ਉਸ ਸਮੇਂ ਦੇ ਇਤਿਹਾਸਕ ਪ੍ਰਸੰਗਾਂ ਵਿੱਚੀਂ ਲੰਘੇ ਹੁੰਦੇ ਹਨ।

'ਮੀਲ ਪੱਥਰ' ਉੱਪ ਸਿਰਲੇਖ ਪੁਸਤਕ ਦੇ ਤੀਜੇ ਭਾਗ ਵਿੱਚ ਪਰਵਾਨਾ ਉਹਨਾਂ ਚਾਰ ਮਹੱਤਵਪੂਰਨ ਨਾਵਾਂ ਅਤੇ ਉਹਨਾਂ ਨਾਲ ਜੁੜੀਆਂ ਹੋਈਆਂ ਵਿਸ਼ੇਸ਼ ਘਟਨਾਵਾਂ ਦਾ ਜ਼ਿਕਰ ਕਰਦਾ ਹੈ, ਜੋ ਉਹਨਾਂ ਦੇ ਵਿਅਕਤੀਤਵ ਨੂੰ ਏਡਾ ਮਹੱਤਵਪੂਰਨ ਬਣਾਉਂਦੀਆਂ ਹਨ, ਜਿਸ ਕਾਰਨ ਉਹਨਾ ਦਾ ਜ਼ਿਕਰ ਪਰਵਾਨਾ ਹੀ ਨਹੀਂ, ਸਗੋਂ ਹੋਰ ਬਹੁਤ ਹੀ ਲੋਕਾਂ ਨੇ ਵੀ ਕੀਤਾ ਹੈ। ਜਦੋਂ ਪਰਵਾਨਾ ਕਿਸੇ ਦਾ ਸ਼ਬਦ ਚਿੱਤਰ ਉਸਾਰਦਾ ਹੈ ਤਾਂ ਉਸ ਵਿੱਚ ਗਲਪਕਾਰ ਪ੍ਰਗਟ ਹੋ ਕੇ ਉਸ ਰਚਨਾ ਨੂੰ ਵਿਸ਼ੇਸ਼ ਬਣਾਉਣ ਵਿੱਚ ਸਹਾਈ ਹੁੰਦਾ ਹੈ। ਇਹੀ ਵਿਧੀ ਪਰਵਾਨੇ ਨੇ ਇੱਥੇ ਪੇਸ਼ ਚਾਰ ਸ਼ਬਦ-ਚਿੱਤਰਾਂ ਵਰਗੇ ਲੇਖਾਂ ਵਿੱਚ ਵੀ ਵਰਤੀ ਹੈ। ਪਾਸ਼ ਸਾਡਾ ਯੁੱਗ ਕਵੀ ਹੈ, ਜੋ ਕਲਮ ਅਤੇ ਫੀਲਡ ਦੇ ਖੇਤਰ ਦਾ ਯੋਧਾ ਬਣਦਾ ਹੈ। ਅਮਰ ਅੱਚਰਵਾਲ, ਕਾਮਰੇਡ ਗਿਆਨ ਸਿੰਘ ਸੰਘਾ ਅਤੇ ਸੁਖਦੇਵ ਪ੍ਰੀਤ ਵੀ ਆਪੋ-ਆਪਣੇ ਖੇਤਰਾਂ ਵਿੱਚ ਰਹਿ ਕੇ ਸਮਾਜਿਕ ਬਰਾਬਰੀ ਵਾਲੇ ਸਮਾਜ ਦੀ ਉਸਾਰੀ ਕਰਨ ਦੇ ਯਤਨਾਂ ਸਦਕਾ ਹੀ ਆਪੋ-ਆਪਣੀਆਂ ਜਾਨਾਂ ਵਾਰ ਦਿੰਦੇ ਹਨ। ਪਾਸ਼ ਵਾਂਗ ਇਹ ਵੀ ਭਾਵੇਂ ਸਾਡੇ ਕੋਲੋਂ ਸਰੀਰਕ ਰੂਪ ਵਿੱਚ ਵਿੱਛੜ ਗਏ ਹੋਣ, ਪਰ ਉਹਨਾ ਦੀ ਸੋਚ ਨੂੰ ਪ੍ਰਣਾਏ ਲੋਕਾਂ ਦੇ ਹਮੇਸ਼ਾ ਹੀ ਉਹ ਅੰਗ-ਸੰਗ ਹਨ ਤੇ ਪ੍ਰੇਰਨਾ-ਸਰੋਤ ਵੀ। ਪਰਵਾਨਾ ਦੀ ਇਹ ਪੁਸਤਕ ਵਿਲੱਖਣ ਤਾਂ ਹੈ, ਹੀ ਪਰ ਮੁੱਲਵਾਨ ਵੀ ਹੈ।

## ਅਣਕਹੀ ਪੀੜ

(ਕਹਾਣੀ ਸੰਗ੍ਰਹਿ)
ਵਿਪਨ ਗਿੱਲ
ਪੰਨੇ : 128, ਮੁੱਲ : 200 ਰੁਪਏ
ਵਾਈਟ ਕਰੋਅ ਪਬਲਿਸ਼ਰਜ਼

ਵਿਪਨ ਗਿੱਲ ਦੀ ਮੌਲਿਕ ਕਹਾਣੀਆਂ ਦੀ ਇਹ ਪਹਿਲੀ ਕਿਤਾਬ ਹੈ, ਉਂਜ ਉਸ ਦਾ ਇੱਕ ਮੌਲਿਕ ਕਾਵਿ ਸੰਗ੍ਰਹਿ ਪਹਿਲਾਂ ਛਪ ਚੁੱਕਿਆ ਹੈ ਅਤੇ ਚਾਰ ਅਨੁਵਾਦ ਦੀਆਂ ਪੁਸਤਕਾਂ ਵੀ। ਪੰਜਾਬੀ ਪਾਠਕ ਦੀ ਨਜ਼ਰ ਵਿੱਚ ਜਿਹੜੇ ਲੇਖਕਾਂ ਦੇ ਨਾਂਅ ਗੌਲਣਯੋਗ ਹਨ, ਉਹਨਾਂ ਵਿੱਚ ਵਿਪਨ ਸ਼ਾਮਲ ਹੈ। ਪੰਜਾਬੀ ਪਾਠਕਾਂ ਲਈ ਵਿਪਨ ਓਪਰੀ ਨਹੀਂ। 'ਅਣਕਹੀ ਪੀੜ' ਦੀਆਂ ਕਹਾਣੀਆਂ ਵਿੱਚੋਂ ਕੁਝ ਇੱਕ ਕਹਾਣੀਆਂ ਵੱਖੋ-ਵੱਖਰੇ ਪਰਚਿਆਂ ਵਿੱਚ ਛਪ ਚੁੱਕੀਆਂ ਹਨ ਅਤੇ ਪਾਠਕੀ ਅਤੇ ਆਲੋਚਕੀ ਪ੍ਰਤੀਕਰਮ ਵੀ ਹੋਇਆ ਹੈ।



ਵਿਪਨ ਦੀ 'ਅਣਕਹੀ ਪੀੜ' ਪੜ੍ਹ ਕੇ ਇਹ ਧਾਰਨਾ ਬਣਦੀ ਹੈ ਕਿ ਉਹ ਪਿਤਰਕੀ ਸੱਤਾ ਦੀ ਸਤਾਈ ਔਰਤ ਦੇ ਦੁੱਖਾਂ ਦਾ ਬਿਰਤਾਂਤ ਸਿਰਜਣ ਲਈ ਆਪਣੀ ਲੇਖਣ ਨੂੰ ਸਾਧਨ ਬਣਾਉਣ ਦਾ ਨਿੱਠ ਕੇ ਯਤਨ ਕਰਦੀ ਹੈ। ਪਿਤਰਕੀ ਸੱਤਾ ਵਾਲੇ ਪ੍ਰਬੰਧ ਵਿੱਚ ਔਰਤ ਬੇਟੀ, ਭੈਣ, ਪਤਨੀ, ਮਾਂ ਦੀ ਭੂਮਿਕਾ ਵਿੱਚ ਕਿਤੇ ਵੀ ਆਪਣੇ ਪੈਰਾਂ 'ਤੇ ਖੜੀ ਨਜ਼ਰ ਨਹੀਂ ਆਉਂਦੀ, ਉਸ ਦੀ ਸਥਿਤੀ ਇੱਕ ਵੇਲ ਵਾਂਗ ਹੁੰਦੀ ਹੈ, ਜਿਸ ਨੂੰ ਮੌਲਣ ਲਈ ਅੱਗੇ ਵਧਣ ਲਈ ਅਤੇ ਇੱਥੋਂ ਤੱਕ ਕਿ ਜੀਊਂਦੇ ਰਹਿਣ ਲਈ ਇੱਕ ਸਹਾਰੇ ਦੀ ਲੋੜ ਪੈਂਦੀ ਹੈ। ਇਹ ਸਹਾਰਾ ਕ੍ਰਮਵਾਰ ਉਸ ਦਾ ਬਾਪ, ਭਰਾ, ਪਤੀ ਅਤੇ ਪੁੱਤਰ ਬਣਦਾ ਹੈ, ਪਰ ਇਸ ਆਪੂੰ ਬਣੇ ਸਹਾਰੇ ਵੱਲੋਂ ਮਿਲੇ ਸੰਤਾਪ ਨੂੰ ਉਹ ਭੋਗਦੀ-ਭੋਗਦੀ ਹੀ ਆਪਣੀ ਉਮਰ ਬਿਤਾਅ ਲੈਂਦੀ ਹੈ। ਰਵਾਇਤੀ ਕਿਸਮ ਦੀ ਨਾਰੀ ਇਸੇ ਨੂੰ ਹੀ ਆਪਣੀ ਜ਼ਿੰਦਗੀ ਸਮਝ ਕੇ ਗੁਜ਼ਾਰ ਲੈਂਦੀ ਸੀ, ਪਰ ਸਿੱਖਿਆ ਦੇ ਪਾਸਾਰ ਨਾਲ ਔਰਤ ਆਪਣੇ ਸਵੈ ਦੇ ਮਹੱਤਵ ਨੂੰ ਸਮਝ ਕੇ ਭਰਪੂਰ ਜ਼ਿੰਦਗੀ ਜੀਊਣ ਦੀ ਇੱਛਾ ਕਰਦੀ ਹੈ, ਪੂਰਤੀ ਲਈ ਸੰਘਰਸ਼ ਵੀ ਕਰਦੀ ਹੈ। ਇਸੇ ਸੰਘਰਸ਼ ਵਿੱਚੋਂ ਹੀ ਪਰਵਾਰਕ ਅਤੇ ਸਮਾਜਿਕ ਭੱਜ-ਟੁੱਟ ਨਿਕਲਦੀ ਹੈ, ਜਿਸ ਨੂੰ ਵਿਪਨ ਨੇ ਆਪਣੀ ਕਹਾਣੀ ਲਿਖਣ ਲਈ ਆਧਾਰ ਬਣਾਇਆ ਹੈ। ਉਂਜ ਇਹ ਯਤਨ ਪਹਿਲੀ ਵਾਰੀ ਨਹੀਂ ਹੋਇਆ। ਸੁੰਦਰੀ ਅਤੇ ਚਿੱਟਾ ਲਹੂ ਦੀ ਸੁੰਦਰੀ, ਪਿੰਜਰ ਦੀ ਪੂਰੋ, ਗੁਲਬਾਨੋ, ਭਾਨੀ, ਪਰੇਮ ਪ੍ਰਕਾਸ਼ ਦੀਆਂ ਨਾਇਕਾਵਾਂ, ਵੀਨਾ ਵਰਮਾ ਦੀਆਂ ਪਾਤਰਾਂ ਜਾਂ ਅਜਿਹੇ ਹੋਰ ਕਈ ਨਾਂਅ ਹਨ, ਜੋ ਅਜਿਹਾ ਬਿਰਤਾਂਤ ਭੂਤਕਾਲ ਵਿੱਚ ਸਿਰਜਦੀਆਂ ਰਹੀਆਂ ਹਨ, ਪਰ ਸਾਡੀ ਵਰਤਮਾਨ ਪੀੜ੍ਹੀ ਦੇ ਕਹਾਣੀਕਾਰ ਇਸ ਸਾਰੇ ਨੂੰ ਖੁੱਲ੍ਹ ਕੇ ਲਿਖ ਰਹੇ ਹਨ। ਅੱਜ ਤੋਂ ਦੋ ਦਹਾਕੇ ਪਹਿਲਾਂ ਜਦੋਂ ਜਤਿੰਦਰ ਹਾਂਸ ਦੀ ਕਹਾਣੀ 'ਪਾਵੇ ਨਾਲ ਬੰਨ੍ਹਿਆ ਹੋਇਆ ਕਾਲ' ਆਈ ਸੀ ਤਾਂ ਉਦੋਂ ਵੀ ਪੰਜਾਬੀ ਪਾਠਕਾਂ ਨੂੰ ਅਜਿਹਾ ਹੀ ਝਟਕਾ ਲੱਗਦਾ ਹੈ, ਕਿਉਂ ਜੋ ਪਾਠਕਾਂ ਦੀ ਸਮਝ ਜਦੋਂ ਇੱਕ ਖਾਸ ਬਿਰਤਾਂਤ ਨੂੰ ਪੜ੍ਹਦਿਆਂ-ਪੜ੍ਹਦਿਆਂ ਘਾਸੇ ਪੈ ਜਾਵੇ ਤਾਂ ਨਵੀਂ ਕਿਸਮ ਦਾ ਬਿਰਤਾਂਤ ਹਜ਼ਮ ਕਰਨ ਲਈ ਉਸ ਨੂੰ ਥੋੜ੍ਹਾ ਅਟਪਟਾ ਲੱਗਦਾ ਹੈ। ਵਿਪਨ ਦੀਆਂ ਕਹਾਣੀਆਂ ਵੀ ਪਾਠਕਾਂ ਨੂੰ ਅਜਿਹੀ ਦਸ਼ਾ ਵਿੱਚ ਹੀ ਲੈ ਕੇ ਜਾਣਗੀਆਂ।

ਇਸ ਸੰਗ੍ਰਹਿ ਵਿੱਚ ਉਸ ਨੇ ਗਿਆਰਾਂ ਕਹਾਣੀਆਂ ਸ਼ਾਮਲ ਕੀਤੀਆਂ ਹਨ ਅਤੇ ਗੁਰਮੀਤ ਕੜਿਆਲਵੀ ਦੀ ਇਨ੍ਹਾਂ ਕਹਾਣੀਆਂ ਬਾਰੇ ਸੰਖੇਪ ਟਿੱਪਣੀਆਂ ਵਾਲੀ ਭੂਮਿਕਾ ਵੀ ਹੈ। ਇਸ ਕਿਤਾਬ ਦੀਆਂ ਪਹਿਲੀਆਂ ਪੰਜ ਕਹਾਣੀਆਂ ਪੰਜਾਬੀ ਕਹਾਣੀ ਦੇ ਸਮਕਾਲੀ ਬਿਰਤਾਂਤ ਸ਼ਾਸਤਰ ਅਨੁਸਾਰ ਸਿਰਜੀਆਂ ਗਈਆਂ ਹਨ, ਜਦ ਕਿ ਇਸ ਤੋਂ ਅਗਲੀਆਂ ਛੇ ਕਹਾਣੀਆਂ ਇਕਹਿਰੀ ਬਣਤਰ ਵਾਲੀਆਂ ਕਹਾਣੀਆਂ ਸਰਲ ਅਤੇ ਸਪਾਟ ਬਿਰਤਾਂਤ ਵਿਧੀ ਨਾਲ ਉਸਾਰੀਆਂ ਗਈਆਂ ਹਨ। 'ਮੱਛਲੀ ਜਲ ਕੀ ਰਾਣੀ ਹੈ' ਵਿੱਚ ਮੈਂ ਪਾਤਰ ਦੀ ਸਥਿਤੀ ਅਕਵੇਰੀਆ ਵਿੱਚ ਬੰਦ ਕੀਤੀ ਸੁਨਹਿਰੀ ਵਰਗੀ ਹੈ ਸੰਨੀ ਦੀ ਮਾਂ ਨੇ ਜਿਵੇਂ ਉਹ ਸੁਨਹਿਰੀ ਉਸ ਨੂੰ ਤੋਹਫੇ ਵਜੋਂ ਦਿੱਤੀ ਸੀ, ਉਸ ਦੀ ਤਰ੍ਹਾਂ 'ਮੈਂ' ਵੀ ਸੰਨੀ ਨੂੰ ਮਾਂ ਵੱਲੋਂ ਦਿੱਤਾ ਗਿਆ ਤੋਹਫਾ ਹੀ ਹੈ। 'ਮੈਂ' ਦੀ ਘਰ ਦੀ ਮੰਦੀ ਆਰਥਿਕ ਸਥਿਤੀ ਉਸ ਦੇ ਸੁਭਾਅ ਵਿੱਚ ਇੱਕ ਵੱਡੇ ਘਰ ਦੀ ਮਾਲਕਣ ਬਣਨ ਦੀ ਇੱਛਾ ਪਾਲ ਦਿੰਦੀ ਹੈ, ਜੋ ਉਸ ਨੂੰ ਆਪਣੀ ਮੁਹੱਬਤ ਸੁਖਜੀਤ ਨੂੰ ਤਿਆਗ ਕੇ 'ਸੁਨਹਿਰੀ' ਵਰਗੀ ਜ਼ਿੰਦਗੀ ਜਿਊਣ ਦੇ ਰਾਹ ਤੋਰਦੀ ਹੈ। ਸੰਨੀ ਦਾ ਮਰਦ ਵਾਂਗ ਵਿਕਾਸ ਨਾ ਹੋਣਾ, ਸਹੁਰੇ ਵੱਲੋਂ ਜ਼ਬਰਦਸਤੀ ਸਰੀਰਕ ਸੰਬੰਧ ਕਾਇਮ ਕਰਕੇ ਘਰ ਦਾ ਚਿਰਾਗ ਪੈਦਾ ਕਰਨਾ, ਮੈਂ ਪਾਤਰ ਦਾ ਦੁਬਾਰਾ ਪਰੇਮੀ ਸੁਖਜੀਤ ਨਾਲ ਜੁੜਨਾ ਆਦਿ ਇਸ ਕਹਾਣੀ ਦੇ ਗੁੰਝਲਦਾਰ ਬਿਰਤਾਂਤ ਦਾ ਹਿੱਸਾ ਬਣਦੇ ਹਨ। 'ਅਣਕਹੀ ਪੀੜ' ਵਿੱਚ ਮੈਂ ਪਾਤਰ ਮਰਦ ਹੈ, ਪਰ ਉਹ ਸ਼ੈਲੀ ਦੇ ਮਾਂ-ਬਾਪ ਅਤੇ ਆਪਣੀ ਮਾਂ ਅਤੇ ਬਾਪ ਰਾਹੀਂ ਪਿਤਰਕੀ ਸੱਤਾ, ਪ੍ਰਬੰਧ ਵਿੱਚੋਂ ਉਪਜੇ ਦੁਖਾਂਤ ਨੂੰ ਬਿਆਨ ਕਰਦਾ ਅਤੇ ਭੋਗਦਾ ਹੈ। 'ਚਾਬੀਆਂ ਦਾ ਗੁੱਛਾ' 'ਚ ਇਹ ਮੈਂ ਫਿਰ ਚੰਚਲ ਦੇ ਰਵੱਈਏ ਅਤੇ ਬੇਵਫਾਈ ਤੋਂ ਦੁਖੀ ਹੈ। ਇਸੇ ਤਰ੍ਹਾਂ ਮੀਰਾ ਦੇ ਘੁੰਗਰੂ ਵੀ। ਪਰ ਇਸ ਸੰਗ੍ਰਹਿ ਦੀ ਜ਼ਿਕਰਯੋਗ ਕਹਾਣੀ ਹੈ 'ਜਿੰਨ ਮਾਰਨਾ ਕਿਤੇ ਸੌਖਾ' ਉਸ ਕਹਾਣੀ ਦੀ ਪਹਿਲੀ ਸਤਰ ਹੈ : 'ਮੈਂ ਵਡਭਾਗੀ ਮਾਰਿਆ ਖਾਵੰਦ ਹੱਥੀ ਜ਼ਹਿਰ ਪਿਆ ਕੇ'।

ਇਸ ਕਹਾਣੀ ਵਿੱਚ ਪਰਦੀਪ ਅਤੇ ਮਿੰਦਰ ਦੀ ਮੁੱਢਲੀ ਮੁਹੱਬਤ ਨੂੰ ਸਾਡਾ ਸਮਾਜਿਕ ਤਾਣਾ-ਬਾਣਾ ਉਸ ਰੂਪ ਵਿੱਚ ਸਵੀਕਾਰ ਕਰਨ ਲਈ ਤਿਆਰ ਨਹੀਂ, ਜਿਸ ਰੂਪ ਵਿੱਚ ਇਹ ਵਿਚਰ ਰਹੇ ਸਨ। ਪੜ੍ਹਾਈ ਕਰਦਿਆਂ ਹੀ ਵਿਆਹ ਦੀ ਚਿੰਤਾ ਆਮ ਵਰਤਾਰਾ ਹੈ ਅਤੇ ਪਰਦੀਪ ਨਾਲ ਵੀ ਅਜਿਹਾ ਹੀ ਵਾਪਰਦਾ ਹੈ। ਪਰੀਆਂ ਵਰਗੀ ਪਰਦੀਪ ਆਪਣਾ ਜੀਵਨ ਸਾਥੀ ਕੋਈ ਰਾਜ ਕੁਮਾਰ ਭਾਲਦੀ ਸੀ, ਪਰ ਪੱਲੇ ਪਏ ਦੈਂਤ ਨੂੰ ਝੱਲਦੀ-ਲੜਦੀ ਹੋਈ ਜ਼ਿੰਦਗੀ ਦਾ ਨਰਕ ਭੋਗਣ ਲਈ ਮਜਬੂਰ ਹੁੰਦੀ ਹੈ। ਪਹਿਲਾਂ ਆਪ ਮਰਨ ਦੀ ਵਿਉਂਤ ਬਣਾਉਂਦੀ ਹੈ, ਪਰ ਫਿਰ ਉਸ ਦੈਂਤ ਦਾ ਹੀ ਖਾਤਮਾ ਕਰ ਦਿੰਦੀ ਹੈ। ਇਸੇ ਤਰ੍ਹਾਂ ਹੀ ਅਗਲੀਆਂ ਛੇ ਕਹਾਣੀਆਂ ਵਿੱਚ ਵੀ ਮਰਦ-ਔਰਤ ਦੇ ਅਸਹਿਜ ਰਿਸ਼ਤਿਆਂ ਦਾ ਹੀ ਜ਼ਿਕਰ ਹੈ। ਸਾਰਿਆਂ ਵਿੱਚ ਹੀ ਕਿਤੇ ਨਾ ਕਿਤੇ ਉਲਝਣਾਂ ਪਈਆਂ ਹੋਈਆਂ ਹਨ। ਵਿਪਨ ਇਹਨਾਂ ਉਲਝਣਾਂ ਨੂੰ ਪੇਸ਼ ਕਰਦੀ ਹੈ। ਪਾਠਕ ਨੂੰ ਕਿਤੇ-ਕਿਤੇ ਇਹ ਵੀ ਲੱਗ ਸਕਦਾ ਹੈ ਕਿ ਜ਼ਿੰਦਗੀ ਵਿਚਲੇ ਇਹ ਸਾਰੇ ਰਿਸ਼ਤੇ ਇਵੇਂ ਹੀ ਅਸਹਿਜ ਹਨ ਜਾਂ ਵਿਪਨ ਮਰਦ ਪ੍ਰਤੀ ਇੱਕ ਅਜਿਹੀ ਸੋਚ ਸਿਰਜਣ ਦਾ ਯਤਨ ਕਰ ਰਹੀ ਹੈ, ਜਿਸ ਨਾਲ ਇਹ ਪ੍ਰਭਾਵ ਬਣਦਾ ਹੈ ਕਿ ਮਰਦ ਸਾਰੇ ਹੀ ਦੈਂਤ ਹਨ। ਕੋਈ ਵਿਰਲਾ-ਟਾਂਵਾਂ ਹੀ ਸੁਖਜੀਤ ਵਰਗਾ ਰਾਜ ਕੁਮਾਰ ਹੈ, ਜੋ ਪਰੀ ਦਾ ਸਹਾਰਾ ਵੀ ਬਣਦਾ ਹੈ ਅਤੇ ਦੈਂਤ ਦੇ ਜਬਾੜ੍ਹਿਆਂ ਵਿੱਚੋਂ ਔਰਤ ਨੂੰ ਆਜ਼ਾਦ ਕਰਾਉਣ ਲਈ ਪ੍ਰੇਰਨਾ ਵੀ ਬਣਦਾ ਹੈ ਅਤੇ ਸਹਾਈ ਵੀ ਹੁੰਦਾ ਹੈ। ਉਂਜ ਇਹ ਕਹਾਣੀਆਂ ਔਰਤ ਦੇ ਅੰਤਰੀਵ ਬੈਠੀਆਂ ਖਾਹਿਸ਼ਾਂ ਨੂੰ ਫੜਨ ਦੀ ਕਿਤੇ-ਕਿਤੇ ਕਾਮਯਾਬ ਕੋਸ਼ਿਸ਼ ਕਰਦੀਆਂ ਵੀ ਲੱਗਦੀਆਂ ਹਨ।

## 22ਵੀਂ ਸਦੀ

(ਗਲਪ)
ਰਾਹੁਲ ਸਾਂਕਰਾਤਿਆਇਨ
(ਅਨੁਵਾਦ : ਡਾ. ਸੁਮੀਤ ਸ਼ਮੀ)
ਪੰਨੇ : 144, ਮੁੱਲ : 150 ਰੁਪਏ
ਰੈੱਡ ਕਲਿਪ, ਬਠਿੰਡਾ

ਜਿਵੇਂ ਕਿ ਸਿਰਲੇਖ ਤੋਂ ਹੀ ਸਪੱਸ਼ਟ ਹੈ ਕਿ ਇਹ ਗਲਪ ਰਚਨਾ 22ਵੀਂ ਸਦੀ ਵਿੱਚ ਸਮਾਜ ਪ੍ਰਬੰਧ ਦੀ ਤਸਵੀਰ ਕਿਹੋ ਜਿਹੀ ਹੋਵੇ ਜਾਂ ਕਿਹੋ ਜਿਹੀ ਹੋਣੀ ਚਾਹੀਦੀ ਹੈ, ਦਾ ਇੱਕ ਖਾਕਾ ਪੇਸ਼ ਕਰਦੀ ਹੈ। ਇਹ ਪੁਸਤਕ ਪੜ੍ਹਦਿਆਂ ਹੋਰ ਕਈ ਕੁਝ ਦੇ ਨਾਲ-ਨਾਲ ਸਾਨੂੰ ਇਹ ਵੀ ਮਹਿਸੂਸ ਹੋਇਆ ਕਿ ਗੁਰੂ ਰਵੀਦਾਸ ਜੀ ਆਪਣੀ ਬਾਣੀ ਵਿੱਚ ਇੱਕ 'ਬੇਗਮਪੁਰਾ' ਸ਼ਹਿਰ ਦਾ ਸੰਕਲਪ ਪੇਸ਼ ਕਰਦੇ ਹਨ। ਗੁਰੂ ਰਵਿਦਾਸ ਵੱਲੋਂ ਸਾਢੇ ਛੇ ਸਦੀਆਂ ਤੋਂ ਪਹਿਲਾਂ ਇੱਕ ਅਜਿਹੇ ਸਮਾਜ ਦੀ ਕਲਪਨਾ ਕੀਤੀ ਗਈ ਸੀ, ਜਿਸ ਵਿੱਚ ਸਮਾਜਕ ਬਰਾਬਰੀ ਹੋਵੇ, ਆਰਥਿਕ ਵਖਰੇਵੇਂ ਨਾ ਹੋਣ, ਲੁੱਟ-ਤੰਤਰ ਦਾ ਖਾਤਮਾ ਹੋਵੇ ਅਤੇ ਹਰ ਮਾਨਵ ਨੂੰ ਜ਼ਿੰਦਗੀ ਜਿਊਣ ਦਾ ਪੂਰਨ ਅਧਿਕਾਰ ਹੋਵੇ। ਗੁਰੂ ਰਵਿਦਾਸ ਜੀ ਦੇ ਨਾਮਲੇਵਾ ਲੋਕ ਅਤੇ ਦੂਜੇ ਲੋਕ ਵੀ ਇਹ ਮਹਿਸੂਸ ਕਰਦੇ ਹਨ ਕਿ ਇਸ ਪਾਸੇ ਕਿਸੇ ਵੀ ਸੰਸਥਾ, ਵਿਅਕਤੀ, ਰਾਜ ਆਦਿ ਨੇ ਗੰਭੀਰਤਾ ਨਹੀਂ ਦਿਖਾਈ, ਜਿਸ ਕਾਰਨ 'ਬੇਗਮਪੁਰੇ' ਦਾ ਕੇਵਲ ਅੱਜ ਵੀ ਸਾਡੇ ਕੋਲ ਇੱਕ ਸੰਕਲਪ ਮਾਤਰ ਹੀ ਰਹਿ ਗਿਆ ਹੈ। ਗੁਰੂ ਨਾਨਕ ਜੀ ਨੇ ਭਾਵੇਂ ਇਸ ਪਾਸੇ ਗੱਲ ਨੂੰ ਥੋੜ੍ਹਾ ਅੱਗੇ ਤੋਰਨ ਦਾ ਯਤਨ ਆਰੰਭਿਆ ਸੀ, ਪਰ ਅੱਜ ਗੁਰੂ ਨਾਨਕ ਦੇ ਨਾਮ-ਲੇਵਾ ਕਹਾਉਣ ਵਾਲੇ ਲੋਕਾਂ ਨੇ ਹੀ ਗੁਰੂ ਨਾਨਕ ਅਤੇ ਗੁਰੂ ਰਵਿਦਾਸ ਦੇ ਇਸ ਸੰਕਲਪ ਨੂੰ ਜਿੰਨਾ ਰੋਲਿਆ ਹੈ, ਸ਼ਾਇਦ ਉਹੀ ਕਾਰਨ ਹੈ ਕਿ ਅੱਜ ਅਸੀਂ ਕਿਸੇ ਕੀਰਤਨ ਸਮਾਗਮ ਵਿੱਚ ਹੀ ਇਸ ਸੰਕਲਪ ਵਾਲੇ ਸ਼ਬਦ ਨੂੰ ਸਰਵਣ ਕਰਕੇ ਸੰਤੁਸ਼ਟ ਹੋ ਰਹੇ ਹਾਂ, ਜ਼ਮੀਨੀ ਹਕੀਕਤ ਇਹ ਹੈ ਕਿ ਇਸ ਬਾਰੇ ਸਾਡੇ ਰਾਜਨੀਤਕ, ਸਮਾਜਿਕ, ਆਰਥਿਕ ਜਾਂ ਹੋਰ ਪੱਧਰ ਦੇ ਪ੍ਰਬੰਧਾਂ ਵਿੱਚੋਂ ਇਹ ਸੰਕਲਪ ਹੀ ਗਾਇਬ ਹੋ ਚੁੱਕਾ ਹੈ।



ਰਾਹੁਲ ਸਾਂਕਰਾਤਾਇਨ ਵਿਦਵਤਾ ਭਰਪੂਰ ਸ਼ਖ਼ਸੀਅਤ ਸੀ। ਉਸ ਨੇ ਇਹ ਰਚਨਾ 1924 ਵਿੱਚ ਗਲਪ ਵਿਧੀ ਵਿੱਚ ਲਿਖੀ, ਜਿਸ ਵਿੱਚ ਉਹ ਗੱਲ ਕਰ ਰਿਹਾ ਹੈ 2124 ਵਿੱਚ ਵਿਕਸਤ ਹੋਣ ਵਾਲੇ ਪ੍ਰਬੰਧ ਬਾਰੇ। ਕਾਮਰੇਡ ਜਗਰੂਪ ਇਸ ਅਨੁਵਾਦ ਦੀ ਭੂਮਿਕਾ ਵਿੱਚ ਇਸ ਖਿਆਲ ਨੂੰ ਚੇਤਨ ਵਿਰੋਧ ਵਿਕਾਸ ਦੀ ਖਿਆਲ ਉਡਾਰੀ ਕਹਿ ਕੇ ਇਸ ਨੂੰ ਮਾਰਕਸੀ ਫਲਸਫੇ ਨਾਲ ਜੋੜਨ ਦਾ ਯਤਨ ਕਰਦਾ ਹੈ। ਇਸ ਪੁਸਤਕ ਦੀ ਖਾਸੀਅਤ ਇਹ ਹੈ ਕਿ ਵਰਤਮਾਨ ਤੋਂ ਲੱਗਭੱਗ ਇੱਕ ਸਦੀ ਪਹਿਲਾਂ ਇਹ ਲਿਖੀ ਗਈ ਅਤੇ ਇਸ ਵਿੱਚ ਉਸ ਦ੍ਰਿਸ਼ ਨੂੰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ, ਜੋ ਅਜੇ ਇੱਕ ਸਦੀ ਬਾਅਦ ਵਾਪਰਨਾ ਹੈ। ਮੌਜੂਦਾ ਪਾਠਕ ਲਈ ਲੇਖਕ ਦੀ ਖਿਆਲ ਉਡਾਰੀ ਅਤੇ ਸਵੈ-ਸਮਝਦਾਰੀ ਨੂੰ ਘੋਖਣ/ਹਾੜਨ ਦਾ ਵੀ ਇੱਕ ਮੌਕਾ ਬਣਦਾ ਹੈ। ਕਿਤਾਬ ਲਿਖਣ ਤੋਂ ਅੱਜ ਅਸੀਂ ਇੱਕ ਸਦੀ ਬਾਅਦ ਇਸ ਨੂੰ ਘੋਖਣਾ ਵੀ ਹੈ ਅਤੇ ਆਉਣ ਵਾਲੀ ਇੱਕ ਸਦੀ ਨੂੰ ਵਾਪਰਨ ਵਾਲੇ ਵਰਤਾਰੇ ਦਾ ਅੰਦਾਜ਼ਾ ਵੀ ਲਾਉਣਾ ਹੈ। ਇਸੇ ਕਰਕੇ ਹੀ ਇਹ ਕਿਤਾਬ ਵਿਸ਼ੇਸ਼ ਵੀ ਹੈ ਅਤੇ ਰੌਚਿਕ ਵੀ ਬਣ ਜਾਂਦੀ ਹੈ।

ਇਸ ਪੁਸਤਕ ਦੇ 16 ਕਾਂਡ ਹਨ, ਜਿਨ੍ਹਾਂ ਨੂੰ ਵੱਖ-ਵੱਖ ਨਾਮਾਂ ਨਾਲ ਇੱਕ-ਦੂਜੇ ਤੋਂ ਵੱਖਰੇ ਕਰਨ ਦਾ ਯਤਨ ਹੋਇਆ ਹੈ। ਸੇਬਗ੍ਰਾਮ ਦਾ ਬਾਗ ਨਾਲ 22ਵੀਂ ਸਦੀ ਦੀ ਭਵਿੱਖਬਾਣੀ ਆਰੰਭ ਹੁੰਦੀ ਹੈ। ਉਸ ਪਿੰਡ/ਬਸਤੀ ਵਿੱਚ ਪ੍ਰਵੇਸ਼ ਕਰਦਿਆਂ ਹੀ ਕੁਝ ਇੱਕ ਗੱਲਾਂ ਪ੍ਰਭਾਵਤ ਵੀ ਕਰਦੀਆਂ ਹਨ ਅਤੇ ਰਚਨਾ ਪਾਠ ਨੂੰ ਅੱਗੇ ਪੜ੍ਹਨ ਲਈ ਉਤਸੁਕਤਾ ਵੀ ਪੈਦਾ ਕਰਦੀਆਂ ਹਨ। ਜ਼ਿੰਦਗੀ ਵਿਚਲਾ ਅਨੁਸ਼ਾਸਨ ਅਜਿਹਾ ਹੈ ਕਿ ਪੂਰੀ ਲੋਕਾਈ (ਸੇਬਗ੍ਰਾਮ ਵਾਸੀਆਂ) ਦਾ ਜ਼ਿੰਦਗੀ ਪ੍ਰਤੀ ਇੱਕ ਸਾਂਝਾ ਟਾਈਮ ਟੇਬਲ ਹੈ। ਹਰ ਨੇ ਕੰਮ ਕਰਨਾ ਹੈ ਬਿਨਾਂ ਕਿਸੇ ਲਿੰਗ, ਆਰਥਿਕ, ਸਮਾਜਿਕ ਵਖਰਵੇਂ ਦੇ, ਜਾਗਣ, ਖਾਣ, ਸੌਣ ਦਾ ਸਮਾਂ ਨਿਸ਼ਚਿਤ ਹੈ, ਉਸ ਤੋਂ ਰਤੀ ਭਰ ਵੀ ਇਧਰ-ਉਧਰ ਨਹੀਂ ਹੋਇਆ ਜਾ ਸਕਦਾ। ਅਗਲੇ ਇੱਕ ਕਾਂਡ ਵਿੱਚ ਵੀਹਵੀਂ ਸਦੀ ਨਾਲੋਂ 22ਵੀਂ ਸਦੀ ਵਿੱਚ ਹੋ ਚੁੱਕੀ ਤਬਦੀਲੀ ਦਾ ਟਾਕਰਾ ਕੀਤਾ ਗਿਆ ਹੈ, ਜਿੱਥੇ ਪਹੁੰਚਿਆਂ ਸਮਾਜ ਪ੍ਰਬੰਧ ਵਿੱਚ ਲਿੰਗ, ਆਰਥਿਕ, ਸਮਾਜਿਕ ਆਦਿ ਹਰ ਪੱਧਰ 'ਤੇ ਬਰਾਬਰੀ ਆ ਚੁੱਕੀ ਹੈ। ਰਵਾਇਤੀ ਕਿਸਮਦੇ ਧਰਮ ਅਤੇ ਉਸ ਨਾਲ ਜੁੜੀਆਂ ਮਾਨਤਾਵਾਂ ਕਿਤੇ ਵੀ ਨਜ਼ਰ ਨਹੀਂ ਆ ਰਹੀਆਂ। ਉਹਨਾਂ ਵਰਤਾਰਿਆਂ ਤੋਂ ਮਨੁੱਖ ਨੂੰ ਪੂਰਨ ਆਜ਼ਾਦੀ ਮਿਲ ਚੁੱਕੀ ਹੈ। ਰੇਲ ਗੱਡੀ ਵਿੱਚ ਵੀ ਬਰਾਬਰੀ ਵਾਲਾ ਇਹ ਵਰਤਾਰਾ ਦੇਖਿਆ ਜਾ ਸਕਦਾ ਹੈ। ਸਿੱਖਿਆ ਪ੍ਰਣਾਲੀ-ਆਂਗਣਵਾੜੀ/ਨਰਸਰੀ, ਮੁੱਢਲੀ ਕਲਾਸ, ਸੈਕੰਡਰੀ ਸਿੱਖਿਆ ਅਤੇ ਉੱਚ ਸਿੱਖਿਆ ਬਾਰੇ ਵੀ ਹਰ ਪੱਖੋਂ ਬਰਾਬਰੀ ਦਾ ਸੰਕਲਪ ਸੋਚਣ ਦਾ ਯਤਨ ਹੋਇਆ ਹੈ। ਸ਼ਾਸਨ-ਪ੍ਰਣਾਲੀ ਤਹਿਤ ਸਿੱਖਿਆ ਵਿਭਾਗ, ਸਿਹਤ ਵਿਭਾਗ, ਸ਼ਾਂਤੀ ਵਿਵਸਥਾ ਵਿਭਾਗ, ਆਰਥਿਕਤਾ ਵਿਭਾਗ, ਲੈਣ-ਦੇਣ ਅਤੇ ਪਰਿਵਰਤਨ ਵਿਭਾਗ, ਖੇਤੀਬਾੜੀ ਵਿਭਾਗ, ਸ਼ਿਲਪਕਾਰੀ ਵਿਭਾਗ, ਮਸ਼ੀਨੀ ਵਿਭਾਗ, ਘਰ ਨਿਰਮਾਣ ਆਦਿ ਵਿਭਾਗ, ਸੰਚਾਰ ਵਿਭਾਗ, ਵਾਹਨ ਅਤੇ ਜਹਾਜ਼ ਵਿਭਾਗ ਅਤੇ ਪ੍ਰਿੰਟਿੰਗ ਵਿਭਾਗ ਸਮੇਤ ਬਾਰਾਂ ਵਿਭਾਗਾਂ ਦਾ ਜ਼ਿਕਰ ਕੀਤਾ ਗਿਆ ਹੈ, ਜਿਨ੍ਹਾਂ ਦੇ ਸਹਾਰੇ ਆਮ ਲੋਕਾਂ ਨੂੰ ਚੰਗੀ ਜ਼ਿੰਦਗੀ ਜਿਊਣ ਦਾ ਹੀਲਾ-ਵਸੀਲਾ ਕਰਨ ਦਾ ਯਤਨ ਹੋ ਰਿਹਾ ਹੈ। ਪੂਰੀ ਕਿਤਾਬ ਹੀ ਭਾਰਤਦੀ ਪ੍ਰਾਚੀਨ ਯੂਨੀਵਰਸਿਟੀ 'ਨਾਲੰਦਾ ਯੂਨੀਵਰਸਿਟੀ' ਦੇ ਸਹਾਰੇ ਉਸਾਰੀ ਵੀ ਜਾਂਦੀ ਹੈ ਅਤੇ ਨਾਲੰਦਾ ਯੂਨੀਵਰਸਿਟੀ ਨੂੰ ਗਿਆਨ ਦੇ ਉਚੇਰੇ ਸੰਕਲਪ ਦੇ ਸੋਮੇ ਵਜੋਂ ਦੇਖਦਿਆਂ ਕਿਤਾਬ ਦਾ ਸਾਰਾ ਉਸਾਰ ਇਸੇ ਸੰਕਲਪ ਉਪਰ ਹੀ ਉਸਾਰਿਆ ਗਿਆ ਹੈ। ਨਿੱਜੀ ਸੰਪਤੀ ਤੇ ਪੈਸੇ ਦੀ ਹੋੜ ਵਰਗੇ ਸੰਕਲਪ ਖਤਮ ਹੋਣ ਨਾਲ ਇਸ ਨਾਲ ਜੁੜੀਆਂ ਸਮੱਸਿਆਵਾਂ/ਝਗੜੇ ਆਦਿ ਖਤਮ ਹੋ ਚੁੱਕੇ ਹਨ। ਇਸ ਦੀ ਥਾਂ ਪਿਆਰ-ਮੁਹੱਬਤ ਪਨਪ ਰਹੇ ਹਨ। ਇਹ ਅਤੇ ਅਜਿਹੇ ਹੋਰ ਭਵਿੱਖੀ ਸੁਪਨੇ ਇਸ ਕਿਤਾਬ ਵਿੱਚ ਉਸਾਰਨ ਦਾ ਯਤਨ ਹੋਇਆ ਹੈ।

ਕਾਮਰੇਡ ਜਗਰੂਪ ਨੇ ਜਿਸ ਨੂੰ ਚੇਤਨ ਵਿਰੋਧ ਵਿਕਾਸ ਦੀ ਖਿਆਲ ਉਡਾਰੀ ਕਿਹਾ ਹੈ। ਉਹ ਅਸਲ ਵਿੱਚ ਜੇ ਅਸੀਂ ਉਸ ਸਮੇਂ ਦੇ ਸਮਾਜ ਦੀ ਬਣਤਰ ਦੇਖੀਏ, ਜਿਸ ਸਮੇਂ ਇਹ ਕਿਤਾਬ ਲਿਖੀ ਜਾ ਰਹੀ ਸੀ ਤਾਂ ਦੇਖਾਂਗੇ ਕਿ ਵਸੋਂ ਦਾ ਬਹੁਤ ਵੱਡਾ ਭਾਗ ਖੇਤੀ ਕਿੱਤੇ ਨਾਲ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਜੁੜਿਆ ਹੋਇਆ ਸੀ। ਖੇਤੀ ਦਾ ਮਾਡਲ ਪਰਵਾਰਕ ਸੀ, ਖੇਤੀ ਧੰਦੇ ਵਿੱਚ ਪਰਵਾਰ ਦਾ ਹਰ ਜੀਅ ਆਪਣੇ ਵਿੱਤ ਅਨੁਸਾਰ ਆਪਣੇ-ਆਪ ਨੂੰ ਜੁੜਿਆ ਮਹਿਸੂਸ ਕਰਦਾ ਸੀ ਅਤੇ ਖੇਤੀ ਉਤਪਾਦਨ ਵਿੱਚ ਉਸ ਦੀ ਬਣਦੀ ਭੂਮਿਕਾ ਉਹ ਸਹਿਜੇ ਹੀ ਨਿਭਾਉਂਦਾ ਆ ਰਿਹਾ ਸੀ। ਇਹ ਮਾਡਲ ਲੱਗਭੱਗ ਹਰੇ ਇਨਕਲਾਬ ਵਾਲੀ ਤਬਦੀਲੀ ਤੱਕ ਜਾਰੀ ਰਿਹਾ, ਪਰ ਹਰੇ ਇਨਕਲਾਬ ਤੋਂ ਬਾਅਦ ਇਹ ਮਾਡਲ ਬਿੱਖਰਦਾ ਹੈ। ਫਸਲ ਅਤੇ ਖੇਤੀ ਕਾਰਜ ਵਿੱਚ ਪੈਸੇ (ਪੂੰਜੀ) ਦਾ ਸਿੱਧਾ ਦਖਲ ਆ ਜਾਂਦਾ ਹੈ। ਇਸ ਕਿਤਾਬ ਵਿਚਲੀ ਭਵਿੱਖੀ ਤਸਵੀਰ ਭਾਰਤ ਦੇ ਸਹਿਕਾਰਤਾ ਵਾਲੇ ਮਾਡਲ ਨਾਲ ਵੀ ਜੁੜਦੀ ਨਜ਼ਰ ਆਉਂਦੀ ਹੈ। ਭਾਵੇਂ ਪੰਜਾਬ ਸਮੇਤ ਬਹੁਤੇ ਸੂਬਿਆਂ ਵਿੱਚ ਇਹ ਸਹਿਕਾਰਤਾ ਮਾਡਲ ਪੂਰਨ ਰੂਪ ਵਿੱਚ ਕਾਮਯਾਬ ਨਹੀਂ ਹੋ ਸਕਿਆ, ਪਰ ਗੁਜਰਾਤ ਵਿੱਚ ਖਾਸ ਕਰਕੇ 'ਡੇਅਰੀ' ਖੇਤਰ ਵਿੱਚ ਇਸ ਨੇ ਬੇਮਿਸਾਲ ਕਾਮਯਾਬੀ ਹਾਸਲ ਕੀਤੀ ਹੈ। ਸੋ ਇਹ ਕਿਤਾਬ ਪੜ੍ਹਦਿਆਂ ਪਾਠਕ ਦੇ ਜ਼ਿਹਨ ਵਿੱਚ ਇਹ ਸਾਰਾ ਕੁਝ ਆਉਣ ਦੀ ਸੰਭਾਵਨਾ ਬਣੀ ਰਹਿੰਦੀ ਹੈ, ਪਰ ਕੀ ਰਾਹੁਲ ਦਾ ਇਹ 'ਬੇਗਮਪੁਰੇ' ਦਾ ਸੰਕਲਪ ਆਉਣ ਵਾਲੀ ਇੱਕ ਸਦੀ ਨੂੰ ਪੂਰਾ ਹੋਵੇਗਾ, ਇਹ ਸੁਆਲ ਭਵਿੱਖ ਦੇ ਗਰਭ ਵਿੱਚ ਹੈ।

# 'ਚੌਦ੍ਹਾਂ ਨੰਬਰ ਗੰਨ' ਤੇ 'ਗੱਡੀਆਂ ਵਾਲੀ' ਰਿਲੀਜ਼



**ਲੁਧਿਆਣਾ**-ਪੰਜਾਬੀ ਅਕਾਡਮੀ ਲੁਧਿਆਣਾ ਤੇ ਪੰਜਾਬੀ ਸੱਭਿਆਚਾਰਕ ਸੱਥ ਫਰੀਦਾਬਾਦ ਵੱਲੋਂ ਮਰਹੂਮ ਲੇਖਕ ਦਿਓਲ ਦੇ ਨਾਵਲਿਟਾਂ ਦੀ ਕਿਤਾਬ 'ਦੋ ਨਾਵਲਿਟ : 'ਚੌਦ੍ਹਾਂ ਨੰਬਰ ਗੰਨ', 'ਗੱਡੀਆਂ ਵਾਲੀ' ਇੱਥੋਂ ਦੇ ਪੰਜਾਬੀ ਭਵਨ 'ਚ ਰਿਲੀਜ਼ ਕੀਤੀ ਗਈ। ਇਸ ਕਿਤਾਬ ਬਾਰੇ ਡਾ. ਗੁਲਜ਼ਾਰ ਸਿੰਘ ਪੰਧੇਰ ਵੱਲੋਂ ਪਰਚਾ ਪੜ੍ਹਿਆ ਗਿਆ, ਜਿਸ ਵਿੱਚ ਉਨ੍ਹਾਂ ਦੋਨਾਂ ਨਾਵਲਿਟਾਂ ਦੀ ਲੇਖਣੀ ਬਾਰੇ ਗੰਭੀਰ ਟਿੱਪਣੀਆਂ ਕੀਤੀਆਂ। ਉਨ੍ਹਾ ਕਿਹਾ ਕਿ ਨਾਵਲਿਟਾਂ ਦੀ ਪਟਕਥਾ ਗੁੰਦਵੀਂ ਹੈ। ਡਾ. ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਦਿਓਲ ਵੱਖਰੀ ਇਤਿਹਾਸਕ ਚੇਤਨਾ ਤੇ ਕਾਵਿ ਸ਼ੈਲੀ ਵਾਲਾ ਕਵੀ ਸੀ। ਉਨ੍ਹਾਂ ਆਜ਼ਾਦੀ ਤੋਂ ਬਾਅਦ ਭਾਰਤੀ ਜਨ ਮਾਨਸ ਦੇ ਟੁੱਟ ਰਹੇ ਸੁਪਨਿਆਂ ਨੂੰ ਇਕ ਬਿਰਹਣੀ ਦੇ ਵਿਜੋਗ ਦੇ ਰੂਪਕ ਰਾਹੀਂ ਸਿਰਜਿਆ ਹੈ। ਉਨ੍ਹਾਂ ਭਾਰਤੀ ਮੱਧਵਰਗ ਦੀ ਉਦਾਸੀ, ਕੁੰਠਾ, ਇਕੱਲਤਾ ਨੂੰ ਇੱਕ ਵੇਸਵਾ ਤੇ ਸੱਤਾ ਦੇ ਇਸ਼ਾਰਿਆਂ 'ਤੇ ਜੀਂਦੇ ਮਨੁੱਖ ਦੇ ਬਿੰਬਾਂ 'ਚ ਢਾਲਿਆ ਹੈ।

ਡਾ. ਲਖਵਿੰਦਰ ਸਿੰਘ ਜੌਹਲ ਨੇ ਕਿਹਾ ਕਿ ਡਾ. ਪੰਧੇਰ ਨੇ ਫੌਜ ਦੀ ਘਟਨਾ ਨੂੰ 'ਚੌਦ੍ਹਾਂ ਨੰਬਰ ਗੰਨ' 'ਚ ਵੱਖਰੇ ਪ੍ਰਸੰਗ ਤੋਂ ਬਿਆਨਿਆ, ਜੋ ਅਪਰੇਸ਼ਨ ਬਲਿਊ ਸਟਾਰ ਦੌਰਾਨ ਛੇ ਘੰਟੇ ਦੀ ਘਟਨਾ ਦੁਆਲੇ ਘੁੰਮਦੀ ਹੈ। ਬਹਿਸ 'ਚ ਹਿੱਸਾ ਲੈਂਦਿਆਂ ਬੂਟਾ ਸਿੰਘ ਚੌਹਾਨ ਨੇ ਕਿਹਾ ਕਿ ਨਾਵਲਿਟਾਂ ਦੀ ਬਣਤਰ ਪ੍ਰਸੰਗਿਕਤਾ ਨੂੰ ਉਭਾਰਦੀ ਹੈ। ਬਲਵੰਤ ਸਿੰਘ ਰਾਮੂਵਾਲੀਆ ਨੇ ਲੇਖਕਾਂ ਨੂੰ ਸੱਤਾ 'ਚ ਆਏ ਵਿਕਾਰਾਂ ਖਿਲਾਫ ਡਟਣ ਦਾ ਸੱਦਾ ਦਿੱਤਾ। ਗੁਰਭਜਨ ਸਿੰਘ ਗਿੱਲ ਨੇ ਲੇਖਕ ਦੇ ਜੀਵਨ ਸਫਰ ਬਾਰੇ ਜ਼ਿਕਰ ਕੀਤਾ। ਇਸ ਮੌਕੇ ਸੱਥ ਦੇ ਚੇਅਰਮੈਨ ਮੰਗਲ ਸਿੰਘ ਔਜਲਾ, ਮਨਧੀਰ ਸਿੰਘ ਦਿਓਲ, ਰਾਜਦੀਪ ਸਿੰਘ ਤੂਰ, ਦਲਜੀਤ ਕੌਰ ਹਠੂਰ, ਗੁਰਿੰਦਰ ਸਿੰਘ ਕਲਸੀ, ਜਗਦੇਵ ਮਾਨ ਸੇਖਦੌਲਤ ਤੇ ਹੋਰ ਬੁੱਧੀਜੀਵੀਆਂ ਦੀ ਭਰਵੀਂ ਹਾਜ਼ਰੀ ਸੀ। ਮੰਚ ਸੰਚਾਲਨ ਪ੍ਰਭਜੋਤ ਸੋਹੀ ਨੇ ਬਾਖੂਬੀ ਕੀਤਾ।

# ਸੁੰਦਰ ਪਾਲ ਪ੍ਰੇਮੀ ਨਾਲ ਰੂ-ਬ-ਰੂ

**ਫਰੀਦਕੋਟ**-ਪੰਜਾਬੀ ਲੇਖਕ ਮੰਚ ਫਰੀਦਕੋਟ ਵੱਲੋਂ ਇਕ ਪ੍ਰਭਾਵਸ਼ਾਲੀ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦੌਰਾਨ ਪ੍ਰਸਿੱਧ ਸ਼ਾਇਰ ਸੁੰਦਰ ਪਾਲ ਪ੍ਰੇਮੀ ਨੂੰ ਪਾਠਕਾਂ ਤੇ ਲੇਖਕਾਂ ਦੇ ਰੂਬਰੂ ਕੀਤਾ ਗਿਆ। ਸਭ ਤੋਂ ਪਹਿਲੋਂ ਮੰਚ ਵੱਲੋਂ ਇੱਕ ਸ਼ੋਕ ਮਤੇ ਰਾਹੀਂ ਪੰਜਾਬੀ ਸਾਹਿਤ ਸਭਾ ਸਿਰਸਾ (ਹਰਿਆਣਾ) ਦੇ ਪ੍ਰਧਾਨ ਅਤੇ ਕੇਂਦਰੀ ਲੇਖਕ ਸਭਾ ਸੇਖੋਂ ਦੇ ਸਰਪ੍ਰਸਤ ਜੇ ਡੀ ਚੌਧਰੀ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਪ੍ਰਸਿੱਧ ਨਾਵਲਕਾਰ ਅਤੇ ਸਾਹਿਤਕਾਰ ਬਾਬੂ ਸਿੰਘ ਬਰਾੜ ਵੱਲੋਂ ਕੀਤੀ ਗਈ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਬਾਬੂ ਸਿੰਘ ਬਰਾੜ ਤੋਂ ਇਲਾਵਾ ਸੁੰਦਰ ਪਾਲ ਪ੍ਰੇਮੀ ਅਤੇ ਚਰਨਜੀਤ ਸਿੰਘ ਸੁਸ਼ੋਭਿਤ ਹੋਏ। ਮਨਜਿੰਦਰ ਸਿੰਘ ਗੋਲ੍ਹੀ ਨੇ ਸਭ ਆਏ ਹੋਏ ਮਹਿਮਾਨ ਸਾਹਿਤਕਾਰਾਂ ਨੂੰ ਜੀ ਆਇਆਂ ਨੂੰ ਆਖਦਿਆਂ ਸਮਾਗਮ ਦੀ ਰੂਪ-ਰੇਖਾ ਸੰਬੰਧੀ ਚਾਨਣਾ ਪਾਇਆ।



ਇਸ ਉਪਰੰਤ ਧਰਮ ਪਰਵਾਨਾ ਨੇ ਰੂ-ਬ-ਰੂ ਹੋਣ ਵਾਲੀ ਸ਼ਖਸੀਅਤ ਸੁੰਦਰ ਪਾਲ ਪ੍ਰੇਮੀ ਹੁਰਾਂ ਦੇ ਜੀਵਨ ਸਫਰ ਅਤੇ ਉਨ੍ਹਾਂ ਦੀ ਲੇਖਣੀ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਿਸ ਤਰ੍ਹਾਂ ਉਨ੍ਹਾਂ ਨੇ ਲੰਬੇ ਸਮੇਂ ਤੋਂ ਸਾਹਿਤਕ ਖੇਤਰ ਵਿੱਚ ਵੱਡਮੁੱਲਾ ਯੋਗਦਾਨ ਪਾਇਆ ਹੈ। ਇਸ ਮੌਕੇ ਉਨ੍ਹਾਂ ਦੱਸਿਆ ਕਿ ਬ੍ਰਿਜਿੰਦਰਾ ਕਾਲਜ ਪੜ੍ਹਦੇ ਸਮੇਂ ਹੀ ਉਨ੍ਹਾਂ ਨੂੰ ਸਾਹਿਤ ਦੀ ਚੇਟਕ ਲੱਗ ਗਈ ਸੀ। ਉਸ ਸਮੇਂ ਹੀ ਉਨ੍ਹਾਂ ਦੀਆਂ ਰਚਨਾਵਾਂ ਅਕਸਰ ਹੀ ਪ੍ਰਸਿੱਧ ਅਖਬਾਰਾਂ ਅਤੇ ਮੈਗਜ਼ੀਨਾਂ ਵਿੱਚ ਪ੍ਰਕਾਸ਼ਿਤ ਹੁੰਦੀਆਂ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਾਹਿਤ ਮਨੁੱਖ ਲਈ ਜਿੱਥੇ ਚੰਗਾ ਜੀਵਨ ਜਿਉਣ ਲਈ ਪ੍ਰੇਰਨਾਦਾਇਕ ਬਣਦਾ ਹੈ, ਉੱਥੇ ਹੀ ਸਾਹਿਤ ਸਮੁੱਚੇ ਸਮਾਜ ਨੂੰ ਨਰੋਆ ਤੇ ਸੁਚੱਜਾ ਬਣਾਉਣ ਵਿੱਚ ਸਹਾਈ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਉਹ ਹੁਣ ਤੱਕ ਵੀਹ ਕਿਤਾਬਾਂ ਪੰਜਾਬੀ ਸਾਹਿਤ ਜਗਤ ਦੀ ਝੋਲੀ ਵਿੱਚ ਪਾ ਚੁੱਕੇ ਹਨ, ਜਿਨ੍ਹਾਂ 'ਚੋਂ ਮਿੰਨੀ ਕਹਾਣੀ ਸੰਗ੍ਰਹਿ ਅਤੇ ਕਾਵਿ-ਸੰਗ੍ਰਹਿ ਸ਼ਾਮਲ ਹਨ। ਇਸ ਰੂ-ਬ-ਰੂ ਪਲਾਂ ਦੌਰਾਨ ਸੁੰਦਰ ਪਾਲ ਪ੍ਰੇਮੀ ਹੋਰਾਂ ਵੱਲੋਂ ਆਪਣੀਆਂ ਸ਼ਾਨਦਾਰ ਕਵਿਤਾਵਾਂ ਵੀ ਪੜ੍ਹੀਆਂ ਗਈਆਂ। ਧਰਮ ਪਰਵਾਨਾ ਨੇ ਕਵੀ ਦਰਬਾਰ ਦੀ ਸ਼ੁਰੂਆਤ ਕਰਵਾਉਂਦਿਆਂ ਸ਼ਾਇਰ ਬਲਵਿੰਦਰ ਸਿੰਘ ਫਿੱਡੇ ਅਤੇ ਵੱਖ-ਵੱਖ ਥਾਵਾਂ ਤੋਂ ਪਹੁੰਚੇ ਲੇਖਕਾਂ, ਸਾਹਿਤਕਾਰਾਂ ਤੇ ਕਵੀਆਂ ਨੇ ਆਪਣੀਆਂ ਮੌਲਿਕ ਲਿਖਤਾਂ ਦੀ ਖੂਬ ਪੇਸ਼ਕਾਰੀ ਕੀਤੀ।

-ਬੇਅੰਤ ਗਿੱਲ ਭਲੂਰ

# ਸਮਕਾਲ

## ਸ਼ਬਦ : ਜੁਲਾਈ-ਸਤੰਬਰ 2023




ਇਸ ਅੰਕ ਦੀ ਸੰਪਾਦਕੀ ਸੰਪਾਦਕ ਹੋਣ 'ਤੇ ਨਾ ਸ਼ੁਕਰੇ ਬਣਨ ਦੀ ਬਾਤ ਪਾਉਣ ਦੇ ਬਹਾਨੇ ਪੰਜਾਬੀ ਵਿੱਚ ਅੱਜ ਤੱਕ ਛਪਦੇ ਰਹੇ, ਬੰਦ ਹੋਏ, ਛਪ ਰਹੇ ਪਰਚਿਆਂ ਬਾਰੇ ਅਤੇ ਉਹਨਾਂ ਨਾਲ ਜੁੜੇ ਹੋਰ ਤੱਥਾਂ ਬਾਰੇ ਜਾਣਕਾਰੀ ਦਿੰਦੀ ਹੈ। ਇੰਟਰਵਿਊ ਸਿਰਲੇਖ ਹੇਠ ਜ਼ੁਬੈਰ ਅਹਿਮਦ ਨਾਲ ਖਾਲਿਦ ਫਰਹਾਦ ਧਾਲੀਵਾਲ ਵੱਲੋਂ ਕੀਤੀ ਮੁਲਾਕਾਤ ਹੈ, ਜਿਸ ਵਿੱਚ ਅਹਿਮਦ ਕਹਾਣੀ ਪਾਣ ਨੂੰ ਹੀ ਅਹਿਮ ਮੰਨਦਾ ਹੈ। ਗੁਰਤੇਜ ਕੋਹਾਰਵਾਲਾ ਅਜੋਕੀ ਪੰਜਾਬੀ ਗਜ਼ਲ ਦਾ ਮਹੱਤਵਪੂਰਨ ਹਸਤਾਖਰ ਹੈ, ਜਿਸ ਨਾਲ ਗੁਰਪ੍ਰੀਤ ਨੇ ਮੁਲਾਕਾਤ ਕਰਦਿਆਂ ਉਸ ਦੀ ਰਚਨਾ ਪ੍ਰਕਿਰਿਆ ਅਤੇ ਸਾਹਿਤਕਾਰ ਨਾਲ ਜੁੜੇ ਹੋਰ ਕਈ ਕੁਝ ਬਾਰੇ ਬੇਬਾਕ ਟਿੱਪਣੀਆਂ ਕੀਤੀਆਂ ਹਨ। ਸਮਰੇਸ਼ ਬਾਸੂ (ਬੰਗਾਲੀ) ਦੀ 'ਆਦਾਬ', ਪ੍ਰਿਯਵੰਦ (ਹਿੰਦੀ) ਦਾ ਬਿਲਕੁੱਲ ਨੰਗਾ, ਰਜਿੰਦਰ ਲਹਿਰੀਆ ਦੀ ਬੀਆਬਾਨ, ਉਮਾ ਸ਼ੰਕਰ ਚੌਧਰੀ ਦੀ ਇੱਕ ਨਕਸ਼ਾ ਇੱਕ ਸੁਪਨਾ ਤੇ ਕੁਝ ਤਿਤਲੀਆਂ ਹਿੰਦੀ ਕਹਾਣੀਆਂ ਹਨ। ਵੱਟਾ (ਤੌਕੀਰ ਚੁਗਤਾਈ) ਅਤੇ ਤਾਂ ਬੇਬੇ ਦਾ ਹੁਣ ਕੋਈ ਨਹੀਂ (ਰਵੀ ਸ਼ੇਰਗਿੱਲ) ਪੰਜਾਬੀ ਕਹਾਣੀਆਂ ਹਨ। ਵਾਹਿਦ ਅਤੇ ਅਜੈ ਤਨਵੀਰ ਦੀਆਂ ਗਜ਼ਲਾਂ ਦੇ ਨਾਲ-ਨਾਲ ਹਰਜੀਤ ਅਟਵਾਲ ਦੀਆਂ ਯਾਦਾਂ ਦੀ ਪਿਟਾਰੀ ਵੀ ਖੁੱਲ੍ਹਦੀ ਹੈ। ਜਿਸ ਵਿੱਚ ਸਾਥੀ ਲੁਧਿਆਣਵੀ, ਸ਼ਿਵ, ਗਿਆਨੀ ਦਰਸ਼ਨ ਸਿੰਘ ਅਤੇ ਹੋਰਾਂ ਦਾ ਜ਼ਿਕਰ ਹੈ।

ਪੰਨੇ : 138, ਮੁੱਲ : 50 ਰੁਪਏ, ਮੁੱਖ ਸੰਪਾਦਕ : ਹਰਜੀਤ ਅਟਵਾਲ, ਸੰਪਰਕ : 984 ਮਾਡਲ ਹਾਊਸ, ਜਲੰਧਰ-144003 (ਮੋ.) 98148-03254

## ਲੋਕ ਲਹਿਰ : ਜੁਲਾਈ 2023




ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦਾ ਇਹ ਮਾਸਿਕ ਬੁਲਾਰਾ ਪੰਜਾਬ ਦੇ ਇੱਕ ਮੰਤਰੀ 'ਤੇ ਲੱਗੇ ਨਾਬਾਲਗ ਨਾਲ ਜਿਨਸੀ ਸ਼ੋਸ਼ਣ ਦੇ ਇਲਜ਼ਾਮਾਂ ਤੋਂ ਬਾਅਦ ਵੀ ਉਸ ਦਾ ਮੰਤਰੀ ਬਣੇ ਰਹਿਣ 'ਤੇ ਤਿੱਖੇ ਸੁਆਲ ਖੜੇ ਕਰਦਾ ਹੈ। ਸਾਉਣ ਦੀਆਂ ਫਸਲਾਂ ਦੇ ਮੁੱਲ ਵਿੱਚ ਨਿਗੂਣਾ ਵਾਧਾ ਵੀ ਇਸ ਦਾ ਹਿੱਸਾ ਹੈ। ਮਨੀਪੁਰ ਬਾਰੇ ਪ੍ਰਧਾਨ ਮੰਤਰੀ ਦੀ ਚੁੱਪ ਦਾ ਜ਼ਿਕਰ ਵੀ ਹੈ। ਜਲੰਧਰ ਜ਼ਿਮਨੀ ਚੋਣ ਦੇ ਨਤੀਜੇ ਸਮੇਤ ਹੋਰ ਸਮਕਾਲੀ ਘਟਨਾਵਾਂ ਬਾਰੇ ਵੀ ਟਿੱਪਣੀਆਂ ਹਨ। ਨਕਸਲਬਾੜੀ ਲਹਿਰ ਅਤੇ ਹੋਰ ਜਾਣਕਾਰੀ ਬਾਰੇ ਲੇਖ ਵੀ ਹਨ।

ਪੰਨੇ : 34, ਮੁੱਲ : 20 ਰੁਪਏ, ਸੰਪਾਦਕ : ਲਹਿੰਬਰ ਸਿੰਘ ਤੱਗੜ, ਸੰਪਰਕ : ਬਾਬਾ ਕਰਮ ਸਿੰਘ ਚੀਮਾ ਭਵਨ, ਸੈਕਟਰ 30 ਬੀ, ਚੰਡੀਗੜ੍ਹ (ਮੋ.) 94651-05372

## ਸੁਰਖ ਲੀਹ : ਜੁਲਾਈ-ਅਗਸਤ 2023




ਮੁੱਖ ਪੰਨੇ ਦੇ ਅੰਦਰ-ਬਾਰ ਫਰਾਂਸ ਵਿਚਲੇ ਜਵਾਨੀ ਦੇ ਰੋਹ ਬਾਰੇ ਜ਼ਿਕਰ ਹੈ। ਭਾਜਪਾ ਵਿਰੋਧੀ ਗੱਠਜੋੜ, ਬਲਦਾ ਮਨੀਪੁਰ, ਬੁੱਧੀਜੀਵੀਆਂ ਨਾਲ ਖੜਦੇ ਲੋਕ, ਉੜੀਸਾ ਰੇਲ ਹਾਦਸਾ, ਦੇਸ਼ ਧਰੋਹ ਕਾਨੂੰਨ, ਠੇਕਾ ਮੁਲਾਜ਼ਮਾਂ, ਪੇਂਡੂ ਖੇਤ ਮਜ਼ਦੂਰਾਂ ਅਤੇ ਹੋਰ ਬਹੁਤ ਸਾਰੇ ਮਸਲਿਆਂ ਬਾਰੇ ਛੋਟੇ-ਵੱਡੇ ਲੇਖ ਪੇਸ਼ ਹਨ।

ਪੰਨੇ : 62, ਮੁੱਲ : 30 ਰੁਪਏ, ਸੰਪਾਦਕ : ਪਾਵੇਲ, ਸੰਪਰਕ : ਸੁਰਖ ਲੀਹ, ਨਕੱਈ ਵਾਲੀ ਪਹੀ, ਪੁੱਡਾ ਕਾਲੋਨੀ, ਰਾਮਪੁਰਾ ਫੂਲ-151103 (ਮੋ:) 94785-84295

## ਲਾਲ ਪਰਚਮ : ਜੁਲਾਈ 2023




ਸੰਪਾਦਕੀ ਸਮਕਾਲੀ ਫਿਰਕੂ-ਫਾਸ਼ੀ ਤਾਕਤਾਂ ਨੂੰ ਸਿਆਨਣ ਅਤੇ ਪਛਾੜਨ ਪ੍ਰਤੀ ਸੁਚੇਤ ਕਰਦੀ ਹੈ। ਸਰਕਾਰੀ ਇਸ਼ਤਿਹਾਰਾਂ ਰਾਹੀਂ ਮੀਡੀਆ ਦੀ ਆਵਾਜ਼ ਬੰਦ ਕਰਨ ਬਾਰੇ, ਗੁਰਬਾਣੀ ਪ੍ਰਸਾਰਨ ਬਾਰੇ, ਪਰਵਾਸੀ ਮਜ਼ਦੂਰਾਂ ਬਾਰੇ, ਕਰਨਾਟਕ ਚੋਣ ਨਤੀਜਿਆਂ ਬਾਰੇ, ਮਨੀਪੁਰ ਬਾਰੇ ਤੇ ਅਜਿਹੇ ਹੋਰ ਸਮਕਾਲੀ ਮਸਲਿਆਂ ਬਾਰੇ ਜਾਣਕਾਰੀ ਦਿੰਦੇ ਲੇਖ ਅਤੇ ਟਿੱਪਣੀਆਂ ਹਨ।

ਪੰਨੇ : 50, ਮੁੱਲ : 30 ਰੁਪਏ, ਸੰਪਾਦਕ : ਮੁਖਤਿਆਰ ਪੂਹਲਾ, ਸੰਪਰਕ : ਲਾਲ ਪਰਚਮ, ਪੋਸਟ ਬਾਕਸ ਨੰ: 27, ਰਾਮਪੁਰਾ ਫੂਲ-151103 (ਮੋ:) 99883-83608

## ਲੋਹਮਣੀ : ਜੁਲਾਈ-ਸਤੰਬਰ 2023




ਇਸ ਅੰਕ ਦੀ ਸੰਪਾਦਕੀ ਔਰਤਾਂ ਪ੍ਰਤੀ ਤਾਨਾਸ਼ਾਹੀ ਦੀ ਗੱਲ ਕਰਦੀ ਹੈ। ਬਾਬਾ ਨਜਮੀ ਵੀ ਹਾਜ਼ਰ ਹੈ। ਹਰਮੇਸ਼ ਮਾਲੜੀ, ਮੋਪਾਂਸਾ, ਦਨੇਸ਼ ਧਾਲੀਵਾਲ ਅਤੇ ਹੋਰਾਂ ਦੀਆਂ ਕਹਾਣੀਆਂ ਹਨ। ਕਾਵਿਕਾਰੀ ਵਿੱਚ ਦਰਸ਼ਨ ਗਿੱਲ, ਜਸਵੰਤ ਗਿੱਲ, ਸਰਦੂਲ ਲੱਖਾ, ਮਹਿੰਦਰ ਸਾਥੀ, ਤ੍ਰੈਲੋਚਨ ਲੋਚੀ, ਨਵਰਾਹੀ ਘੁਗਿਆਣਵੀ ਅਤੇ ਹੋਰਾਂ ਦੀ ਵੀ ਹਾਜ਼ਰੀ ਹੈ।

ਪੰਨੇ : 72, ਮੁੱਲ : 30 ਰੁਪਏ, ਮੁੱਖ ਸੰਪਾਦਕ : ਪ੍ਰੋ. ਨਿਰਮਲਜੀਤ ਕੌਰ ਸਿੱਧੂ, ਸੰਪਰਕ : ਮਕਾਨ ਨੰ: 2027, ਅੰਮ੍ਰਿਤਸਰ ਰੋਡ, ਮੋਗਾ (ਮੋ:) 99881-39401

*- ਹਰਜਿੰਦਰ ਅਟਵਾਲ (ਡਾ.)*

# 'ਦੁੱਧ ਦੀ ਲਾਜ' 'ਤੇ ਵਿਚਾਰ-ਚਰਚਾ



**ਅੰਮ੍ਰਿਤਸਰ**-ਜਨਵਾਦੀ ਲੇਖਕ ਸੰਘ ਅਤੇ ਅੰਮ੍ਰਿਤਸਰ ਸਰਹੱਦੀ ਸਾਹਿਤ ਸਭਾ ਵੱਲੋਂ ਅਰੰਭੀ "ਪੁਸਤਕ ਪਾਠਕਾਂ ਦੀ ਨਜ਼ਰ" ਵਿਸ਼ੇ ਤਹਿਤ ਨਾਵਲਕਾਰ ਵਜ਼ੀਰ ਸਿੰਘ ਰੰਧਾਵਾ ਦੇ ਬਹੁ-ਚਰਚਿਤ ਨਾਵਲ 'ਦੁੱਧ ਦੀ ਲਾਜ' 'ਤੇ ਵਿਚਾਰ-ਚਰਚਾ ਕਰਵਾਈ ਗਈ।

ਸਮਾਗਮ ਦੇ ਕਨਵੀਨਰ ਦੀਪ ਦੇਵਿੰਦਰ ਸਿੰਘ ਨੇ ਆਏ ਸਾਹਿਤਕਾਰਾਂ ਦਾ ਸਵਾਗਤ ਕੀਤਾ ਅਤੇ ਪਿਛਲੇ ਦਿਨੀਂ ਮਨੀਪੁਰ ਵਿੱਚ ਵਾਪਰੀ ਘਟਨਾ ਦੀ ਨਿੰਦਾ ਕਰਦਿਆਂ ਕਿਹਾ ਕਿ ਗੁਰੂਆਂ, ਪੀਰਾਂ-ਫਕੀਰਾਂ ਅਤੇ ਰਿਸ਼ੀਆਂ-ਮੁਨੀਆਂ ਨੇ ਜਿਸ ਭਾਰਤ ਵਰਸ਼ ਵਿਚ ਔਰਤ ਨੂੰ ਪੂਜਣਯੋਗ ਸਥਾਨ ਦੇ ਕੇ ਸਤਿਕਾਰਿਆ ਹੈ, ਉੱਥੇ ਔਰਤਾਂ ਨੂੰ ਇੰਝ ਨਿਰਵਸਤਰ ਕਰਨਾ ਸਮੁੱਚੀ ਮਨੁੱਖਤਾ ਲਈ ਸ਼ਰਮਸਾਰ ਕਰਨ ਵਾਲੀ ਘਟਨਾ ਦੀ ਲੇਖਕ ਭਾਈਚਾਰਾ ਨਿਖੇਧੀ ਕਰਦਾ ਹੈ।

ਨਾਵਲ 'ਦੁੱਧ ਦੀ ਲਾਜ' ਉਪਰ ਚਰਚਾ ਅਰੰਭ ਕਰਦਿਆਂ ਵਿਦਵਾਨ ਦਿਲਜੀਤ ਸਿੰਘ ਬੇਦੀ ਨੇ ਕਿਹਾ ਕਿ ਨਾਵਲ ਸੰਤਾਲੀ ਦੇ ਉਜਾੜੇ ਤੋਂ ਸ਼ੁਰੂ ਹੋ ਕੇ ਕਿਰਸਾਨੀ ਸੰਘਰਸ਼ ਤੀਕ ਪਹੁੰਚਦਿਆਂ ਖਿੱਤੇ ਦੇ ਲੋਕਾਂ ਦੇ ਆਰਥਿਕ, ਸਮਾਜਿਕ ਅਤੇ ਰਾਜਨੀਤਕ ਹਾਲਾਤ ਬਾਖੂਬੀ ਬਿਆਨਦਾ ਹੈ।

ਹਰਜੀਤ ਸਿੰਘ ਸੰਧੂ ਅਤੇ ਨਿਰਮਲ ਅਰਪਣ ਨੇ ਕਿਹਾ ਕਿ ਨਾਵਲ ਦੇ ਸਮੁੱਚੇ ਘਟਨਾਕ੍ਰਮ ਵਿਚ ਪਾਤਰ ਆਰਥਿਕ ਮੰਦਹਾਲੀ ਅਤੇ ਰਿਸ਼ਤਿਆਂ ਦੀ ਟੁੱਟ-ਭੱਜ ਦੇ ਬਾਵਜੂਦ ਸੰਘਰਸ਼ ਕਰਦੇ ਹਨ। ਮਨਮੋਹਨ ਸਿੰਘ ਬਾਸਰਕੇ, ਸੁਮੀਤ ਸਿੰਘ ਨੇ ਬਿਰਤਾਂਤਕਾਰੀ ਦੇ ਹਵਾਲੇ ਨਾਲ ਕਿਹਾ ਕਿ ਲੇਖਕ ਕੋਲ ਕਮਾਲ ਦੀ ਗਲਪ ਸ਼ੈਲੀ ਹੈ। ਵਜ਼ੀਰ ਸਿੰਘ ਰੰਧਾਵਾ ਨੇ ਆਏ ਸਾਹਿਤਕਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਹੱਲਾਸ਼ੇਰੀ ਉਹਨਾਂ ਦੇ ਲਿਖਣ ਕਾਰਜ ਵਿਚ ਹੋਰ ਊਰਜਾ ਬਖਸ਼ੇਗੀ।

# ਬਟਾਲਵੀ ਦੇ ਜਨਮ ਦਿਨ ਨੂੰ ਸਮਰਪਿਤ ਕਵੀ ਦਰਬਾਰ

**ਨਿਹਾਲ ਸਿੰਘ ਵਾਲਾ**-ਐਤਵਾਰ ਪੰਜਾਬੀ ਲਿਖਾਰੀ ਸਭਾ ਨਿਹਾਲ ਸਿੰਘ ਵਾਲਾ ਦੀ ਮਹੀਨਾਵਾਰ ਮੀਟਿੰਗ ਹੋਈ, ਜਿਸ ਵਿੱਚ ਮਨੀਪੁਰ ਦੀ ਘਟਨਾ ਦੀ ਸਖਤ ਨਿਖੇਧੀ ਕੀਤੀ ਗਈ ਅਤੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਗਈ। ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਲੋਕਾਂ ਪ੍ਰਤੀ ਹਮਦਰਦੀ ਪ੍ਰਗਟਾਈ ਗਈ ਅਤੇ ਹੋਏ ਨੁਕਸਾਨ ਦੀ ਸਰਕਾਰ ਤੋਂ ਛੇਤੀ ਭਰਪਾਈ ਦੀ ਮੰਗ ਕੀਤੀ ਗਈ। ਸਭਾ ਦੇ ਪ੍ਰਧਾਨ ਅਮਰਜੀਤ ਸਿੰਘ ਫੌਜੀ ਦੀ ਸਾਲੀ ਦੇ ਐਕਸੀਡੈਂਟ ਨਾਲ ਹੋਈ ਬੇਵਕਤੀ ਦਰਦਨਾਕ ਮੌਤ ਲਈ ਸੋਕ ਪ੍ਰਗਟ ਕੀਤਾ ਗਿਆ। ਉਪਰੰਤ ਅਮਨਦੀਪ ਕੌਰ ਹਾਕਮ ਸਿੰਘ ਵਾਲਾ ਨੂੰ ਸਰਬ-ਸੰਮਤੀ ਨਾਲ ਜਨਰਲ ਸਕੱਤਰ ਚੁਣਿਆ ਗਿਆ। ਉਪਰੰਤ ਕਵੀ ਦਰਬਾਰ ਹੋਇਆ, ਜਿਸ ਵਿੱਚ ਹੇਠ ਲਿਖੇ ਸ਼ਾਇਰਾਂ ਨੇ ਆਪਣੇ ਕਲਾਮ ਪੇਸ਼ ਕੀਤੇ। ਗੀਤਕਾਰ ਜਸਵੰਤ ਬੋਪਾਰਾਏ, ਪ੍ਰਸਿੱਧ ਵਿਅੰਗਕਾਰ ਸ਼ਮਸ਼ੇਰ ਮੱਲ੍ਹੀ ਫੂਲ, ਪ੍ਰਗਟ ਢਿੱਲੋਂ, ਮੰਗਲਮੀਤ ਪੱਤੋ, ਅਮਨਦੀਪ ਕੌਰ, ਹਰਭਜਨ ਭੱਟੀ, ਅਮਰਜੀਤ ਸਿੰਘ ਫੌਜੀ ਦੀਨਾ ਸਾਹਿਬ, ਜਸਵੰਤ ਰਾਊਕੇ, ਬਲਦੇਵ ਰਾਊਕੇ, ਹਰਪ੍ਰੀਤ ਪੱਤੋ, ਨਿਰਮਲ ਸਿੰਘ ਰਣਸੀਂਹ, ਗੁਰਦਿੱਤ ਦੀਨਾ ਸਾਹਿਬ, ਇੰਦਰਜੀਤ ਦੀਨਾ ਸਾਹਿਬ, ਨਵਜੋਤ ਕੌਰ, ਵੀਰਪਾਲ ਸਿੰਘ, ਚਿਰਾਗ ਰੌਂਤਾ, ਪਰਮਜੀਤ ਬਿਲਾਸਪੁਰ ਹਾਜ਼ਰ ਹੋਏ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਜਸਵੰਤ ਰਾਊਕੇ ਨੇ ਬਾਖੂਬੀ ਨਿਭਾਈ। ਅਖੀਰ ਵਿੱਚ ਸਭਾ ਦੇ ਪ੍ਰਧਾਨ ਅਮਰਜੀਤ ਸਿੰਘ ਫੌਜੀ ਦੀਨਾ ਸਾਹਿਬ ਨੇ ਆਏ ਹੋਏ ਲੇਖਕਾਂ ਦਾ ਧੰਨਵਾਦ ਕੀਤਾ।



## ਦੋ ਔਰਤਾਂ

ਇੱਕ ਦੀ ਉਮਰ
ਵੀਹ ਤੇ ਦੂਜੀ ਦੀ
ਚਾਲੀ ਸਾਲ

ਦੋਹਾਂ ਨੂੰ ਨਗਨ
ਅਵਸਥਾ ਵਿੱਚ
ਪਿੰਡ ਵਿੱਚ ਘੁਮਾਉਂਦੇ
ਕਥਿਤ ਮਰਦਾਂ ਦੀ
ਭੀੜ 'ਚੋਂ

ਕਿਸੇ ਇੱਕ ਨੂੰ ਵੀ
ਆਪਣੀ ਮਾਂ, ਭੈਣ ਜਾਂ ਧੀ
ਦਾ ਖਿਆਲ ਨਹੀਂ ਆਇਆ

ਘਰ ਜਾ ਕੇ
ਮਾਂ ਦੇ ਸਰੀਰ ਦੇ ਅੰਗ
ਕੱਪੜਿਆਂ ਵਿੱਚੋਂ
ਝਲਕਦੇ ਤਾਂ ਹੋਣੇ

ਭੈਣ ਦੇ ਉਭਾਰ
ਵਾਰ ਵਾਰ ਅੱਖਾਂ ਮੂਹਰੇ
ਆਉਂਦੇ ਤਾਂ ਹੋਣੇ

ਪਤਨੀ ਨਗਨ ਅਵਸਥਾ
ਵਿੱਚ
ਰੋਟੀ ਵਰਤਾਉਂਦੀ
ਦਿਸਦੀ ਤਾਂ ਹੋਣੀ

ਕਿਉਂ ਨਾ ਦਿਸੇ
ਉਹਨਾਂ ਔਰਤਾਂ ਦੇ
ਨਗਨ ਸਰੀਰ ਵਿੱਚ
ਮਾਂ, ਧੀ ਤੇ ਭੈਣ ਨਹੀਂ ਦਿਸੀਆਂ

ਮਰਦ ਦਾ
ਮਰਦਾਵਾਂਪਣ ਵੇਖੋ
ਅਲਫ ਨੰਗੇ ਸਰੀਰ ਨਾਲ ਛੇੜਛਾੜ ਕਰਦੇ

ਖੁਦ ਨੂੰ
ਬਹਾਦੁਰ ਸਮਝਣ ਵਾਲੇ
ਵਹਿਸ਼ੀ ਜਾਨਵਰ ਤੋਂ ਵੀ
ਖਤਰਨਾਕ
ਇਹ ਦਰਿੰਦੇ
ਕੋਹ ਕੋਹ ਮਾਰੇ ਜਾਣੇ ਚਾਹੀਦੇ

ਰੋਣਾ ਬੇਮਾਨੀ ਹੈ
ਸਦੀਆਂ ਤੋਂ ਰੋ ਹੀ ਰਹੀ
ਔਰਤ
ਉੱਠ!!!
ਹੁਣ ਹਿਲਾ ਦੇ
ਜੜ੍ਹਾਂ ਤੋਂ ਇਸ ਖੋਖਲੇ ਸਮਾਜ ਨੂੰ

ਆ
ਸੜਕਾਂ 'ਤੇ
ਜਗਾ ਆਪਣੇ ਅੰਦਰ ਦੀ ਚੰਡੀ
ਭਸਮ ਕਰ ਦੇ
ਹਰ ਰਾਖਸ਼
ਜਿਸ ਦੀ ਨਿਗਾਹ ਮੈਲੀ ਹੈ!!

— ਹਰਪ੍ਰੀਤ ਕੌਰ ਸੰਧੂ

# ਮੁੱਖ ਮੰਤਰੀ ਨੂੰ ਮਿਲ ਕੇ ਮੰਗ ਪੱਤਰ ਦੇਵੇਗਾ ਗਦਰੀ ਮੰਚ

**ਸੁਨਾਮ**-ਗਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ ਨੇ ਫੈਸਲਾ ਕੀਤਾ ਹੈ ਕਿ ਇਸ 31 ਜੁਲਾਈ ਨੂੰ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੇ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਸੁਨਾਮ ਊਧਮ ਸਿੰਘ ਵਾਲਾ ਦੌਰੇ ਦੌਰਾਨ ਉਨ੍ਹਾਂ ਨੂੰ ਮਿਲ ਕੇ ਮੰਗ ਪੱਤਰ ਦਿੱਤਾ ਜਾਵੇਗਾ। ਮੰਚ ਦੇ ਪ੍ਰਧਾਨ ਰਾਕੇਸ਼ ਕੁਮਾਰ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਸੰਬੰਧੀ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਬਾਰੇ ਮੁੱਖ ਮੰਤਰੀ ਨੂੰ ਜਾਣੂ ਕਰਵਾਇਆ ਜਾਵੇਗਾ। ਉਹਨਾਂ ਨੂੰ ਦੱਸਿਆ ਜਾਵੇਗਾ ਕਿ ਸੁਨਾਮ ਊਧਮ ਸਿੰਘ ਵਾਲਾ ਵਿਖੇ ਸ਼ਹੀਦ ਊਧਮ ਸਿੰਘ ਸੰਬੰਧੀ ਮਿਊਜ਼ੀਅਮ ਬਣਨ ਦੇ ਦੋ ਸਾਲ ਬਾਅਦ ਵੀ ਸ਼ਹੀਦ ਸੰਬੰਧੀ ਇੱਕ ਵੀ ਸਮਾਨ ਉਸ ਵਿੱਚ ਲਿਆ ਕੇ ਨਹੀਂ ਰੱਖਿਆ ਗਿਆ। ਪਿਛਲੇ ਦੋ ਸਾਲਾਂ ਤੋਂ 31 ਜੁਲਾਈ ਨੂੰ ਸ਼ਹੀਦ ਦਾ ਸਰਕਾਰੀ ਕਾਲਜ ਸੁਨਾਮ ਵਿੱਚ ਪਏ ਦੋ ਕਲਸ ਵਿਚ ਇਕ ਕਲਸ ਉਥੋਂ ਉਧਾਰਾ ਲਿਆਂਦਾ ਜਾਂਦਾ ਹੈ ਤੇ ਮਿਊਜ਼ੀਅਮ ਵਿੱਚ ਲਿਆ ਕੇ ਰੱਖਿਆ ਜਾਂਦਾ ਹੈ ਅਤੇ ਇਸ ਨੂੰ ਮੁੱਖ ਮੰਤਰੀ ਦੇ ਜਾਣ ਤੋਂ ਬਾਅਦ ਇਸ ਨੂੰ ਕਾਲਜ ਵਾਪਸ ਕਰ ਦਿੱਤਾ ਜਾਂਦਾ ਹੈ। ਪਿਛਲੇ ਦੋ ਸਾਲਾਂ ਤੋਂ ਇਹੀ ਚੱਲ ਰਿਹਾ ਹੈ। ਸਕੱਤਰ ਪ੍ਰਿੰਸੀਪਲ ਅਨਿਲ ਕੁਮਾਰ ਨੇ ਕਿਹਾ ਕਿ ਪਿਛਲੇ ਸਾਲ ਮੁੱਖ ਮੰਤਰੀ ਨੇ ਸੁਨਾਮ ਵਿਖੇ 31 ਜੁਲਾਈ 2022 ਨੂੰ ਸ਼ਹਿਰ ਦੇ ਲੋਕਾਂ ਨੂੰ ਭਰੋਸਾ ਦਿੱਤਾ ਸੀ ਕਿ ਮੈਮੋਰੀਅਲ ਵਿਚ ਜਲਦੀ ਹੀ ਲੱਗੇ ਬੁੱਤ ਦੀ ਥਾਂ ਵਧੀਆ ਘਾੜੇ ਤੋਂ ਸ਼ਹੀਦ ਦੀ ਅਸਲੀ ਸ਼ਕਲ ਨਾਲ ਮਿਲਦਾ ਬੁੱਤ ਲਗਾਇਆ ਜਾਵੇਗਾ, ਪਰ ਹਕੀਕਤ ਵਿੱਚ ਵਿਭਾਗ ਵੱਲੋਂ ਅੱਜ ਤੱਕ ਨਹੀਂ ਲਗਾਇਆ ਗਿਆ। ਮੰਚ ਆਗੂਆਂ ਨੇ ਕਿਹਾ ਕਿ ਸ਼ਹੀਦ ਸੰਬੰਧੀ ਹੋਰ ਬਹੁਤ ਸਾਰੀਆਂ ਮੰਗਾਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਹਨ, ਜਿਵੇਂ ਬਹੁਤ ਸਾਰੀਆਂ ਰੇਲਵੇ ਗੱਡੀਆਂ ਦਾ ਸੁਨਾਮ ਊਧਮ ਸਿੰਘ ਵਾਲਾ ਦੇ ਰੇਲਵੇ ਸਟੇਸ਼ਨ 'ਤੇ ਨਾ ਰੁਕਣਾ, ਬੱਸ ਸਟੈਂਡ ਦੀ ਖਸਤਾ ਹਾਲਤ ਆਦਿ ਨੂੰ ਮੁੱਖ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ।



- ਦਾਤਾ ਸਿੰਘ ਨਮੋਲ

# ਮਨੀਪੁਰ ਦੀਆਂ ਘਟਨਾਵਾਂ ਦੀ ਨਿਖੇਧੀ

**ਬਠਿੰਡਾ**-ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਜ਼ਿਲ੍ਹਾ ਬਠਿੰਡਾ ਦੀ ਹੰਗਾਮੀ ਮੀਟਿੰਗ ਫੈਡਰੇਸ਼ਨ ਦੇ ਚੇਅਰਮੈਨ ਮਨਜੀਤ ਸਿੰਘ ਦੀ ਪ੍ਰਧਾਨਗੀ ਹੇਠ ਡਿਪਟੀ ਕਮਿਸ਼ਨਰ ਕੰਪਲੈਕਸ ਬਠਿੰਡਾ ਵਿਖੇ ਹੋਈ। ਮੀਟਿੰਗ ਵਿੱਚ ਵੱਖ-ਵੱਖ ਬੁਲਾਰਿਆਂ ਨੇ ਮਨੀਪੁਰ ਵਿਖੇ ਕਬਾਇਲੀ ਔਰਤਾਂ ਨੂੰ ਨਿਰਵਸਤਰ ਕਰਕੇ ਘੁਮਾਉਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਪੰਜਾਬ ਵੱਲੋਂ ਦਿੱਤੇ ਪ੍ਰੋਗਰਾਮ ਮੁਤਾਬਿਕ 24 ਜੁਲਾਈ ਤੋਂ 30 ਜੁਲਾਈ ਤੱਕ ਦਫਤਰਾਂ ਵਿਚ ਘਰਾਂ ਉੱਪਰ ਕਾਲੇ ਝੰਡੇ, ਕਾਲੀਆਂ ਦਸਤਾਰਾਂ ਬੰਨ੍ਹ ਕੇ ਰੋਸ ਮਨਾਉਣ ਤੇ ਵੱਡੀ ਪੱਧਰ 'ਤੇ ਤਿਆਰੀ ਕਰਨ ਦਾ ਫੈਸਲਾ ਕੀਤਾ। 26 ਅਤੇ 27 ਜੁਲਾਈ ਨੂੰ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਮਨੀਪੁਰ ਦੇ ਪੁਤਲੇ ਫੂਕਣ ਦੇ ਦਿੱਤੇ ਪ੍ਰੋਗਰਾਮ ਵਿੱਚ ਵੱਡੀ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਫੈਡਰੇਸ਼ਨ ਦੇ ਆਗੂ ਲਛਮਣ ਸਿੰਘ ਮਲੂਕਾ, ਜਸਕਰਨ ਸਿੰਘ ਗਹਿਰੀ ਬੁੱਟਰ ਸੂਬਾ ਪ੍ਰਧਾਨ ਨਹਿਰੀ ਪਟਵਾਰ ਯੂਨੀਅਨ ਪੰਜਾਬ, ਹੰਸ ਰਾਜ ਬਿਜਵਾ ਜ਼ਿਲ੍ਹਾ ਜਨਰਲ ਸਕੱਤਰ, ਬਲਵਿੰਦਰ ਸਿੰਘ, ਵੀਰ ਭਾਨ, ਐੱਸ ਐੱਸ ਯਾਦਵ, ਰਜਿੰਦਰ ਸ਼ਰਮਾ ਪ੍ਰਧਾਨ ਬਠਿੰਡਾ ਨਹਿਰੀ ਪਟਵਾਰ ਯੂਨੀਅਨ, ਗੁਰਲਾਲ ਸਿੰਘ, ਚੰਦ ਸਿੰਘ ਆਦਿ ਆਗੂ ਸ਼ਾਮਲ ਹੋਏ।

**ਬੰਗਾ**-ਪੰਜਾਬੀ ਸਾਹਿਤ ਸਭਾ ਖਟਕੜ ਕਲਾਂ (ਬੰਗਾ) ਦੀ ਇਕੱਤਰਤਾ ਵਿਚ ਮਨੀਪੁਰ ਵਿਖੇ ਔਰਤਾਂ 'ਤੇ ਹੋ ਰਹੇ ਅਣਮਨੁੱਖੀ ਤਸ਼ੱਦਦ ਵਿਰੁੱਧ ਆਵਾਜ਼ ਬੁਲੰਦ ਕੀਤੀ ਗਈ। ਪੰਜਾਬੀ ਸਾਹਿਤ ਸਭਾ ਵੱਲੋਂ ਪ੍ਰੈੱਸ ਦੇ ਨਾਂਅ ਜਾਰੀ ਕੀਤੇ ਗਏ ਬਿਆਨ 'ਚ ਕਿਹਾ ਗਿਆ ਕਿ ਮਨੀਪੁਰ ਵਿਖੇ ਪਿਛਲੇ ਕਈ ਮਹੀਨੇ ਤੋਂ ਹੋ ਰਹੀ ਫਿਰਕੂ ਹਿੰਸਾ ਅਸਹਿ ਹੈ। ਇਸ ਭਾਈਚਾਰਕ ਟਕਰਾਅ ਅਤੇ ਔਰਤਾਂ 'ਤੇ ਹੋਏ ਅਣਮਨੁੱਖੀ ਤਸ਼ੱਦਦ ਲਈ ਓਥੋਂ ਦੀ ਸਰਕਾਰ ਜ਼ਿੰਮੇਵਾਰ ਹੈ ਅਤੇ ਕੇਂਦਰ ਸਰਕਾਰ ਦਾ ਚੁੱਪੀ ਭਰਿਆ ਵਤੀਰਾ ਬਹੁਤ ਸਾਰੇ ਸਵਾਲ ਖੜ੍ਹੇ ਕਰਦਾ ਹੈ। ਸਭਾ ਨੇ ਮੰਗ ਕੀਤੀ ਹੈ ਕਿ ਸਰਕਾਰ ਫਿਰਕਾਪ੍ਰਸਤ ਸੋਚ ਤੋਂ ਉੱਪਰ ਉੱਠ ਕੇ ਜ਼ਿੰਮੇਵਾਰ ਅਨਸਰਾਂ 'ਤੇ ਕਾਰਵਾਈ ਕਰੇ। ਇਸ ਇਕੱਤਰਤਾ ਮੌਕੇ ਪ੍ਰਸਿੱਧ ਸਾਹਿਤਕਾਰ ਹਰਭਜਨ ਹੁੰਦਲ ਦੇ ਸਦੀਵੀ ਵਿਛੋੜੇ ਉੱਤੇ ਗਹਿਰਾ ਦੁੱਖ ਪ੍ਰਗਟ ਕਰਦੇ ਹੋਏ 2 ਮਿੰਟ ਦਾ ਮੌਨ ਰੱਖਿਆ ਗਿਆ। ਇਸ ਇਕੱਤਰਤਾ ਵਿੱਚ ਹਰਬੰਸ ਹੀਓਂ, ਦੀਪ ਕਲੇਰ, ਪਰਮਜੀਤ ਖੱਟੜਾ, ਮੋਹਣ ਬੀਕਾ, ਗੁਰਦੀਪ ਸੈਣੀ, ਤਲਵਿੰਦਰ ਸ਼ੇਰਗਿੱਲ, ਜਸਵੰਤ ਖਟਕੜ, ਸ਼ਿੰਗਾਰਾ ਲੰਗੇਰੀ, ਕ੍ਰਿਸ਼ਨ ਹੀਓਂ, ਸਰਬਜੀਤ ਮੰਗੂਵਾਲ, ਹਰੀ ਰਾਮ ਰਸੂਲਪੁਰੀ ਅਤੇ ਹੋਰ ਸਾਥੀ ਸ਼ਾਮਲ ਹੋਏ।

-ਹਰਬੰਸ ਹੀਓਂ

# ਪਾਠਕਾਂ ਦੇ ਝਰੋਖੇ 'ਚੋਂ

## ਗੁਰਬਚਨ ਭੁੱਲਰ ਦਾ ਲੇਖ

23 ਜੁਲਾਈ ਦੇ 'ਐਤਵਾਰਤਾ' 'ਚੋਂ ਬਾਈ ਗੁਰਬਚਨ ਸਿੰਘ ਭੁੱਲਰ ਦਾ ਜਦੋਂ ਉਹ ਆਰਟੀਕਲ ਪੜ੍ਹਿਆ, ਜਿਸ ਵਿੱਚ ਹਸਪਤਾਲ ਵਿੱਚ ਦਾਖਲ ਮੁਹਾਲੀ ਦੇ ਭਾਸ਼ਾ ਵਿਭਾਗ ਵੱਲੋਂ ਸਨਮਾਨਿਤ ਬਜ਼ੁਰਗ ਕਵੀ ਸ਼ਿਵ ਨਾਥ ਨੂੰ ਸਰਕਾਰੀ ਆਰਥਿਕ ਮਦਦ ਤੇ ਮੁਫਤ ਇਲਾਜ ਇਸ ਲਈ ਤੁਰੰਤ ਮਿਲਣ ਦਾ ਕ੍ਰਿਸ਼ਮਾ ਹੋ ਗਿਆ, ਕਿਉਂਕਿ ਬਾਈ ਭੁੱਲਰ ਨੇ ਖੁਦ ਸਪੀਕਰ ਸੰਧਵਾਂ ਜੀ ਤੇ ਮੁੱਖ ਮੰਤਰੀ ਸਾਹਿਬ ਨੂੰ ਇਸ ਸੰਬੰਧੀ ਖਤ ਲਿਖ ਕੇ ਬੇਨਤੀ ਕੀਤੀ ਸੀ। ਇਸ ਵੇਲੇ ਮੈਨੂੰ ਨਹਿਰੂ ਤੇ ਰਾਮਧਾਰੀ ਸਿੰਘ ਦਿਨਕਰ ਦਾ ਉਹ ਵਾਰਤਾਲਾਪ ਯਾਦ ਆ ਰਿਹਾ ਹੈ, ਜਿਸ ਮੁਤਾਬਕ ਜਦੋਂ ਰਾਜਨੀਤੀ ਡਗਮਗਾਉਂਦੀ ਹੈ, ਸਾਹਿਤ ਸਹਾਰਾ ਦਿੰਦਾ ਹੈ। ਹੈਰਾਨੀ ਤੇ ਖੁਸ਼ੀ ਇਹ ਹੈ ਕਿ ਕਿਸੇ ਸਾਹਿਤਕਾਰ ਦੀ ਡਗਮਗਾਉਂਦੀ ਸਿਹਤ ਨੂੰ ਸਿਆਸਤਦਾਨ ਵੀ ਆ ਸਹਾਰਾ ਦਿੰਦੇ ਹਨ। ਸਪੀਕਰ ਸੰਧਵਾਂ ਜੀ ਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਜੀ ਨੂੰ ਦਾਦ ਦੇਣੀ ਬਣਦੀ ਹੈ।

- ਲਾਭ ਸਿੰਘ ਖੀਵਾ

## ਰੋਹੀ ਦਾ ਲਾਲ ਹਰਦੇਵ ਅਰਸ਼ੀ

23 ਜੁਲਾਈ ਦੇ ਨਵਾ ਜ਼ਮਾਨਾ ਵਿਚ ਪੰਜਾਬ ਦੇ ਲੋਕ ਹਿਤੈਸ਼ੀ ਤੇ ਹਰਮਨਪਿਆਰੇ ਲੀਡਰ ਹਰਦੇਵ ਅਰਸ਼ੀ ਦੀ ਸੰਘਰਸ਼ਮਈ ਜ਼ਿੰਦਗੀ ਬਾਰੇ ਜਸਪਾਲ ਮਾਨਖੇੜਾ ਦੀ ਕਿਤਾਬ 'ਰੋਹੀ ਦਾ ਲਾਲ' ਦੀ ਸਮੀਖਿਆ ਡਾ. ਹਰਜਿੰਦਰ ਸਿੰਘ ਅਟਵਾਲ ਦੀ ਕਲਮ ਤੋਂ ਪੜ੍ਹ ਕੇ ਬਹੁਤ ਖੁਸ਼ੀ ਹੋਈ। ਇਸ ਕਿਸਮ ਦੀ ਸਵੈਜੀਵਨੀਨੁਮਾ ਕਿਤਾਬ ਲਿਖਣ ਲਈ ਜਸਪਾਲ ਮਾਨਖੇੜਾ ਨੇ ਬਹੁਤ ਮਿਹਨਤ ਕੀਤੀ ਹੈ। ਹਰਦੇਵ ਅਰਸ਼ੀ ਲੋਕਾਂ ਦਾ ਜੁਝਾਰੂ ਨਾਇਕ ਹੈ। ਇਹ ਲੋਕ ਨਾਇਕ ਲੋਕ ਮਸਲਿਆਂ ਨੂੰ ਚੰਗੀ ਤਰ੍ਹਾਂ ਸਮਝਦਾ ਹੈ, ਕਿਉਂਕਿ ਉਸ ਦਾ ਆਪਣਾ ਨਿੱਜੀ ਜੀਵਨ ਬਚਪਨ ਤੋਂ ਸੰਘਰਸ਼ਾਂ ਵਿੱਚੋਂ ਲੰਘਿਆ ਹੈ। ਵਿਸ਼ਲੇਸ਼ਣਕਾਰ ਨੇ ਹਰਦੇਵ ਅਰਸ਼ੀ ਦੇ ਜੀਵਨ ਦੀਆਂ ਕੁਝ ਘਟਨਾਵਾਂ ਦਾ ਜ਼ਿਕਰ ਕੀਤਾ ਹੈ। ਸਾਦਗੀ ਅਰਸ਼ੀ ਜੀ ਦੀ ਜ਼ਿੰਦਗੀ ਦਾ ਸਿਧਾਂਤ ਰਿਹਾ ਹੈ। ਆਮ ਲੋਕਾਂ ਨਾਲ ਨੇੜਤਾ ਬਣਾ ਕੇ ਰੱਖਣੀ ਅਰਸ਼ੀ ਜੀ ਦਾ ਸੁਭਾਅ ਹੈ। ਢਾਬੇ ਤੋਂ ਸਸਤੀ ਰੋਟੀ ਖਾ ਕੇ ਗੁਜ਼ਾਰਾ ਕਰਨਾ ਉਸ ਦੀ ਆਦਤ ਰਹੀ ਹੈ ਤਾਂ ਜੋ ਪਾਰਟੀ ਦੇ ਇਕ ਇਕ ਪੈਸੇ ਦੀ ਗਲਤ ਵਰਤੋਂ ਨਾ ਹੋਵੇ, ਇਸ ਕਿਸਮ ਦੀ ਗੱਲ ਅਕਸਰ ਅਕਾਲੀ ਲੀਡਰ ਮਾਸਟਰ ਤਾਰਾ ਸਿੰਘ, ਕਰਤਾਰ ਸਿੰਘ ਦਰਵੇਸ਼ ਤੇ ਗੁਰਚਰਨ ਸਿੰਘ ਟੌਹੜਾ ਬਾਰੇ ਪੜ੍ਹਦੇ ਰਹੇ ਹਾਂ, ਪਰ ਕਾਮਰੇਡ ਅਰਸ਼ੀ ਦੇ ਜੀਵਨ ਦੀਆਂ ਸਾਧਾਰਨ, ਪਰ ਵੱਡੇ ਅਰਥਾਂ ਦੀਆਂ ਹਨ। ਇਹ ਜੀਵਨੀ ਨੌਜਵਾਨਾਂ ਲਈ ਰਾਹ-ਦਸੇਰਾ ਹੈ। ਭਵਿੱਖ ਵਾਸਤੇ ਰੋਹੀ ਦਾ ਲਾਲ ਜੀਵਨੀ ਮਾਰਗਦਰਸ਼ਕ ਹੈ। ਇਸ ਜੀਵਨੀ ਦੇ ਦੋ ਕਾਂਡ ਨਵਾਂ ਜ਼ਮਾਨਾ ਵਿਚ ਛਪੇ ਵੀ ਸਨ। ਹੋ ਸਕੇ ਤਾਂ ਕਿਸੇ ਵੇਲੇ ਹੋਰ ਕਾਂਡ ਵੀ ਨਵਾਂ ਜ਼ਮਾਨਾ ਵਿਚ ਛਾਪੋ। ਇਸ ਪੰਨੇ 'ਤੇ ਆਲੋਚਕਾਂ ਦੀ ਨਜ਼ਰ ਵਿਚ ਡਾ. ਸ਼ਿਆਮ ਸੁੰਦਰ ਦੀਪਤੀ ਦੀਆਂ ਮਿੰਨੀ ਕਹਾਣੀਆਂ ਬਾਰੇ ਭਰਵੀਂ ਜਾਣਕਾਰੀ ਡਾ. ਕਰਮਜੀਤ ਸਿੰਘ ਨਡਾਲਾ ਨੇ ਦਿੱਤੀ ਹੈ। ਹੁਣ ਤਾਂ ਡਾ. ਦੀਪਤੀ ਮਿੰਨੀ ਕਹਾਣੀ ਤੋਂ ਵੀ ਅੱਗੇ ਹਨ। ਪੱਤਰਕਾਰੀ, ਸਿਹਤ, ਸਾਹਿਤ, ਕਾਲਮਨਵੀਸੀ ਵਿਚ ਵੀ ਡਾ. ਦੀਪਤੀ ਨੇ ਲੱਖਾਂ ਪਾਠਕਾਂ ਦੇ ਦਿਲਾਂ ਵਿਚ ਥਾਂ ਬਣਾਈ ਹੈ। ਨਾ ਕੇਵਲ ਨਵਾਂ ਜ਼ਮਾਨਾ ਵਿਚ, ਸਗੋਂ ਹੋਰ ਵੀ ਪੰਜਾਬੀ ਅਖਬਾਰਾਂ ਵਿਚ ਡਾ. ਦੀਪਤੀ ਨੂੰ ਪਾਠਕ ਸ਼ੌਕ ਨਾਲ ਪੜ੍ਹ ਰਹੇ ਹਨ। ਅਨੇਕਾਂ ਸਾਹਿਤਕ ਸੰਸਥਾਵਾਂ ਵਿੱਚ ਡਾ. ਦੀਪਤੀ ਦੀ ਲਗਾਤਾਰ ਸ਼ਾਨ ਤੇ ਮਾਣ ਨਾਲ ਹਾਜ਼ਰੀ ਲੱਗ ਰਹੀ ਹੈ। ਬੂਟਾ ਸਿੰਘ ਚੌਹਾਨ, ਹੀਰਾ ਸਿੰਘ ਤੂਤ, ਗੁਰਦਿਆਲ ਰੌਸ਼ਨ, ਦੀਪਕ ਚਨਾਰਥਲ, ਕਥਾਕਾਰ ਗੁਰਦਿਆਲ ਦਲਾਲ ਨੂੰ ਕਲਾਕਾਰ ਭੱਠਲ ਪੁਰਸਕਾਰ ਮਿਲਣ, ਜਸਵੰਤ ਧਾਪ ਨਾਲ ਰੂਬਰੂ ਆਦਿ ਸਾਹਿਤਕ ਜਾਣਕਾਰੀਆਂ ਪੜ੍ਹ ਕੇ ਚੰਗਾ ਲੱਗਾ। ਮਨਦੀਪ ਔਲਖ ਦੀਆਂ ਕਵਿਤਾਵਾਂ ਸੁਹਜਮਈ ਹਨ। ਨਿੰਦਰ ਘੁਗਿਆਣਵੀ ਦੀ ਵਲੈਤ ਫੇਰੀ ਦੀ ਜਾਣਕਾਰੀ ਪੜ੍ਹ ਕੇ ਖੁਸ਼ੀ ਹੋਈ। ਲੋਕਾਂ ਦੀ ਗੱਲ ਦੇ ਕਾਲਮਨਵੀਸ ਨੇ ਹੜ੍ਹਾਂ ਵਿਚ ਪੰਜਾਬ ਦੇ ਨੌਜਵਾਨਾਂ ਦੀ ਭੂਮਿਕਾ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਪੰਜਾਬ ਦੇ ਇਹ ਨੌਜਵਾਨ ਪ੍ਰੋ. ਪੂਰਨ ਸਿੰਘ ਦੀ ਕਵਿਤਾ ਵਾਲੇ ਜਾਪਦੇ ਹਨ। 'ਦ੍ਰਿਸ਼ਟੀਕੋਣ' ਨੇ ਦੋਨੋਂ ਕਿਸਮ ਦੇ ਭਾਰਤ ਦੇ ਦਰਸ਼ਨ ਕਰਾਏ ਹਨ। ਚੰਨ ਮਾਮਾ 'ਤੇ ਜਾਣ ਵਾਲਾ ਭਾਰਤ ਤੇ ਮਨੀਪੁਰ ਦੀਆਂ ਕੁਰੱਖਤ ਘਟਨਾਵਾਂ ਵਾਲਾ ਇੰਡੀਆ। ਹੋਰ ਵੀ ਬਹੁਤ ਕੁਝ ਮਾੜਾ ਵਾਪਰੀ ਜਾ ਰਿਹਾ ਹੈ। 1150 ਰੁਪਏ ਦਾ ਰਸੋਈ ਗੈਸ ਸਿਲੰਡਰ, ਟਮਾਟਰ 250 ਰੁਪਏ ਵਾਲਾ ਦੇਸ਼ ਵੀ ਹੈ। ਅਤੀਤ ਵਿਚ ਲਾਈਨਾਂ ਵਿੱਚ ਲੱਗੇ ਨੋਟ ਬਦਲਦੇ ਲੋਕਾਂ ਦੀ ਝਾਕੀ ਵੀ ਹੈ। ਰੱਬ ਖੈਰ ਕਰੇ!

- ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ

## ਹਕੂਮਤੀ ਅਣਦੇਖੀ ਕਰਕੇ ਸੰਤਾਪ ਹੰਢਾਉਂਦੇ ਲੋਕ

16 ਜੁਲਾਈ ਦੇ 'ਐਤਵਾਰਤਾ' 'ਚ ਡਾ. ਹਰਜਿੰਦਰ ਸਿੰਘ ਅਟਵਾਲ ਦਾ ਲਿਖਿਆ ਹੋਇਆ ਉਪਰੋਕਤ ਆਰਟੀਕਲ ਪੜ੍ਹਿਆ। ਡਾ. ਅਟਵਾਲ ਨੇ ਪੰਜਾਬ ਵਿੱਚ ਜੋ ਹੜ੍ਹ ਆਏ, ਉਹਨਾ ਉੱਪਰ ਧਿਆਨ ਖਿੱਚਿਆ ਹੈ ਕਿ ਕਿਵੇਂ ਸਾਡੇ ਹਾਕਮ ਹੜ੍ਹਾਂ ਦੀ ਕਰੋਪੀ ਨੂੰ ਇੱਕ ਕੁਦਰਤੀ ਆਫਤ ਦੱਸ ਕੇ ਟਾਲ ਦਿੰਦੇ ਹਨ ਤੇ ਲੋਕਾਂ ਦੇ ਰੋਹ ਨੂੰ ਸ਼ਾਂਤ ਕਰ ਦਿੰਦੇ ਹਨ। ਲੇਖਕ ਨੇ ਪਟਿਆਲੇ ਦੇ ਸ਼ਾਹੀ ਪਰਵਾਰ 'ਤੇ ਵਿਅੰਗ ਕੱਸਦਿਆਂ ਹੋਇਆਂ ਲਿਖਿਆ ਹੈ ਕਿ ਪਟਿਆਲੇ ਦੇ ਨੇੜੇ ਜੋ ਘੱਗਰ ਦਰਿਆ ਲੰਘਦਾ ਹੈ, ਜਿਸ ਦੀ ਸਮੇਂ ਸਿਰ ਸਫਾਈ ਜਾਂ ਹੋਰ ਜੋ ਲੋੜੀਂਦਾ ਪ੍ਰਬੰਧ ਕਰਨ ਦੀ ਲੋੜ ਹੁੰਦੀ ਹੈ, ਦੇ ਨਾ ਹੋਣ ਕਰਕੇ ਘੱਗਰ ਦਰਿਆ ਹਰ ਸਾਲ ਤਬਾਹੀ ਮਚਾਉਂਦਾ ਹੈ ਤੇ ਸ਼ਾਹੀ ਪਰਵਾਰ ਦਰਿਆ ਨੂੰ ਨੱਥ ਅਤੇ ਚੂੜਾ ਚੜ੍ਹਾ ਕੇ ਇਸ ਦੀ ਰੋਕਥਾਮ ਕਰਨਾ ਚਾਹੁੰਦਾ ਹੈ। ਲੇਖਕ ਇਸ ਨਾਲ ਬਿਲਕੁੱਲ ਸਹਿਮਤ ਨਹੀਂ। ਉਹਨਾ ਦੇ ਅਨੁਸਾਰ ਇਸ ਕਰੋਪੀ ਨੂੰ ਤਾਂ ਹੀ ਰੋਕਿਆ ਜਾ ਸਕਦਾ ਹੈ, ਜੇਕਰ ਹਕੂਮਤੀ ਮਸ਼ੀਨਰੀ ਸਮੇਂ ਸਿਰ ਇਸ ਵੱਲ ਧਿਆਨ ਦੇਵੇ ਅਤੇ ਲੋੜੀਂਦੇ ਪ੍ਰਬੰਧ ਕੀਤੇ ਜਾਣ।

ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਦਾ ਆਰਟੀਕਲ 'ਭਾਜਪਾ ਦੀ ਘਬਰਾਹਟ ਦੀ ਅਸਲੀ ਕਹਾਣੀ' ਪੜ੍ਹਿਆ। ਲੇਖਕ ਨੇ ਇਸ ਆਰਟੀਕਲ ਵਿੱਚ ਭਾਜਪਾ ਦੀ ਕਾਰਗੁਜ਼ਾਰੀ 'ਤੇ ਤਨਜ਼ ਕੱਸਦਿਆਂ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਭਾਜਪਾ ਵਿੱਚ ਕਿਵੇਂ ਇਹਨਾਂ ਕਾਰਨਾਂ ਕਰਕੇ ਘਬਰਾਹਟ ਵਧਦੀ ਜਾ ਰਹੀ ਹੈ, ਜਿਵੇਂ ਕਿ ਦੂਸਰੀਆਂ ਪਾਰਟੀਆਂ ਨੂੰ ਤੋੜ ਕੇ ਆਪਣੇ ਨਾਲ ਸ਼ਾਮਲ ਕਰਨ ਦੀ ਨੀਤੀ, ਸੁਪਰੀਮ ਕੋਰਟ ਵੱਲੋਂ ਭਾਜਪਾ ਵੱਲੋਂ ਈ ਡੀ ਦੇ ਮੁਖੀ ਦੀ ਤੀਜੀ ਵਾਰ ਨਿਯੁਕਤੀ ਕਰਨੀ ਅਤੇ ਸੁਪਰੀਮ ਕੋਰਟ ਵੱਲੋਂ ਇਸ ਨਿਯੁਕਤੀ ਨੂੰ ਰੱਦ ਕਰਨਾ ਜਾਂ ਸਟੂਡੈਂਟ ਲੀਡਰ ਖਾਲਿਦ ਦੀ ਜ਼ਮਾਨਤ ਉਪਰ ਸਟੈਂਡ ਲੈਣਾ ਜਾਂ ਭਾਜਪਾ ਵੱਲੋਂ ਜੰਮੂ-ਕਸ਼ਮੀਰ ਵਿੱਚ ਧਾਰਾ 370 ਤੋੜਨ ਤੇ ਸੁਪਰੀਮ ਕੋਰਟ ਵੱਲੋਂ ਲਗਾਤਾਰ ਸੁਣਵਾਈ ਕਰਨ ਦੇ ਆਦੇਸ਼ ਜਾਂ ਫਿਰ ਪਹਿਲਵਾਨਾਂ ਦੇ ਕੰਮ ਵਿੱਚ ਕੋਰਟ ਵੱਲੋਂ ਬ੍ਰਿਜ ਭੂਸ਼ਨ ਜੋ ਕਿ ਭਾਜਪਾ ਦਾ ਸਾਂਸਦ ਹੈ, ਉਸ ਦੀ ਆਕੜ ਭੰਨਦੇ ਹੋਏ ਕੋਰਟ ਵੱਲੋਂ ਹਦਾਇਤਾਂ ਜਾਰੀ ਕਰਨੀਆਂ ਆਦਿ ਨੇ ਭਾਜਪਾ ਨੂੰ ਪਰੇਸ਼ਾਨੀ ਵਿੱਚ ਪਾਇਆ ਹੋਇਆ ਹੈ। ਸਭ ਤੋਂ ਵੱਡੀ ਪਰੇਸ਼ਾਨੀ ਭਾਜਪਾ ਨੂੰ ਜੋ ਇਸ ਵੇਲੇ ਸਤਾਅ ਰਹੀ ਹੈ, ਉਹ ਵਿਰੋਧੀ ਪਾਰਟੀਆਂ ਜੋ ਇਕਸੁਰ ਵਿੱਚ ਇਕੱਠੀਆਂ ਹੋ ਰਹੀਆਂ ਹਨ। ਭਾਜਪਾ ਦੀ ਘਬਰਾਹਟ ਦਾ ਕਾਰਨ ਬਣਿਆ ਹੋਇਆ ਹੈ। ਦੇਖਿਆ ਜਾਵੇ ਤਾਂ ਇਹ ਬਿਲਕੁੱਲ ਠੀਕ ਲੱਗ ਰਿਹਾ ਹੈ।

- ਤਰਲੋਚਨ ਰਾਏਪੁਰੀ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਜਿਨਸੀ ਹਿੰਸਾ ਤੇ ਹਕੂਮਤ ਦੀ ਜਵਾਬਦੇਹੀ : ਬੂਟਾ ਸਿੰਘ

'ਕਿੰਨਾ' ਉਚਾ ਤਖ਼ਤ ਹੈ 'ਅਦਲੀ ਰਾਜੇ'... ਦਾ : ਡਾ. ਕੁਲਦੀਪ ਸਿੰਘ ਦੀਪ

'ਮਨ ਦੇ ਮਹਿਰਮ' ਦੀ ਪਰਖ ਪੜਚੋਲ : ਡਾ. ਹਰਜਿੰਦਰ ਸਿੰਘ ਸੂਰੇਵਾਲੀਆ

ਪ੍ਰਤੀਨਿਧ ਪੰਜਾਬੀ ਕਵਿਤਾ ਤੇ ਹੋਰ ਬਹੁਤ ਕੁਝ

30-July-Sunday.qxd 7/29/2023 10:16 PM Page 3



# ਮਿੰਨੀ ਕਹਾਣੀਆਂ

## ਅਣਖ

'ਵੀਰਾ, ਧਿਆਨ ਰੱਖੀਂ ਆਪਣੀ ਇੱਜ਼ਤ ਦਾ। ਬੇਬੇ ਦੇ ਮਰਨ ਵੇਲੇ ਦੇ ਬੋਲ ਨਿਭਾਵੀਂ।' ਵੀਰਾਂ ਆਪਣੇ ਵੀਰ ਨੂੰ ਸਮਝਾਉਂਦੀ ਰਹਿੰਦੀ। ਅਮਰ ਖਾਮੋਸ਼ ਹੋ ਕੇ ਇਹ ਬੋਲ ਸੁਣਦਾ, ਪਰ ਮੂੰਹੋਂ ਕੁਝ ਨਾ ਬੋਲਦਾ।

'ਤੇਰਾ ਬਾਪ ਤਾਂ ਜਿਹੋ-ਜਿਹਾ ਨਿਕੰਮਾ ਹੈ, ਤਾਂ ਹੈ, ਪਰ ਤੂੰ ਆਪਣੇ ਵੀਰ ਨੂੰ ਧਿਆਨ ਨਾਲ ਪਾਲੀਂ, ਰੁਲਣ ਨਾ ਦੇਵੀਂ ਧੀਏ। ਤੂੰ ਹੀ ਹੁਣ ਇਸ ਦੀ ਮਾਂ ਹੈਂ।' ਵੀਰਾਂ ਦੇ ਮਨ ਵਿੱਚ ਬੇਬੇ ਦੇ ਕਹੇ ਆਖਰੀ ਸ਼ਬਦ ਰਹਿੰਦੇ। ਇਸ ਪ੍ਰਕਾਰ ਉਹ ਅਮਰ ਦਾ ਹਮੇਸ਼ਾ ਖਿਆਲ ਰੱਖਦੀ, ਘਰ ਦੀ ਇੱਜ਼ਤ ਖਾਤਰ ਉਹਨੂੰ ਸਮਝਾਉਂਦੀ ਰਹਿੰਦੀ।

ਪਿੰਡਾਂ ਵਿੱਚ ਹੱਲਿਆ ਦਾ ਰੌਲਾ ਪਿਆ ਹੋਇਆ ਸੀ। ਮੁਸਲਮਾਨ ਕਾਫਲਿਆਂ ਦੇ ਰੂਪ ਵਿੱਚ ਕਈ ਦਿਨਾਂ ਤੋਂ ਲੰਘ ਰਹੇ ਸਨ। ਅਮਰ ਵੀ ਚਾਹੁੰਦਾ ਸੀ ਕਿ ਉਹ ਵੀ ਆਪਣੇ ਘਰ ਕੋਈ ਸੋਹਣੀ-ਸੁਨੱਖੀ ਔਰਤ ਕਾਫਲਿਆਂ ਵਿੱਚੋਂ ਹੀ ਉਧਾਲ ਲਿਆਵੇ, ਪਰ ਉਸ ਦੀ ਭੈਣ ਉਸ ਨੂੰ ਇਹ ਕਰਨ ਨਹੀਂ ਦੇਵੇਗੀ।

ਇਕ ਦਿਨ ਸਵੇਰੇ-ਸਵੇਰੇ ਹੀ ਅਮਰ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਕਿ ਰਾਤ ਕਾਫਲੇ ਵਾਲੇ ਉਸ ਦੀ ਭੈਣ ਦਾ ਕਤਲ ਕਰ ਗਏ ਹਨ।

'ਮੈਂ ਬਦਲਾ ਲਵਾਂਗਾ .. ਮੈਂ ਅਣਖ ਖਾਤਰ..' ਇਹ ਬੋਲਦਾ ਉਹ ਆਪਣੀ ਭੈਣ ਦੀ ਲਾਸ਼ ਕੋਲ ਦੀ ਲੰਘਦਾ ਕਾਫਲੇ ਵਿੱਚੋਂ ਕਿਸੇ ਨੌਜਵਾਨ ਲੜਕੀ ਨੂੰ ਉਧਾਲਣ ਲਈ ਹਥਿਆਰ ਲੈ ਕੇ ਘਰੋਂ ਬਾਹਰ ਹੋ ਗਿਆ।

**- ਮਲਕੀਤ ਸਿੰਘ ਬਿਲਿੰਗ**

## ਕਾਲਾ ਕੁੱਤਾ

ਆਪਣੇ ਕਿਸੇ ਕੰਮ ਲਈ ਸ਼ਹਿਰ ਤੋਂ ਬਾਹਰ ਨਿਕਲ ਕੇ ਨਾਲ ਦੇ ਪਿੰਡ ਨੂੰ ਜਾਂਦੀ ਪਹੁੰਚ ਸੜਕ 'ਤੇ ਚਲਦਿਆਂ ਅਜੇ ਡੇਢ ਕਿਲੋਮੀਟਰ ਵੀ ਤਹਿ ਨਹੀਂ ਕੀਤਾ ਹੋਣਾ ਕਿ ਸੜਕ ਦੇ ਕਿਨਾਰੇ ਖੜੀ ਇਕ ਔਰਤ ਦੀ ਆਵਾਜ ਕੰਨੀਂ ਪਈ, 'ਬਚਾਓ ਵੇ ਮੁੰਡਿਓ ਉਸ ਗਰੀਬ ਨੂੰ! ਵਿਚਾਰਾ ਕਦੋਂ ਤੱਕ ਝਾੜੀਆਂ 'ਚ ਲੁਕਦਾ ਫਿਰੂ! ਰੋਕੋ ਏਸ ਦੈਂਤ ਨੂੰ।'

ਮੈਂ ਸਕੂਟਰ ਰੋਕ ਲਿਆ। ਔਰਤ ਦੇ ਹੱਥ ਅਤੇ ਅੱਖਾਂ ਦੀ ਦਿਸ਼ਾ ਵੱਲ ਨਜ਼ਰ ਦੁੜਾਈ। ਦੇਖਿਆ ਕਿ ਇਕ ਆਦਮੀ ਦੋ-ਤਿੰਨ ਮੁੰਡਿਆਂ ਨੂੰ ਨਾਲ ਲੈ ਕੇ ਉੱਖੜਵੀਂ ਚਾਲ ਦੌੜਦੇ ਇਕ ਖਰਗੋਸ਼ ਨੂੰ ਇਕ ਕਾਲੇ ਕੁੱਤੇ ਤੋਂ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।

ਕੁੱਤੇ ਤੋਂ ਬਚਣ ਲਈ ਮੋੜ-ਘੋੜ ਪਾ ਕੇ ਦੌੜਦਾ ਹੋਇਆ ਖਰਗੋਸ਼ ਹੱਫਿਆ ਹੋਇਆ ਉਸ ਆਦਮੀ ਦੇ ਪੈਰਾਂ ਵਿਚ ਆ ਕੇ ਡਿੱਗ ਪਿਆ। ਨਾਲ ਦੇ ਮੁੰਡਿਆਂ ਨੇ ਲਪਕ ਕੇ ਆ ਰਹੇ ਕਾਲੇ ਕੁੱਤੇ ਨੂੰ ਡੰਡੇ ਮਾਰ ਕੇ ਭਜਾ ਦਿੱਤਾ।

ਜ਼ੋਰ-ਜ਼ੋਰ ਦੀ ਧੜਕ ਰਿਹਾ ਮੇਰਾ ਦਿਲ ਇਕਦਮ ਉਤਸੁਕਤਾ ਭਰਪੂਰ ਤਣਾਓ ਤੋਂ ਮੁਕਤ ਹੋ ਗਿਆ। ਉਸ ਆਦਮੀ ਅਤੇ ਔਰਤ ਨੇ ਖਰਗੋਸ਼ ਨੂੰ ਪਾਣੀ ਪਿਲਾ ਕੇ, ਪੁਚਕਾਰ ਕੇ ਸਾਧਾਰਨ ਹਾਲਤ ਵਿਚ ਲਿਆਂਦਾ।

'ਇਸ ਦਾ ਮਤਲਬ, ਅਜੇ ਵੀ, ਕਿਤੇ ਰੱਬ ਵਸਦਾ ਹੈ।' ਇਕ ਨਿਰਦੋਸ਼ ਜੀਵ ਦੀ ਜਾਨ ਬਚਾਉਣ ਵਾਲਿਆਂ ਨੂੰ ਮੈਂ ਇਹੀ ਸ਼ਾਬਾਸ਼ ਦੇ ਸਕਦਾ ਸੀ। ਏਨਾ ਆਖ ਕੇ ਮੈਂ ਫਿਰ ਸਕੂਟਰ 'ਤੇ ਸਵਾਰ ਹੋ ਗਿਆ ਤੇ ਉਹ ਔਰਤ ਵੀ ਸ਼ੁਕਰ ਸ਼ੁਕਰ ਕਰਦੀ ਉੱਥੋਂ ਤੁਰ ਪਈ।

ਦੋ ਕੁ ਘੰਟਿਆਂ ਬਾਅਦ ਜਦੋਂ ਮੈਂ ਵਾਪਸ ਆ ਰਿਹਾ ਸੀ ਤਾਂ ਉਸੇ ਹੀ ਥਾਂ ਤੋਂ ਥੋੜ੍ਹੀ ਦੂਰ ਸੜਕ ਕਿਨਾਰੇ ਬਣੇ ਇਕ ਮਕਾਨ ਕੋਲ ਖੜੇ ਉਸੇ ਆਦਮੀ ਨੇ ਹੱਥ ਦੇ ਕੇ ਮੇਰਾ ਸਕੂਟਰ ਰੋਕ ਲਿਆ। ਕਹਿਣ ਲੱਗਾ, 'ਸਰਦਾਰ ਜੀ, ਆ ਜਾਓ, ਰੋਟੀ ਖਾ ਕੇ ਜਾਣਾ, ਬਹੁਤ ਹੀ ਸੁਆਦੀ ਬਣਿਆ ਜੇ!'

'ਕੀ ? ' ਮੈਂ ਪੁੱਛਿਆ।

'ਓਹੀਓ ਖਰਗੋਸ਼।'

ਮੈਨੂੰ ਲੱਗਾ ਜਿਵੇਂ ਕਾਲਾ ਕੁੱਤਾ ਅਜੇ ਵੀ ਉੱਥੇ ਹੀ ਖੜਾ ਹੋਵੇ, ਮੇਰੇ ਕੋਲ।

**- ਡਾ. ਹਰਜੀਤ ਸਿੰਘ ਸੱਧਰ**

## ਚੌਧਰ

ਰੌਣਕੀ ਗੁੱਸੇ ਜਿਹੇ ਨਾਲ ਰਾਮ ਲਾਲ ਰਾਮਦਾਸੀਏ ਦੇ ਘਰ ਵਿਚ ਵੜਦਾ ਹੀ ਕੜਕਵੀਂ ਆਵਾਜ਼ ਵਿਚ ਬੋਲਿਆ, 'ਓਏ ਮੁੰਡਿਓ, ਮੈਨੂੰ ਕਿਸੇ ਪੱਕੇ ਬੰਦੇ ਨੇ ਦੱਸਿਐ, ਅੱਜ ਤੁਹਾਡੀ ਮਾਂ ਸਾਡੇ ਖੇਤ 'ਚੋਂ ਚੋਰੀ ਪੱਠੇ ਵੱਢ ਕੇ ਲਿਆਈ ਐ। ਜੇ ਮੈਂ ਵੇਖ ਲੈਂਦਾ ਤਾਂ ਗੁੱਤੋਂ ਫੜ ਲੈਂਦਾ।'

ਵਿਹੜੇ ਵਿਚ ਡਾਹੇ ਮੰਜੇ ਉੱਤੇ ਆਰਾਮ ਨਾਲ ਬੈਠੇ ਰਾਮ ਲਾਲ ਦੇ ਦੋਵੇਂ ਮੁੰਡੇ ਇੱਕਦਮ ਗੁੱਸੇ ਨਾਲ ਉੱਠੇ ਤੇ ਝੱਟ ਰੌਣਕੀ ਨੂੰ ਆ ਚਿੰਬੜੇ। ਉਹਨਾਂ ਵਿੱਚੋਂ ਇਕ ਤੈਸ਼ ਵਿਚ ਆ ਕੇ ਬੋਲਿਆ, 'ਤੂੰ ਸਾਡੀ ਮਾਂ ਨੂੰ ਗੁੱਤੋਂ ਫੜਨ ਵਾਲਾ ਕੌਣ ਹੁੰਨੈਂ ? '

ਉਸੇ ਵੇਲੇ ਰਾਮ ਲਾਲ ਕਮਰੇ ਵਿੱਚੋਂ ਬਾਹਰ ਨਿਕਲਿਆ ਤੇ ਰੌਣਕੀ ਨੂੰ ਬਾਂਹ ਤੋਂ ਫੜਦਾ ਹੋਇਆ ਬੜੀ ਹਲੀਮੀ ਨਾਲ ਬੋਲਿਆ, 'ਰੌਣਕ ਸਿਆਂ, ਕਿਉਂ ਖਿਹਿਬੜਦੈਂ ਇਨ੍ਹਾਂ ਨਿਆਣਿਆਂ ਨਾਲ ? ਆ ਕੋਈ ਕੰਮ ਦੀ ਗੱਲ ਕਰੀਏ।'

ਰਾਮ ਲਾਲ ਨੇ ਰੌਣਕੀ ਨੂੰ ਕਮਰੇ ਵਿਚ ਲਿਜਾ ਕੇ ਮੰਜੇ ਉੱਤੇ ਬਿਠਾ ਦਿੱਤਾ ਤੇ ਆਪ ਉਸ ਦੇ ਪੈਰਾਂ ਵਿਚ ਬੈਠਦਾ ਹੋਇਆ ਆਪਣੇ ਬੁੱਲ੍ਹਾਂ 'ਤੇ ਖਚਰੀ ਜਿਹੀ ਮੁਸਕਾਣ ਲਿਆਉਂਦਾ ਹੋਇਆ ਬੋਲਿਆ, 'ਰੌਣਕ ਸਿਆਂ, ਸਰਪੰਚੀ ਦੀ ਚੋਣ ਸਿਰ 'ਤੇ ਆ ਗਈ ਐ। ਸਾਡੇ ਸਾਰੇ ਵਿਹੜੇ ਨੇ ਮੀਟਿੰਗ ਕਰਕੇ ਇਹ ਫੈਸਲਾ ਕੀਤਾ ਐ ਕਿ ਇਸ ਵਾਰ ਪਿੰਡ ਦਾ ਸਰਪੰਚ ਤੇਰੇ ਬਾਪ ਮਿਲਖਾ ਸਿੰਘ ਨੂੰ ਬਣਾਇਆ ਜਾਵੇ। ਉਸ ਤੋਂ ਸਿਆਣਾ ਬੰਦਾ ਸਾਨੂੰ ਪਿੰਡ 'ਚ ਹੋਰ ਕੋਈ ਨਹੀਂ ਦਿੱਸਦਾ।'

ਰੌਣਕੀ ਦੇ ਚਿਹਰੇ ਤੋਂ ਗੁੱਸੇ ਦੇ ਹਾਵ-ਭਾਵ ਇਕਦਮ ਉਡਾਰੀ ਮਾਰ ਗਏ ਤੇ ਉਸ ਦੇ ਅੰਦਰ ਇਕ ਖੁਸ਼ੀ ਦੀ ਲਹਿਰ ਜਿਹੀ ਕੰਬਣ ਲੱਗੀ। ਇਸ ਮੁੱਦੇ 'ਤੇ ਉਸ ਨੇ ਰਾਮ ਲਾਲ ਨਾਲ ਹੋਰ ਕਈ ਗੱਲਾਂ ਕੀਤੀਆਂ। ਫੇਰ ਕਮਰੇ ਤੋਂ ਬਾਹਰ ਆ ਕੇ ਉਸ ਨੇ ਮੁੰਡਿਆਂ ਨੂੰ ਸੰਬੋਧਨ ਕਰਦਿਆਂ ਕਿਹਾ, 'ਪੁੱਤਰੋ, ਮੈਂ ਤਾਂ ਤੁਹਾਡੇ ਨਾਲ ਹੱਸ ਰਿਹਾ ਸੀ। ਪੱਠਿਆਂ ਸਾਲਿਆਂ ਨੇ ਕਿਤੇ ਨਾਲ ਜਾਣੈ। ਹੁਣ ਤਾਂ ਸਾਡੇ ਸਾਰੇ ਖੇਤ ਤੁਸੀਂ ਆਪਣੇ ਹੀ ਸਮਝੋ।'

ਦੋਵੇਂ ਮੁੰਡੇ ਹੱਕੇ-ਬੱਕੇ ਹੋਏ ਰੌਣਕੀ ਵੱਲ ਵੇਖ ਰਹੇ ਸਨ।

**- ਭੀਮ ਸਿੰਘ ਗਰਚਾ**

## ਸਮੇਂ ਦੀ ਮਾਰ

ਉਜਾਗਰ ਸਿੰਘ ਪੰਝਤਰਾਂ ਨੂੰ ਪਾਰ ਕਰ ਚੁੱਕਿਆ ਸੀ। ਉਹ ਪਿਛਲੇ ਦਸ ਦਿਨਾਂ ਤੋਂ ਮੰਜੇ 'ਤੇ ਪਿਆ ਸੀ। ਵਾਰੀ ਦਾ ਬੁਖਾਰ ਆਇਆ ਸੀ। ਉਸ ਦੀ ਧਰਮ ਪਤਨੀ ਗੁਰਨਾਮ ਕੌਰ ਉਸ ਨੂੰ ਬੜਾ ਹੌਸਲਾ ਦੇਂਦੀ, ਪਰ ਉਹ ਅੰਦਰੋਂ ਟੁੱਟ ਚੁੱਕਿਆ ਸੀ। ਪਿਛਲੇ ਪੰਜ-ਸੱਤ ਸਾਲਾਂ ਤੋਂ ਨਰਮੇ ਦੀ ਫਸਲ ਵੀ ਮਾਰੀ ਗਈ ਸੀ। ਬੈਂਕ ਤੇ ਆੜ੍ਹਤੀਏ ਦਾ ਕਰਜ਼ਾ ਸਿਰ ਤੋਂ ਉੱਚਾ ਹੋ ਗਿਆ ਸੀ।

ਬਿਮਾਰ ਹੋਣ ਤੋਂ ਪਹਿਲਾਂ ਉਜਾਗਰ ਸਿੰਘ ਆੜ੍ਹਤੀਏ ਰਾਧੇ ਸ਼ਿਆਮ ਕੋਲ ਸੱਤ-ਅੱਠ ਵਾਰੀ ਹੋ ਆਇਆ ਸੀ, ਪਰ ਆੜ੍ਹਤੀਆ ਸੀ ਕਿ ਪੈਸੇ ਵੱਲੋਂ ਕੋਈ ਉਂਗਲ-ਅੰਗੂਠਾ ਨਹੀਂ ਫੜਾਉਂਦਾ ਸੀ। ਗੁਰਨਾਮ ਕੌਰ ਨੇ ਸਵੇਰੇ ਚੁੱਲ੍ਹਾ-ਚੌਂਕਾ ਕੀਤਾ ਤੇ ਉਜਾਗਰ ਸਿੰਘ ਕੋਲ ਮੰਜੇ ਉੱਤੇ ਬੈਠਦਿਆਂ ਕਿਹਾ, 'ਸਰਦਾਰਾ ਅੱਜ ਮੈਂ ਜਾਵਾਂ ਚੌਧਰੀ ਰਾਧੇ ਸ਼ਿਆਮ ਕਿਆਂ ਦੇ ? ਕੀ ਹੋਇਆ ਬੰਦੇ ਦੇ ਮਾੜੇ-ਚੰਗੇ ਦਿਨ ਆਉਂਦੇ ਈ ਰਹਿੰਦੇ ਨੇ। ਕੀ ਅਸੀਂ ਹੁਣ ਭੁੱਖੇ ਮਰ ਜਾਈਏ ? ਤਿੰਨ ਪੀੜ੍ਹੀਆਂ ਤੋਂ ਆਪਣੇ ਤੇ ਉਨ੍ਹਾਂ ਦੇ ਪਰਵਾਰ ਦਾ ਸਾਥ ਚਲਦਾ ਆ ਰਿਹੈ।'

ਉਜਾਗਰ ਸਿੰਘ ਚਾਹੁੰਦਾ ਹੋਇਆ ਵੀ ਨਾ ਰੋਕ ਸਕਿਆ।

ਗੁਰਨਾਮ ਕੌਰ ਪਿੰਡ ਤੋਂ ਸ਼ਹਿਰ ਵੱਲ ਨੂੰ ਜਾਂਦੀ ਹੋਈ ਸੋਚਦੀ ਜਾ ਰਹੀ ਸੀ 'ਅੱਜ ਉਸ ਦੇ ਚਾਰ ਪੁੱਤਰ ਆਪਣੇ ਘਰ-ਪਰਵਾਰ ਵਾਲੇ ਹੋ ਗਏ ਹਨ, ਪਰ ਉਨ੍ਹਾਂ ਦੀ ਕੋਈ ਬਾਤ ਨਹੀਂ ਪੁੱਛਦੇ। ਫਿਰ ਦੂਸਰੇ ਪਲ ਸੋਚਣ ਲਗਦੀ ਕਿ ਉਹ ਕਿਹੜਾ ਘਰੋਂ ਸੌਖੇ ਹਨ। ਉਹ ਵੀ ਤਾਂ ਫਸਲ ਨਾ ਹੋਣ ਕਰਕੇ ਕਰਜ਼ਾਈ ਹੋਏ ਪਏ ਹਨ। ਫਿਰ ਸੁੱਖ ਨਾਲ ਪਰਵਾਰ ਵੀ ਉਨ੍ਹਾਂ ਦਾ ਵੱਡਾ ਸੀ।'

ਇਹ ਸੋਚਦੀ ਹੋਈ ਗੁਰਨਾਮ ਕੌਰ ਚੌਧਰੀ ਰਾਧੇ ਸ਼ਿਆਮ ਦੀ ਆੜ੍ਹਤ 'ਤੇ ਪਹੁੰਚ ਗਈ। ਉੱਥੇ ਪਹੁੰਚਣ 'ਤੇ ਪਤਾ ਚੱਲਿਆ ਕਿ ਚੌਧਰੀ ਰਾਧੇ ਸ਼ਿਆਮ ਕੁਝ ਦਿਨਾਂ ਤੋਂ ਆੜ੍ਹਤ 'ਤੇ ਨਹੀਂ ਆ ਰਿਹਾ ਸੀ। ਉਸ ਨੇ ਉਹਨੂੰ ਘਰ ਮਿਲਣ ਦੀ ਸੋਚੀ।

ਚੌਧਰੀ ਰਾਧੇ ਸ਼ਿਆਮ ਆਪਣੇ ਘਰ ਦੇ ਡਰਾਇੰਗ ਰੂਮ ਵਿਚ ਕੁਝ ਬਾਬੂ ਲੋਕਾਂ ਨਾਲ ਬੈਠਾ ਹੋਇਆ ਪਰੇਸ਼ਾਨ ਨਜ਼ਰ ਆ ਰਿਹਾ ਸੀ।

'ਆ ਚਾਚੀ! ਕਿਵੇਂ ਆਉਣਾ ਹੋਇਆ ? ' ਰਾਧੇ ਸ਼ਿਆਮ ਨੇ ਉੱਠ ਕੇ ਗੁਰਨਾਮ ਕੌਰ ਨੂੰ ਸਿਰ ਨਿਵਾਉਂਦੇ ਹੋਏ ਕਿਹਾ।

'ਪੁੱਤ! ਤੇਰਾ ਚਾਚਾ ਬਹੁਤ ਬਿਮਾਰ ਐ। ਘਰ ਦੇ ਰਾਸ਼ਨ-ਪਾਣੀ ਤੇ ਕੱਪੜੇ-ਲੀੜੇ ਲਈ ਪੰਜ ਹਜ਼ਾਰ ਰੁਪਏ ਚਾਹੀਦੇ ਸੀ।' ਗੁਰਨਾਮ ਕੌਰ ਨੇ ਰਾਧੇ ਸ਼ਿਆਮ ਦੀ ਪਿੱਠ 'ਤੇ ਹੱਥ ਫੇਰਦੇ ਹੋਏ ਕਿਹਾ।

'ਚਾਚੀ! ਪੈਸਾ ਤਾਂ ਹੈ ਨਹੀਂ! ਤੈਨੂੰ ਪਤਾ ਈ ਐ, ਪਿਛਲੇ ਚਾਰ-ਪੰਜ ਸਾਲ ਤੋਂ ਫਸਲ ਦੀ ਮਾਰ ਕਰਕੇ ਫੈਕਟਰੀ ਬਹੁਤ ਬੁਰੀ ਤਰ੍ਹਾਂ ਘਾਟੇ 'ਚ ਐ। ਤੇ ਫਿਰ ਕੁਝ ਵੱਡੇ ਘਰ ਵੀ ਪੈਸੇ ਲੈ ਕੇ ਤੂੰ ਵੇਖਦੀ ਪਈ ਐਂ, ਕਮਰੇ 'ਚ ਬੈਠੇ ਇਹ ਬੈਂਕ ਵਾਲੇ ਮੇਰੇ ਘਰ ਤੇ ਫੈਕਟਰੀ ਦੀ ਕੁਰਕੀ ਕਰਨ ਨੂੰ ਫਿਰਦੇ ਨੇ।' ਰਾਧੇ ਸ਼ਿਆਮ ਨੇ ਠੰਢਾ ਹਉਕਾ ਲੈਂਦੇ ਹੋਏ ਕਿਹਾ।

ਗੁਰਨਾਮ ਕੌਰ ਨੂੰ ਹੁਣ ਆਪਣਾ ਆਪ ਭਾਰਾ-ਭਾਰਾ ਜਾਪ ਰਿਹਾ ਸੀ।

**- ਸੰਜੀਵ ਛਾਬੜਾ**

## ਚੰਗੀ ਚੀਜ਼

ਹਸਪਤਾਲ ਦੇ ਡਾਕਟਰ ਨੇ ਜਦੋਂ ਸੁਖਰਾਜ ਨੂੰ ਦੱਸਿਆ ਕਿ ਉਹਦੇ ਘਰ ਚੰਨ ਵਰਗੇ ਪੁੱਤਰ ਨੇ ਜਨਮ ਲਿਆ ਹੈ ਤਾਂ ਉਸ ਦੇ ਚਾਵਾਂ ਤੇ ਖੁਸ਼ੀਆਂ ਨੂੰ ਜਿਵੇਂ ਖੰਭ ਲੱਗ ਗਏ ਹੋਣ। ਹੁਣ ਸੁਖਰਾਜ ਇਹ ਖੁਸ਼ੀ ਦੀ ਖਬਰ ਆਪਣੇ ਘਰਦਿਆਂ ਨੂੰ ਸੁਣਾਉਣ ਲਈ ਤਰਲੋਮੱਛੀ ਹੋ ਰਿਹਾ ਸੀ।

ਸ਼ਹਿਰ ਤੋਂ ਉਹਦੇ ਪਿੰਡ ਨੂੰ ਜਾਂਦੀ ਆਖਰੀ ਬੱਸ ਲੰਘ ਚੁੱਕੀ ਸੀ। ਫਿਰ ਉਸ ਨੇ ਹਰ ਹਾਲਤ ਵਿਚ ਪਿੰਡ ਪੁੱਜਣ ਲਈ ਕਿਰਾਏ ਦੀ ਕਾਰ ਕਰਵਾ ਲਈ। ਘਰ ਜਾਂਦਿਆਂ ਹੀ ਸੁਖਰਾਜ ਚਾਈਂ-ਚਾਈਂ ਆਪਣੇ ਬਾਪੂ ਨੂੰ ਕਹਿਣ ਲੱਗਾ, 'ਆ ਬਾਪੂ, ਤੈਨੂੰ ਇੱਕ ਚੰਗੀ ਖਬਰ ਸੁਣਾਵਾਂ।'

'ਕਾਹਦੀ ਚੰਗੀ ਖਬਰ ਐ ਪੁੱਤਰਾ ? '

'ਕਿਸੇ ਚੰਗੀ ਚੀਜ਼ ਦੀ ਖਬਰ।'

'ਹਾਂ ਦੱਸ, ਕਿਹੜੀ ਚੰਗੀ ਚੀਜ਼ ਦੀ ਖਬਰ ? '

'ਬਾਪੂ, ਆਪਣੇ ਘਰ ਸੁਖ ਨਾਲ ਬੇਟਾ ਜਨਮਿਆ ਏ, ਬੇਟਾ!'

ਇਹ ਖਬਰ ਜਿਵੇਂ ਬਾਪੂ ਦੀ ਦੁਖਦੀ ਰਗ 'ਤੇ ਠੋਕਰ ਮਾਰ ਗਈ ਹੋਵੇ। ਉਹ ਨਿਰਉੱਤਰ ਜਿਹਾ ਕਿਸੇ ਡੂੰਘੀ ਸੋਚ ਵਿਚ ਗੁਆਚਿਆ ਟਿਕਟਿਕੀ ਲਾ ਕੇ ਆਪਣੇ ਤੋਂ ਬੇਮੁੱਖ ਤੇ ਬੇਵਫਾ ਹੋਏ ਪੁੱਤਰ ਸੁਖਰਾਜ ਦੇ ਮੂੰਹ ਵੱਲ ਵੇਖਣ ਲੱਗ ਪਿਆ।

ਤੇ ਫਿਰ ਸੁਖਰਾਜ ਨੇ ਬਾਪੂ ਦੀ ਸੋਚ ਨੂੰ ਝੰਜੋੜਦਿਆਂ ਕਿਹਾ, 'ਬਾਪੂ, ਕੀ ਗੱਲ ਤੂੰ ਖੁਸ਼ੀ ਵਿਚ ਝੂਮਿਆ ਕਿਉਂ ਨ੍ਹੀਂ ? ਗਮਗੀਨ ਜਿਹਾ ਕਿਉਂ ਹੋ ਗਿਆ ਏਂ ? ਆਪੇ ਤਾਂ ਤੂੰ ਕਿਹਾ ਕਰਦਾ ਸੀ ਕਿ ਆਪਣੇ ਘਰ ਕੋਈ ਚੰਗੀ ਚੀਜ਼ ਆਵੇ ਤਾਂ ਚੰਗੈ ਤੇ ਅੱਜ ? '

'ਪੁੱਤਰਾ! ਤੂੰ ਵੀ ਤਾਂ ਮੇਰੇ ਘਰ ਇਕ ਦਿਨ ਚੰਗੀ ਚੀਜ਼ ਬਣ ਕੇ ਆਇਆ ਸੀ, ਤੇਰੇ ਆਉਣ 'ਤੇ ਮੈਂ ਲੱਖ ਖੁਸ਼ੀਆਂ ਮਨਾਈਆਂ, ਪਾਲਿਆ-ਪੋਸਿਆ, ਪੜ੍ਹਾਇਆ-ਲਿਖਾਇਆ ਤੇ ਚੰਗੀ ਕੁਰਸੀ 'ਤੇ ਬਿਠਾਇਆ।' ਬਾਪੂ ਨੇ ਇਕ ਲੰਮਾ ਹਉਕਾ ਭਰਿਆ ਤੇ ਸੇਜਲ ਹੋਈਆਂ ਅੱਖਾਂ ਨੂੰ ਮੋਢੇ ਉੱਤੇ ਰੱਖੇ ਪਰਨੇ ਦੇ ਪੱਲੂ ਨਾਲ ਪੂੰਝਣ ਲੱਗ ਪਿਆ।

**- ਸੁਰਿੰਦਰ ਮਕਸੂਦਪੁਰੀ**

## ਬਾਪੂ ਦੀ ਸਕੀਮ

'ਬਾਪੂ, ਬੈਂਕ ਕਰਜ਼ੇ ਦੀ ਉਗਰਾਹੀ ਵਾਲੇ ਸੰਧੂਰੇ ਤਾਏ ਬਾਰੇ ਪੁੱਛਦੇ ਸੀ।'

'ਫੇਰ ਤੈਂ ਕੀ ਕਿਹਾ ਤੇ ਸੰਧੂਰੇ ਨੂੰ ਕਿੱਥੇ ਲੁਕਾਇਆ ? '

'ਮੈਨੂੰ ਗੂੰਜ ਜਿਹੀ ਸੁਣ ਕੇ ਪਹਿਲਾਂ ਈ ਜੀਪ ਦੀ ਬਿੜਕ ਪੈਗੀ ਸੀ। ਮੈਂ ਝੱਬਦੇ ਈ ਤਾਏ ਨੂੰ ਭੱਜਣ ਦੀ ਸੈਨਤ ਮਾਰ'ਤੀ।'

'ਤੇ ਫੇਰ ? '

'ਫੇਰ ਕੀ ਤਾਏ ਨੇ ਆ ਵੇਖਿਆ ਨਾ ਤਾਅ, ਇੱਕੋ ਛਾਲ 'ਚ ਕੰਧ ਟੱਪ ਕੇ ਪਸ਼ੂਆਂ ਵਾਲੇ ਵਾੜੇ ਜਾ ਲੁਕਿਆ।'

'ਬੱਲੇ ਓਏ ਸੰਧੂਰਿਆ, ਬੜਾ ਦਿਲ ਕੱਢਿਆ ਬਈ ਅੱਜ ਤਾਂ।'

'ਦਿਲ ਤਾਂ ਦਿਲ ਬਾਪੂ, ਅੱਜ ਤਾਂ ਪੁਲਸ ਵੀ ਬੈਂਕ ਵਾਲਿਆਂ ਦੇ ਨਾਲ ਈ ਸੀ। ਢਿੱਲਵਾਂ ਦੀ ਪੱਤੀਓਂ ਮੱਘਰ ਨੂੰ ਤਾਂ ਲੈਗੇ ਜੀਪ 'ਚ ਬਹਾ ਕੇ। ਉਹਦਾ ਪਤਾ ਨ੍ਹੀਂ ਕੀ ਬਣੂੰ ? '

' ਓਏ ਬਣਨਾ ਕੀ ਐ ਉਹਦਾ, ਪੰਜ-ਸੱਤ ਦਿਨ ਹਵਾਲਾਤ 'ਚ ਬਹਾ ਕੇ ਘਰ ਨੂੰ ਤੋਰ ਦੇਣਗੇ। ਕੋਈ ਨ੍ਹੀਂ ਉਹਦਾ ਦੁੱਧ ਸੁੱਕਦਾ।'

'ਤੇ ਬਾਪੂ, ਆਪਣੇ ਸਿਰ ਕਰਜ਼ਾ ਹੈ ਕਿੰਨਾ ਕੁ ਭਲਾ ? '

'ਪੈਸਾ ਤਾਂ ਸੂਤ ਈ ਸੀ, ਪਤਿਉਰੇ ਮੇਰੇ ਦਾ ਵਿਆਜ ਈ ਨ੍ਹੀਂ ਪੱਟੀ ਬੱਝਣ ਦਿੰਦਾ। ਚਾਲੀ ਹਜ਼ਾਰ ਤੋਂ ਲੱਖ 'ਤੇ ਪਹੁੰਚ ਗਿਆ।'

'ਤੇ ਬਾਪੂ, ਆਹ ਜੀਪ ਜਿਹੀ ਵੇਚ ਕੇ ਕਰਜ਼ਾ ਲਾਹ ਕੇ ਪਰ੍ਹਾਂ ਕਰੋ, ਆਪਣੇ ਤਿੰਨਾਂ ਕੋਲ ਆਪਣੀ-ਆਪਣੀ ਸਵਾਰੀ ਤਾਂ ਹੈਗੀ ਆ।'

'ਓਏ ਤੂੰ ਤਾਂ ਯੱਬਲੀਆਂ ਮਾਰਦੈਂ, ਪੈਲੀ ਤਾਂ ਭਾਵੇਂ ਪੰਦਰਾਂ ਕਿੱਲੇ ਈ ਐ ਸਾਰੀ, ਪਰ ਇਹ ਮਸ਼ੀਨਰੀ ਤਾਂ ਘਰ ਦੀ ਟੌਹਰ ਵਧਾਉਂਦੀ ਐ। ਜਦੋਂ ਕੋਈ ਰਿਸ਼ਤਾ ਕਰਨ ਵਾਲਾ ਆਉਂਦਾ ਘਰੇ ਟਰੈਕਟਰ, ਕੰਬਾਈਨ, ਜੀਪ, ਸਕੂਟਰ, ਮੋਟਰ ਸਾਈਕਲ ਖੜ੍ਹੇ ਵੇਖ ਕੇ ਡਿੱਗੂ ਪਿੱਠ ਪਰਨੇ। ਬਿਨ ਮੰਗੇ ਈ ਮਾਰੂਤੀ-ਜ਼ੈੱਨ ਖੜ੍ਹਾ ਜੂ ਵਿਹੜੇ 'ਚ ਠਾਕੇ 'ਤੇ ਈ, ਫੇਰ ਭਾਵੇਂ ਤੂੰ ਜੀਪ ਵੇਚ ਈ ਲਈਂ।'

'ਹੈਂਅ! ਤਾਂ ਇਹ ਗੱਲ ਐ। ਸਦਕੇ ਓਏ ਬਾਪੂ, ਤੇਰੀਆਂ ਸਕੀਮਾਂ ਦੇ।'

**- ਲਾਲ ਸਿੰਘ ਕਲਸੀ**

## ਪੁੰਨ

'ਕਦੋਂ ਆਇਐਂ ਵਲੈਤੋਂ, ਬਈ ਟਹਿਲ ਸਿਆਂ ? '

'ਹੋ ਗਏ ਕੋਈ ਪੰਦਰਾਂ-ਵੀਹ ਦਿਨ, ਆਵਦਾ ਵਿਆਹ ਕਰਾਉਣ ਆਇਆ ਤੀ, ਹੁਣ ਕੱਲ੍ਹ ਸਾਜਰੇ ਫਲਾਈਟ ਐ ਮੇਰੀ।'

'ਵਾਹ ਬਈ ਵਾਹ! ਟਹਿਲ ਸਿਆਂ, ਜੇ ਮੈਨੂੰ ਭੁਲੇਖਾ ਨਹੀਂ ਤਾਂ ਇਹ ਤੇਰੀ ਤੀਜੀ ਸ਼ਾਦੀ ਐ।' ਗੱਲ ਨੂੰ ਜਾਰੀ ਰੱਖਦੇ ਹੋਏ ਸਰਵਣ ਪੁੱਛਣ ਲੱਗਾ, 'ਬਈ ਇਹ ਤਾਂ ਦੱਸ ਤੂੰ ਛੇਤੀ-ਛੇਤੀ ਸ਼ਾਦੀਆਂ ਕਰੀ ਜਾਨੈਂ ਪਹਿਲੀਆਂ ਦੋ ਦਾ ਕੀ ਹੋਇਆ ? '

'ਕੀ ਹੋਣਾ ਸੀ, ਬਿਆਹ ਮਗਰੋਂ ਤਾਂ ਇੰਡੀਆ 'ਚ ਠੀਕ-ਠਾਕ ਤੀ, ਜਦੋਂ ਉੱਥੇ ਵਲੈਤ ਗਈ ਤਾਂ ਭੂਤਰ ਗਈ ਤੇ ਤਲਾਕ ਹੋ ਗਿਆ। ਫਿਰ ਦੂਜੀ ਥਾਮੇਂ ਪਿੰਡ ਦੀ ਗਰੀਬ ਕੁੜੀ ਨਾਲ ਬਿਆਹ ਕਰ ਲਿਆ, ਉਹਦੇ ਵੀ ਗੋਰਿਆਂ ਦੀ ਧਰਤੀ 'ਤੇ ਪੈਰ ਰੱਖਦਿਆਂ ਈ ਖੰਭ ਲੱਗ ਗਏ, ਬਸ ਰੋਜ਼ ਮੇਰੇ ਨਾਲ ਲੜੇ ਆਖੇ, ਤੂੰ ਬੀ ਕੰਮ ਕਰ ਘਰ ਦਾ ਮੇਰੇ ਨਾਲ, ਰੋਜ਼ ਲੜਦੀ ਤੀ ਸਹੁਰੀ ਦੀ ਬਸ ਕੁਝ ਮਹੀਨਿਆਂ ਬਾਦ ਤਲਾਕ ਹੋ ਗਿਆ, ਰਹਿੰਦੀਆਂ ਦੋਹਮੇਂ ਆਪਣੇ ਆਪਣੇ ਕੌਂਸਲ ਦੇ ਫਲੈਟਾਂ 'ਚ।'

'ਪਰ ਇਹ ਗੱਲ ਤਾਂ ਬੜੀ ਮਾੜੀ ਐ ਟਹਿਲਿਆ! ਮਾਪੇ ਰੀਝਾਂ ਨਾਲ ਪਾਲਦੇ-ਪਲੋਸਦੇ ਆ ਤੇ ਵਲੈਤ ਜਾ ਕੇ ਹੋਰ ਦਾ ਹੋਰ ਕੁਝ ਈ ਹੋ ਜਾਂਦੈ।'

ਅੱਗੋਂ ਟਹਿਲ ਸਿੰਘ ਨੇ ਜ਼ਰਾ ਦਾੜ੍ਹੀ-ਮੁੱਛਾਂ ਨੂੰ ਸੰਵਾਰਦੇ ਹੋਏ ਜਵਾਬ ਦਿੱਤਾ, 'ਓਏ ਸਰਵਣਾ, ਤੈਨੂੰ ਕੀ ਸਮਝ ਉੱਥੋਂ ਦੀ, ਦੁੱਖ-ਦਾਖ ਤਾਂ ਕੀ ਹੋਣੈ, ਤਲਾਕ ਕਰਾ ਕੇ ਭਮਾਂ ਜਿੰਨੀ ਵਾਰੀ ਮਰਜ਼ੀ ਬਿਆਹ ਕਰਾਉਣਏ ਘੱਟ ਤਾਂ ਨਹੀਂ ਨਾ ਬਈ ਪਿੰਡ 'ਚੋਂ ਨਿਕਲ ਕੇ ਵਲੈਤ ਠਾਹਰ ਮਿਲ ਗਈ, ਮੈਂ ਤਾਂ ਜਮਾਂ ਈ ਪੁੰਨ ਕਰ ਰਿਹੈਂ, ਨਹੀਂ ਤਾਂ ਪਿੰਡ 'ਚ ਈ ਉਮਰ ਗਲਾ ਦੇਣੀ ਤੀ ਇਹਨਾਂ ਨੇ।' ਫਿਰ ਗਲੇ ਨੂੰ ਸਾਫ਼ ਕਰਦੇ ਹੋਏ ਕਹਿਣ ਲੱਗਾ, 'ਬਈ ਦੇਖ ਨਾ, ਏਨੀ ਦੂਰੋਂ ਕਿਰਾਇਆ ਭਾੜਾ ਖਰਚ ਕੇ ਆਈਦੈ ਨਾ ਏਥੇ ਨਹੀਂ ਤਾਂ ਉੱਥੇ ਕੁੜੀਆਂ ਦਾ ਘਾਟਾ ਥੋੜ੍ਹਾ ਏ ਬਥੇਰੀਆਂ ਮਿਲ ਜਾਂਦੀਐਂ, ਪਰ ਆਪਾਂ ਤਾਂ ਇੱਥੋਂ ਲਿਜਾ ਕੇ ਜਮਾਂ ਈ ਪੁੰਨ ਕਰ ਰਹੇ ਆਂ।'

**- ਅਨਿਮੇਸ਼ਵਰ ਕੌਰ**

## ਲਗਾਮ

ਕੁਝ ਦਿਨ ਪਹਿਲਾਂ ਮੈਨੂੰ ਕੰਮ-ਕਾਰ ਦੇ ਸਿਲਸਿਲੇ ਵਿਚ ਪਠਾਨਕੋਟ ਜਾਣਾ ਪਿਆ। ਸਫ਼ਰ ਲੰਮਾ ਸੀ ਅਤੇ ਕੁਝ ਦਿਨ ਉਥੇ ਰਹਿਣਾ ਵੀ ਪੈਣਾ ਸੀ। ਇਸ ਲਈ ਮੇਰੀ ਘਰਵਾਲੀ ਨੇ ਮੈਨੂੰ ਵਿੱਚ-ਵਿੱਚ ਫੋਨ ਕਰਨ ਲਈ ਕਿਹਾ ਸੀ।

ਸਫ਼ਰ ਲੰਮਾ ਅਤੇ ਥਕਾਵਟ ਭਰਿਆ ਸੀ, ਉਤੋਂ ਗਰਮੀ ਨੇ ਅੱਤ ਮਚਾਈ ਹੋਈ ਸੀ। ਇਸ ਲਈ ਮੈਂ ਰਸਤੇ ਵਿਚ ਕੁਝ ਘੜੀ ਆਰਾਮ ਕਰਨ ਦੇ ਲਈ ਆਪਣੀ ਕਾਰ ਸਾਈਡ 'ਤੇ ਰੋਕ ਲਈ। ਅਜੇ ਮੈਂ ਆਪਣੇ ਨਾਲ ਲਿਆਂਦੀ ਮਿਨਰਲ ਵਾਟਰ ਦੀ ਬੋਤਲ ਵਿਚੋਂ ਪਾਣੀ ਪੀ ਹੀ ਰਿਹਾ ਸੀ ਕਿ ਪੈਦਲ ਤੁਰਦੇ ਆਉਂਦੀ ਇਕ ਕੁੜੀ, ਜਿਸ ਦੀ ਉਮਰ 15-16 ਸਾਲ ਦੇ ਕਰੀਬ, ਮੇਰੀ ਕਾਰ ਦੇ ਬਰਾਬਰ ਆ ਕੇ ਪਸੀਨਾ ਪੂੰਝਦੀ ਹੋਈ ਬੋਲੀ, 'ਅੰਕਲ ਜੀ, ਮੇਰੀ ਤਬੀਅਤ ਕੁਝ ਠੀਕ ਨਹੀਂ ਹੈ। ਮੈਨੂੰ ਅਗਲੇ ਚੌਕ ਤੱਕ ਲਿਫਟ ਚਾਹੀਦੀ ਸੀ। ਜੇ ਤੁਸੀਂ ਮਾਈਂਡ ਨਾ ਕਰੋ ਤਾਂ।'

ਮੈਂ ਧੁੱਪ ਵਿਚ ਗਰਮੀ ਦਾ ਕਹਿਰ ਪੈਂਦੇ ਹੋਏ ਵੇਖ ਉਸ ਕੁੜੀ ਨੂੰ ਕਾਰ ਦੀ ਪਿਛਲੀ ਸੀਟ ਉਤੇ ਬੈਠਣ ਦਾ ਇਸ਼ਾਰਾ ਕਰ ਦਿੱਤਾ। ਪਾਣੀ ਪੀ ਕੇ ਮੈਂ ਕਾਰ ਸਟਾਰਟ ਕੀਤੀ ਤਾਂ ਅਚਾਨਕ ਮੇਰੀ ਨਿਗਾਹ ਕਾਰ ਦੇ ਅੰਦਰ ਲੱਗੇ ਸ਼ੀਸ਼ੇ ਉੱਤੇ ਗਈ, ਜਿਸ ਵਿਚ ਉਸ ਕੁੜੀ ਦਾ ਚਿਹਰਾ ਸਾਫ਼ ਨਜ਼ਰ ਆ ਰਿਹਾ ਸੀ। ਉਸ ਦੀਆਂ ਤੇਜ਼-ਤਰਾਰ ਅੱਖਾਂ ਮੇਰੇ ਦਿਲ ਨੂੰ ਤੁਣਕਾ ਮਾਰ ਗਈਆਂ। ਉਸ ਦੀ ਗੋਰੀ ਧੌਣ ਮੈਨੂੰ ਸ਼ਰਾਬ ਦੀ ਸੁਰਾਹੀ ਜਾਪੀ। ਉਸ ਦੀਆਂ ਬੁੱਲ੍ਹੀਆਂ... ਜੀਅ ਕੀਤਾ ਇਹਨਾਂ ਨੂੰ ਚੁੰਮ ਕੇ ਚੱਖ ਲਵਾਂ। ਇਸ ਸਭ ਨੇ ਮੈਨੂੰ ਅਜਿਹਾ ਨਸ਼ਿਆਇਆ ਕਿ ਮੈਂ ਪੂਰੇ ਦਾ ਪੂਰਾ ਉਸ ਦੇ ਚਿਹਰੇ ਵਿਚ ਹੀ ਖੁਭ ਗਿਆ। ਚੌਕ 15-20 ਮਿੰਟਾਂ ਦੀ ਦੂਰੀ ਉੱਤੇ ਸੀ। ਮੇਰੇ ਦਿਲ ਦੀ ਰਫ਼ਤਾਰ ਤੇਜ਼ ਪਰ ਕਾਰ ਦੀ ਰਫ਼ਤਾਰ ਹੌਲੀ। ਐਨੇ ਨੂੰ ਮੇਰੇ ਮੋਬਾਇਲ ਦੀ ਘੰਟੀ ਵੱਜੀ। ਫੋਨ ਮੇਰੀ ਘਰਵਾਲੀ ਦਾ ਸੀ। ਮੇਰਾ ਹਾਲ-ਚਾਲ ਪੁੱਛ ਕੇ ਬੋਲੀ, 'ਲਓ ਆਪਣੀ ਬੇਟੀ ਨਾਲ ਵੀ ਗੱਲ ਕਰੋ।'

'ਹਾਂ, ਬੇਟੀ ਜੀ!' ਅਜੇ ਮੈਂ ਐਨਾ ਹੀ ਬੋਲਿਆ ਸੀ ਕਿ ਨੈੱਟਵਰਕ ਟੁੱਟਣ ਕਰਕੇ ਫੋਨ ਕੱਟਿਆ ਗਿਆ।

'ਹਾਂ, ਅੰਕਲ ਜੀ। ਤੁਸੀਂ ਕੁਝ ਕਿਹਾ ? ' ਕਾਫੀ ਦੇਰ ਤੋਂ ਚੁੱਪ ਬੈਠੀ ਕੁੜੀ ਬੋਲੀ।

'ਹਾਂ ਬੇਟੀ ਜੀ, ਤੁਸੀਂ ਕਿੱਥੇ ਉਤਰਨਾ ਹੈ ? '

'ਬਸ ਅੰਕਲ ਜੀ, ਥੋੜ੍ਹਾ ਜਿਹਾ ਹੋਰ ਅੱਗੇ।'

'ਬੇਟੀ' ਸ਼ਬਦ ਮੇਰੇ ਜ਼ਿਹਨ ਵਿਚ ਆਉਂਦਿਆਂ ਹੀ ਮੇਰੇ ਅੰਦਰ ਦੌੜ ਰਹੇ ਕਾਮ ਦੇ ਘੋੜੇ ਦੀ ਲਗਾਮ ਖਿੱਚੀ ਗਈ ਅਤੇ ਕਾਰ ਦੀ ਰਫ਼ਤਾਰ ਤੇਜ਼ ਹੋ ਗਈ।

**- ਗੁਰਮੀਤ ਸਿੰਘ ਬਿਰਦੀ**

# ਬਾਗ਼ਬਾਨਾਂ ਦੀਆਂ ਗੱਲਾਂ

### ਕੈਨੇਡਾ ਡਾਇਰੀ-1

**ਭਗਵੰਤ ਰਸੂਲਪੁਰੀ**

ਪਿਛਲੀ ਵਾਰ 2019 ਦੀ ਜੂਨ ਨੂੰ ਕੈਨੇਡਾ ਆਇਆ ਸੀ। ਚਾਰ ਸਾਲ ਬਾਅਦ ਕੈਨੇਡਾ ਦੇ ਵੈਨਕੂਵਰ ਏਅਰ ਪੋਰਟ 'ਤੇ ਉਤਰਿਆ ਸਾਂ। ਇਸ ਵਾਰ ਮੇਰੀ ਬੇਟੀ ਹਰਲੀਨ ਆਪਣੀ ਗੱਡੀ ਡਰਾਇਵ ਕਰਕੇ ਆਪਣੇ ਛੋਟੇ ਭਰਾ ਆਯੁਸ ਰਾਏ ਨਾਲ ਮੈਨੂੰ ਲੈਣ ਆ ਰਹੀ ਸੀ। ਦੋਵੇਂ ਬੱਚਿਆਂ ਨੂੰ ਵੇਖ ਕੇ ਮੇਰਾ ਸਫਰ ਦੌਰਾਨ ਹੋਇਆ ਥਕੇਵਾਂ ਲੱਥ ਗਿਆ। ਹਰਲੀਨ ਆਤਮ ਵਿਸ਼ਵਾਸ ਨਾਲ ਭਰੀ ਹੋਈ ਲੱਗੀ। ਅਸੀਂ ਤਿੰਨੇ ਲਹਿੰਗਲੀ ਇੱਕ ਪਾਰਟੀ 'ਚ ਪਹੁੰਚਣਾ ਸੀ। ਇਹ ਸ਼ਹਿਰ ਫਾਰਮਿੰਗ ਏਰੀਆ ਹੈ। ਪਾਰਟੀ 'ਚ ਫਰੂਟ ਦੀ ਖੇਤੀ ਕਰਨ ਵਾਲੇ ਪੰਜਾਬੀ ਕਿਸਾਨ ਗੱਲਾਂ ਕਰ ਰਹੇ ਸਨ। ਉਹਨਾਂ ਦੀਆਂ ਗੱਲਾਂ 'ਚੋਂ ਮੈਂ ਉੱਥੋਂ ਦੀ ਖੇਤੀਬਾੜੀ ਨੂੰ ਸਮਝਣ ਲੱਗ ਪਿਆ।

ਇੱਕ ਸੱਜਣ ਸਿੱਧੂ ਸਾਹਿਬ ਬੋਲ ਰਹੇ ਸਨ, "ਬਾਈ ਕੈਨੇਡਾ ਦੀ ਖੇਤੀ ਪੰਜਾਬ ਨਾਲੋਂ ਬਹੁਤ ਵੱਖਰੀ ਐ। ਵਰਨਨ ਅਤੇ ਕਲੋਨਾ ਤੇ ਉਪਰਲੇ ਹੋਰ ਸ਼ਹਿਰਾਂ 'ਚ ਐਪਲ ਤੇ ਚੈਰੀ ਦੀ ਖੇਤੀ ਹੁੰਦੀ ਐ। ਏਧਰ ਐਪਲ ਦੇ ਸੰਘਣੇ ਬਾਗ ਨੇ। ਹੁਣ ਵਧੇਰੇ ਬਾਗ ਪੰਜਾਬੀ ਲੋਕਾਂ ਕੋਲ ਹਨ। ਪਿਉਂਦ ਲਗਾ ਕੇ ਐਪਲ ਦੇ ਟ੍ਰੀ ਤਿਆਰ ਕੀਤੇ ਜਾਂਦੇ ਨੇ। ਟ੍ਰੀ ਦਾ ਫੈਲਾਅ 2 ਤੋਂ 3 ਫੁੱਟ ਹੁੰਦਾ ਏ। ਫਲ ਬਹੁਤ ਲੱਗਦਾ ਏ। 4-5 ਸਾਲਾਂ ਬਾਅਦ ਨਵਾਂ ਟ੍ਰੀ ਫਲ ਦੇਣ ਲੱਗ ਪੈਂਦਾ ਏ। ਪਾਣੀ ਫੁਆਰਾ ਤਕਨੀਕ ਰਾਹੀਂ ਲਗਾਇਆ ਜਾਂਦਾ ਏ। ਦੂਜਾ ਤਰੀਕਾ ਬੂਟਿਆਂ ਨਾਲ ਪਾਈਪ ਪਾਏ ਜਾਂਦੇ ਹਨ। ਧਰਤੀ ਤੋਂ ਫੁੱਟ ਕੁ ਉੱਚੇ। ਉਹਨਾ 'ਚੋਂ ਤੁਪਕਾ-ਤੁਪਕਾ ਪਾਣੀ ਸਿੰਮਦਾ ਰਹਿੰਦਾ ਏ ਤੇ ਟ੍ਰੀ ਦੀਆਂ ਜੜ੍ਹਾਂ 'ਚ ਪਾਣੀ ਜਾਂਦਾ ਰਹਿੰਦਾ ਏ। ਏਥੇ ਪੰਜਾਬ ਵਾਂਗੂੰ ਕਿਸਾਨਾਂ ਨੂੰ ਫ੍ਰੀ ਪਾਣੀ ਨਹੀਂ ਮਿਲਦਾ।

ਮੈਂ ਕਿਹਾ, 'ਮੈਂ ਸੁਣਿਆ ਏਥੋਂ ਦੀ ਖੇਤੀਬਾੜੀ 'ਚ ਕੀਟਨਾਸ਼ਕ ਦਵਾਈਆਂ ਤੇ ਖਾਦਾਂ ਦੀ ਵਰਤੋਂ ਨਾ-ਮਾਤਰ ਹੁੰਦੀ ਏ।'

ਦੂਜਾ ਫਾਰਮਰ ਇੱਕੋ ਘੁੱਟ ਨਾਲ ਗਲਾਸ ਖਾਲੀ ਕਰਦਾ ਬੋਲਿਆ, "ਬਾਈ ਜੀ! ਅਸੀਂ ਵੀ ਵਧੇਰੇ ਫਲ ਦਾ ਝਾੜ ਲੈਣ ਲਈ ਕੀਟਨਾਸ਼ਕ ਤੇ ਕੈਲਸ਼ੀਅਮ, ਫਾਸਫੋਰਸ ਤੇ ਹੋਰ ਬੂਸਟਰ ਸਪਰੇਆਂ ਕਰਦੇ ਹਾਂ। ਇਸ ਤੋਂ ਬਿਨਾਂ ਅਸੀਂ ਮਾਰਕਿਟ 'ਚ ਖੜ੍ਹ ਨਹੀਂ ਸਕਦੇ। ਜਦੋਂ ਐਪਲ ਤੁਰ ਪੈਂਦੇ ਹਨ ਤਾਂ ਸਪਰੇਆਂ ਸ਼ੁਰੂ ਹੋ ਜਾਂਦੀਆਂ। ਚੈਰੀ ਦੀ ਫਸਲ 'ਤੇ ਤਾਂ ਬਹੁਤ ਸਪਰੇਅ ਕਰਨੀ ਪੈਂਦੀ ਹੈ। ਇਹਦੇ 'ਚ ਬੂਸਾਰ ਤੇ ਕੀਟਨਾਸ਼ਕ ਸਪਰੇਅ ਹੁੰਦੀਆਂ ਹਨ। ਇਹਨਾਂ ਦਿਨਾਂ 'ਚ ਸਾਨੂੰ ਐਪਲ ਤੇ ਚੈਰੀ ਸਾਂਭਣ ਲਈ ਬਹੁਤ ਮਿਹਨਤ ਕਰਨੀ ਪੈਂਦੀ ਏ। ਚੈਰੀ ਜਦੋਂ ਪੱਕਦੀ ਏ ਤੇ ਮੀਂਹ ਵੀ ਪੈਂਦੇ ਹਨ, ਮੀਂਹ ਦਾ ਪਾਣੀ ਚੈਰੀ ਦੀਆਂ ਡੰਡੀਆਂ ਦੇ ਡੂੰਘ 'ਚ ਪਾਣੀ ਭਰ ਜਾਂਦਾ ਏ। ਇਹ ਬਹੁਤ ਨਰਮ ਫਰੂਟ ਏ ਤੇ ਪਾਣੀ ਨਾਲ ਬਹੁਤ ਜਲਦੀ ਖਰਾਬ ਹੋ ਜਾਂਦਾ ਏ। ਫਿਰ ਪਾਣੀ ਸੁਕਾਉਣ ਲਈ ਫਾਰਮਰ ਹੈਲੀਕਾਪਟਰ ਫਾਰਮ ਦੇ ਉੱਪਰ ਘੁੰਮਾਉਂਦੇ ਹਨ ਤੇ ਉਹਦੀ ਹਵਾ ਨਾਲ ਪਾਣੀ ਸੁੱਕ ਜਾਂਦਾ ਏ।'

'ਤੇ ਭਾਜੀ ਲੇਬਰ ਮਿਲ ਜਾਂਦੀ ਏ ?'

'ਹੁਣ ਪੰਜਾਬੀ ਲੇਬਰ ਬਹੁਤ ਘਟ ਗਈ ਏ।' ਪੰਜਾਬ ਤੋਂ ਜੋ ਪਰਵਾਰਾਂ ਨਾਲ ਬਜ਼ੁਰਗ ਆਉਂਦੇ ਸਨ, ਉਹ ਵੀ ਖੇਤਾਂ 'ਚ ਕੰਮ ਕਰਦੇ ਸਨ। ਹੁਣ ਜੋ ਵਿਦਿਆਰਥੀ ਪੰਜਾਬ 'ਚੋਂ ਆਉਂਦੇ ਹਨ, ਉਹ ਖੇਤਾਂ 'ਚ ਕੰਮ ਨਹੀਂ ਕਰਦੇ। ਐਪਲ ਦੀ ਖੇਤੀ ਕਰਨ ਵਾਲੇ ਕਿਸਾਨ ਮੈਕਸੀਕੋ ਤੇ ਜਮਾਇਕਾ ਤੋਂ ਲੇਬਰ, ਲੇਬਰ ਕਾਨੂੰਨ ਤਹਿਤ ਮੰਗਵਾਉਂਦੇ ਹਨ, ਜੋ ਕੰਮ ਕਰਕੇ ਮੁੜ ਜਾਂਦੇ ਹਨ। ਇਹ ਲੇਬਰ ਪੱਕੇ ਤੌਰ 'ਤੇ ਕੈਨੇਡਾ ਨਹੀਂ ਰਹਿੰਦੀ। ਇਹ ਯੂ ਪੀ, ਬਿਹਾਰ ਦੇ ਪਰਵਾਸੀ ਮਜ਼ਦੂਰਾਂ ਵਾਂਗ ਕੰਮ ਕਰਦੇ ਹਨ।'

ਉਹਨਾ ਦੀਆਂ ਗੱਲਾਂ ਤੋਂ ਮੈਨੂੰ ਪਤਾ ਲੱਗਾ ਕਿ ਹੁਣ ਅੰਬਰੋਸ਼ੀਆ (ਐਪਲ ਦੀ ਇੱਕ ਕਿਸਮ) ਦੀ ਖੇਤੀ ਵਧੇਰੇ ਹੁੰਦੀ ਹੈ। ਐਪਲ ਦੀ ਕਿਸਮ ਰਾਇਲ ਗੈਲਾ ਦਾ ਮਾਰਕਿਟ 'ਚ ਰੇਟ ਚੰਗਾ ਨਾ ਮਿਲਣ ਕਾਰਨ ਕਿਸਾਨਾਂ ਨੇ ਪੱਟਣਾ ਸ਼ੁਰੂ ਕਰ ਦਿੱਤਾ ਹੈ। ਇਸ ਤੋਂ ਇਲਾਵਾ ਹਨੀ ਕਰੇਪਸ ਸੰਨਰਾਈਜ਼, ਅਰਲੀ ਗੋਲਡ ਤੇ ਸਪਾਟਨ ਕਿਸਮਾਂ ਦੇ ਐਪਲ ਵੀ ਵਧੇਰੇ ਹੁੰਦੇ ਹਨ। ਛੋਟੇ ਫਾਰਮਰਾਂ ਦੀ ਸਥਿਤੀ ਕਾਫੀ ਪਤਲੀ ਏ। ਖਰਚੇ ਵਧ ਜਾਂਦੇ ਹਨ ਅਤੇ ਮਾਰਕਿਟ 'ਚ ਐਪਲਾਂ ਦਾ ਮੁੱਲ ਘੱਟ ਮਿਲਦਾ ਏ। ਇਸ ਫਰੂਟ ਨੂੰ ਸਰਕਾਰੀ ਤੌਰ 'ਤੇ ਖਰੀਦਿਆ ਨਹੀਂ ਜਾਂਦਾ। ਵਰਨਨ ਕਲੋਨਾ 'ਚ ਕਿਸਾਨਾਂ ਨੇ ਆਪਣੇ ਪੱਧਰ 'ਤੇ ਕੋਆਪਰੇਟਿਵ ਸੁਸਾਇਟੀਆਂ ਬਣਾਈਆਂ ਹੋਈਆਂ ਹਨ। 'ਬੀ ਸੀ ਟ੍ਰੀ ਫਰੂਟ ਕੋਆਪਰੇਟਿਵ ਸੁਸਾਇਟੀ' ਮੁੱਖ ਏ।

ਇਸ ਇਲਾਕੇ ਦਾ ਸਾਰਾ ਫਰੂਟ ਇਹੋ ਕੋਅਪ ਖਰੀਦਦੀ ਹੈ। ਇਸ ਦੇ ਵੱਡੇ-ਵੱਡੇ ਸਟੋਰ ਹਨ, ਜਿਨ੍ਹਾਂ 'ਚ ਕਿਸਾਨਾਂ ਦੇ ਸੇਬਾਂ ਦੇ ਬੈੱਨ ਰੱਖੇ ਜਾਂਦੇ ਹਨ। ਹਰ ਫਾਰਮਰ ਦਾ ਕੋਡ ਹਰ ਬੈੱਨ 'ਤੇ ਲੱਗਦਾ ਹੈ। ਇੱਕ ਕੋਅਪ ਮੰਗ ਦੇ ਹਿਸਾਬ ਨਾਲ ਸੇਬ ਤੇ ਹੋਰ ਫਲ ਮਾਰਕਿਟ ਵਿੱਚ ਭੇਜਦੀ ਰਹਿੰਦੀ ਏ। ਤੇ ਕਿਸਾਨਾਂ ਨੂੰ ਉਹਨਾਂ ਦੇ ਘਰ 'ਚ ਚੈੱਕ ਆਉਂਦੇ ਰਹਿੰਦੇ ਹਨ। ਕਿਸਾਨ ਆਪਣੇ ਵਿੱਚੋਂ ਹੀ ਸੁਸਾਇਟੀ ਦੇ ਮੁੱਖ ਅਹੁਦੇਦਾਰ ਚੁਣਦੀ ਏ। ਚੁਣੇ ਹੋਏ ਅਹੁਦੇਦਾਰ ਹੀ ਕੰਮ ਕਰਨ ਲਈ ਵਰਕਰ ਰੱਖਦੀ ਏ।

ਮੈਨੂੰ ਇਹ ਵੀ ਪਤਾ ਲੱਗਾ ਕਿ ਇਸ ਵੈਲੀ 'ਚ ਅੰਗੂਰ ਦੀ ਖੇਤੀ ਵੀ ਵੱਡੀ ਪੱਧਰ 'ਤੇ ਹੁੰਦੀ ਹੈ। ਇੱਥੇ ਅਨੇਕਾਂ ਵਾਇਨਰੀਆਂ ਹਨ, ਜੋ ਤਰ੍ਹਾਂ-ਤਰ੍ਹਾਂ ਦੀ ਵਾਇਨ ਤਿਆਰ ਕਰਦੀਆਂ ਹਨ। 'ਗੈਰੀ ਮੋਕ ਵਾਇਨਰੀ' ਨੂੰ ਵੇਖਣ ਸੈਲਾਨੀ ਦੂਰੋਂ-ਦੂਰੋਂ ਆਉਂਦੇ ਹਨ।

ਏਥੋਂ ਦੇ ਐਪਲ ਖਾਣ ਦਾ ਆਪਣਾ ਵੱਖਰਾ ਸਵਾਦ ਏ। ਪੰਜਾਬ 'ਚ ਮਿਲਦੇ ਐਪਲ ਤਾਂ ਰਸ-ਹੀਣ ਨੇ। ਅੱਜਕੱਲ੍ਹ ਐਪਲ ਆਪਣਾ ਰੰਗ ਫੜ ਰਿਹਾ ਏ। ਥਿੰਨਗ ਖਤਮ ਹੋ ਗਈ ਏ। ਪਰੂਨਿੰਗ ਚੱਲਦੀ ਏ। ਅਕਤੂਬਰ 'ਚ ਐਪਲ ਟੁੱਟਣ ਲੱਗ ਪੈਂਦੇ ਹਨ। ਚੈਰੀ ਤੋੜਨ ਲਈ ਲੇਬਰ ਭੱਜੀ ਫਿਰਦੀ ਏ। ਕੈਨੇਡਾ ਦੇ ਪੰਜਾਬੀ ਫਾਰਮਰ ਇਹਨਾਂ ਦਿਨਾਂ 'ਚ ਬਹੁਤ ਰੁੱਝੇ ਹੋਏ ਹਨ। ਅੱਗੇ ਮੈਂ ਸਰੀ ਦੀ ਬੇਰੀ ਬਾਰੇ ਵੀ ਗੱਲਾਂ ਨੋਟ ਕਰਨੀਆਂ ਏ।

# ਅਦਭੁਤ ਦਲੇਰੀ

ਚਾਰ ਬਹਾਦਰ ਬੱਚਿਆਂ ਨੇ,
ਪੈਦਾ ਕੀਤੀ ਮਿਸਾਲ।
ਜੰਗਲ ਵਿੱਚ ਜਿੰਦਾ ਰਹੇ,
ਜੀਣ ਦੀ ਇੱਛਾ ਨਾਲ।

ਪਤੀ ਨੂੰ ਲੱਭਣ ਵਾਸਤੇ,
ਮਾਂ ਲੈ ਤੁਰੀ ਪਰਵਾਰ।
ਜੋ ਗੁਰੀਲਿਆਂ ਦੇ ਡਰੋਂ,
ਛੁਪਿਆ ਜੰਗਲ ਵਿਚਕਾਰ।
ਰੁਲੇ ਸਾਰੇ ਜੋ ਇੱਕ ਦੀ,
ਕਰਦੇ ਪਏ ਸੀ ਭਾਲ।
ਚਾਰ ਬਹਾਦਰ ਬੱਚਿਆਂ ਨੇ,
ਪੈਦਾ ਕੀਤੀ ਮਿਸਾਲ।

ਨਿੱਕੇ ਹਵਾਈ ਜਹਾਜ਼ ਦਾ,
ਹੋਇਆ ਇੰਜਣ ਫੇਲ੍ਹ।
ਇੱਥੋਂ ਸ਼ੁਰੂ ਹੋਇਆ ਫੇਰ,
ਜੀਣ-ਮਰਨ ਦਾ ਖੇਲ੍ਹ।
ਛੋਟੇ ਬੱਚਿਆਂ ਅੱਗੇ ਸੀ,
ਖੂੰਖਾਰ ਜੰਗਲ ਵਿਸ਼ਾਲ।
ਚਾਰ ਬਹਾਦਰ ਬੱਚਿਆਂ ਨੇ,
ਪੈਦਾ ਕੀਤੀ ਮਿਸਾਲ।

ਮਾਂ, ਕੈਪਟਨ ਤੇ ਇੱਕ ਹੋਰ,
ਥਾਂਏਂ ਗਏ ਸੀ ਮਾਰੇ।
ਰੱਬੀ ਕ੍ਰਿਸ਼ਮੇ ਦੇ ਸਦਕਾ,
ਬਚ ਗਏ ਬੱਚੇ ਚਾਰੇ।
ਹੁਣ ਕਿੱਦਾਂ ਜਿੰਦਾ ਰਹਿਣ,
ਇਹੋ ਸੀ ਮੇਨ ਸਵਾਲ।
ਚਾਰ ਬਹਾਦਰ ਬੱਚਿਆਂ ਨੇ,
ਪੈਦਾ ਕੀਤੀ ਮਿਸਾਲ।

ਕਰੋੜਾਂ ਏਕੜ 'ਚ ਫੈਲਿਆ,
ਐਮਾਜ਼ੋਨ ਦਾ ਜੰਗਲ।
ਚਲਦਾ ਰਹੇ ਜਾਨਵਰਾਂ 'ਚ,
ਦਿਨ-ਰਾਤ ਇੱਥੇ ਦੰਗਲ।
ਨ੍ਹੇਰਾ ਰਹੇ ਤੇ ਚਾਨਣ ਦਾ,
ਪਿਆ ਰਹੇ ਇੱਥੇ ਕਾਲ।
ਚਾਰ ਬਹਾਦਰ ਬੱਚਿਆਂ ਨੇ,
ਪੈਦਾ ਕੀਤੀ ਮਿਸਾਲ।

ਜੰਗਲ ਵਾਸੀ ਹੋਣ ਕਰਕੇ,
ਖਤਰਿਆਂ ਤੋਂ ਸੀ ਜਾਣੂ।
ਵਣ-ਪ੍ਰਾਣੀਆਂ ਦੇ ਸੁਭਾਅ ਤੇ,
ਰੁਚੀਆਂ ਦੇ ਸੀ ਸਿਆਣੂ।
ਕੀ ਖਾਣਾ ਕੀ ਨਹੀਂ ਖਾਣਾ,
ਜਾਣਦੇ ਸੀ ਸਭ ਬਾਲ।
ਚਾਰ ਬਹਾਦਰ ਬੱਚਿਆਂ ਨੇ,
ਪੈਦਾ ਕੀਤੀ ਮਿਸਾਲ।

ਕੋਲੰਬੀਆ ਬੈਲਜੀਅਮ ਦੀ,
ਲੱਭਣ ਤੁਰ ਪਈ ਫੌਜ।
ਸਥਾਨਕ ਕਬੀਲੇ ਤੇ ਕੁੱਤੇ,
ਖੋਜਣ ਲੱਗੇ, ਛੱਡ ਮੌਜ।
ਚਾਲੀ ਦਿਨਾਂ ਦੀ ਹਿੰਮਤ ਨੇ,
ਖੁਸ਼ੀ 'ਚ ਮੂੰਹ ਕਰੇ ਲਾਲ।
ਚਾਰ ਬਹਾਦਰ ਬੱਚਿਆਂ ਨੇ,
ਪੈਦਾ ਕੀਤੀ ਮਿਸਾਲ।

'ਵਾਜ਼ ਰਿਕਾਰਡ ਕਰ ਦਾਦੀ ਦੀ,
ਜੰਗਲ 'ਚ ਗਈ ਸੁਣਾਈ।
ਸੰਦੇਸ਼ ਦਾਦੀ ਦਾ ਸੀ ਕਿ ਸਭ,
ਥਾਂਏਂ ਰੁਕ ਜਾਓ ਭਾਈ।
ਲੱਭਦੇ ਪਏ ਹਾਂ ਡਰਨਾ ਨਾ,
ਤੁਸੀਂ ਕਿਸੇ ਵੀ ਹਾਲ।
ਚਾਰ ਬਹਾਦਰ ਬੱਚਿਆਂ ਨੇ,
ਪੈਦਾ ਕੀਤੀ ਮਿਸਾਲ।

ਜਦ ਆਪਣੀ ਦਾਦੀ ਜੀ ਦੀ,
ਕੰਨਾਂ 'ਚ ਪਈ ਆਵਾਜ਼।
ਸੰਘਣੇ ਰੁੱਖ 'ਤੇ ਚੜ੍ਹ ਕੇ।
ਕਰਨ ਲੱਗੇ ਕੰਮ-ਕਾਜ।
ਲੱਭੇ ਬੱਚੇ ਜੋ ਸਿਦਕ ਨਾਲ,
'ਲੱਡੇ' ਹੋਣੀ ਗਏ ਟਾਲ।
ਚਾਰ ਬਹਾਦਰ ਬੱਚਿਆਂ ਨੇ,
ਪੈਦਾ ਕੀਤੀ ਮਿਸਾਲ।
ਜੰਗਲ ਵਿੱਚ ਜਿੰਦਾ ਰਹੇ,
ਜੀਣ ਦੀ ਇੱਛਾ ਨਾਲ।

**—ਜਗਜੀਤ ਸਿੰਘ ਲੱਡਾ**,
**ਸੰਪਰਕ**-98555-31045

### ਸਫ਼ਾ 1 ਦੀ ਬਾਕੀ — ਗੰਗਾ ਗਏ ਫੁੱਲਾਂ ਵਾਂਗ ਪਰਵਾਸੀ...

ਬਾਵਜੂਦ ਉਹਨੇ ਕਾਰ ਦੇ ਡੰਡਾ ਮਾਰ ਕੇ ਕਹਿਣਾ ਸੀ, ਇਹ ਆਬਦੀ ਮਾਂ ਇਥੇ ਕਿਉਂ ਖੜ੍ਹੀ ਕੀਤੀ ਐ?" ਸਿਆਸਤ ਮੁਸਕਰਾਇਆ, "ਇਥੇ ਇਉਂ ਨਹੀਂ ਹੁੰਦਾ।"ਜਨਤਕ ਵਾਹ ਵਾਲਾ ਹਰ ਕੋਈ ਮੁਸਕਰਾ ਕੇ ਗੱਲ ਕਰਦਾ ਹੈ। ਸਟੋਰ ਵਿਚ ਕੰਮ ਕਰਦੀ ਇਕ ਪੰਜਾਬਣ ਨੇ ਦੱਸਿਆ, "ਸਾਨੂੰ ਸਿਖਲਾਈ ਦਿੱਤੀ ਜਾਂਦੀ ਹੈ ਕਿ ਜੇ ਘਰ-ਪਰਿਵਾਰ ਦੀ ਕੋਈ ਸਮੱਸਿਆ ਵੀ ਹੈ, ਉਹਨੂੰ ਦਰਵਾਜ਼ੇ ਉੱਤੇ ਛੱਡ ਆਓ। ਗਾਹਕ ਨੂੰ ਮੁਸਕਰਾ ਕੇ ਹੀ ਮਿਲਣਾ ਹੈ।" ਅਸੀਂ ਸਟੈਨਫ਼ੋਰਡ ਯੂਨੀਵਰਸਿਟੀ ਦੇਖ ਕੇ ਨਿੱਕਲੇ ਤਾਂ ਗੋਰੀ ਰਿਸੈਪਸ਼ਨਿਸਟ ਕਹਿੰਦੀ, "ਸਰ, ਕੇਹੋ ਜੇਹੀ ਲੱਗੀ ਸਾਡੀ ਯੂਨੀਵਰਸਿਟੀ?" ਮੈਂ ਕਿਹਾ, "ਜੇ ਤੁਸੀਂ ਵਿਦਿਆਰਥੀ ਬਣਾਉਣ ਦੀ ਕਿਰਪਾ ਕਰੋਂ, ਮੈਂ ਕੱਚੀ ਪਹਿਲੀ ਵਿਚ ਦਾਖ਼ਲ ਹੋਣ ਲਈ ਤਿਆਰ ਹਾਂ।" ਉਹ ਖੁੱਲ੍ਹ ਕੇ ਹੱਸੀ, "ਤੁਸੀਂ ਆਓ ਸਹੀ, ਅਸੀਂ ਤੁਹਾਨੂੰ ਡਾਕਟਰੇਟ ਵਿਚ ਦਾਖ਼ਲ ਕਰਾਂਗੇ।" ਜਨਤਕ ਵਾਹ ਵਾਲੇ ਲੋਕ ਹਰ ਥਾਂ ਇਸੇ ਤਰ੍ਹਾਂ ਮਿਲਦੇ ਹਨ। ਜੇ ਮੈਂ ਕੂੜੇ-ਕਚਰੇ ਤੋਂ ਪੂਰੀ ਤਰ੍ਹਾਂ ਸਾਫ਼ ਸ਼ਹਿਰਾਂ ਤੇ ਬਾਹਰਲੀਆਂ ਸੜਕਾਂ, ਨਿਰਵਿਘਨ ਆਵਾਜਾਈ, ਕਣਚਈ ਨਿਰਮਲ ਪਾਣੀ, ਸ਼ਾਨਦਾਰ ਵਿਦਿਅਕ ਸੰਸਥਾਵਾਂ ਤੇ ਕਲਾ-ਸੰਗ੍ਰਹਿ ਭਵਨਾਂ ਦਾ ਸੰਖੇਪ ਜ਼ਿਕਰ ਵੀ ਕਰਨ ਲੱਗ ਪਿਆ, ਲੇਖ ਬਹੁਤ ਲੰਮਾ ਹੋ ਜਾਵੇਗਾ।ਸਰਕਾਰ ਦੀ ਪੱਧਰ ਉੱਤੇ ਉਹਨਾਂ ਦੇਸਾਂ ਦੀਆਂ ਕੌਮਾਂਤਰੀ ਨੀਤੀਆਂ ਕਿੰਨੀਆਂ ਵੀ ਦਖ਼ਲਬਾਜ਼, ਜੰਗਬਾਜ਼, ਲੋਟੂ ਤੇ ਧੱਕੜ ਹੋਣ, ਉਹਨਾਂ ਨੇ ਪਰਵਾਸੀਆਂ ਸਮੇਤ ਆਪਣੇ ਨਾਗਰਿਕਾਂ ਲਈ ਵਧੀਆ ਮਾਹੌਲ ਤੇ ਚੰਗਾ ਜੀਵਨ-ਮਿਆਰ ਯਕੀਨੀ ਬਣਾਇਆ ਹੋਇਆ ਹੈ। ਇਸੇ ਕਰਕੇ ਪਰਦੇਸ ਦੇ ਦਰਸ਼ਨਾਂ ਮਗਰੋਂ ਪਰਵਾਸੀ ਆਪਣੇ ਮੂਲ ਦੇਸ ਨੂੰ ਦੂਰੋਂ ਦੂਰੋਂ ਪਿਆਰ ਕਰਨਾ ਹੀ ਠੀਕ ਸਮਝਦੇ ਹਨ। ਮਹਾਨ ਸ਼ਾਇਰ ਮੀਰ ਦਾ ਮਿਸਰਾ ਹੁਧਾਰਾ ਮੰਗ ਕੇ ਕਿਹਾ ਜਾ ਸਕਦਾ ਹੈ: ਕੌਨ ਆਏ ਮੀਰ ਪਰਦੇਸ ਕੀ ਗਲੀਆਂ ਛੋਡ ਕਰ!

(**ਸੰਪਰਕ**: 80763-63058)

### ਸਫ਼ਾ 3 ਦੀ ਬਾਕੀ — ਦੋ ਵਿਭਿੰਨ ਵਿਸ਼ਿਆਂ ਨੂੰ ਜੁਗਤ ਪੂਰਨ ਬਿਰਤਾਂਤ...

ਸੁਭਾਵਿਕ ਹੋ ਗਈ ਮੁਹੱਬਤ ਨੂੰ ਪਰਵਾਰ ਦੀ ਅਣਖ ਦੇ ਖ਼ਿਲਾਫ਼ ਸਮਝਦਾ ਹੈ। ਉਧਰ ਗੱਡੀਆਂ ਵਾਲੇ ਨੰਦੇ ਦੇ ਡੇਰੇ ਵਾਲੇ ਵੀ ਡੇਰੇ ਦੀ ਅਣਖ ਨੂੰ ਮਸਲਾ ਬਣਾ ਲੈਂਦੇ ਹਨ। ਵਿਰੋਧੀ ਜੁੱਟਾਂ ਵਿੱਚ ਤਣਾਅ ਬਹੁਤੀ ਵਾਰ ਉਮਰੀ ਤੇ ਕਰਤਾਰ ਨੂੰ ਨਿਖੇੜ ਦਿੰਦੇ ਹਨ, ਪਰ ਮਾਨਵੀ ਹਾਂਦਰੂ ਕਦਰਾਂ-ਕੀਮਤਾਂ ਕਦੇ-ਕਦੇ ਸਮਾਜਿਕ ਜਵੇ ਉਹਨਾਂ ਦੇ ਹੱਕ ਦੀ ਵੀ ਹਾਮੀ ਭਰਦੇ ਹਨ। ਜਦੋਂ ਡੇਰੇ ਦੇ ਗੱਡੀਆਂ ਵਾਲੇ ਉਮਰੀ ਤੇ ਕਰਤਾਰ ਦੇ ਵਿਆਹ ਦਾ ਸੁਝਾਅ ਲੈ ਕੇ ਆਉਂਦੇ ਹਨ ਤਾਂ ਫੇਰ ਜੈਲਦਾਰ ਡੇਰੇ ਦੇ ਮੁਖੀਏ ਨੂੰ ਪੈਸੇ ਦੇ ਕੇ ਆਪਣੇ ਹੱਕ ਵਿੱਚ ਕਰ ਲੈਂਦਾ ਹੈ। ਫਿਰ ਉਮਰੀ ਤੇ ਨੰਦੇ 'ਤੇ ਦੁੱਖਾਂ ਦਾ ਪਹਾੜ ਟੁੱਟ ਪੈਂਦਾ ਹੈ। ਉਨ੍ਹਾਂ ਨੂੰ ਡੇਰੇ ਵਾਲੇ ਗੱਡੀ ਨਾਲ ਨਰੜ ਕੇ ਕਰਤਾਰ ਦੇ ਪਿੰਡ ਦੀ ਜੂਹ ਵਿੱਚੋਂ ਬਾਹਰ ਲੈ ਜਾਂਦੇ ਹਨ। ਨਹਿਰ ਬਰਾਬਰ ਜਾਂਦਿਆਂ ਉਮਰੀ ਨਰੜ ਵਾਲੀਆਂ ਰੱਸੀਆਂ ਖੋਲ੍ਹ ਦਿੰਦੀ ਹੈ। ਖਲਨਾਇਕ ਜੱਸਾ ਉਮਰੀ ਨੂੰ ਝਪਟ ਕੇ ਪੈਂਦਾ ਹੈ ਤੇ ਨੰਦੇ ਨੂੰ ਨਹਿਰ ਵਿੱਚ ਸੁੱਟ ਦਿੰਦਾ ਹੈ। ਪਿੱਛੇ ਉਮਰੀ ਵੀ ਜੱਸੇ ਨੂੰ ਧੱਕ ਕੇ ਨਹਿਰ ਵਿੱਚ ਛਾਲ ਮਾਰ ਦਿੰਦੀ ਹੈ। ਉਧਰ ਕਰਤਾਰ ਵੀ ਦੇਖ ਕੇ ਨਹਿਰ ਵਿੱਚ ਛਾਲ ਮਾਰ ਦਿੰਦਾ ਹੈ। ਪੁੱਤਰ ਦੀ ਮੌਤ ਨੇੜੇ ਦੇਖ ਜੈਲਦਾਰ ਸੁੱਚਾ ਸਿੰਘ ਵੀ ਨਹਿਰ ਵਿੱਚ ਕੁੱਦ ਜਾਂਦਾ ਹੈ। ਜੈਲਦਾਰ ਉਮਰੀ ਨੂੰ ਤੇ ਨੰਦਾ ਕਰਤਾਰੇ ਨੂੰ ਨਹਿਰ ਵਿੱਚੋਂ ਕੱਢ ਲਿਆਉਂਦੇ ਹਨ। ਜੈਲਦਾਰ ਤੇ ਨੰਦੇ ਦੀ ਜੱਫੀ ਪੈ ਜਾਂਦੀ ਹੈ। ਇਉਂ ਇਹ ਮੌਕਾ ਮੇਲ ਸਾਰਾ ਤਣਾਅ ਖਤਮ ਕਰਕੇ ਕਹਾਣੀ ਨੂੰ ਦੁਖਾਂਤ ਤੋਂ ਸੁਖਾਂਤ ਵੱਲ ਮੋੜ ਦਿੰਦਾ ਹੈ। ਕਥਾਕਾਰ ਦੀ ਕਲਾਤਮਿਕ ਛੋਹਾਂ ਤੇ ਬਿਰਤਾਂਤ ਦੀ ਰੋਮਾਂਚਕਤਾ ਫ਼ਿਲਮੀ ਅੰਦਾਜ਼ ਵਿੱਚ ਵਿਉਂਤੀ ਗਈ ਹੈ। ਰੌਚਕਤਾ, ਤਣਾਅ ਤੇ ਸੁਖਾਂਤਕ ਅੰਤ ਗੱਡੀਆਂ ਵਾਲਿਆਂ ਦੇ ਇਮਾਨਦਾਰ ਕੁਦਰਤੀ ਜੀਵਨ ਵਿਧੀ ਵਿੱਚੋਂ ਅਤੇ ਕਰਤਾਰ ਦੇ ਪ੍ਰਭਾਵ ਕਾਰਨ ਨੰਦਾ ਤੇ ਉਮਰੀ ਦਾ ਸਿੱਖ ਧਰਮ ਵੱਲ ਖਿੱਚੇ ਜਾਣ ਕਰਕੇ ਪੈਦਾ ਹੁੰਦੇ ਹਨ। ਇਹ ਦੋਨੋਂ ਗੱਲਾਂ ਤੇ ਤਣਾਅ ਵਿੱਚ ਨਾਇਕ ਤੇ ਨਾਇਕਾ ਦੇ ਹੱਕ ਵਿੱਚ ਆ ਖੜ੍ਹਦੇ ਹਨ ਤੇ ਹਾਂਦਰੂ ਸਮਾਜਿਕ ਕਦਰਾਂ ਦੇ ਉੱਗਣ, ਉਸਰਨ ਵਿੱਚ ਸਹਾਇਕ ਬਣਦੇ ਹਨ। ਕਥਾਕਾਰ ਦਿਓਲ ਇਸ ਕਹਾਣੀ ਦੇ ਬਿਰਤਾਂਤ ਵਿੱਚ ਸਿੱਖ ਰਹੁ-ਰੀਤਾਂ ਰਾਹੀਂ ਸ਼ਾਮਲ ਜਿਹਾ ਹੁੰਦਾ ਹੈ। ਕਥਾਕਾਰ ਦਾ ਪੇਂਡੂ ਜੀਵਨ ਦੀਆਂ ਸੱਭਿਆਚਾਰਕ ਕਿਰਿਆਵਾਂ ਤੇ ਪੇਂਡੂ ਬੰਦਿਆਂ ਦੇ ਸਥਾਪਤ ਕਦਰਾਂ ਦੇ ਪ੍ਰਤੀ ਪਿਛਾਖੜੀ ਵਿਹਾਰ ਨੂੰ ਬੜੀ ਨੀਝ ਨਾਲ ਦੇਖਦਾ ਤੇ ਬਿਰਤਾਂਤਕ ਬਿਆਨ ਤੇ ਕਥਾ ਦੀ ਲੜੀ ਦਾ ਹਿੱਸਾ ਬਣਾਉਂਦਾ ਹੈ। ਹਾਂਦਰੂ ਤੇ ਨਾਂਦਰੂ ਕਦਰਾਂ ਵਿੱਚ ਤਣਾਅ ਤੇ ਦਬੰਧ ਨੂੰ ਦਿਓਲ ਬਾਖ਼ੂਬੀ ਆਪਣੀ ਬਿਰਤਾਂਤ ਵਿਧੀ ਵਿੱਚ ਚਿਣਨ ਜਾਣਦਾ ਹੈ। ਇਹ ਕਹਾਣੀ ਲਾਜ਼ਮੀ ਸਮਾਜਿਕ ਤਬਦੀਲੀ ਦੀ ਦਿਸ਼ਾ ਵਿੱਚ ਆਪਣੀ ਬਣਦੀ ਭੂਮਿਕਾ ਨਿਭਾਉਂਦੀ ਹੈ।

ਇਉਂ ਦਿਓਲ ਬਹੁਵਿਧਾਈ ਲੇਖਕ ਹੈ, ਜਿਸ ਨੇ ਕਵਿਤਾ, ਨਾਵਲ, ਕਹਾਣੀ, ਨਾਟਕ ਤੇ ਨਾਵਲਿਟ ਪੰਜਾਬੀ ਸਾਹਿਤ ਲਈ ਲਿਖੇ ਹਨ। ਉਹਨਾਂ ਦੇ ਕਵਿਤਾ ਸੰਗ੍ਰਹਿ 'ਹਿਜਰ ਵਸਲ ਦੀਆਂ ਘੜੀਆਂ', ਪਿਆਸ (ਇੱਕ ਰੁਪੀਆ ਸੀਰੀਜ਼), ਮੇਰਾ ਕਾਵਿ ਜਗਤ ਅਤੇ ਨਾਵਲ 'ਉਹਦੇ ਮਰਨ ਤੋਂ ਮਗਰੋਂ' ਲੇਖਕ ਦੇ ਜੀਵਨ ਕਾਲ ਦੌਰਾਨ ਛਪੇ। ਦਿਓਲ ਜੀ 16 ਮਾਰਚ 1991 ਨੂੰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੀ ਮੌਤ ਤੋਂ ਬਾਅਦ 'ਦਿਓਲ ਦੀਆਂ ਕਵਿਤਾਵਾਂ' (ਸਮੁੱਚੀ ਕਵਿਤਾ), ਨਾਵਲ ਉਮਰ ਤਮਾਮ, ਦਿਓਲ ਦੀਆਂ ਕਹਾਣੀਆਂ, ਦਿਓਲ ਦੇ ਨਾਟਕ (ਇਕਾਂਗੀ, ਨਾਟਕ ਤੇ ਕਾਵਿ ਨਾਟਕ) ਦੀਆਂ ਕਿਤਾਬਾਂ ਪ੍ਰਕਾਸ਼ਿਤ ਹੋਈਆਂ। 'ਆਟੇ ਕਾ ਦੀਆ' ਹਿੰਦੀ ਵਿੱਚ ਅਨੁਵਾਦ ਹੋ ਕੇ ਕਿਤਾਬਚੇ ਦੇ ਰੂਪ ਵਿੱਚ ਛਪੀ।

ਉਨ੍ਹਾਂ ਦੀਆਂ ਰਚਨਾਵਾਂ ਵਿੱਚ ਸਿਧਾਂਤਕ ਪ੍ਰਪੱਕਤਾ ਤੇ ਪ੍ਰਤੀਬੱਧਤਾ ਹੋਣ ਕਰਕੇ ਅੱਜ ਵਧੇਰੇ ਪ੍ਰਸੰਗਕ ਹੋ ਗਈਆਂ ਹਨ। ਮਨਧੀਰ ਨੇ ਸਮੁੱਚੇ ਸਾਹਿਤ ਨੂੰ ਪਾਠਕਾਂ ਦੀ ਝੋਲੀ ਪਾ ਇੱਕ ਪਵਿੱਤਰ ਸਾਹਿਤਕ ਕਾਰਜ ਕੀਤਾ ਹੈ।

**ਮੋਬਾਈਲ** : 70099-66188

### ਡਾਇਰੀ ਦਾ ਪੰਨਾ

**ਨਿੰਦਰ ਘੁਗਿਆਣਵੀ**

# ਢਾਈ ਵਜੇ ਦੀ ਦੁਪਹਿਰ !

ਸਿਖਰ ਦੁਪਹਿਰ ਢਲਣੀ ਸ਼ੁਰੂ ਹੁੰਦੀ, ਦੁਪਹਿਰ ਦੀ ਨੀਂਦੇ ਸੁੱਤੇ ਬੁੜ੍ਹੇ-ਬੁੜ੍ਹੀਆਂ ਦੋ, ਪੌਣੇ ਦੋ ਵੱਜਦੇ ਤੀਕ ਜਾਗ ਪੈਂਦੇ। ਪਿਤਾ ਤੇ ਤਾਇਆ ਹਾਲੇ ਖੇਤਾਂ 'ਚ ਹੀ ਕੰਮ ਕਰ ਰਹੇ ਹੁੰਦੇ ਸਨ। ਮੈਨੂੰ ਯਾਦ ਆਉਂਦਾ ਹੈ ਕਿ ਜਿੱਦਣ ਤਾਇਆ ਘਰੇ ਹੁੰਦਾ ਸੀ, ਤਾਂ ਡੇਢ ਕੁ ਵਜੇ ਹੀ ਰੇਡੀਓ ਲਗਾ ਲੈਂਦਾ ਸੀ। ਹਿੰਦੀ ਖਬਰਾਂ ਤੇ ਹਿੰਦੀ ਗੀਤ ਪ੍ਰਸਾਰਿਤ ਹੁੰਦੇ ਰਹਿੰਦੇ, ਫੌਜੀ ਵੀਰਾਂ ਲਈ ਹਿੰਦੀ ਗੀਤਾਂ ਦਾ ਖਾਸ ਪ੍ਰੋਗਰਾਮ ਆਉਂਦਾ, ਤੇ ਤਾਇਆ ਉਚੇਚ ਨਾਲ ਸੁਣਦਾ ਹੁੰਦਾ ਫੌਜੀਆਂ ਦੀ ਫਰਮਾਇਸ਼ ਉਤੇ ਵੱਜਦੇ ਗੀਤਾਂ ਨੂੰ। ਐਨ ਪੂਰੇ ਢਾਈ ਵਜੇ ਲੋਕ-ਗਾਥਾਵਾਂ ਤੇ ਲੋਕ ਗੀਤਾਂ ਦਾ ਵੇਲਾ ਹੋ ਜਾਂਦਾ। ਤਦ ਤੀਕ ਸੱਥਾਂ ਵੀ ਰੌਂਅ 'ਚ ਆ ਜਾਂਦੀਆਂ, ਤਾਂ ਕਿ ਦੁਪਹਿਰ -ਢਾਈ ਵਾਲੇ ਗੀਤ ਸੱਥ 'ਚ ਇਕੱਠਿਆਂ ਕਿਸੇ ਕੰਧ ਦੇ ਪਰਛਾਵੇਂ ਥੱਲੇ ਬਹਿ ਕੇ ਸੁਣ-ਮਾਣ ਲਏ ਜਾਣ। ਆਮ ਲੋਕ ਕੰਧਾਂ ਦੇ ਪਰਛਾਵਿਆਂ ਜਾਂ ਰੁੱਖਾਂ ਹੇਠ ਬੈਠੇ ਦਿਖਦੇ ਏਧਰ-ਓਧਰ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ।

ਸਾਡੇ ਖੁੱਲ੍ਹਮ-ਖੁੱਲ੍ਹੇ ਵਿਹੜੇ ਵਿਚ ਤਾਏ ਦਾ ਰੇਡੀਓ ਸੰਗੀਤਕ ਧੁਨਾਂ ਬਿਖੇਰਦਾ ਨਾ। ਦਾਦੀ ਉੱਠ ਕੇ ਛਿਟੀਆਂ ਭੰਨਦੀ, ਚੁੱਲ੍ਹਾ ਬਾਲ ਕੇ ਦੁਪਹਿਰ ਦੀ ਚਾਹ ਧਰ ਦੇਂਦੀ। ਇਸ ਕੁ ਵੇਲੇ ਹੀ ਇਕ ਫੌਜੀ ਜਹਾਜ਼, ਹਲਕੀ ਜਿਹੀ ਗੂੰਜ ਗੂੰਜਦਾ ਨੀਲੇ ਆਸਮਾਨ ਉਤੇ ਦੂਰ ਤੀਕ ਚਿੱਟੀ ਪਤਲੀ ਲੀਕ ਵਾਹੁੰਦਾ ਜਾਂਦਾ। ਜੇ ਕੋਈ ਚਾਹ ਧਰਨ ਜਾਂ ਜ਼ਰੂਰੀ ਕੰਮ ਕਰਨ ਤੋਂ ਲੇਟ ਹੋ ਜਾਂਦਾ ਤਾਂ ਲੋਕ ਅਕਸਰ ਆਖਦੇ ਕਿ ਜਹਾਜ਼ ਵੀ ਲੰਘ ਗਿਐ ਤੇ ਢਾਈ ਵਾਲੇ ਗੀਤ ਵੀ ਮੁਕ'ਗੇ ਐ, ਹੁਣ ਤਾਂ ਉੱਠ ਕੇ ਕੁਝ ਕਰ 'ਲੋ—।

ਲੋਕੀਂ ਸਹਿਜੇ-ਸਹਿਜੇ ਪਸ਼ੂਆਂ ਨੂੰ ਵਰਾਂਡਿਆਂ ਜਾਂ ਦਰੱਖਤਾਂ ਹੇਠੋਂ ਖੋਲ੍ਹਦੇ, ਖੁਰਲੀਆਂ ਉਤੇ ਲਿਆ ਬੰਨ੍ਹਦੇ। ਨੀਰਾ-ਚਾਰਾ ਪਾ ਕੇ ਧਾਰਾਂ ਕੱਢਦੇ। ਸੂਰਜ ਛੁਪੇ ਤੋਂ ਗੁਰਦੁਆਰਿਓਂ ਭਾਈ ਜੀ ਰਹਿਰਾਸ ਸਾਹਬ ਛੋਹ ਲੈਂਦਾ।

* * *

ਜਦ ਸਵੇਰ ਦੇ ਗਿਆਰਾਂ, ਸਾਢੇ ਗਿਆਰਾਂ ਵਜੇ ਹੁੰਦੇ ਸਨ ਕਿ ਤਦ ਤੀਕ ਪਿੰਡ ਦੇ ਲੋਕ ਰੋਟੀ-ਟੁੱਕ ਖਾ ਲੈਂਦੇ ਸਨ। ਕੂੰਡੇ ਦੀ ਚਟਣੀ ਘਰ-ਘਰ ਦੋਵੇਂ ਵੇਲੇ ਰਗੜੀ ਜਾਂਦੀ। ਅੰਮ੍ਰਿਤ ਵੇਲੇ ਮੇਰੀ ਦਾਦੀ ਤੌੜੀ 'ਚ ਮਧਾਣੀ ਪਾ ਲੱਸੀ ਰਿੜਕਦੀ ਤੇ ਨਿੰਮੀ-ਨਿੰਮੀ ਆਵਾਜ਼ 'ਚ ਕਿਸੇ ਭਜਨ ਦੇ ਟੁੱਟੇ-ਫੁੱਟੇ ਬੋਲ ਗੁਣ-ਗੁਣਾਉਂਦੀ।

* * *

ਤਵੀ ਜਾਂ ਤੰਦੂਰ ਉੱਤੇ ਵੱਡੀਆਂ ਤੇ ਭਾਰੀ ਰੋਟੀਆਂ ਲੱਥਦੀਆਂ। ਘਰ ਦਾ ਕੋਈ ਜੀਅ ਖੇਤ ਕੰਮ ਕਰਨ ਵਾਲੇ ਕਾਮਿਆਂ ਦਾ ਅੰਨ ਵੀ ਘਰ ਦੇ ਜੀਆਂ ਬਰਾਬਰ ਹੀ ਲੈ ਕੇ ਜਾਂਦਾ। ਸਾਡੇ ਨੇੜਲੇ 'ਖੂਹ ਵਾਲੇ ਖੇਤ' ਨੂੰ ਤਾਂ ਦਾਦੀ ਆਪ ਹੀ ਰੋਟੀ ਲੈ ਤੁਰਦੀ।

ਰੱਜਵਾਂ ਅੰਨ ਖਾ ਕੇ ਨੇਸਤੀ ਚੜ੍ਹਦੀ ਤੇ ਨੀਂਦ ਮੱਲੋ-ਮੱਲੀ ਘੇਰਦੀ। ਗਰਮੀਆਂ ਦੇ ਵੱਡੇ ਦਿਨੀਂ ਵਿਹੜੇ 'ਚ ਖੜ੍ਹੇ ਰੁੱਖਾਂ ਜਾਂ ਖੁੱਲ੍ਹੇ ਵਰਾਂਡਿਆਂ 'ਚ ਲੋਕ ਅੱਖ ਲਾਉਣ ਜਾਂ ਅੰਨ ਦੀ ਸੁਸਤੀ ਲਾਹੁਣ ਲਈ ਪੈ ਜਾਂਦੇ। ਔਰਤਾਂ ਕੁਝ ਵਧੇਰੇ ਹੀ ਥਕੇਵਾਂ ਮੰਨਦੀਆਂ, ਕਿਉਂਕਿ ਬਹੁਤੇ ਘਰਾਂ ਦੀਆਂ ਔਰਤਾਂ ਮੂੰਹ ਹਨੇਰੇ ਸਾਝਰੇ ਹੀ ਗੁਰਦੁਆਰੇ ਬਾਬਾ ਜੀ ਦੇ ਬੋਲਣ ਤੋਂ ਪਹਿਲਾਂ ਉੱਠ ਪੈਂਦੀਆਂ ਸਨ ਤੇ ਪਸ਼ੂਆਂ ਨੂੰ ਪੱਠੇ ਪਾਉਂਦੀਆਂ, ਧਾਰਾਂ ਕੱਢਦੀਆਂ, ਗੋਹਾ-ਕੂੜਾ ਚੁੱਕਦੀਆਂ ਤੇ ਲੰਮੇ-ਚੌੜੇ ਕੱਚੇ ਵਿਹੜੇ ਸੁੰਭਰਦੀਆਂ।

ਚੁੱਲ੍ਹੇ ਉੱਤੇ ਚਾਹ ਦਾ ਵੱਡਾ ਪਤੀਲਾ ਧਰਿਆ ਹੀ ਰਹਿੰਦਾ। ਸਾਰੇ ਟੱਬਰ ਦੇ ਜੀਅ ਆਪਣੀ-ਆਪਣੀ ਬਾਟੀ ਪਤੀਲੇ 'ਚੋਂ ਭਰੀ ਜਾਂਦੇ ਤੇ ਫਿਰ ਖੇਤਾਂ ਵੱਲ 'ਭਾਰ' ਲਾਹੁਣ ਲਈ ਤੁਰੀ ਜਾਂਦੇ। ਬੁੜ੍ਹੀਆਂ-ਕੁੜੀਆਂ ਨੇੜੇ ਪਥਿੱਕਣਾਂ ਜਾਂ ਸ਼ਾਮਲਾਟ ਦੇ ਥਾਂ ਵਿਚ ਮੂੰਹ ਹਨੇਰੇ ਹੀ ਕੰਮ ਨਿਬੇੜ ਲੈਂਦੀਆਂ।

* * *

ਚਾਹ ਪੀ ਹਟਣ ਬਾਅਦ ਦਾਦੀ ਹਾਰੇ ਵਿਚ ਭੰਨ-ਭੰਨ ਪਾਥੀਆਂ ਰੱਖਦੀ, ਹਾਰਾ ਭਖਣ ਲਗਦਾ। ਚਾਰ-ਪੰਜ ਮੁੱਠਾਂ ਦਾਲ ਦੀਆਂ ਗਿਣ ਕੇ ਕਾਲੇ ਹੋ ਚੁੱਕੇ ਕੁੱਜੇ 'ਚ ਪਾਉਂਦੀ ਤੇ ਨਾਲ ਹੀ ਅਟੇ-ਸਟੇ ਨਾਲ ਪਾਣੀ ਵੀ ਪਾ ਦਿੰਦੀ ਤੇ ਉਹਦੇ ਵਿਚੇ ਹੀ ਗੰਢਾ ਤੇ ਲਸਣ ਵਗੈਰਾ ਚੀਰ ਕੇ ਸੁੱਟ ਦਿੰਦੀ। ਸੁੱਕੀਆਂ ਲਾਲ ਮਿਰਚਾਂ ਵੀ ਕੁੱਜੇ ਵਿਚ ਪਾਉਣ ਤੋਂ ਵੀ ਕੰਜੂਸੀ ਨਾ ਕਰਦੀ ਮੇਰੀ ਦਾਦੀ। ਗੋਹਿਆਂ ਦੇ ਮੱਠੇ-ਮੱਠੇ ਸੇਕ ਨਾਲ ਆਥਣ ਤੀਕ ਦਾਲ ਰਿੱਝਦੀ ਰਹਿੰਦੀ। ਜਦ ਗੁਰਦਵਾਰੇ ਭਾਈ ਜੀ ਰਹਿਰਾਸ ਦਾ ਪਾਠ ਮੁਕਾਉਂਦਾ। ਮਾਂ ਤੇ ਊਸ਼ਾ ਭੂਆ ਤੰਦੂਰ ਤਪਾ ਲੈਂਦੀਆਂ। ਚੌਂਕੇ ਵਿਚ ਪੀਹੜੀ ਉਤੇ ਬੈਠੀ ਦਾਦੀ ਕੂੰਡੇ ਘੋਟਣੇ ਨਾਲ ਚਟਣੀ ਰਗੜ ਲੈਂਦੀ, ਕਦੇ ਉਹ ਘਰੋਂ ਹੀ ਪੂਦਨਾ ਤੋੜ ਕੇ ਚਟਣੀ ਰਗੜਦੀ ਤੇ ਕਦੇ ਗੰਢੇ ਤੇ ਲਾਲ ਮਿਰਚਾਂ ਨੂੰ ਹੀ ਘੋਟ-ਰਗੜ ਲੈਂਦੀ। ਗਰਮੀਆਂ ਵਿਚ ਦੁਪਹਿਰ ਵੇਲੇ ਚਿੱਭੜਾਂ ਤੇ ਮਿਰਚਾਂ ਦੀ ਚਟਣੀ ਤੇ ਦਹੀਂ-ਲੱਸੀ ਨਾਲ ਹੀ ਰੋਟੀ ਖਾਧੀ ਜਾਂਦੀ। ਕਦੇ ਕੋਈ-ਕੋਈ ਘਰ ਦਾ ਜੀਅ ਚਟਣੀ ਤੋਂ ਅੱਕਿਆ ਗੁੜ ਨਾਲ ਰੋਟੀ ਖਾ ਲੈਂਦਾ ਜਾਂ ਸ਼ੱਕਰ 'ਚ ਘਿਓ ਦੇ ਦੋ ਚਮਚੇ ਰਲਾ ਕੇ ਰੋਟੀ ਖਾਂਦਾ।

* * *

ਘੜਿਆਂ ਦਾ ਪਾਣੀ ਠੰਢਾ ਤੇ ਸ਼ੀਤਲ ਹੁੰਦਾ । ਸਲਾਦ ਵਜੋਂ ਗੰਢੇ ਭੰਨ ਲਏ ਜਾਂਦੇ। ਖੂਹੀ ਉਤੋਂ ਪਾਣੀ ਦੀਆਂ ਬਾਲਟੀਆਂ ਖਿੱਚ ਕੇ ਤਾਇਆ ਕੱਚੇ ਵਿਹੜੇ 'ਚ ਛਿੜਕਾਅ ਕਰਦਾ ਤੇ ਇਕ-ਸਾਰ ਮੰਜੇ ਡਾਹ ਦਿੰਦਾ। ਮੈਨੂੰ ਸਾਡੀ ਖੂਹੀ ਤੋਂ ਬੜਾ ਡਰ ਆਉਂਦਾ ਸੀ। ਖੂਹੀ 'ਚੋਂ ਤਾਇਆ ਜਾਂ ਪਿਤਾ ਤੇ ਜਾਂ ਮੇਰੀ ਮਾਂ ਹੀ ਪਾਣੀ ਖਿੱਚਦੇ ਸਨ। ਕੁਆਰੀ ਭੂਆ ਊਸ਼ਾ ਵੀ ਖੂਹੀ ਦੇ ਨੇੜੇ ਨਹੀਂ ਸੀ ਜਾਂਦੀ।

ਸਾਰਾ ਟੱਬਰ ਇਕੱਠਿਆਂ ਬਹਿ ਕੇ ਰੋਟੀ ਖਾਂਦਾ। ਰੋਟੀ ਖਾਂਦੇ ਵੇਲੇ ਕੋਈ ਜੀਅ ਆਲਤੂ-ਫਾਲਤੂ ਗੱਲ ਨਹੀਂ ਸੀ ਕਰਦਾ, ਤੇ ਕਿਸੇ ਦੀ ਚੁਗਲੀ ਨਿੰਦਿਆ ਕਰਨੀ ਤਾਂ ਬਹੁਤ ਦੂਰ ਦੀ ਗੱਲ ਰਹੀ।

* * *

ਗਰਮੀਆਂ ਦੇ ਦਿਨੀਂ ਰੂੜੀਆਂ ਉਤੇ ਚਿੱਭੜਾਂ ਦੀਆਂ ਵੱਲਾਂ ਹੀ ਵੱਲਾਂ ਫੈਲੀਆਂ ਹੁੰਦੀਆਂ। ਕਾਰਨ ਸੀ ਕਿ ਬਹੁਤੇ ਲੋਕ ਘਰਾਂ ਵਿੱਚ ਚਿੱਭੜਾਂ ਦੀ ਚਟਣੀ ਰੋਜ਼ ਵਾਂਗ ਹੀ ਕੁੱਟਦੇ ਸਨ, ਤੇ ਨਿਆਣੇ ਉਂਞ ਵੀ ਚਿੱਭੜ ਖੂਬ ਖਾਂਦੇ। ਘਰਾਂ ਵਿਚ ਟੋਇਲਟਾਂ ਨਾ ਹੋਣ ਕਰਕੇ ਰੂੜੀਆਂ ਨੂੰ ਹੀ 'ਭਾਗ' ਲਾਉਂਦੇ। ਚਿੱਭੜਾਂ ਦੀ ਖਾਧੀ ਚਟਣੀ ਦੇ ਬੀਜ ਮੀਂਹ ਪੈਣ ਉਤੇ ਫੁੱਟ ਆਉਂਦੇ। ਰੂੜੀਆਂ ਉਤੇ ਪਤਲੇ-ਪਤਲੇ ਪੀਲੇ-ਪੀਲੇ ਫੁੱਲਾਂ ਵਾਲੀਆਂ ਵੱਲਾਂ ਹੀ ਵੱਲਾਂ ਉੱਗ ਆਉਂਦੀਆਂ, ਜੋ ਚਿੱਭੜਾਂ ਨਾਲ ਭਰੀਆਂ ਹੁੰਦੀਆਂ, ਪਰ ਉਹ ਚਿੱਭੜ ਤੋੜਦਾ ਕੋਈ ਨਹੀਂ ਸੀ। ਅਕਸਰ ਹੀ ਲੋਕ ਇਕ-ਦੂਜੇ ਨੂੰ ਆਖਦੇ ਸਨ ਕਿ ਆਹ ਵੇਖੋ, ਕਿਵੇਂ ਫੱਬੇ ਪਏ ਆ ਕਿਰੇ-ਕਿਰੇ ਹੱਗੇ ਹੋਏ ਚਿੱਭੜ!

*(ਲਿਖੀ ਜਾ ਰਹੀ ਸਵੈ ਜੀਵਨੀ 'ਚੋਂ)*

*94174-21700*

30-July-Sunday.qxd 7/29/2023 10:15 PM Page 2



## ਵਿਗਿਆਨਕ ਗਲਪ

**ਡਾ. ਡੀ ਪੀ ਸਿੰਘ ਦਾ ਸੰਬੰਧ ਭੌਤਿਕ ਵਿਗਿਆਨ ਦੇ ਵਿਸ਼ੇ ਨਾਲ ਹੈ। ਉਸ ਨੇ ਭੌਤਿਕ ਵਿਗਿਆਨ ਬਾਰੇ ਪੰਜਾਬੀ ਵਿੱਚ ਸਰਲ ਭਾਸ਼ਾ ਵਾਲੇ ਅਨੇਕ ਲੇਖ ਲਿਖੇ। ਡੀ ਪੀ ਸਿੰਘ ਉਹਨਾਂ ਵਿਚਾਰਵਾਨਾਂ ਵਿੱਚੋਂ ਇੱਕ ਹੈ, ਜੋ ਸਮੁੱਚੀ ਸਿੱਖਿਆ ਮਾਤ-ਭਾਸ਼ਾ ਵਿੱਚ ਦੇਣ ਦੇ ਹਾਮੀ ਹਨ। ਕੁਝ ਸਮਾਂ ਪਹਿਲਾਂ ਹੋਏ ਪੁਲਾੜ ਹਾਦਸੇ ਵਿੱਚ ਭਾਰਤੀ ਕੁੜੀ ਦੀ ਗਈ ਜਾਨ ਬਾਰੇ ਹੈ ਇਹ ਕਹਾਣੀ। ਇੱਕ ਵਿਗਿਆਨੀ ਇਸ ਹਾਦਸੇ ਨੂੰ ਕਿਸ ਤਰ੍ਹਾਂ ਮਹਿਸੂਸ ਕਰਦਾ ਹੈ, ਇਹ ਇਸ ਕਹਾਣੀ ਦੇ ਕੇਂਦਰ ਵਿੱਚ ਹੈ, ਨਾਲ ਹੀ 'ਤਾਰਿਆਂ ਨੂੰ ਇੰਝ ਹੀ ਕਿਉਂ ਨਹੀਂ ਰਹਿਣ ਦਿੰਦੇ' ਵਰਗੇ ਵੱਡੇ ਸੁਆਲ ਵੀ ਖੜੇ ਕਰਦੀ ਹੈ ਇਹ ਕਹਾਣੀ। —ਸੰਪਾਦਕ**

# ਸੁਨਹਿਰੀ ਤਾਰਾ

**ਡਾ. ਡੀ ਪੀ ਸਿੰਘ**

ਉਸ ਰਾਤ, ਉਸ ਦੀ ਬੇਟੀ ਹਨੇਰੇ ਅੰਬਰ ਦਾ ਸੁਨਹਿਰੀ ਤਾਰਾ ਬਣ ਗਈ।

ਘਰ ਦੀ ਛੱਤ ਉੱਤੇ ਖੜਾ ਉਹ ਹਨੇਰੇ ਅੰਬਰ ਵਿਚ, ਉਸ ਚਮਕੀਲੇ ਤਾਰੇ ਨੂੰ ਉੱਚਾ ਉੱਠਦਾ ਦੇਖ ਰਿਹਾ ਸੀ। ਉਸ ਨੂੰ ਯਾਦ ਆ ਰਿਹਾ ਸੀ, ਨਿੱਕੀ ਦਾ ਬਚਪਨ। ਨਿੱਕੀ, ਜੋ ਹੋਰਨਾਂ ਲਈ ਕਲਪਨਾ ਸੀ ਕਲਪਨਾ ਚਾਵਲਾ।

ਕਦੇ ਉਹ ਲੁਕਣਮੀਟੀ ਖੇਲ੍ਹਦੀ ਨਜ਼ਰ ਆ ਰਹੀ ਸੀ ਤੇ ਕਦੇ ਛੂਹਣ-ਛਪਾਈ। ਇਸ ਮੋਤੀਆਂ ਜੜ੍ਹੀ ਅੰਬਰੀ ਛੱਤ ਹੇਠ ਉਨ੍ਹਾਂ ਕਿੰਨੀਆਂ ਹੀ ਬਾਤਾਂ ਸਾਂਝੀਆਂ ਕੀਤੀਆਂ ਸਨ। 'ਕੀ ਉਹ ਹੁਣ ਉਨ੍ਹਾਂ ਖੇਡਾਂ ਜਾਂ ਬਾਤਾਂ ਬਾਰੇ ਸੋਚ ਰਹੀ ਹੋਵੇਗੀ? ਕੀ ਉਸ ਨੂੰ ਜਨਵਰੀ ਮਹੀਨੇ ਦੀ ਕਾਲੀ ਬੋਲੀ ਰਾਤ ਵਿਚ ਛੱਤ ਉੱਤੇ ਇਕੱਲੇ ਖੜ੍ਹੇ ਆਪਣੇ ਡੈਡ ਦੀ ਯਾਦ ਆ ਵੀ ਰਹੀ ਹੋਵੇਗੀ? ਕੀ ਉਸ ਨੂੰ ਇਹ ਘਰ ਚੇਤੇ ਵੀ ਹੋਵੇਗਾ, ਜਿੱਥੇ ਕਦੇ ਉਸ ਦਾ ਜਨਮ ਹੋਇਆ ਸੀ?'

ਪੂਰਬੀ ਦਿਸ਼ਾ ਵਿਚ ਇਕ ਤਾਰਾ ਹੌਲੇ-ਹੌਲੇ ਉੱਚਾ ਉੱਠਦਾ ਜਾ ਰਿਹਾ ਸੀ। ਤੇ ਜਦ ਉਹ ਪੂਰੇ ਸਿਖਰ ਉੱਤੇ ਪਹੁੰਚ ਗਿਆ ਤਾਂ ਉਹ ਤੇਜ਼ੀ ਨਾਲ ਚੱਲਦਾ ਧਰਤੀ ਦੇ ਹਨੇਰੇ ਕਿਨਾਰੇ ਕੋਲ ਅਚਾਨਕ ਅਲੋਪ ਹੋ ਗਿਆ।



ਉਸ ਦੀ ਨਿੱਕੀ ਕਿੰਨੀ ਜਲਦੀ ਹੀ ਵੱਡੀ ਹੋ ਗਈ ਸੀ। ਜੋ ਹੁਣ ਧਾਂਤ ਦੇ ਬਣੇ ਸਿਲੰਡਰ ਵਿਚ ਬੈਠੀ ਧਰਤੀ ਗਿਰਦ ਚੱਕਰ ਲਗਾ ਰਹੀ ਸੀ।

'ਉਹ ਤਾਰਿਆਂ ਨੂੰ ਇੰਝ ਹੀ ਕਿਉਂ ਨਹੀਂ ਰਹਿਣ ਦਿੰਦੇ, ਬਿਨਾਂ ਕਿਸੇ ਛੇੜ-ਛਾੜ ਦੇ, ਉਵੇਂ ਹੀ ਜਿਵੇਂ ਕੁਦਰਤ ਨੇ ਉਨ੍ਹਾਂ ਨੂੰ ਬਣਾਇਆ ਹੈ?' ਗਿਰਧਾਰੀ ਦੇ ਮਨ ਵਿਚ ਖਿਆਲਾਂ ਦੀ ਉੱਥਲ-ਪੁਥਲ ਸੀ।

* * * *

ਮਿਲਟਰੀ ਦਫਤਰ ਦੀ ਦੂਸਰੀ ਈ-ਮੇਲ ਉਸ ਦਿਨ ਸਵੇਰੇ ਹੀ ਆ ਗਈ, ਲਿਖਿਆ ਸੀ : 'ਪੁਲਾੜੀ ਸਟਲ ਬਿਲਕੁਲ ਸਹੀ ਕੰਮ ਕਰ ਰਹੀ ਹੈ। ਆਸ ਹੈ ਆਪ ਦੀ ਬੇਟੀ ਕੱਲ੍ਹ ਸਵੇਰੇ ਵਾਪਸ ਆ ਜਾਵੇਗੀ।'

ਉਹ ਆਪਣੇ ਰੋਜ਼ਾਨਾ ਕੰਮਾਂ ਵਿਚ ਰੁੱਝ ਗਿਆ। ਹੋਰਨਾਂ ਦਿਨਾਂ ਵਾਂਗ ਹੀ ਤਿਆਰ ਹੋ ਉਹ ਦੁਕਾਨ ਨੂੰ ਚੱਲ ਪਿਆ, ਜਿੱਥੇ ਉਹ ਪਿਛਲੇ ਪੰਝੀ ਸਾਲਾਂ ਤੋਂ ਕੰਮ ਕਰ ਰਿਹਾ ਸੀ। ਉਸ ਨੂੰ ਪੱਕ ਹੀ ਸੀ ਕਿ ਉਸ ਦੇ ਗਾਹਕ ਉਸ ਤੋਂ ਅਨੇਕ ਸੁਆਲ ਪੁੱਛਣਗੇ। ਤੇ ਇੰਝ ਹੀ ਹੋਇਆ।

'ਗਿਰਧਾਰੀ! ਕੀ ਕਲਪਨਾ ਠੀਕ-ਠਾਕ ਹੈ?' ਕੋਈ ਪੁੱਛ ਰਿਹਾ ਸੀ।

'ਤੁਹਾਨੂੰ ਚਿੰਤਾ ਨਹੀਂ ਹੁੰਦੀ?' ਕਿਸੇ ਦੂਸਰੇ ਦੇ ਬੋਲ ਸਨ।

'ਮੈਂ ਆਸ ਕਰਦੀ ਹਾਂ ਕਿ ਉਹ ਠੀਕ-ਠਾਕ ਵਾਪਸ ਆ ਜਾਵੇਗੀ।' ਕਿਸੇ ਹੋਰ ਦੇ ਬੋਲ ਸਨ।

ਉਹ ਸੋਚ ਰਿਹਾ ਸੀ ਕਿ ਰਾਤੋ-ਰਾਤ ਇਕ ਸਾਧਾਰਨ ਦੁਕਾਨਦਾਰ ਤੋਂ ਇਕ ਵਿਸ਼ਵ ਪ੍ਰਸਿੱਧ ਪੁਲਾੜ ਯਾਤਰੀ ਦੇ ਪਿਤਾ ਵਜੋਂ ਉਸ ਦੀ ਪਛਾਣ, ਉਸ ਲਈ ਕਾਫੀ ਵੱਡੀ ਤਬਦੀਲੀ ਸੀ।

ਉਸ ਨੂੰ ਟੀ.ਵੀ. ਇੰਟਰਵਿਊ ਦਾ ਤਾਂ ਖਿਆਲ ਵੀ ਨਹੀਂ ਸੀ। ਜੇ ਕਿਧਰੇ ਉਹ ਟੀ.ਵੀ. ਵਾਲਿਆਂ ਨੂੰ ਪਿਆਰ ਨਾਲ ਮਨ੍ਹਾਂ ਕਰ ਸਕਦਾ ਤਾਂ ਚੰਗੀ ਗੱਲ ਹੀ ਸੀ, ਪਰ ਉਹ ਕਰ ਵੀ ਕੀ ਸਕਦਾ ਸੀ ਜਦ ਟੀਵੀ ਸਟੇਸ਼ਨ ਵਾਲਿਆਂ ਦੀਆਂ ਕਾਰਾਂ ਤੇ ਟਰੱਕ ਦੁਕਾਨ ਸਾਹਮਣਲੇ ਚੌਕ ਵਿਚ ਆ ਖੜ੍ਹੇ ਅਤੇ ਉਨ੍ਹਾਂ ਦੇ ਟੈਕਨੀਸ਼ਨਾਂ ਨੇ ਆਪਣੇ ਕੈਮਰੇ ਫਿੱਟ ਕਰਨੇ ਸ਼ੁਰੂ ਕਰ ਦਿੱਤੇ। ਉਹ ਕਹਿ ਵੀ ਕੀ ਸਕਦਾ ਸੀ ਜਦ ਇਕ ਸਾਊ ਜਿਹੀ ਔਰਤ ਉਸ ਕੋਲ ਪਹੁੰਚ ਬਹੁਤ ਹੀ ਹਲੀਮੀ ਨਾਲ ਬੋਲੀ, 'ਸਰ! ਸਾਨੂੰ ਮਾਣ ਹੈ ਕਿ ਆਪ ਦੀ ਬੇਟੀ ਦੇਸ਼ ਦੀ ਪਹਿਲੀ ਮਹਿਲਾ ਪੁਲਾੜ ਯਾਤਰੀ ਬਣ ਗਈ ਹੈ। ਸਾਨੂੰ ਖੁਸ਼ੀ ਹੋਵੇਗੀ ਜੇ ਤੁਸੀਂ ਸਾਡੇ ਕੁਝ ਕੁ ਸਵਾਲਾਂ ਦੇ ਜਵਾਬ ਦੇ ਸਕੋ।'

ਉਸ ਦੇ ਬਹੁਤੇ ਸਵਾਲ ਤਾਂ ਨਿੱਕੀ ਬਾਰੇ ਸਨ, ਜੋ ਕਿ ਮੌਕਾ-ਮੇਲ ਹੀ ਸੀ। ਉਹ ਔਰਤ ਤਾਂ ਇੰਝ ਸਵਾਲ ਪੁੱਛ ਰਹੀ ਸੀ, ਜਿਵੇਂ ਕਿ ਉਸ ਦੀ ਬੇਟੀ ਕੋਈ ਸਾਧਾਰਨ ਭਾਰਤੀ ਕੁੜੀ ਹੋਵੇ, ਜਦ ਕਿ ਅਜਿਹਾ ਸੱਚ ਤਾਂ ਨਹੀਂ ਸੀ।

ਉਹ ਜਿਵੇਂ ਹੀ ਇਹ ਦੱਸਣ ਦੀ ਕੋਸ਼ਿਸ਼ ਕਰਦਾ ਕਿ ਨਿੱਕੀ ਕਿਵੇਂ ਦੇਰ ਰਾਤ ਤੱਕ ਪੜ੍ਹਦੀ ਰਹਿੰਦੀ ਸੀ, ਕਿਵੇਂ ਉਸ ਵਿਚ ਕੁਝ ਨਵਾਂ ਜਾਨਣ ਦੀ ਵੱਡੀ ਚਾਹ ਸੀ, ਜਾਂ ਫਿਰ ਕਿਵੇਂ ਉਹ ਹਨੇਰੇ ਅੰਬਰ ਵਿਚ ਟਿਮਟਿਮਾਂਦੇ ਤਾਰਿਆਂ ਨੂੰ ਅਕਸਰ ਦੇਰ ਤੱਕ ਝਾਂਕਦੀ ਰਹਿੰਦੀ ਸੀ, ਪਰ ਜਦ ਵੀ ਉਸ ਨੇ ਇਹ ਗੱਲ ਦੱਸਣ ਦੀ ਕੋਸ਼ਿਸ਼ ਕੀਤੀ, ਤਾਂ ਉਹ ਸਾਊ ਜਿਹੀ ਔਰਤ ਬੜੀ ਚੁਸਤੀ ਨਾਲ ਉਸ ਦੀ ਗੱਲ ਨੂੰ ਵਿੱਚੋਂ ਹੀ ਕੱਟਦੇ ਹੋਏ, ਕੋਈ ਹੋਰ ਸਵਾਲ ਦਾਗ ਦਿੰਦੀ, ਜਿਸ ਦਾ ਭਾਵ ਬਿਲਕੁਲ ਹੀ ਹੋਰ ਹੁੰਦਾ। ਉਹ ਔਰਤ ਦੇ ਸਵਾਲਾਂ ਦਾ ਸਿਲਸਿਲਾ, ਨਿੱਕੀ ਨੂੰ ਅਜਿਹੀ ਮਿਹਨਤੀ ਤੇ ਜਗਿਆਸੂ, ਜੋ ਪੁਲਾੜ ਦੇ ਭੇਦਾਂ ਨੂੰ ਜਾਨਣਾ ਚਾਹੁੰਦੀ ਹੋਵੇ, ਦਿਖਾਉਣ ਦੀ ਥਾਂ ਸਾਧਾਰਨ ਜਿਹੀ ਕੁੜੀ ਦਰਸਾਉਣ ਵੱਲ ਵਧੇਰੇ ਭਾਰੂ ਨਜ਼ਰ ਆ ਰਿਹਾ ਸੀ।

ਕੁਝ ਕੁ ਸਵਾਲ ਉਸ ਨੇ ਮੇਰੇ ਬਾਰੇ ਵੀ ਪੁੱਛੇ ਸਨ।

'ਕੀ ਕਲਪਨਾ ਤੁਹਾਡੀ ਇਕੋ-ਇਕ ਬੇਟੀ ਹੈ?'

'ਜੀ ਹਾਂ।'

'ਕਲਪਨਾ ਦੀ ਮੰਮੀ ਕਿਹੋ ਜਿਹੀ ਔਰਤ ਹੈ?'

'ਉਹ ਘਰੇਲੂ ਔਰਤ ਸੀ, ਪੂਰੀ ਤਰ੍ਹਾਂ ਪਰਵਾਰ ਨੂੰ ਸਮਰਪਿਤ।'

'ਸੀ? ਕੀ ਮਤਲਬ। ਕੀ ਉਹ ਹੁਣ ਨਹੀਂ ਹੈ।'

'ਹਾਂ। ਪਿਛਲੇ ਸਾਲ ਇਕ ਹਾਦਸੇ ਵਿਚ ਉਸ ਦੀ ਮੌਤ ਹੋ ਗਈ ਸੀ।'

'ਬਹੁਤ ਦੁੱਖ ਹੋਇਆ ਜਾਣ ਕੇ।'

* * * *

ਦਿਨ ਢਲ ਚੁੱਕਾ ਸੀ ਜਦ ਟੀ.ਵੀ. ਇੰਟਰਵਿਊ ਵਾਲੀ ਟੀਮ ਨੇ ਆਪਣਾ ਸਾਮਾਨ ਸਮੇਟਿਆ ਤੇ ਇਸ ਨੂੰ ਆਪਣੀਆਂ ਕਾਰਾਂ ਤੇ ਟਰੱਕ ਉੱਤੇ ਲੱਦ ਵਾਪਸ ਚਲੇ ਗਏ।

ਉਸ ਸ਼ਾਮ ਘਰ ਪਹੁੰਚ ਕੇ, ਗਿਰਧਾਰੀ ਨੇ ਰੋਜ਼ ਵਾਂਗ ਕੁੜਤਾ-ਪਜਾਮਾ ਪਾ, ਠੰਢ ਤੋਂ ਬਚਾਓ ਲਈ ਸਵੈਟਰ ਪਹਿਨ, ਸਹਿਜ ਨਾਲ ਰਾਤ ਦਾ ਖਾਣਾ ਖਾਧਾ। ਇਸ ਪਿੱਛੋਂ ਉਹ, ਨਿੱਕੀ ਦੁਆਰਾ, ਪਿਛਲੇ ਦਿਨੀਂ, ਉਸ ਲਈ ਤੋਹਫੇ ਵਜੋਂ ਲਿਆਂਦੀ ਜੈਕਟ ਪਾ ਛੱਤ ਉੱਤੇ ਪਹੁੰਚ ਸੂਰਜ ਦੇ ਡੁੱਬਣ ਦੀ ਉਡੀਕ ਕਰਨ ਲੱਗਾ। ਮਿਲਟਰੀ ਦਫਤਰ ਤੋਂ ਆਈ ਪਹਿਲੀ ਈਮੇਲ ਵਿਚ ਨਿੱਕੀ ਦਾ ਪੁਲਾੜੀ ਵਾਹਨ ਅੱਜ ਰਾਤ ਨੌਂ ਵੱਜ ਕੇ ਦਸ ਮਿੰਟ ਉੱਤੇ ਦਿਖਾਈ ਦੇਣ ਦਾ ਜ਼ਿਕਰ ਸੀ। ਸਪੱਸ਼ਟ ਸੀ ਕਿ ਉਹ ਵਾਹਨ ਨੌਂ ਵਜੇ ਤੋਂ ਬਾਅਦ ਹੀ ਅੰਬਰ ਵਿਚ ਨਜ਼ਰ ਆਵੇਗਾ, ਪਰ ਉਸ ਨੂੰ ਸ਼ਾਮ ਦੇ ਘੁਸਮੁਸੇ ਵਿਚ ਤਾਰਿਆਂ ਦੀ ਟਿਮਟਿਮਾਹਟ ਦੇਖਣੀ ਚੰਗੀ-ਚੰਗੀ ਲੱਗ ਰਹੀ ਸੀ।

ਹੁਣ ਹਨੇਰੇ ਅੰਬਰ ਵਿਚ ਟਿਮਟਿਮਾਂਦੇ ਤਾਰਿਆਂ ਦੀ ਚੰਗੀ ਰੌਣਕ ਨਜ਼ਰ ਆ ਰਹੀ ਸੀ। ਉਸ ਨੇ ਪਹਿਲਾਂ ਕਦੇ ਵੀ ਅਜਿਹੇ ਖ਼ੂਬਸੂਰਤ ਨਜ਼ਾਰੇ ਵੱਲ ਧਿਆਨ ਹੀ ਨਹੀਂ ਸੀ ਦਿੱਤਾ। ਉਸ ਦੇ ਜੀਵਨ ਦਾ ਬਹੁਤਾ ਸਮਾਂ ਤਾਂ ਸੰਸਾਰੀ ਕੰਮਾਂ-ਕਾਰਾਂ ਵਿਚ ਹੀ ਗੁਜ਼ਰ ਗਿਆ ਸੀ। ਉਸ ਨੂੰ ਯਾਦ ਸੀ ਕਿ ਜੁਆਨੀ ਦੇ ਦਿਨਾਂ ਅੰਦਰ, ਜਦੋਂ ਅਜੇ ਉਸ ਦਾ ਨਵਾਂ-ਨਵਾਂ ਵਿਆਹ ਹੋਇਆ ਸੀ, ਉਹ ਤੇ ਰਾਧਾ, ਚਾਂਦਨੀ ਰਾਤ ਨੂੰ ਛੱਤ ਉੱਤੇ ਅਜਿਹਾ ਨਜ਼ਾਰਾ ਦੇਖਣ ਲਈ ਕਦੇ-ਕਦੇ ਆਉਂਦੇ। ਜੇ ਕਦੀ ਅਚਾਨਕ ਕੋਈ ਤਾਰਾ ਟੁੱਟਦਾ ਨਜ਼ਰ ਆਉਂਦਾ ਤਾਂ ਰਾਧਾ ਝੱਟ ਦੁਆ (ਮਨਚਾਹੀ ਖਾਹਸ਼) ਮੰਗਣ ਲਈ ਅੱਖਾਂ ਬੰਦ ਕਰ ਲੈਂਦੀ।

ਪਰ ਅੱਜ ਦੀ ਗੱਲ ਹੋਰ ਸੀ। ਅੱਜ ਨਾਲ ਉਸ ਦਾ ਨਿੱਜੀ ਲਗਾਓ ਜੁੜਿਆ ਸੀ, ਲੱਖਾਂ-ਕਰੋੜਾਂ ਤਾਰਿਆਂ ਨਾਲ ਜੜੇ ਅੰਬਰ ਨਾਲ ਇਕ ਨਵੀਂ ਸਾਂਝ ਦੀ ਸ਼ੁਰੂਆਤ ਸੀ।

ਰਾਤ ਦਾ ਹਨੇਰਾ ਗੂੜ੍ਹਾ ਹੋ ਜਾਣ ਕਾਰਨ ਜਾਂ ਫਿਰ ਇਨ੍ਹਾਂ ਵੱਲ ਲਗਾਤਾਰ ਦੇਖਣ ਨਾਲ ਉਸ ਨੂੰ ਇਹ ਹੋਰ ਵਧੇਰੇ ਰੌਸ਼ਨ ਹੋ ਗਏ ਲੱਗ ਰਹੇ ਸਨ। 'ਹਨੇਰੇ ਅੰਬਰ ਵਿਚ ਜਗਮਗ ਕਰਦੇ, ਡਲ੍ਹਕਾਂ ਮਾਰਦੇ, ਟਿਮਟਿਮਾਂਦੇ ਤਾਰੇ ਜੀਵਨ ਰੌਅ ਨਾਲ ਕਿੰਨੇ ਭਰਪੂਰ ਨੇ।' ਉਸ ਦੇ ਮਨ ਦਾ ਫੁਰਨਾ ਸੀ। ਤਦ ਹੀ ਉਸ ਨੇ ਉਨ੍ਹਾਂ ਦੇ ਅਲੱਗ-ਅਲੱਗ ਰੰਗਾਂ ਦੀ ਪਛਾਣ ਵੀ ਕਰ ਲਈ। ਕੁਝ ਲਾਲ ਨਜ਼ਰ ਆ ਰਹੇ ਸਨ ਤੇ ਕੁਝ ਪੀਲੇ, ਕੁਝ ਸੰਤਰੀ ਤੇ ਕਿਧਰੇ ਕੋਈ ਨੀਲੇ ਰੰਗ ਵੀ।

ਜਨਵਰੀ ਮਹੀਨੇ ਦੇ ਆਖਰੀ ਦਿਨ ਦੀ ਯਖ ਰਾਤ ਵਿਚ ਉਸ ਨੂੰ ਆਪਣਾ ਸਾਹ ਸਫੈਦ ਧੂੰਏਂ ਵਰਗਾ ਨਜ਼ਰ ਆ ਰਿਹਾ ਸੀ। ਇਸ ਰਾਤ ਵਿਚ ਅਜੀਬ ਚਟਕ ਸੀ, ਵਿਚਿੱਤਰ ਜਿਹਾ ਨਿਰਾਲਾਪਣ ਸੀ। ਅਜਿਹਾ ਤਾਂ ਪਹਿਲਾਂ ਕਦੇ ਨਹੀਂ ਸੀ ਭਾਸਿਆ। ਉਸ ਨੇ ਹੱਥ-ਘੜੀ ਵੱਲ ਨਜ਼ਰ ਮਾਰੀ, ਰਾਤ ਦੇ ਨੌਂ ਵੱਜ ਕੇ ਅੱਠ ਮਿੰਟ ਹੋ ਚੁੱਕੇ ਸਨ। ਪਤਾ ਹੀ ਨਹੀਂ ਸੀ ਲੱਗਿਆ ਕਿ ਸਮਾਂ ਕਿਵੇਂ ਤੇਜ਼ੀ ਨਾਲ ਬੀਤ ਗਿਆ ਸੀ। ਧੜਕਦੇ ਦਿਲ ਨਾਲ ਉਸ ਨੇ ਪੱਛਮੀ ਦਿਸ਼ਾ ਵੱਲ ਨਜ਼ਰ ਮਾਰੀ, ਤੇ ਉਸ ਦੀ ਨਿੱਕੀ ਆਪਣੇ ਜਗਮਗ ਕਰਦੇ ਰੱਥ ਵਿੱਚ ਸਵਾਰ, ਤਾਰਿਆਂ ਜੜੇ ਰਾਹ ਉੱਤੇ ਚੱਲਦੀ ਖੁਦ ਇਕ ਤਾਰੇ ਵਾਂਗ ਨਜ਼ਰ ਆ ਰਹੀ ਸੀ। ਇਹ ਚਮਕਦਾ ਤਾਰਾ ਹੌਲੇ-ਹੌਲੇ ਚੱਲਦਾ, ਹੇਠਾਂ ਵੱਲ ਆਉਂਦਾ ਧਰਤੀ ਦੇ ਹਨੇਰੇ ਖਿਤਿਜ ਕੋਲ ਪਹੁੰਚ ਗਾਇਬ ਹੋ ਗਿਆ। ਉਸ ਨੇ ਇਕ ਗਹਿਰਾ ਸਾਹ ਲਿਆ, ਇਕ ਮਾਣਮੱਤਾ ਸਾਹ।



ਤਦ ਹੀ ਉਸ ਨੂੰ ਮਹਿਸੂਸ ਹੋਇਆ ਕਿ ਉਸ ਦਾ ਸੱਜਾ ਹੱਥ, ਨਿੱਕੀ ਨੂੰ ਬਾਏ-ਬਾਏ ਕਰਦਾ, ਆਪ-ਮੁਹਾਰੇ ਹੀ ਹਿੱਲ ਰਿਹਾ ਸੀ। ਚੱਲ ਰਹੇ ਰੌਸ਼ਨ ਤਾਰੇ ਦੇ ਹਨੇਰੇ ਖਿਤਿਜ ਕੋਲ ਅਲੋਪ ਹੁੰਦਿਆਂ ਹੀ ਉਸ ਨੇ ਆਪਣਾ ਹੱਥ ਸਹਿਜ ਨਾਲ ਹੇਠਾਂ ਕਰ ਲਿਆ। ਉਸ ਨੂੰ ਰਾਧਾ ਦੀ ਯਾਦ ਆਈ ਤੇ ਉਸ ਵਾਂਗ ਹੀ ਦੁਆ ਮੰਗਣ ਦਾ ਖਿਆਲ ਆਇਆ। ਉਸ ਨੇ ਨਿੱਕੀ ਦੀ ਸਲਾਮਤੀ ਦੀ ਦੁਆ ਮੰਗੀ ਤੇ ਉਸ ਦੀ ਖੁਸ਼ਗਵਾਰ ਵਾਪਸੀ ਦੀ ਚਾਹਤ ਨੂੰ, ਆਪਣੀ ਦਿਲੀ ਅਸੀਸ ਵਿਚ ਲਪੇਟ, ਤਾਰਿਆਂ ਵੱਲ ਭੇਜ ਦਿੱਤਾ।

*****

ਮਿਲਟਰੀ ਦਫਤਰ ਤੋਂ ਕੱਲ੍ਹ ਆਈ ਈਮੇਲ ਵਿਚ ਨਿੱਕੀ ਦੇ ਵਾਪਸ ਧਰਤੀ ਉੱਤੇ ਉੱਤਰਨ ਦਾ ਸਮਾਂ ਭਲਕ ਦਾ ਲਿਖਿਆ ਸੀ।

ਜਿਸ ਦਾ ਭਾਵ ਸੀ ਉਹ ਅੱਜ ਪਹਿਲੀ ਫਰਵਰੀ ਨੂੰ ਧਰਤੀ ਉੱਤੇ ਵਾਪਸ ਪਹੁੰਚ ਜਾਵੇਗੀ।

ਅੱਜ ਸ਼ਨੀਵਾਰ ਸੀ। ਇਕ ਨਵੀਂ ਸਵੇਰ। ਨਿੱਕੀ ਦੀ ਆਮਦ ਦੀ ਆਸ ਤੇ ਖੁਸ਼ੀ ਨਾਲ ਭਰਪੂਰ। ਉਸ, ਨਿੱਤਨੇਮ ਤੋਂ ਵਿਹਲਾ ਹੋ, ਨਾਸ਼ਤਾ ਕਰਦਿਆਂ ਅੱਜ ਦੇ ਅਖਬਾਰ ਉੱਤੇ ਨਜ਼ਰ ਮਾਰੀ। ਅਖਬਾਰ ਦੇ ਪਹਿਲੇ ਪੰਨੇ ਦੀ ਸੁਰਖੀ ਪੁਲਾੜੀ ਸਟਲ ਦੇ ਧਰਤੀ ਉੱਤੇ ਪੁੱਜਣ ਦੀ ਦੱਸ ਪਾ ਰਹੀ ਸੀ। ਅਖਬਾਰ ਦੀ ਸੁਰਖੀ ਹੇਠ ਨਿੱਕੀ ਤੇ ਉਸ ਦੇ ਸਾਥੀ ਪੁਲਾੜ ਯਾਤਰੂਆਂ ਦੇ ਖੁਸ਼ੀ ਭਰੇ ਚਿਹਰੇ ਵਿਲੱਖਣ ਪ੍ਰਾਪਤੀਆਂ ਦੀ ਦੱਸ ਪਾ ਰਹੇ ਸਨ।

ਅੱਜ ਵੀ ਦੁਕਾਨ ਉੱਤੇ ਗਾਹਕਾਂ ਦੀ ਆਵਾਜਾਈ ਆਮ ਵਰਗੀ ਹੀ ਸੀ, ਪਰ ਕਦੇ-ਕਦੇ ਕੋਈ ਗਾਹਕ ਪੁੱਛ ਹੀ ਲੈਂਦਾ,

'ਗਿਰਧਾਰੀ! ਮੈਂ ਹੈਰਾਨ ਹਾਂ ਕਿ ਤੂੰ ਬੇਫਿਕਰ ਤੁਰਿਆ ਫਿਰਦਾ ਹੈਂ ਜਦ ਕਿ ਤੇਰੀ ਇੱਕੋ-ਇਕ ਧੀ ਇੰਨੀ ਦੂਰ ਬੇਕਿਆਸੇ ਆਸਮਾਨੀ ਖਤਰਿਆਂ ਨਾਲ ਜੂਝ ਰਹੀ ਹੈ।'

'ਹਾਂ! ਚਿੰਤਾ ਤਾਂ ਹੁੰਦੀ ਹੀ ਹੈ, ਪਰ ਇਹੋ ਹੀ ਤਾਂ ਉਸ ਦੀ ਇੱਛਾ ਸੀ ਅੰਬਰਾਂ ਵਿਚ ਉਡਾਰੀ ਭਰਨ ਦੀ।'

'ਗਿਰਧਾਰੀ! ਕੀ ਉਹ ਅੱਜ ਵਾਪਸ ਆ ਰਹੀ ਹੈ?'

'ਹਾਂ! ਹਾਂ! ਇਹੋ ਹੀ ਖਬਰ ਹੈ।' ਉਸ ਦੇ ਖੁਸ਼ੀ ਭਰੇ ਬੋਲ ਸਨ।

'ਬੜੇ ਮਾਣ ਵਾਲੀ ਗੱਲ ਹੈ ਅਜਿਹੀ ਵਿਲੱਖਣ ਬੇਟੀ ਦਾ ਬਾਪ ਹੋਣਾ।'

'ਜੀ! ਸ਼ੁਕਰੀਆ।'

ਬਹੁਤ ਹੈਰਾਨੀ ਭਰਿਆ ਸੀ ਇਹ ਸਭ ਕੁੱਝ, ਤੇ ਜੋਖਮਮਈ ਵੀ।

ਕਾਸ਼ ਉਹ ਉਡਾਣ ਦੇ ਆਖਰੀ ਪੜਾਅ ਵਿਚ ਵੀ ਠੀਕ-ਠਾਕ ਰਹੇ। ਕਾਸ਼ ਉਹ ਸਹੀ-ਸਲਾਮਤ ਵਾਪਸ ਆ ਜਾਏ।

ਤਦ ਇਹ ਧੁੜਕੂ ਖਤਮ ਹੋ ਜਾਵੇਗਾ।

ਤੇ ਫਿਰ ਕੋਈ ਹੋਰ ਮਾਂ-ਬਾਪ ਅੰਬਰ ਦੇ ਸੈਲਾਨੀਆਂ ਦੀ ਉਡੀਕ ਕਰੇਗਾ।

ਕਾਸ਼!........

* * * * *

ਮਿਲਟਰੀ ਦਫਤਰ ਤੋਂ ਤੀਸਰੀ ਈਮੇਲ ਲੌਢੇ ਵੇਲੇ ਮਿਲੀ। 'ਅਫਸੋਸ ਹੈ ਕਿ ਪੁਲਾੜੀ ਸਟਲ ਵਿਚ ਤਕਨੀਕੀ ਨੁਕਸ ਪੈਦਾ ਹੋ ਜਾਣ ਕਾਰਨ, ਇਸ ਦੀ ਧਰਤੀ ਵੱਲ ਵਾਪਸੀ ਦੇ ਆਖਰੀ ਪੜਾਅ ਦੌਰਾਨ ਮੁਸ਼ਕਲ ਪੈਦਾ ਹੋਣ ਦਾ ਖਤਰਾ ਹੈ, ਪਰ ਅਸੀਂ ਪੂਰੀ ਕੋਸ਼ਿਸ਼ ਕਰ ਰਹੇ ਹਾਂ ਕਿ ਆਪ ਦੀ ਬੇਟੀ ਸਹੀ-ਸਲਾਮਤ ਧਰਤੀ ਉੱਤੇ ਵਾਪਸ ਆ ਸਕੇ।' ਨਿੱਕੀ!

ਘਰ ਦੇ ਵਿਹੜੇ ਵਿਚ ਉੱਗੇ ਸਹਿਤੂਤ ਹੇਠ ਆਪਣਾ ਗਡੀਰਾ ਚਲਾਉਂਦੀ ਹੋਈ।

ਨਿੱਕੜੀ ਬਾਲੜੀ ਦੇ ਕਾਲੇ ਵਾਲ ਹਵਾ ਵਿਚ ਲਹਿਲਹਾਂਦੇ ਹੋਏ।

ਸਰਦੀ ਦੀ ਠੰਢ ਨਾਲ ਉਸ ਦੀਆਂ ਗੋਭਲੀਆ ਗੱਲਾਂ ਲਾਲ ਭਾਹ ਮਾਰਦੀਆਂ ਹੋਈਆਂ।

ਨਿੱਕੀ!

ਜੂਨ ਦੀ ਤਿੱਖੀ ਧੁੱਪ ਵਿਚ ਸਾਂਵਲੇ ਰੰਗੀ, ਸੁੱਕੇ ਘਾਹ ਵਾਲੀ ਪਗਡੰਡੀ ਉੱਤੇ ਲੰਮੀਆਂ-ਲੰਮੀਆਂ ਪੁਲਾਂਘਾਂ ਭਰਦੀ।

ਸਾਵਣ ਦੇ ਮਹੀਨੇ ਮੌਨਸੂਨ ਦੀ ਠੰਢੀ ਫੁਹਾਰ ਦਾ ਆਨੰਦ ਮਾਣਦੀ, ਸਹੇਲੀਆਂ ਨਾਲ ਪੀਂਘਾਂ ਝੂਟਦੀ।



ਚੰਨਾਂ-ਤਾਰਿਆਂ ਤੱਕ ਜਾਣ ਦੀਆਂ ਬਾਤਾਂ ਪਾਉਂਦੀ।

ਨਿੱਕੀ!

ਨਾਸਾ ਦੇ ਨਿਸ਼ਾਨ ਵਾਲੀ ਜੈਕਿਟ ਤੇ ਨੀਲੀ ਜੀਨ ਪਹਿਨੀ ਛੀਟਕੀ ਜਿਹੀ ਮੁਟਿਆਰ।



ਡੈਡ! ਪੁਲਾੜੀ ਸਟਲ ਬਹੁਤ ਹੀ ਜਾਂਚੀ-ਪਰਖੀ ਵਾਹਣ ਹੈ, ਜਿਸ ਨੂੰ ਕੋਈ ਉਲਕਾ-ਪਿੰਡ ਵੀ ਨੁਕਸਾਨ ਨਹੀਂ ਪਹੁੰਚਾ ਸਕਦਾ।

ਵੈਸੇ ਵੀ ਕਿਸੇ ਉਲਕਾ-ਪਿੰਡ ਦੀ ਪੁਲਾੜੀ ਸਟਲ ਨਾਲ ਟਕਰਾ ਜਾਣ ਦੀ ਸੰਭਾਵਨਾ ਲੱਗਭੱਗ ਜ਼ੀਰੋ ਹੀ ਹੈ।

ਡੈਡ! ਪੁਲਾੜੀ ਉਡਾਣ ਦੇ ਸ਼ੁਰੂ ਹੋਣ ਜਾਣ ਬਾਅਦ ਸ਼ਾਇਦ ਆਨਲਾਈਨ ਮੁਲਾਕਾਤ ਦਾ ਮੌਕਾ ਵੀ ਨਾ ਮਿਲੇ।

ਉਹ ਤਾਰਿਆਂ ਨੂੰ ਇੰਝ ਹੀ ਕਿਉਂ ਨਹੀਂ ਰਹਿਣ ਦਿੰਦੇ, ਬਿਨਾਂ ਕਿਸੇ ਛੇੜ-ਛਾੜ ਦੇ, ਉਵੇਂ ਹੀ ਜਿਵੇਂ ਕੁਦਰਤ ਨੇ ਉਨ੍ਹਾਂ ਨੂੰ ਬਣਾਇਆ ਹੈ? ਗਿਰਧਾਰੀ ਦੇ ਮਨ ਵਿਚ ਖਿਆਲਾਂ ਦਾ ਜਵਾਰਭਾਟਾ ਸੀ।

ਦੁਪਹਿਰ ਕਦ ਦੀ ਢਲ ਚੁੱਕੀ ਸੀ। ਪੱਛਮ ਵੱਲ ਸੂਰਜ ਦਾ ਲਾਲ ਗੋਲਾ ਦਗ-ਦਗ ਕਰਦਾ ਨਜ਼ਰ ਆ ਰਿਹਾ ਸੀ। ਰੁੱਖਾਂ ਦੇ ਪਰਛਾਵੇਂ ਲੰਮੇ ਹੁੰਦੇ ਜਾ ਰਹੇ ਸਨ। ਉਸ ਘਰ ਪਹੁੰਚ ਖਾਣਾ ਬਣਾਉਣ ਦਾ ਆਹਰ ਤਾਂ ਕੀਤਾ, ਪਰ ਖਾਣਾ ਖਾਣ ਨੂੰ ਉਸ ਦਾ ਦਿਲ ਨਾ ਮੰਨਿਆ। ਕੁਝ ਸਮੇਂ ਬਾਅਦ ਘੁਸਮੁਸਾ ਹੋਣ ਉੱਤੇ ਉਸ ਨੇ ਨਿੱਕੀ ਵਾਲੀ ਜੈਕਟ ਪਹਿਨੀ ਤੇ ਘਰ ਦੇ ਵਿਹੜੇ ਵਿਚ ਕੁਰਸੀ ਡਾਹ ਬੈਠ ਗਿਆ।

ਹੌਲੇ-ਹੌਲੇ ਅੰਬਰ ਕਾਲੇ ਰੰਗ ਵਿਚ ਰੰਗਿਆ ਗਿਆ। ਹੁਣ ਟਿਮਟਿਮਾਂਦੇ ਤਾਰੇ ਨਜ਼ਰ ਆਉਣ ਲੱਗ ਪਏ ਸਨ। ਕੁਝ ਦੇਰ ਬਾਅਦ ਹਨੇਰੇ ਅੰਬਰ ਵਿਚ ਇਕ ਤਾਰਾ ਚਲਦਾ ਹੋਇਆ ਨਜ਼ਰ ਆਇਆ, ਜੋ ਤੇਜ਼ੀ ਨਾਲ ਹੇਠਾਂ ਵੱਲ ਆ ਰਿਹਾ ਸੀ, ਪਰ ਇਹ ਕੀ? ਅਚਾਨਕ ਇਸ ਨੇ ਕਈ ਟੁੱਟਦੇ ਤਾਰਿਆਂ ਦਾ ਰੂਪ ਧਾਰ ਲਿਆ। ਉਹ ਹੱਕਾ-ਬੱਕਾ ਸੀ। ਅਜਿਹਾ ਤਾਂ ਪਹਿਲਾਂ ਕਦੇ ਨਹੀਂ ਸੀ ਦੇਖਿਆ। ਉਸ ਦੀਆਂ ਅੱਖਾਂ ਅੱਗੇ ਧੁੰਦ ਜਿਹੀ ਫੈਲ ਗਈ। ਨਿੱਕੀ ਬਾਰੇ ਸੋਚਦਿਆਂ ਉਹ ਸੁੰਨ ਹੋ ਗਿਆ ਸੀ।

ਪਤਾ ਹੀ ਨਹੀਂ ਲੱਗਿਆ, ਕਿੰਨਾ ਸਮਾਂ ਬੀਤ ਗਿਆ।

ਸੜਕ ਉੱਤੇ ਟਾਇਰਾਂ ਦੇ ਰਗੜ ਦੀ ਆਵਾਜ਼ ਸੁਣਾਈ ਦਿੱਤੀ ਤੇ ਕਿਸੇ ਵਾਹਣ ਦੀਆਂ ਹੈੱਡਲਾਇਟਾਂ ਨੇ ਘਰ ਵਿਚ ਪੱਸਰੇ ਹਨੇਰੇ ਨੂੰ ਕਿਧਰੇ ਭਜਾ ਦਿੱਤਾ। ਤਦ ਹੀ ਕਾਰ ਵਿੱਚੋਂ ਕਿਸੇ ਦੇ ਬਾਹਰ ਨਿਕਲਣ ਅਤੇ ਦਰਵਾਜ਼ਾ ਬੰਦ ਹੋਣ ਦੀ ਆਵਾਜ਼ ਸੁਣਾਈ ਦਿੱਤੀ।

ਗਿਰਧਾਰੀ ਬੈਠਾ ਰਿਹਾ। 'ਕਾਸ਼! ਇਹ ਨਿੱਕੀ ਹੀ ਹੋਵੇ। ਭਾਵੇਂ ਉਸ ਨੂੰ ਪੱਕ ਸੀ ਕਿ ਅਜਿਹਾ ਸੰਭਵ ਨਹੀਂ ਸੀ। ਕਦਮਾਂ ਦੀ ਆਹਟ ਸੁਣਾਈ ਦਿੱਤੀ। ਜੋ ਉਸ ਤੋਂ ਕੁਝ ਦੂਰੀ ਉੱਤੇ ਰੁਕ ਗਏ।

ਹਲਕੇ ਜਿਹੇ ਖੰਘੂਰੇ ਦੀ ਆਵਾਜ਼ ਸੁਣਾਈ ਦਿੱਤੀ। ਤਦ ਉਸ ਨੇ ਅੱਖਾਂ ਖੋਲ੍ਹੀਆਂ।

'ਜੈ ਹਿੰਦ! ਸਰ!'

ਉਸ ਨੂੰ ਫੌਜੀ ਵਰਦੀ ਪਹਿਨੀ, ਸਖਤ ਪਰ ਸੁਨੱਖੇ ਚਿਹਰੇ ਵਾਲਾ, ਨੌਜੁਆਨ ਦਿਖਾਈ ਦਿੱਤਾ, ਜਿਸ ਦੀਆਂ ਕਾਲੀਆਂ ਅੱਖਾਂ ਥਕਾਵਟ ਦੀ ਦੱਸ ਪਾ ਰਹੀਆ ਸਨ। ਤਦ ਹੀ ਉਹ ਜਾਣ ਗਿਆ ਸੀ।

ਉਸ ਫੌਜੀ ਜਵਾਨ ਦੇ ਦੁਬਾਰਾ ਬੋਲਣ ਤੋਂ ਪਹਿਲਾਂ ਹੀ ਉਹ ਜਾਣ ਚੁੱਕਾ ਸੀ।

'ਪੁਲਾੜੀ ਸਟਲ ਦੀ ਲਾਂਚ ਸਮੇਂ, ਦੁਰਘਟਨਾ ਵੱਸ, ਇਸ ਦੇ ਖੱਬੇ ਵਿੰਗ ਦੀਆਂ ਤਾਪ-ਨਿਰੋਧਕ ਟਾਇਲਾਂ ਉੱਖੜ ਗਈਆਂ ਸਨ। ਇਸੇ ਕਾਰਨ ਵਾਪਸੀ ਦੌਰਾਨ ਧਰਤੀ ਦੇ ਹਵਾ-ਮੰਡਲ ਵਿਚ ਦਾਖਲੇ ਸਮੇਂ ਪੈਦਾ ਹੋਈਆ ਗਰਮ ਗੈਸਾਂ ਨੇ ਸਟਲ ਦੀ ਸੁਰੱਖਿਆ ਢਾਲ ਨੂੰ ਤਬਾਹ ਕਰ ਦਿੱਤਾ। ਬਹੁਤ ਵਧੇਰੇ ਗਰਮੀ ਕਾਰਨ ਸਟਲ ਅੱਗ ਦਾ ਗੋਲਾ ਬਣ ਗਈ ਤੇ ਸਭ ਕੁਝ ਜਲ ਕੇ ਰਾਖ ਹੋ ਗਿਆ। ਸਾਨੂੰ ਅਜਿਹੇ ਹਾਲਾਤ ਬਾਰੇ ਜਦ ਤੱਕ ਪਤਾ ਲੱਗਾ ਤਾਂ ਬਹੁਤ ਦੇਰ ਹੋ ਚੁੱਕੀ ਸੀ। ਦਰਅਸਲ ਅਜਿਹੇ ਹਾਲਾਤ ਵਿਚ ਕੁਝ ਕਰ ਸਕਣਾ ਸੰਭਵ ਹੀ ਨਹੀਂ ਸੀ। ਸਰ! ਕੀ ਤੁਸੀਂ ਠੀਕ ਹੋ?' ਫੌਜੀ ਜੁਆਨ ਦੇ ਬੋਲ ਸਨ।

'ਹੂੰ!'

'ਇਸ ਦੁਰਘਟਨਾ ਲਈ ਮੈਂ ਸਰਕਾਰ ਵੱਲੋਂ ਗਹਿਰੀ ਸੰਵੇਦਨਾ, ਡੂੰਘੀ ਹਮਦਰਦੀ ਤੇ ਅਫਸੋਸ ਪੇਸ਼ ਕਰਦਾ ਹਾਂ। ਯਕੀਨ ਜਾਣਿਓ! ਇਸ ਦੁੱਖ ਦੀ ਘੜੀ ਵਿਚ ਸਾਰਾ ਦੇਸ਼ ਤੁਹਾਡੇ ਨਾਲ ਹੈ।'

'ਧੰਨਵਾਦ!'

'ਅਸੀਂ ਪੂਰੀ ਕੋਸ਼ਿਸ਼ ਕਰਾਂਗੇ ਕਿ ਉਸ ਦੀਆਂ ਅਸਥੀਆਂ ਆਪ ਤੱਕ ਪਹੁੰਚਾ ਸਕੀਏ ਤਾਂ ਜੋ ਉਸ ਦਾ ਅੰਤਮ ਸੰਸਕਾਰ ਸਹੀ ਢੰਗ ਨਾਲ ਹੋ ਸਕੇ।'

'ਨਹੀਂ!'

'ਮਾਫ ਕਰਨਾ, ਸਰ! ਮੈਂ ਸਮਝਿਆ ਨਹੀਂ।'

ਉਸ ਨੇ ਆਪਣੀ ਨਜ਼ਰ ਅੰਬਰ ਦੇ ਉਸ ਹਿੱਸੇ ਉੱਤੇ ਟਿਕਾ ਲਈ ਜਿੱਥੇ ਕੁਝ ਦੇਰ ਪਹਿਲਾਂ ਉਸ ਦੀ ਨਿੱਕੀ ਆਪਣੇ ਜਗਮਗ ਕਰਦੇ ਰੱਥ ਉੱਤੇ ਸਵਾਰ ਤਾਰਿਆਂ ਜੜੇ ਰਾਹ ਉੱਤੇ ਚੱਲ ਰਹੀ ਸੀ। ਹੁਣ ਉਥੇ ਖ਼ੂਬਸੂਰਤ ਸੁਨਹਿਰੀ ਤਾਰਾ ਢਲ੍ਹਕਾਂ ਮਾਰ ਰਿਹਾ ਸੀ। ਥੋੜ੍ਹੀ ਦੂਰੀ ਉੱਤੇ ਓਰਾਇਨ ਤਾਰਾ-ਸਮੂਹ ਬਣਤਰ ਦੇ ਬੀਟਲਜੂਸ, ਤੇ ਰਾਇਜੈੱਲ ਤਾਰੇ ਟਿਮਟਿਮਾ ਰਹੇ ਸਨ। ਕੁਝ ਪਰ੍ਹੇ ਟਾਉਰਸ, ਤੇ ਜੈਮਿਨੀ ਤਾਰਾ-ਸਮੂਹ ਮੌਜੂਦ ਸਨ। ਤੇ ਉਹ ਪਰ੍ਹੇ ਸੀ ਕ੍ਰੈਬ ਤੇ ਸੈਵਨ-ਸਿਸਟਰਜ (ਪਲੇਡਿਅਸ) ਤਾਰਾ-ਬਣਤਰਾਂ। ਅਤੇ ਉਹ ਥੱਲੇ ਵੱਲ ਸੀ ਲਾਲ ਭਾਹ ਮਾਰਦਾ ਮੰਗਲ ਗ੍ਰਹਿ।

'ਨਹੀਂ।' ਉਸ ਨੇ ਦੁਬਾਰਾ ਕਿਹਾ।

ਫੌਜੀ ਅਫਸਰ ਨੇ ਸਹਿਜ ਨਾਲ ਉਸ ਵੱਲ ਦੇਖਿਆ ਤੇ ਫਿਰ ਨਜ਼ਰ ਝੁਕਾ ਲਈ।

'ਮੈਂ ਸਮਝ ਗਿਆ, ਸਰ! ਠੀਕ ਹੈ ਜਿਵੇਂ ਤੁਸੀਂ ਚਾਹੋ। ਸੱਚ ਹੀ ਅੱਜ ਤਾਰੇ ਕਿੰਨੇ ਸੋਹਣੇ ਲੱਗ ਰਹੇ ਹਨ।'

'ਹਮੇਸ਼ਾ ਨਾਲੋਂ ਕਿਤੇ ਵਧੇਰੇ ਸੋਹਣੇ।' ਉਸ ਨੇ ਕਿਹਾ।

* * * * *

ਫੌਜੀ ਅਫਸਰ ਦੇ ਜਾਣ ਤੋਂ ਬਾਅਦ ਉਸ ਨੇ ਦੁਬਾਰਾ ਹਨੇਰੇ ਅੰਬਰ ਵੱਲ ਨਜ਼ਰ ਮਾਰੀ, ਉਨ੍ਹਾਂ ਟਿਮਟਿਮਾਂਦੇ ਤਾਰਿਆਂ ਜੜੇ ਅੰਬਰ ਜਿਸ ਵਿਚ ਉਸ ਦੀ ਬੇਟੀ ਹਮੇਸ਼ਾ ਲਈ ਇਕ ਤਾਰਾ ਬਣ ਗਈ ਸੀ। ਜਗਮਗ ਕਰਦਾ ਸੁਨਹਿਰੀ ਤਾਰਾ।

ਠੰਢ ਕਾਫੀ ਵਧ ਗਈ ਸੀ।

ਉਹ ਉੱਠਿਆ ਤੇ ਹੌਲੇ-ਹੌਲੇ ਥੱਕੇ ਕਦਮੀਂ ਤੁਰਦਾ ਯਾਦਾਂ ਰੱਤੇ ਘਰ ਅੰਦਰ ਚਲਾ ਗਿਆ।

# ਬਾਲ ਕੋਨਾ

### ਬਾਲ ਕਹਾਣੀ

## ਪੰਕਜ ਦੀ ਬੁਰੀ ਆਦਤ

ਪੰਜਵੀਂ ਜਮਾਤ ਵਿੱਚ ਪੜ੍ਹਦੇ ਹੋਏ ਪੰਕਜ ਨੂੰ ਚੋਰੀ ਕਰਨ ਦੀ ਮਾੜੀ ਆਦਤ ਪੈ ਗਈ। ਉਹ ਆਪਣੀ ਜਮਾਤ ਦੇ ਵਿਦਿਆਰਥੀਆਂ ਦੇ ਬਸਤਿਆਂ ਵਿੱਚੋਂ ਪੈਨਸਿਲਾਂ, ਪੈੱਨ ਤੇ ਹੋਰ ਚੀਜ਼ਾਂ ਚੋਰੀ ਕਰਨ ਲੱਗ ਪਿਆ ਸੀ। ਜਮਾਤ ਦੇ ਸਾਰੇ ਵਿਦਿਆਰਥੀ ਉਸ ਦੀ ਇਸ ਬੁਰੀ ਆਦਤ ਤੋਂ ਬਹੁਤ ਪਰੇਸ਼ਾਨ ਸਨ। ਇੱਕ ਦਿਨ ਉਸ ਨੇ ਗੋਪੀ ਦੇ ਬਸਤੇ ਵਿੱਚੋਂ ਰੋਟੀ ਕੱਢ ਕੇ ਖਾ ਲਈ। ਜਦੋਂ ਗੋਪੀ ਨੂੰ ਪਤਾ ਲੱਗਿਆ ਤਾਂ ਉਸ ਨੇ ਆਪਣੀ ਜਮਾਤ ਦੇ ਅਧਿਆਪਕ ਨੂੰ ਇਸ ਬਾਰੇ ਦੱਸਿਆ। ਅਧਿਆਪਕ ਨੇ ਪੰਕਜ ਨੂੰ ਆਪਣੇ ਕੋਲ਼ ਬੁਲਾ ਕੇ ਬਹੁਤ ਪਿਆਰ ਨਾਲ ਉਸ ਨੂੰ ਇਸ ਬੁਰੀ ਆਦਤ ਨੂੰ ਛੱਡ ਦੇਣ ਬਾਰੇ ਸਮਝਾਇਆ, ਪਰ ਪੰਕਜ ਦੇ ਕੰਨ 'ਤੇ ਜੂੰ ਨਾ ਸਰਕੀ। ਤੰਗ-ਪਰੇਸ਼ਾਨ ਹੋ ਕੇ ਅਧਿਆਪਕਾਂ ਨੇ ਉਸ ਦੇ ਮਾਤਾ-ਪਿਤਾ ਨੂੰ ਸਕੂਲ ਬੁਲਾ ਲਿਆ, ਪਰ ਹੈਰਾਨੀ ਉਦੋਂ ਹੋਈ ਜਦੋਂ ਉਸ ਦੇ ਮਾਤਾ-ਪਿਤਾ ਆਪਣੇ ਬੱਚੇ ਪੰਕਜ ਨੂੰ ਸਮਝਾਉਣ ਜਾਂ ਤਾੜਨ ਦੀ ਥਾਂ ਉਲਟਾ ਸਕੂਲ ਅਧਿਆਪਕਾਂ ਦੇ ਨਾਲ ਹੀ ਗੁੱਸੇ ਹੋ ਕੇ ਲੜਨ ਲੱਗੇ। ਹੁਣ ਤਾਂ ਅਧਿਆਪਕ ਵੀ ਕੀ ਕਰ ਸਕਦੇ ਸੀ? ਪੰਜਵੀਂ ਜਮਾਤ ਦਾ ਨਤੀਜਾ ਆ ਗਿਆ ਅਤੇ ਪੰਕਜ ਛੇਵੀਂ ਜਮਾਤ ਵਿੱਚ ਹੋਰ ਸਕੂਲ ਵਿੱਚ ਪੜ੍ਹਾਈ ਕਰਨ ਲੱਗਿਆ। ਸਮਾਂ ਬੀਤਦਾ ਗਿਆ , ਪਰ ਉਸ ਨੇ ਆਪਣੀ ਚੋਰੀ ਕਰਨ ਦੀ ਮਾੜੀ ਆਦਤ ਨਹੀਂ ਛੱਡੀ। ਬਹੁਤ ਸਾਲਾਂ ਬਾਅਦ ਪੰਕਜ ਦੇ ਮਾਤਾ-ਪਿਤਾ ਉਸ ਦੇ ਪ੍ਰਾਇਮਰੀ ਸਕੂਲ ਦੇ ਅਧਿਆਪਕ ਨੂੰ ਅਚਾਨਕ ਹੀ ਮਿਲੇ ਤਾਂ ਪੰਕਜ ਦੇ ਅਧਿਆਪਕ ਨੇ ਉਨ੍ਹਾਂ ਕੋਲੋਂ ਪੁੱਛਿਆ, "ਹੁਣ ਅੱਜਕੱਲ੍ਹ ਪੰਕਜ ਕੀ ਕਰਦਾ ਹੈ? ਇਹ ਸੁਣ ਕੇ ਪੰਕਜ ਦੇ ਮਾਤਾ-ਪਿਤਾ ਦਾ ਸਿਰ ਨਾਮੋਸ਼ੀ ਨਾਲ ਝੁਕ ਗਿਆ। ਬੜੀ ਸ਼ਰਮਿੰਦਗੀ ਨਾਲ ਉਨ੍ਹਾਂ ਨੇ ਪੰਕਜ ਦੇ ਪ੍ਰਾਇਮਰੀ ਸਕੂਲ ਦੇ ਅਧਿਆਪਕ ਨੂੰ ਕਿਹਾ, "ਕੀ ਦੱਸੀਏ ਮਾਸਟਰ ਜੀ! ਪੰਕਜ ਚੋਰੀ ਕਰਨ ਕਰਕੇ ਹੁਣ ਜੇਲ੍ਹ ਵਿੱਚ ਸਜ਼ਾ ਭੁਗਤ ਰਿਹਾ ਹੈ। ਕਾਸ਼! ਅਸੀਂ ਸਮੇਂ ਸਿਰ ਤੁਹਾਡੀ ਦੱਸੀ ਗੱਲ ਨੂੰ ਸਮਝ ਲੈਂਦੇ ਤੇ ਆਪਣੇ ਪੁੱਤਰ ਨੂੰ ਸੁਧਾਰਨ ਦੀ ਕੋਸ਼ਿਸ਼ ਕਰਦੇ ਤਾਂ...।" ਇਹ ਸੁਣ ਕੇ ਸ਼ਰਮਿੰਦਗੀ ਨਾਲ ਹੁਣ ਪੰਕਜ ਦੇ ਪ੍ਰਾਇਮਰੀ ਸਕੂਲ ਦੇ ਅਧਿਆਪਕ ਦੀ ਗਰਦਨ ਵੀ ਝੁਕ ਗਈ।

**ਸਿੱਖਿਆ** :- ਸਾਨੂੰ ਬਚਪਨ ਤੋਂ ਹੀ ਬੁਰੀਆਂ ਆਦਤਾਂ ਤੋਂ ਹਮੇਸ਼ਾ ਬਚ ਕੇ ਰਹਿਣਾ ਚਾਹੀਦਾ ਹੈ ਅਤੇ ਬੱਚਿਆਂ ਦੇ ਮਾਤਾ-ਪਿਤਾ ਨੂੰ ਸਕੂਲ-ਅਧਿਆਪਕਾਂ ਦੀ ਸਲਾਹ ਅਤੇ ਦੱਸੀ ਗੱਲ ਨੂੰ ਧਿਆਨ ਨਾਲ ਸੁਣਨਾ ਅਤੇ ਸਮਝਣਾ ਚਾਹੀਦਾ ਹੈ; ਕਿਉਂਕਿ ਅਧਿਆਪਕ ਹਮੇਸ਼ਾ ਹੀ ਆਪਣੇ ਵਿਦਿਆਰਥੀਆਂ ਦਾ ਭਲਾ ਹੀ ਚਾਹੁੰਦੇ ਹੁੰਦੇ ਹਨ।

**- ਮਾਸਟਰ ਸੰਜੀਵ ਧਰਮਾਣੀ**

## ਫਲ

ਪੁੱਤਰੋ ਸਿਹਤ ਲਈ ਫਲ ਜ਼ਰੂਰੀ।
ਕਰ ਦਿੰਦੇ ਇਹ ਹਰ ਕਮੀ ਪੂਰੀ।

ਗਰਮੀ 'ਚ ਖਾਓ ਅੰਬ, ਅਨਾਰ,
ਪਪੀਤਾ, ਜਾਮੁਣ ਤੇ ਅੰਗੂਰ ਚਾਰ,
ਲੀਚੀ, ਚੀਕੂ ਫੇਸ ਬਣਾਉਣ ਨੂਰੀ।
ਪੁੱਤਰੋ ਸਿਹਤ ਲਈ ਫਲ ਜ਼ਰੂਰੀ।

ਸਰਦੀ ਵਿੱਚ ਸੇਬ ਅਮਰੂਦ ਬੇਰ,
ਕੇਲਾ ਕੀਵੀ ਸੰਗਤਰੇ ਖਾਓ ਸੇਰ,
ਖਜੂਰਾਂ ਤੋਂ ਵੀ ਨਾ ਬਣਾਓ ਦੂਰੀ।
ਪੁੱਤਰੋ ਸਿਹਤ ਲਈ ਫਲ ਜ਼ਰੂਰੀ।

ਕੇਵਲ ਅਨਾਜ ਹੀ ਨਾ ਕੰਮ ਆਵੇ,
ਠੀਕ ਉਹ ਰਹੇ ਜੋ ਇਹ ਵੀ ਖਾਵੇ,
ਖ਼ੂਬ ਦੁੱਧ ਪੀਓ ਜੇ ਕੋਈ ਮਜਬੂਰੀ।
ਪੁੱਤਰੋ ਸਿਹਤ ਲਈ ਫਲ ਜ਼ਰੂਰੀ।

'ਲੱਡਾ' ਸਰ ਲਾਉਂਦਾ ਪਿਆ ਹੋਕਾ,
ਨਿਕਲੇ ਨਾ ਦਾਅਵਾ ਉਹਦਾ ਫੋਕਾ,
ਗੱਲ ਕਰਦਾ ਹਮੇਸ਼ਾ ਪੂਰੀ-ਸੂਰੀ।
ਪੁੱਤਰੋ ਸਿਹਤ ਲਈ ਫਲ ਜ਼ਰੂਰੀ।

**— ਜਗਜੀਤ ਸਿੰਘ ਲੱਡਾ**




ਹਰਦੀਪ ਸਿੰਘ, ਅੱਠਵੀਂ, ਸਰਕਾਰੀ ਹਾਈ ਸਮਾਰਟ ਸਕੂਲ, ਰਾਜਿੰਦਰਗੜ੍ਹ

## ਖੁੱਲ੍ਹ ਗਏ ਸਕੂਲ

ਖੁੱਲ੍ਹ ਗਏ ਸਕੂਲ ਮੁੱਕ ਗਈਆਂ ਛੁੱਟੀਆਂ।
ਬੇਟਾ ਹੁਣ ਪੜ੍ਹਨੇ 'ਤੇ ਲਾਓ ਝੁੱਟੀਆਂ।

ਪੂਰਾ ਜੂਨ ਮਹੀਨਾ ਤੁਸੀਂ ਘਰੇ ਰਹੇ ਹੋ,
ਜਾਪੇ ਖੇਡੇ ਬਹੁਤਾ ਪੜ੍ਹਨ ਘੱਟ ਬਹੇ ਹੋ,
ਕਈਆਂ ਨੇ ਤਾਂ ਖ਼ੂਬ ਨੀਂਦਾਂ ਕੁੱਟੀਆਂ।
ਖੁੱਲ੍ਹ ਗਏ ਸਕੂਲ ਮੁੱਕ ਗਈਆਂ ਛੁੱਟੀਆਂ।

ਭੂਆ ਤੇ ਕੋਈ ਮਾਸੀ ਕੋਲ ਗਿਆ ਹੋਊ,
ਕਿਸੇ ਨਾਨੀ ਪਿੰਡ ਜਾ ਮਜ਼ਾ ਲਿਆ ਹੋਊ,
ਕਿਸੇ ਨਾਨੇ ਦੀਆਂ ਲੱਤਾਂ ਨੇ ਘੁੱਟੀਆਂ।
ਖੁੱਲ੍ਹ ਗਏ ਸਕੂਲ ਮੁੱਕ ਗਈਆਂ ਛੁੱਟੀਆਂ।

ਕਈਆਂ ਕੰਮ ਝੱਟ ਨਿਬੇੜ ਦਿੱਤਾ ਹੋਣਾ,
ਐਂਡ 'ਚ ਕਰਨ ਲਈ ਕੋਈ ਦੋ-ਚਿੱਤਾ ਹੋਣਾ,
ਕਿਸੇ ਨੇ ਤਾਂ ਹੋਣੀਆਂ ਕਿਤਾਬਾਂ ਸੁੱਟੀਆਂ।
ਖੁੱਲ੍ਹ ਗਏ ਸਕੂਲ ਮੁੱਕ ਗਈਆਂ ਛੁੱਟੀਆਂ।

'ਲੱਡੇ' ਹੁਣ ਸਾਰੇ ਮਨ ਕਰ ਲਓ ਇਕਾਗਰ,
ਖੁਦ ਨੂੰ ਨਿਖਾਰੋ ਵਗੇ ਗਿਆਨ ਦਾ ਸਾਗਰ,
ਖੇਡ, ਘੁੰਮ ਕੇ ਨੇ ਬਹੁਤ ਮੌਜਾਂ ਲੁੱਟੀਆਂ।
ਖੁੱਲ੍ਹ ਗਏ ਸਕੂਲ ਮੁੱਕ ਗਈਆਂ ਛੁੱਟੀਆਂ।

**— ਜਗਜੀਤ ਸਿੰਘ ਲੱਡਾ**